ਸਿੱਖ ਧਰਮ ਅਤੇ ਭਗਤੀ ਸੰਗੀਤ



ਡਾ. ਜਤਿੰਦਰ ਕੌਰ

ਸਿੱਖ ਧਰਮ ਅਤੇ ਭਗਤੀ ਸੰਗੀਤ

ਸਿੱਖ ਧਰਮ ਅਤੇ ਭਗਤੀ ਸੰਗੀਤ

ਡਾ. ਜਤਿੰਦਰ ਕੌਰ

ਨਾਨਕ ਸਿੰਘ
ਪੁਸਤਕ ਮਾਲਾ

Sikh Dharam Ate Bhagti Sangeet

by

Dr. Jitender Kaur
Lecturer in Music Vocal,
Khalsa College for Women, Amritsar.

ਪਹਿਲੀ ਵਾਰ : ਜਨਵਰੀ 2008

ਪ੍ਰਕਾਸ਼ਕ :
ਕੁਲਬੀਰ ਸਿੰਘ ਸੂਰੀ,
ਨਾਨਕ ਸਿੰਘ ਪੁਸਤਕਮਾਲਾ,
5-ਸਿਟੀ ਸੈਂਟਰ,
ਨਜ਼ਦੀਕ ਗੁਰੂ ਨਾਨਕ ਭਵਨ,
ਅੰਮ੍ਰਿਤਸਰ।
ਫ਼ੋਨ : 0183-2553697, 2501003

ਛਾਪਕ :
ਪ੍ਰਿੰਟਵੈੱਲ
ਅੰਮ੍ਰਿਤਸਰ।

ਮੁੱਲ : 200/- ਰੁਪਏ

ਸਮਰਪਣ

ਆਪਣੇ ਜੀਵਨ ਸਾਥੀ

ਸ੍ਰ. ਈਸ਼ਵਰ ਸਿੰਘ ਜੀ

ਅਤੇ

ਸਮੂਹ ਪਰਿਵਾਰ ਨੂੰ

ਜਿਨ੍ਹਾਂ ਦੀ ਯੋਗ ਅਗਵਾਈ ਅਤੇ ਸਹਿਯੋਗ ਨਾਲ
ਮੈਂ ਆਪਣੀ ਜ਼ਿੰਦਗੀ ਦੇ ਹਰ ਕਦਮ ਵਿਚ
ਸਫਲਤਾ ਹਾਸਿਲ ਕੀਤੀ।

ਤਤਕਰਾ

ਦੋ ਸ਼ਬਦ

ਮੇਰੇ ਲਈ ਅਥਾਹ ਖ਼ੁਸ਼ੀ ਦੀ ਗੱਲ ਹੈ ਕਿ ਮੇਰੀ ਹੋਣਹਾਰ ਵਿਦਿਆਰਥਣ, ਡਾ. ਜਤਿੰਦਰ ਕੌਰ ਨੇ ਪਿਛਲੇ ਅੱਠ-ਦਸ ਸਾਲਾਂ ਦੀ ਅਣਥੱਕ ਮਿਹਨਤ ਨਾਲ ਹੱਥਲੀ ਪੁਸਤਕ **ਸਿੱਖ ਧਰਮ ਅਤੇ ਭਗਤੀ ਸੰਗੀਤ** ਤਿਆਰ ਕੀਤੀ ਹੈ। ਪਿਛਲੇ ਕਈ ਵਰ੍ਹਿਆਂ ਵਿਚ ਭਾਰਤ ਦੇ ਵੱਖ-ਵੱਖ ਧਰਮਾਂ ਦੀ ਭਗਤੀ ਸੰਗੀਤ ਪਰੰਪਰਾਵਾਂ ਉੱਤੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਪਰ ਜਤਿੰਦਰ ਦਾ ਇਹ ਉੱਦਮ ਸ਼ਲਾਘਾਯੋਗ ਹੈ ਕਿ ਉਸ ਨੇ ਸਮੁੱਚੇ ਭਾਰਤ ਦੀਆਂ ਧਾਰਮਿਕ ਸੰਗੀਤ ਪਰੰਪਰਾਵਾਂ ਵਿਚ ਸਿੱਖ ਗੁਰੂਆਂ ਦੁਆਰਾ ਸਥਾਪਿਤ ਗੁਰਬਾਣੀ ਕੀਰਤਨ ਪਰੰਪਰਾ ਅਤੇ ਉਨ੍ਹਾਂ ਦੇ ਯੋਗਦਾਨ ਦਾ ਅੰਸ਼ ਪਾ ਕੇ ਆਪਣੀ ਪੁਸਤਕ ਦਾ ਖੇਤਰ ਵੱਡਾ ਬਣਾ ਲਿਆ ਹੈ। ਇਹ ਇਹੋ ਜਿਹੀ ਨਿਵੇਕਲੀ ਪੁਸਤਕ ਹੈ, ਜਿਸ ਦੇ ਪ੍ਰਕਾਸ਼ਨ ਨਾਲ ਨਾ ਕੇਵਲ ਪੰਜਾਬ ਦੇ ਵਿਦਿਆਰਥੀਆਂ ਅਤੇ ਵਿਦਵਾਨਾਂ ਨੂੰ ਲਾਭ ਹੋਵੇਗਾ ਬਲਕਿ ਸਮੁੱਚੇ ਭਾਰਤ ਦੇ ਸੰਗੀਤ ਜਗਿਆਸੂਆਂ ਨੂੰ ਭਗਤੀ ਸੰਗੀਤ ਵਿਚ ਸਾਡੇ ਸਿੱਖ ਗੁਰੂਆਂ ਦੇ ਯੋਗਦਾਨ ਦਾ ਗਿਆਨ ਪ੍ਰਾਪਤ ਹੋ ਸਕੇਗਾ।

ਮੈਨੂੰ ਪੂਰੀ ਉਮੀਦ ਹੈ ਕਿ ਭਾਰਤ ਦੀਆਂ ਸਾਰੀਆਂ ਪ੍ਰਮੁੱਖ ਭਗਤੀ ਸੰਗੀਤ ਪਰੰਪਰਾਵਾਂ ਉੱਤੇ ਲਿਖੀ ਇਹ ਪੁਸਤਕ ਸੰਗੀਤ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਗਿਆਨ-ਕੋਸ਼ ਦਾ ਵਾਧਾ ਕਰਨ ਵਿਚ ਸਹਾਇਕ ਸਿੱਧ ਹੋਵੇਗੀ।

ਮੈਂ ਜਤਿੰਦਰ ਕੌਰ ਨੂੰ ਅਣਥੱਕ ਕੋਸ਼ਿਸ਼ ਨਾਲ ਇਹ ਪੁਸਤਕ ਲਿਖਣ ਲਈ ਆਪਣੀਆਂ ਸ਼ੁੱਭ ਕਾਮਨਾਵਾਂ ਅਤੇ ਆਸ਼ੀਰਵਾਦ ਦੇਂਦਾ ਹਾਂ।

21.10.2007

ਡਾ. ਅਜੀਤ ਸਿੰਘ ਪੇਂਟਲ

ਸਾਬਕਾ ਪ੍ਰੋਫ਼ੈਸਰ,

ਫੈਕਲਟੀ ਆਫ਼ ਮਿਊਜ਼ਿਕ ਐਂਡ ਫ਼ਾਈਨ ਆਰਟ,

ਯੂਨੀਵਰਸਿਟੀ ਆਫ਼ ਦਿੱਲੀ,

ਦਿੱਲੀ।

ਭੂਮਿਕਾ

ਸ੍ਰਿਸ਼ਟੀ ਦੇ ਆਰੰਭ ਤੋਂ ਹੀ ਧਰਮ ਅਤੇ ਸੰਗੀਤ ਦਾ ਗੂੜ੍ਹਾ ਸੰਬੰਧ ਰਿਹਾ ਹੈ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਦੇਵ-ਮੰਦਰਾਂ ਅਤੇ ਧਾਰਮਿਕ ਸੰਸਥਾਵਾਂ ਵਿਚ ਧਰਮ ਅਤੇ ਸੰਗੀਤ ਦਾ ਅਟੁੱਟ ਅਤੇ ਸੋਹਣਾ ਸੰਜੋਗ ਰਿਹਾ ਹੈ। ਸੰਗੀਤ ਵਿਚ ਧੁਨੀ ਦਾ ਸਭ ਤੋਂ ਵੱਧ ਮਹੱਤਵ ਹੁੰਦਾ ਹੈ ਅਤੇ ਨਾਦ ਨੂੰ ਬ੍ਰਹਮ ਮੰਨਿਆ ਗਿਆ ਹੈ। ਇਸ ਪੱਧਰ 'ਤੇ ਵੀ ਧਰਮ ਅਤੇ ਸੰਗੀਤ ਦਾ ਆਪਸੀ ਸੰਬੰਧ ਸਥਾਪਤ ਹੁੰਦਾ ਹੈ। ਦਰਅਸਲ, ਧਰਮ ਅਤੇ ਸੰਗੀਤ ਇਕ ਦੂਜੇ 'ਤੇ ਪਰਸਪਰ ਨਿਰਭਰ ਕਰਦੇ ਹਨ।

ਵੈਦਿਕ ਕਾਲ ਵਿਚ ਧਾਰਮਿਕ ਸੰਸਕਾਰਾਂ ਅਤੇ ਯੱਗ ਆਦਿ ਦੇ ਸਮੇਂ ਵੱਖ-ਵੱਖ ਦੇਵਤਿਆਂ ਦੀ ਉਸਤਤ ਦੇ ਨਮਿੱਤ ਜਿਨ੍ਹਾਂ ਧੁਨੀਆਂ ਦਾ ਲੈਅ-ਮਈ ਢੰਗ ਨਾਲ ਮੰਤਰ ਉਚਾਰਨ ਕੀਤਾ ਜਾਂਦਾ ਸੀ, ਉਹ ਧਰਮ ਅਤੇ ਸੰਗੀਤ ਵਿਚਕਾਰ ਆਪਸੀ ਸੰਬੰਧਾਂ ਦੇ ਸਰਵੋਤਮ ਉਦਾਹਰਣ ਹਨ। ਸਾਮਵੇਦ ਦੀਆਂ ਪੰਚਵਿਧ ਅਤੇ ਸਪਤਵਿਧ ਉਪਾਸਨਾਵਾਂ ਵਿਚ ਵੀ ਸੰਗੀਤ ਮੌਜੂਦ ਹੈ ਜਿਨ੍ਹਾਂ ਵਿਚ ਭਿੰਨ-ਭਿੰਨ ਗਾਇਨ ਸ਼ੈਲੀਆਂ ਦੁਆਰਾ ਉਸਤਤੀਆਂ ਗਾਈਆਂ ਜਾਂਦੀਆਂ ਹਨ। ਤ੍ਰੇਤਾ ਯੁੱਗ ਦੇ ਰਾਮਾਇਣ ਅਤੇ ਦੁਆਪਰ ਯੁੱਗ ਦੇ ਮਹਾਂਭਾਰਤ ਗ੍ਰੰਥਾਂ ਵਿਚ ਵੀ ਸੰਗੀਤ ਦੇ ਕਾਫ਼ੀ ਉਲੇਖ ਮਿਲਦੇ ਹਨ। ਪੁਰਾਣਾਂ ਅਤੇ ਉਪਨਿਸ਼ਦਾਂ ਵਿਚ ਵੀ ਸੰਗੀਤ ਸੰਬੰਧੀ ਭਰਪੂਰ ਸਮੱਗਰੀ ਉਪਲਬਧ ਹੁੰਦੀ ਹੈ। ਹਿੰਦੂ ਧਰਮ ਨਾਲ ਸੰਬੰਧਿਤ ਅਨੇਕਾਂ ਸੰਤ-ਕਵੀਆਂ ਨੇ ਆਪਣੇ ਧਾਰਮਿਕ ਸੰਦੇਸ਼ਾਂ ਨੂੰ ਲੋਕਾਂ ਦੇ ਸਾਹਮਣੇ ਸੰਗੀਤ ਦੇ ਮਾਧਿਅਮ ਨਾਲ ਹੀ ਉਜਾਗਰ ਕੀਤਾ ਅਤੇ ਇਸ ਪ੍ਰਕਾਰ ਅਪ੍ਰਤੱਖ ਰੂਪ ਵਿਚ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ। ਸਮੂਹ ਧਰਮਾਂ ਵਿਚ ਸਮਰੂਪੀ ਸੰਗੀਤ ਦੀ ਵਿਆਪਕਤਾ ਮੌਜੂਦ ਹੁੰਦੀ ਹੈ। ਭਾਵੇਂ ਸਥਾਨ ਵੱਖ-ਵੱਖ ਹੋਣ ਪਰੰਤੂ ਸੰਗੀਤ ਦੀ ਬੁਨਿਆਦੀ ਭਾਵਨਾ ਸਮੂਹ ਰਾਜਾਂ ਵਿਚ ਇਕੋ ਜਿਹੀ ਹੈ ਅਤੇ ਇਹ ਹਮੇਸ਼ਾ ਹੀ ਸਰਵ-ਸਾਧਾਰਣ ਸਮਾਜ ਨੂੰ ਏਕਤਾ ਦੇ ਸੂਤਰ ਵਿਚ ਆਬਾਦ ਕਰਾਉਂਦੀ ਰਹੀ ਹੈ। ਉੱਤਰ ਪ੍ਰਦੇਸ਼ ਵਿਚ ਤੁਲਸੀ, ਰਾਜਸਥਾਨ ਵਿਚ ਮੀਰਾ, ਬੰਗਾਲ ਵਿਚ ਚੈਤੰਨਯਾ, ਉੜੀਸਾ ਵਿਚ ਜੈਦੇਵ, ਮਹਾਰਾਸ਼ਟਰ ਵਿਚ ਸਮਰੱਥ ਰਾਮਦਾਸ, ਗੁਜਰਾਤ ਵਿਚ ਨਰਸੀ ਭਗਤ, ਅਸਾਮ ਵਿਚ ਸ਼ੰਕਰਦੇਵ ਅਤੇ ਵੱਲਭਾਚਾਰੀਆ ਆਦਿ ਭਗਤਾਂ ਨੇ ਆਪਣੇ ਰਸਮਈ ਕੀਰਤਨਾਂ ਨਾਲ ਸੰਪੂਰਨ ਭਾਰਤ ਨੂੰ ਭਗਤੀ ਕਰਨ ਦੀ ਪ੍ਰੇਰਨਾ ਦਿੱਤੀ ਸੀ।

ਹੋਰ ਸਾਰੇ ਧਰਮਾਂ ਦੀ ਤਰ੍ਹਾਂ ਸਿੱਖ ਧਰਮ ਨੇ ਵੀ ਆਪਣੇ ਉਤਪਤੀ ਕਾਲ ਤੋਂ ਹੀ ਸੰਗੀਤ ਨੂੰ ਅਪਣਾਇਆ ਹੈ ਅਤੇ ਇਸ ਨੂੰ ਭਗਤੀ ਅਤੇ ਮੁਕਤੀ ਦਾ ਪ੍ਰਮੁੱਖ ਸਾਧਨ ਮੰਨਿਆ ਹੈ। ਲਗਪਗ 15ਵੀਂ ਸਦੀ ਵਿਚ ਭਾਰਤ ਦੇ ਚਾਰੇ ਪਾਸੇ ਮੁਸਲਿਮ ਸਾਮਰਾਜ ਵਿਆਪਤ ਸੀ। ਤਕਰੀਬਨ ਸਾਰਾ ਭਾਰਤ ਮੁਸਲਮਾਨਾਂ ਦੇ ਅਧੀਨ ਹੋ ਚੁੱਕਿਆ ਸੀ। ਮੁਸਲਿਮ ਸ਼ਾਸਕਾਂ ਦੀ ਰੁਚੀ ਸਾਮਰਾਜ ਦੇ ਨਾਲ-ਨਾਲ ਮੁਸਲਿਮ ਧਰਮ ਦਾ ਪ੍ਰਚਾਰ-ਪ੍ਰਸਾਰ ਅਤੇ ਲੋਕਾਂ ਨੂੰ ਮੁਸਲਿਮ ਧਰਮ ਦਾ ਅਨੁਯਾਈ ਬਣਾਉਣ ਵਿਚ ਵੀ ਸੀ। ਅਨੇਕਾਂ ਗਰੀਬ ਪਰਿਵਾਰਾਂ ਨੇ ਧਨ-ਦੌਲਤ ਜਾਂ ਮਾਨ-ਸਨਮਾਨ ਦੇ ਲਾਲਚ ਵਿਚ ਆਪਣਾ ਧਰਮ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਸੀ। ਮੁਸਲਮਾਨ ਹਾਕਮ ਲੋਕਾਂ ਦਾ ਜ਼ਬਰਦਸਤੀ ਧਰਮ ਤਬਦੀਲ ਕਰ ਰਹੇ ਸਨ। ਅਜਿਹੇ ਸਮੇਂ ਵਿਚ ਹਿੰਦੂ ਧਰਮ ਦੀ ਰੱਖਿਆ ਲਈ ਸਿੱਖ ਗੁਰੂਆਂ ਦਾ ਆਗਮਨ ਭਾਰਤ ਦੀ ਧਰਤੀ ਉੱਤੇ ਹੋਇਆ ਜਿਨ੍ਹਾਂ ਨੇ ਆਪਣੀ ਉਪਾਸਨਾ, ਭਗਤੀ, ਕੀਰਤਨ-ਕਥਾ ਆਦਿ ਦੁਆਰਾ ਭਾਰਤੀ ਸੰਸਕ੍ਰਿਤੀ ਦਾ ਪ੍ਰਚਾਰ ਭਾਰਤ ਦੇ ਕੋਨੇ-ਕੋਨੇ ਵਿਚ ਕੀਤਾ। ਇਨ੍ਹਾਂ ਸਿੱਖ ਗੁਰੂਆਂ ਦੇ ਕਾਰਜ ਦਾ ਮੁੱਖ ਖੇਤਰ ਪੰਜਾਬ ਰਿਹਾ ਹੈ। ਪੰਜਾਬ ਤੋਂ ਬਾਹਰ ਜਾ ਕੇ ਵੀ ਸਿੱਖ ਗੁਰੂਆਂ ਨੇ ਭਗਤੀ-ਪੂਰਨ ਕੀਰਤਨ ਅਤੇ ਉਪਦੇਸ਼ਾਂ ਦੁਆਰਾ ਆਮ ਲੋਕਾਂ ਨੂੰ ਭਗਤੀ ਮਾਰਗ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੂੰ ਪ੍ਰਭੂ ਦੇ ਨਾਮ ਸਿਮਰਨ ਲਈ ਕੀਰਤਨ ਦੇ ਲਾਭ ਨੂੰ ਸਮਝਾਇਆ। ਜਿਹੜਾ ਸੰਗੀਤ ਐਸ਼ਪ੍ਰਸਤੀ ਅਤੇ ਭੋਗ-ਵਿਲਾਸ ਦਾ ਹੀ ਸਾਧਨ ਬਣ ਕੇ ਰਹਿ ਗਿਆ ਸੀ, ਉਸ ਨੂੰ ਸਿੱਖ ਗੁਰੂਆਂ ਨੇ ਧਾਰਮਿਕ ਕੀਰਤਨ ਅਤੇ ਪ੍ਰਭੂ ਨਾਮ ਸਿਮਰਨ ਦਾ ਚੋਲਾ ਪਹਿਨਾ ਕੇ ਮੁੜ ਪਵਿੱਤਰ ਅਤੇ ਇਲਾਹੀ ਕਲਾ ਦੇ ਰੂਪ ਵਿਚ ਸਥਾਪਿਤ ਕੀਤਾ। ਉਨ੍ਹਾਂ ਨੇ ਸੰਗੀਤ ਨੂੰ ਰੂਹਾਨੀਅਤ ਅਤੇ ਭਗਤੀ ਦਾ ਸਾਧਨ ਬਣਾਇਆ।

ਸਿੱਖ ਧਰਮ ਵਿਚ ਕੀਰਤਨ ਨੂੰ ਭਗਤੀ ਦਾ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ ਅਤੇ ਆਮ ਤੌਰ 'ਤੇ ਸਮੂਹ ਸਿੱਖ ਗੁਰੂਆਂ ਦੀ ਇਹ ਧਾਰਨਾ ਰਹੀ ਹੈ ਕਿ ਲੈਅਬੱਧ ਕੀਰਤਨ ਨਾਲ ਮਨ ਨੂੰ ਇਕਾਗਰ ਚਿੱਤ ਅਤੇ ਸਾਧਨਾ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਸਿੱਖ ਗੁਰੂ ਸੰਗੀਤ ਅਤੇ ਧਰਮ ਦੋਹਾਂ ਨੂੰ ਨਾਲ ਨਾਲ ਲੈ ਕੇ ਅੱਗੇ ਵਧੇ ਅਤੇ ਇਨ੍ਹਾਂ ਦੋਹਾਂ ਧਾਰਾਵਾਂ ਨੂੰ ਜੀਵਤ ਰੱਖਿਆ। ਸ਼ਾਸਤਰੀ ਸੰਗੀਤ ਦੇ ਰਾਗਾਂ ਦੀ ਮਹੱਤਤਾ ਨੂੰ ਮੰਨਦੇ ਹੋਏ ਉਨ੍ਹਾਂ ਇਹ ਦੱਸਿਆ ਕਿ ਭਾਰਤੀ ਰਾਗਾਂ ਦੇ ਮਾਧਿਅਮ ਤੋਂ ਪਰਮਾਤਮਾ ਦੀ ਬੰਦਗੀ ਕਰਨ ਨਾਲ ਚਿੱਤ ਨੂੰ ਜਿੰਨੀ ਵੱਧ ਇਕਾਗਰਤਾ ਪ੍ਰਾਪਤ ਹੋਵੇਗੀ, ਭਗਤੀ ਵੀ ਉਨੀ ਹੀ ਉੱਚ ਪੱਧਰ ਦੀ ਹੋਵੇਗੀ। ਇਸ ਤਰ੍ਹਾਂ ਪਰਮਾਤਮਾ ਅਤੇ ਭਗਤ ਵਿਚ ਨੇੜਤਾ ਸਥਾਪਿਤ ਹੁੰਦੀ ਹੈ।

ਸੰਗੀਤ ਕਲਾ ਦੀ ਅਧਿਆਤਮਕਤਾ, ਕਲਾਤਮਕਤਾ ਅਤੇ ਉਪਯੋਗਿਤਾ ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ ਸਿੱਖ ਗੁਰੂਆਂ ਨੇ ਆਪਣੇ ਸਿੱਖਾਂ ਨੂੰ ਸੰਗੀਤ ਦੀ ਸਿੱਖਿਆ ਅਤੇ ਸਿਖਲਾਈ ਦੇਣ ਦੀ ਪੂਰਨ ਵਿਵਸਥਾ ਕੀਤੀ। ਉਹ ਖ਼ੁਦ ਵੀ ਸੰਗੀਤ ਕਲਾ ਵਿਚ ਮਾਹਿਰ ਸਨ। ਗੁਰਦੁਆਰਿਆਂ ਵਿਚ ਕੀਰਤਨ ਦੀ ਪ੍ਰਣਾਲੀ ਵਿਚ ਬਦਲਾਅ

ਅਤੇ ਉਸ ਲਈ ਵੱਖ-ਵੱਖ ਰਾਗਾਂ ਅਤੇ ਸਾਜ਼ਾਂ ਦਾ ਪ੍ਰਚਲਨ ਕੀਤਾ। ਆਮ ਤੌਰ 'ਤੇ ਸਾਰੇ ਗੁਰਦੁਆਰਿਆਂ ਵਿਚ ਲੈਅਮਈ ਅਤੇ ਤਾਲਬੱਧ ਕੀਰਤਨ ਕਰਨ ਲਈ ਰਾਗੀਆਂ-ਰਬਾਬੀਆਂ ਦੀ ਨਿਯੁਕਤੀ ਕੀਤੀ ਗਈ।

ਸਿੱਖ ਧਰਮ ਵਿਚ ਸੰਗੀਤ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ। ਇਹਨਾਂ ਤੱਥਾਂ ਦੀ ਪੁਸ਼ਟੀ ਗੁਰਦੁਆਰਿਆਂ ਵਿਚ ਪ੍ਰਚਲਿਤ ਕੀਰਤਨ ਪ੍ਰਥਾ ਤੋਂ ਹੁੰਦੀ ਹੈ। ਇਹ ਕੀਰਤਨ ਪਰੰਪਰਾ ਪੰਦਰਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤੀ ਅਤੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ। ਇਸ ਸਮੇਂ ਦੌਰਾਨ ਅਨੇਕਾਂ ਰਾਗੀਆਂ, ਰਬਾਬੀਆਂ ਅਤੇ ਸੰਗੀਤਕਾਰਾਂ ਨੇ ਸੰਗੀਤ ਕੀਰਤਨ ਪ੍ਰਣਾਲੀ ਨੂੰ ਲਗਾਤਾਰ ਵਿਕਸਤ ਕੀਤਾ।

ਸਿੱਖ ਗੁਰੂਆਂ ਨੇ ਅਨੇਕਾਂ ਮਹੱਤਵਪੂਰਨ ਸਿਰਜਣਾਤਮਕ ਕਾਰਜ ਕੀਤੇ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਕੰਮ ਬਹੁਤ ਮਹੱਤਵਪੂਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਮੁੱਖ ਗੌਰਵ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਾਂਦਾ ਹੈ। ਉਹਨਾਂ ਨੇ ਪੂਰੀ ਬਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਰਾਗ-ਬੱਧ ਬਾਣੀ, ਰਾਗ-ਮੁਕਤ ਬਾਣੀ ਅਤੇ ਹੋਰ ਬਾਣੀ। ਇੰਨੇ ਵੱਡੇ ਪੱਧਰ ਦੀ ਬਾਣੀ ਰਚਨਾ ਉਹਨਾਂ ਦੇ ਸੰਗੀਤਕ ਗਿਆਨ 'ਤੇ ਚੰਗੀ ਤਰ੍ਹਾਂ ਚਾਨਣਾ ਪਾਉਂਦੀ ਹੈ। ਉਹਨਾਂ ਆਪਣੀ ਪ੍ਰਤਿਭਾ ਦਾ ਬਿਓਰਾ ਦਿੰਦੇ ਹੋਏ ਰਾਗ-ਬੱਧ ਅਤੇ ਰਾਗ-ਮੁਕਤ ਦੋਹਾਂ ਹੀ ਪ੍ਰਕਾਰ ਦੇ ਸ਼ਬਦਾਂ (ਪਦਾਂ) ਦੀ ਰਚਨਾ ਕੀਤੀ ਹੈ। ਗੁਰੂ ਜੀ ਨੇ ਗੁਰਬਾਣੀ ਨੂੰ ਰਾਗਾਤਮਕਤਾ ਪ੍ਰਦਾਨ ਕਰ ਕੇ ਉਸ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਅਤੇ ਸ਼ਾਸਤਰੀ, ਉਪ-ਸ਼ਾਸਤਰੀ ਅਤੇ ਲੋਕ ਸੰਗੀਤ ਕਿਸਮਾਂ ਦੇ ਆਧਾਰ 'ਤੇ ਕੀਰਤਨ ਦੀਆਂ ਵਿਭਿੰਨ ਸ਼ੈਲੀਆਂ ਦਾ ਪ੍ਰਚਲਨ ਕੀਤਾ। ਗੁਰਦੁਆਰੇ ਵਿਚ ਕੀਰਤਨ ਦੀ ਰਸਮ ਅਕਸਰ ਇਨ੍ਹਾਂ ਤਿੰਨਾਂ ਸ਼ੈਲੀਆਂ 'ਤੇ ਆਧਾਰਿਤ ਹੈ।

ਗੁਰਦੁਆਰਿਆਂ ਵਿਚ ਪੰਜ ਚੌਕੀਆਂ ਦੀ ਸਥਾਪਨਾ ਕੀਤੀ ਗਈ। ਇਹ ਪਰੰਪਰਾ ਅੱਜ ਵੀ ਸਾਰੇ ਇਤਿਹਾਸਕ ਗੁਰਦੁਆਰਿਆਂ ਵਿਚ ਮੌਜੂਦ ਹੈ। ਇਹਨਾਂ ਪੰਜਾਂ ਚੌਕੀਆਂ ਦਾ ਆਧਾਰ ਵੱਖ-ਵੱਖ ਰਾਗ ਹਨ ਜਿਸ ਦੇ ਅਨੁਸਾਰ ਕੀਰਤਨ ਦਾ ਉਚਾਰਨ ਕੀਤਾ ਜਾਂਦਾ ਹੈ। ਹਰੇਕ ਚੌਕੀ ਲਈ ਉਚਾਰਨ ਦਾ ਸਮਾਂ ਅਤੇ ਵਿਸ਼ੇਸ਼ ਰਾਗ ਦੀ ਵੀ ਹਦਾਇਤ ਕੀਤੀ ਗਈ ਹੈ। ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ, ਦਿੱਲੀ ਦੇ ਗੁਰਦੁਆਰਾ ਸੀਸਗੰਜ ਅਤੇ ਤਰਨਤਾਰਨ ਵਰਗੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਰਾਤ ਦੇ 6 ਘੰਟੇ ਛੱਡ ਕੇ ਬਾਕੀ 18 ਘੰਟੇ ਲਗਾਤਾਰ ਕੀਰਤਨ ਹੁੰਦਾ ਰਹਿੰਦਾ ਹੈ। ਅੰਮ੍ਰਿਤ ਵੇਲੇ ਤਿੰਨ ਵਜੇ ਕੀਰਤਨ ਦਾ ਆਰੰਭ ਹੁੰਦਾ ਹੈ ਅਤੇ ਰਾਤ ਦੇ ਨੌਂ ਵਜੇ ਆਰਤੀ ਦੇ ਸ਼ਬਦ-ਉਚਾਰਨ ਦੇ ਨਾਲ ਕੀਰਤਨ ਦੀ ਸਮਾਪਤੀ ਹੁੰਦੀ ਹੈ। ਨਿੱਤ ਦੇ ਕੀਰਤਨ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਉਪਰੰਤ ਹੁੰਦਾ ਹੈ। ਉਸ ਤੋਂ ਬਾਅਦ ਰਾਗੀ ਜੱਥਾ ਆਸਾ ਦੀ ਵਾਰ ਦੇ ਕੀਰਤਨ ਦਾ ਆਰੰਭ ਕਰਨ ਤੋਂ ਪਹਿਲਾਂ ਉਸਤਤ ਦੇ ਰੂਪ ਵਿਚ ਇਕ ਅਰਦਾਸ ਦਾ ਗਾਇਨ (ਉਚਾਰਨ) ਕਰਦਾ ਹੈ ਜੋ ਰਾਗ-ਬੱਧ ਹੁੰਦੀ ਹੈ। ਇਸ ਅਰਦਾਸ ਨੂੰ ਜ਼ਿਆਦਾਤਰ ਮੱਧਮ ਲੈਅ ਵਿਚ

ਗਾਇਆ ਜਾਂਦਾ ਹੈ। ਅਰਦਾਸ ਦੀ ਸਮਾਪਤੀ ਕਰ ਕੇ ਰਾਗੀ ਵੱਖ-ਵੱਖ ਰਾਗਾਂ ਅਤੇ ਤਾਲਾਂ ਵਿਚ ਨਿਯੰਤਰਿਤ ਗਾਏ ਪਦਾਂ ਦਾ ਗਾਇਨ ਕਰਦੇ ਹਨ ਜਿਸ ਨੂੰ ਸ਼ਬਦ ਗਾਇਨ ਕਹਿੰਦੇ ਹਨ। ਅੰਤ ਵਿਚ ਰਾਮਕਲੀ ਰਾਗ ਵਿਚ ਅਨੰਦ ਸਾਹਿਬ ਦੀਆਂ ਪਉੜੀਆਂ ਦਾ ਗਾਇਨ ਕਰ ਕੇ ਰਾਗੀ ਕੀਰਤਨ ਦੀ ਸਮਾਪਤੀ ਕਰਦੇ ਹਨ।

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਗੁਰੂਆਂ ਦਾ ਭਗਤੀ ਸੰਗੀਤ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ ਜਿਹੜਾ ਕਿ ਕੀਰਤਨ ਪਰੰਪਰਾ ਦੇ ਰੂਪ ਵਿਚ ਅੱਜ ਵੀ ਸਾਡੇ ਸਾਹਮਣੇ ਹੈ। ਕੀਰਤਨ ਵਿਚ ਸ਼ਬਦ ਗਾਇਨ ਹੁੰਦਾ ਹੈ ਅਤੇ ਇਹਨਾਂ ਸ਼ਬਦਾਂ ਨੂੰ ਬਾਣੀ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਸ ਬਾਣੀ ਦਾ ਸੰਗ੍ਰਹਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਮਿਲਦਾ ਹੈ ਜੋ ਕਿ ਸਿੱਖਾਂ ਦੇ ਦਸਾਂ ਗੁਰੂਆਂ ਦੀ ਬਾਣੀ ਦਾ ਸੰਕਲਨ ਹੈ।

ਗੀਤਾ, ਮਹਾਂਭਾਰਤ, ਰਾਮਚਰਿਤ ਮਾਨਸ ਦੀ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਧਾਰਮਿਕ ਪਦਾਂ ਵਿਚ ਹੈ ਅਤੇ ਇਸ ਦਾ ਹਰੇਕ ਸ਼ਬਦ ਲੰਮੇ ਸਮੇਂ ਤੋਂ ਲੋਕਾਂ ਦੇ ਮਨ ਵਿਚ ਅਮਰਤਾ ਪ੍ਰਦਾਨ ਕਰਦਾ ਆ ਰਿਹਾ ਹੈ।

ਅਖ਼ੀਰ ਵਿਚ ਮੈਂ ਆਪਣੇ ਗੁਰੂ ਪ੍ਰੋਫ਼ੈਸਰ ਅਜੀਤ ਸਿੰਘ ਪੇਂਟਲ ਜੀ ਦਾ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੇ ਮਾਰਗ-ਦਰਸ਼ਨ ਦੇ ਸਦਕਾ ਮੈਂ ਇਹ ਕਾਰਜ ਸੰਪੂਰਨ ਕਰਨ ਦੇ ਯੋਗ ਹੋਈ। ਇਸ ਦੇ ਨਾਲ ਹੀ ਮੈਂ ਸ੍. ਤੇਜਪਾਲ ਸਿੰਘ ਜੀ (ਸਿੰਘ ਬੰਧੂ) ਅਤੇ ਪ੍ਰੋਫ਼ੈਸਰ ਗੀਤਾ ਪੇਂਟਲ ਜੀ ਦੀ ਵੀ ਅਤਿ ਆਭਾਰੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਮੈਨੂੰ ਹੌਸਲਾ ਦੇ ਕੇ ਇਹ ਕਾਰਜ ਕਰਨ ਵਿਚ ਉਤਸ਼ਾਹਿਤ ਕੀਤਾ।

10.10.2007

ਜਤਿੰਦਰ ਕੌਰ (ਡਾ.)
93, ਕ੍ਰਿਸ਼ਨਾ ਸੁਕੇਅਰ ਪਾਰਟ-I,
ਸ਼ਿਵਾਲਾ ਰੋਡ, ਅੰਮ੍ਰਿਤਸਰ।

ਧਰਮ ਅਤੇ ਸੰਗੀਤ

ਭਾਰਤੀ ਸੰਗੀਤ ਕਲਾ ਆਰੰਭ ਤੋਂ ਹੀ ਧਰਮ ਦਾ ਆਧਾਰ ਲੈ ਕੇ ਪ੍ਰਫੁੱਲਿਤ ਹੋਈ ਅਤੇ ਅੱਜ ਵੀ ਸੰਗੀਤ ਦੀ ਪਵਿੱਤਰਤਾ ਅਤੇ ਉੱਜ੍ਵਲਤਾ ਦੇ ਕਾਰਨ ਉਸ ਨੂੰ ਧਰਮ ਦੇ ਨਾਲ ਜੋੜ ਕੇ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਮੰਨਿਆ ਗਿਆ ਹੈ। ਸਿੱਟੇ ਵਜੋਂ, ਕਵੀ, ਭਗਤ ਅਤੇ ਸੰਗੀਤਕਾਰ ਆਦਿ ਵੀ ਸੰਗੀਤ ਦੇ ਮਾਧਿਅਮ ਤੋਂ ਹੀ ਆਪਣੀ ਪਦ-ਰਚਨਾ ਨੂੰ ਭਾਵਨਾਤਮਕ ਅਤੇ ਰਸਮਈ ਬਣਾ ਕੇ ਪਦਾਵਲੀ ਨੂੰ ਅਲੌਕਿਕਤਾ ਪ੍ਰਦਾਨ ਕਰ ਕੇ ਦਿਲ ਵਿਚ ਵੱਸਣ ਵਾਲੀ ਬਣਾਉਣ ਦਾ ਜਤਨ ਕਰਦੇ ਰਹੇ ਹਨ।

ਭਾਰਤ ਹਮੇਸ਼ਾ ਹੀ ਧਰਮ ਪ੍ਰਧਾਨ ਅਤੇ ਅਧਿਆਤਮ ਪ੍ਰਧਾਨ ਦੇਸ਼ ਰਿਹਾ ਹੈ। ਇਹੀ ਕਾਰਨ ਹੈ ਕਿ ਇਥੋਂ ਦੀਆਂ ਸਾਰੀਆਂ ਕਲਾਵਾਂ, ਦਰਸ਼ਨ, ਚਿੰਤਨ ਆਦਿ ਇਸ ਵੱਲ ਆਕਰਸ਼ਿਤ ਰਹੇ ਹਨ। ਨਤੀਜੇ ਵਜੋਂ ਧਰਮ ਨਾਲ ਉਹਨਾਂ ਦਾ ਪੱਕਾ ਸੰਬੰਧ ਰਿਹਾ ਹੈ। ਸੰਗੀਤ ਕਿਉਂਕਿ ਇਕ ਕਲਾ ਹੈ ਇਸ ਲਈ ਸੰਗੀਤ ਅਤੇ ਧਰਮ ਦਾ ਸੰਬੰਧ ਹੋਣਾ ਸੁਭਾਵਿਕ ਹੈ। ਪਰੰਤੂ ਇਸ ਸੰਬੰਧ 'ਤੇ ਝਾਤ ਮਾਰਨ ਤੋਂ ਪਹਿਲਾਂ ਧਰਮ ਕੀ ਹੈ ? ਇਹ ਜਾਣ ਲੈਣਾ ਜ਼ਰੂਰੀ ਹੈ।

ਧਰਮ ਕੀ ਹੈ ? ਇਸ ਪ੍ਰਸ਼ਨ ਦਾ ਬਹੁਤ ਹੀ ਸਪੱਸ਼ਟ ਅਤੇ ਸੌਖਾ ਉੱਤਰ ਇਹ ਹੈ ਕਿ ਪਰਮਾਤਮਾ ਜਾਂ ਈਸ਼ਵਰ ਨੂੰ ਆਪਣੇ ਮਨ ਵਿਚ ਵਸਾ ਲੈਣਾ ਹੀ ਧਰਮ ਹੈ। ਹੁਣ ਪ੍ਰਸ਼ਨ ਉਠਦਾ ਹੈ ਕਿ ਮਨ ਵਿਚ ਪਰਮਾਤਮਾ ਨੂੰ ਵਸਾਉਣ ਦਾ ਕੀ ਅਰਥ ਹੈ ? ਮਨ ਵਿਚ ਪਰਮਾਤਮਾ ਨੂੰ ਵਸਾਉਣ ਦਾ ਅਰਥ ਹੈ ਕਿ ਦਿਲ ਤੋਂ ਇਹ ਮੰਨ ਲੈਣਾ ਕਿ ਉਹ ਪਰਮਾਤਮਾ ਹੀ ਸਭ ਕੁਝ ਕਰਦਾ ਹੈ। ਉਹੀ ਸਭ ਕੁਝ ਦਿੰਦਾ ਹੈ, ਉਹੀ ਜਿਉਂਦਾ ਰੱਖਦਾ ਹੈ, ਉਹੀ ਸਾਨੂੰ ਸ਼ਕਤੀ ਦਿੰਦਾ ਹੈ। ਉਸ ਪਰਮਾਤਮਾ ਨੇ ਇਹ ਧਰਤੀ, ਹਵਾ, ਅੱਗ, ਪਾਣੀ, ਸੂਰਜ, ਚੰਦਰਮਾ ਅਤੇ ਤਾਰੇ ਬਣਾਏ ਹਨ। ਸਾਰੀ ਸ੍ਰਿਸ਼ਟੀ ਨੂੰ ਰਚਣ ਵਾਲਾ ਉਹੀ ਹੈ।[1]

ਧਰਮ ਦਾ ਸਰੂਪ, ਕਾਲ, ਸਥਾਨ, ਜਾਤ, ਸਮਾਜ ਦੇ ਕਾਰਨ ਬਹੁਤ ਵੱਖਰਾ ਅਤੇ ਪਰਿਵਰਤਨਸ਼ੀਲ ਹੈ, ਇਸੇ ਕਰਕੇ ਉਸ ਦਾ ਠੀਕ ਵਿਸ਼ਲੇਸ਼ਣ ਕਰਨਾ ਸੰਭਵ ਨਹੀਂ ਹੈ। ਫੇਰ ਵੀ ਇਹਨਾਂ ਵਿਚ ਕੁਝ ਆਮ ਤੱਤ ਹਨ ਜਿਹੜੇ ਉਸ ਨੂੰ ਧਰਮ ਦੀ ਸੰਗਿਆ ਦਿੰਦੇ ਹਨ। ਡਾ. ਡੀ. ਐਸ. ਐਡਵਰਡ ਨੇ ਕਿਹਾ ਹੈ ਕਿ ਜੇਕਰ ਧਰਮ ਦਾ ਨਿਸ਼ਚਿਤ ਰੂਪ ਇਹਨਾਂ ਵਿਕਾਸਾਂ ਅਤੇ ਪਰਸਥਿਤੀਆਂ ਵਿਚ ਸਥਿਰ ਨਾ ਹੁੰਦਾ ਤਾਂ

'ਧਰਮ' ਸ਼ਬਦ ਨੂੰ ਵਿਅਕਤ ਕਰਨ ਦੇ ਯੋਗ ਕੋਈ ਅਰਥ ਵੀ ਨਾ ਹੁੰਦਾ। ਧਰਮ ਦਾ ਅਰਥ ਵੱਖ-ਵੱਖ ਸਮੇਂ ਅਤੇ ਸਥਾਨ 'ਤੇ ਵੱਖ-ਵੱਖ ਰੂਪ ਵਿਚ ਲਿਆ ਜਾਂਦਾ ਰਿਹਾ ਹੈ। ਇਸ ਲਈ ਧਰਮ ਦੇ ਸੰਬੰਧ ਵਿਚ ਅਨੇਕਾਂ ਪਰਿਭਾਸ਼ਾਵਾਂ ਉਪਲਬਧ ਹਨ। ਸਾਧਾਰਣ ਅਰਥ ਵਿਚ ਧਰਮ ਇਕ ਵਿਸ਼ਵਾਸ, ਇਕ ਭਾਵਨਾ ਅਤੇ ਸੰਕਲਪ ਦੀ ਵਿਵਹਾਰਕ ਕਿਰਿਆ ਹੈ। ਦੂਜੇ ਸ਼ਬਦਾਂ ਵਿਚ ਧਰਮ, ਭਾਵਨਾ, ਬੁੱਧੀ (ਅਕਲ) ਅਤੇ ਕਿਰਿਆ ਦਾ ਜੋੜ ਹੈ।[2]

ਮਿ. ਗੈਲਬੇ ਅਨੁਸਾਰ—

> ਆਪਣੇ ਤੋਂ ਪਰੇ ਸ਼ਕਤੀ ਵਿਚ ਮਨੁੱਖ ਦਾ ਉਹ ਵਿਸ਼ਵਾਸ ਧਰਮ ਹੈ ਜਿਸ ਰਾਹੀਂ ਉਹ ਆਪਣੀਆਂ ਭਾਵਨਾਵਾਂ ਦੀ ਸੰਤੁਸ਼ਟੀ ਅਤੇ ਜੀਵਨ ਦੀ ਸਥਿਰਤਾ ਪ੍ਰਾਪਤ ਕਰਦਾ ਹੈ ਅਤੇ ਜਿਸ ਨੂੰ ਉਹ ਪੂਜਾ ਅਤੇ ਸੇਵਾ ਦੇ ਮਾਧਿਅਮ ਤੋਂ ਪ੍ਰਗਟ ਕਰਦਾ ਹੈ।[3]

'ਧਰਮ' ਇਕ ਅਤਿਅੰਤ ਵਿਆਪਕ ਸ਼ਬਦ ਹੈ। ਇਸ ਸ਼ਬਦ ਦੇ ਅਨੇਕਾਂ ਅਰਥ ਵੱਖ-ਵੱਖ ਗ੍ਰੰਥਾਂ ਵਿਚ ਪ੍ਰਾਪਤ ਹੁੰਦੇ ਹਨ। ਇਸ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੀ 'ਧ' ਧਾਤੂ ਤੋਂ ਮੰਨੀ ਗਈ ਹੈ, ਜਿਸ ਦਾ ਆਮ ਅਰਥ ਧਾਰਨ ਕਰਨਾ ਜਾਂ ਸੰਭਾਲਣਾ ਹੁੰਦਾ ਹੈ। ਜਿਹੜਾ ਧਾਰਨ ਕਰੇ, ਜਿਹੜਾ ਟੇਕ ਬਣ ਕੇ ਕਿਸੇ ਦੂਸਰੀ ਵਸਤੂ ਨੂੰ ਸਹਾਰਾ ਦੇਵੇ, ਜਿਹੜਾ ਚੰਗਿਆਈ ਅਤੇ ਬੁਰਿਆਈ ਦੀ ਪਹਿਚਾਣ ਕਰਾਉਂਦਾ ਹੈ, ਉਹ ਧਰਮ ਹੈ।

ਆਮ ਤੌਰ 'ਤੇ ਅਸੀਂ ਵੇਖਦੇ ਹਾਂ ਕਿ ਸਾਨੂੰ ਕੋਈ ਵੀ ਪਰੇਸ਼ਾਨੀ ਹੋਵੇ ਤਾਂ ਅਸੀਂ ਪਰਮਾਤਮਾ ਨੂੰ ਯਾਦ ਕਰਦੇ ਹਾਂ। ਇਸ ਕਰਕੇ ਮੰਦਰਾਂ, ਗੁਰਦੁਆਰਿਆਂ, ਮਸਜਿਦਾਂ, ਗਿਰਜਾਘਰਾਂ ਵਿਚ ਜਾਂਦੇ ਹਾਂ। ਇਹੀ ਸਾਡਾ ਧਰਮ ਅਖਵਾਉਂਦਾ ਹੈ।

ਮਹਾਨ ਚਿੰਤਕ ਅਤੇ ਦਾਰਸ਼ਨਿਕ ਡਾ. ਰਾਧਾਕ੍ਰਿਸ਼ਨਨ ਧਰਮ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕਰਦੇ ਹਨ—"ਧਰਮ ਕਰਤੱਵ ਦਾ ਹੀ ਰੂਪ ਹੈ। ਸਮਾਜ ਨੇ ਮਨੁੱਖੀ ਜੀਵਨ ਵਿਚ ਜਿਨ੍ਹਾਂ ਗੱਲਾਂ ਨੂੰ ਪਾਲਣਾ ਕਰਨ ਯੋਗ ਮੰਨਿਆ ਹੈ, ਉਹਨਾਂ ਨੂੰ ਧਰਮ ਕਿਹਾ ਜਾਂਦਾ ਹੈ। ਪਰਮਾਤਮਾ ਦੀ ਭਗਤੀ ਨੂੰ ਵੀ ਪਾਲਣਾ ਕਰਨ ਵਾਲਾ 'ਕਰਤੱਵ' ਮੰਨਿਆ ਗਿਆ ਹੈ ਅਤੇ ਇਹ ਵੀ ਧਰਮ ਦੇ ਅਧੀਨ ਆਉਂਦਾ ਹੈ।

ਭਾਰਤੀ ਪਰੰਪਰਾਵਾਂ ਵਿਚ ਰਿਸ਼ੀਆਂ ਨੇ ਧਰਮ ਦੇ ਲੱਛਣਾਂ ਵਿਚ ਸਿਰਫ਼ ਉਸ ਗੱਲ ਨੂੰ ਹੀ ਮਾਨਤਾ ਦਿੱਤੀ ਹੈ ਜਿਸ ਕਰਕੇ ਇਸ ਲੋਕ ਵਿਚ ਤਰੱਕੀ ਹੋਵੇ ਅਤੇ ਪਰਲੋਕ ਵਿਚ ਕਲਿਆਣ ਜਾਂ ਮੁਕਤੀ ਪ੍ਰਾਪਤ ਹੋਵੇ। ਧਰਮ ਤੋਂ ਮਨੁੱਖ ਹਰ ਤਰ੍ਹਾਂ ਦੀ ਉੱਨਤੀ ਕਰ ਸਕਦਾ ਹੈ। ਧਰਮ ਸਮਾਜ ਦੀ ਜਿੰਦ-ਜਾਨ ਹੈ। ਧਰਮ ਤੋਂ ਬੇਮੁੱਖ ਹੋਣ 'ਤੇ ਮਨੁੱਖ ਦਾ ਪਤਨ ਹੋ ਜਾਂਦਾ ਹੈ। ਸੰਕਟ ਦੇ ਸਮੇਂ ਵਿਚ ਧਰਮ ਹੀ ਮਨੁੱਖ ਦੀ ਰਾਖੀ ਕਰਦਾ ਹੈ।

ਸ਼੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਹੈ ਕਿ "ਜਦੋਂ ਜਦੋਂ ਧਰਮ ਦਾ ਪਤਨ ਅਤੇ ਅਧਰਮ ਦੀ ਵ੍ਰਿਧੀ ਹੁੰਦੀ ਹੈ ਉਦੋਂ ਉਦੋਂ ਮੈਂ ਅਵਤਾਰ ਲੈ ਕੇ ਦੁਸ਼ਟਾਂ ਦਾ ਦਮਨ

ਕਰਨ; ਸਾਧੂਆਂ, ਰਿਸ਼ੀਆਂ ਦੀ ਰੱਖਿਆ ਕਰਨ ਅਤੇ ਧਰਮ ਦੀ ਪੂਰਨ-ਸਥਾਪਨਾ ਕਰਨ ਦੇ ਲਈ ਧਰਤੀ 'ਤੇ ਆਉਂਦਾ ਹਾਂ।"

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ ਅਸਲ ਵਿਚ ਮਨੁੱਖ ਦਾ ਉਹ ਆਚਰਨ ਹੈ, ਜਿਸ ਦੀ ਪਾਲਣਾ ਕਰਨ ਨਾਲ ਮਨੁੱਖ ਹੀ ਨਹੀਂ, ਸਗੋਂ ਸੰਪੂਰਨ ਸਮਾਜ ਦਾ ਕਲਿਆਣ ਸੰਭਵ ਹੈ। ਧਰਮ ਨੂੰ ਅਪਨਾਉਣ ਨਾਲ ਮਨੁੱਖ ਪਰਮਾਤਮਾ ਦਾ ਸਰੂਪ ਬਣ ਜਾਂਦਾ ਹੈ।

ਪੁਰਾਣੇ ਸਮੇਂ ਵਿਚ ਧਰਮ ਦਾ ਵਰਤਮਾਨ ਰੂਪ ਨਹੀਂ ਸੀ। ਪੁਰਾਣੇ ਧਰਮ ਵਿਕਸਿਤ ਹੋ ਕੇ ਨਵੇਂ ਧਰਮ ਬਣ ਗਏ। ਅਸੀਂ ਭਾਰਤਵਰਸ਼ ਵਿਚ ਉਹਨਾਂ ਨੂੰ ਹਿੰਦੂ, ਬੁੱਧ, ਜੈਨ, ਇਸਾਈ, ਇਸਲਾਮ ਅਤੇ ਸਿੱਖ ਧਰਮ ਕਹਿੰਦੇ ਹਾਂ।[4]

ਇਹਨਾਂ ਸਾਰਿਆਂ ਧਰਮਾਂ ਦਾ ਪੂਜਾ ਪਾਠ ਕਰਨ ਦਾ ਢੰਗ ਵੱਖ-ਵੱਖ ਹੈ। ਇਨ੍ਹਾਂ ਵਿਚ ਜਨਮ-ਮਰਨ, ਵਿਆਹ ਆਦਿ ਦੇ ਸਮੇਂ ਦੀਆਂ ਰੀਤਾਂ ਰਸਮਾਂ ਵਿਚ ਵੀ ਅੰਤਰ ਹੈ। ਪਹਿਲਾਂ ਮਨੁੱਖ ਕੁਦਰਤ ਜਾਂ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਦੇਖ ਕੇ ਹੈਰਾਨ ਹੁੰਦਾ ਸੀ। ਉਹ ਆਪਣੇ ਆਲੇ-ਦੁਆਲੇ ਦ੍ਰਿਸ਼ਟੀਗੋਚਰ ਪਦਾਰਥਾਂ ਨੂੰ ਜੀਵ ਮੰਨਦਾ ਸੀ। ਇਸ ਤਰ੍ਹਾਂ ਮਨੁੱਖ ਨੇ ਪਹਿਲਾਂ ਕੁਦਰਤ ਦੀਆਂ ਕਈ ਸ਼ਕਤੀਆਂ ਨੂੰ ਜੀਵੰਤ ਜੀਵ ਮੰਨਿਆ। ਉਹਨਾਂ ਦੀ ਦੇਵੀ ਜਾਂ ਦੇਵਤਾ ਮੰਨ ਕੇ ਪੂਜਾ ਕੀਤੀ। ਹੌਲੀ ਹੌਲੀ ਇਹਨਾਂ ਦੀਆਂ ਮੂਰਤੀਆਂ ਬਣੀਆਂ ਅਤੇ ਉਹਨਾਂ ਦੀ ਪੂਜਾ ਆਰੰਭ ਹੋ ਗਈ।

ਮੂਰਤੀ ਪੂਜਾ ਜਾਂ ਦੇਵੀ ਦੇਵਤਿਆਂ ਦੇ ਬਾਅਦ ਧਰਮ ਦਾ ਇਕ ਰੂਪ ਰਿਸ਼ੀਆਂ, ਅਵਤਾਰਾਂ, ਗੁਰੂਆਂ ਦੇ ਦੱਸੇ ਗਏ ਉਪਦੇਸ਼ਾਂ ਨੂੰ ਮੰਨਣ ਦਾ ਬਣ ਗਿਆ। ਇਹਨਾਂ ਦੇ ਨਾਲ ਹੀ ਉਪਦੇਸ਼ ਦੇਣ ਜਾਂ ਧਰਮ ਦੇ ਨਿਯਮ ਬਣਾਉਣ ਵਾਲੇ ਦਾ ਸਤਿਕਾਰ ਹੋਇਆ ਅਤੇ ਇਸ ਪ੍ਰਕਾਰ ਰਿਸ਼ੀਆਂ, ਮੁਨੀਆਂ ਅਤੇ ਗੁਰੂਆਂ ਦੀ ਪੂਜਾ ਹੋਣ ਲੱਗ ਪਈ। ਜਿਹਨਾਂ ਗ੍ਰੰਥਾਂ ਵਿਚ ਇਹਨਾਂ ਦੇ ਬਚਨ ਜਾਂ ਇਹਨਾਂ ਦੇ ਦੱਸੇ ਗਏ ਨਿਯਮ ਸੀ, ਉਹ ਵੀ ਪੂਜਨਯੋਗ ਹੋ ਗਏ। ਜਿਵੇਂ : ਹਿੰਦੂ ਧਰਮ ਵਿਚ ਵੇਦਾਂ-ਸ਼ਾਸਤਰਾਂ ਦਾ ਸਤਿਕਾਰ ਹੈ ਅਤੇ ਉਸ ਨੂੰ ਵੈਦਿਕ ਧਰਮ ਕਿਹਾ ਜਾਂਦਾ ਹੈ। ਇਸਾਈ ਅਤੇ ਮੁਸਲਮਾਨ, ਅੰਜੀਲ ਅਤੇ ਕੁਰਾਨ ਮਜੀਦ ਦੇ ਉਪਦੇਸ਼ਾਂ ਨੂੰ ਨੇਮ ਮੰਨਦੇ ਹਨ। ਸਿੱਖ ਧਰਮ ਵਿਚ ਹੁਣ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ।

ਸੰਗੀਤ ਅਤੇ ਧਰਮ ਦਾ ਸੰਬੰਧ

ਸੰਗੀਤ ਇਕ ਕਲਾ ਹੈ ਅਤੇ ਕਲਾ ਅਤੇ ਧਰਮ ਦਾ ਅਟੁੱਟ ਸੰਬੰਧ ਹਮੇਸ਼ਾਂ ਮੰਨਿਆ ਗਿਆ ਹੈ। ਮਨੁੱਖੀ ਜੀਵਨ ਦੇ ਤਿੰਨ ਆਦਰਸ਼ ਸਤਯਮ, ਸ਼ਿਵਮ ਅਤੇ ਸੁੰਦਰਮ ਧਰਮ ਦੇ ਵੀ ਤਿੰਨ ਥੰਮ੍ਹ ਹਨ। ਕਲਾ ਇਹਨਾਂ ਵਿੱਚੋਂ ਹੀ ਸੁੰਦਰਮ ਨੂੰ ਮੂਰਤ ਰੂਪ ਪ੍ਰਦਾਨ ਕਰਦੀ ਹੈ। ਮਨੁੱਖ ਵਿਚ ਮੌਜੂਦ ਕਲਪਨਾ ਸ਼ਕਤੀ ਹੀ ਰੰਗਾਂ ਦੁਆਰਾ ਚਿੱਤਰਾਂ ਵਿਚ ਮੂਰਤੀਆਂ ਦੁਆਰਾ ਆਕਾਰ ਗ੍ਰਹਿਣ ਕਰਦੀ ਹੈ। ਉਥੇ ਇਹ ਸ਼ਬਦ (ਧੁਨੀ) ਦੇ ਮਾਧਿਅਮ ਤੋਂ ਸੰਗੀਤ ਦਾ ਰੂਪ ਲੈਂਦਾ ਹੈ। ਮੂਰਤੀਆਂ, ਈਸ਼ਵਰੀ ਪਾਤਰਾਂ

ਦੇ ਚਿੱਤਰ ਅਤੇ ਉਹਨਾਂ ਦੇ ਕਾਰਜਾਂ, ਕੌਤਕਾਂ ਨਾਲ ਸੰਬੰਧਿਤ ਪਦ, ਉਹਨਾਂ ਦੇ ਗਾਇਨ ਆਦਿ ਨੇ ਧਰਮ ਨੂੰ ਆਧਾਰ ਪ੍ਰਦਾਨ ਕੀਤਾ ਹੈ। ਉਪਾਸਨਾ-ਅਰਾਧਨਾ ਵਿਚ ਵਿਭਿੰਨ ਕਲਾਵਾਂ ਮਨੁੱਖ ਨੂੰ ਸਹਾਇਤਾ ਪ੍ਰਦਾਨ ਕਰਦੀਆਂ ਹਨ। ਦੂਜੇ ਪਾਸੇ ਧਰਮ ਕਲਾ ਦੀ ਰੱਖਿਆ ਕਰਦਾ ਹੈ, ਉਹਨੂੰ ਸ਼ੁੱਧ ਕਰ ਕੇ ਉੱਚਤਾ ਪ੍ਰਦਾਨ ਕਰਦਾ ਹੈ। ਜਦੋਂ ਜਦੋਂ ਭਾਰਤ ਉੱਤੇ ਦੂਜੀਆਂ ਜਾਤੀਆਂ ਦੇ ਹਮਲੇ ਹੋਏ, ਉਹਨਾਂ ਨੇ ਸਾਡੀ ਸੰਸਕ੍ਰਿਤੀ ਅਤੇ ਕਲਾਵਾਂ ਨੂੰ ਖ਼ਤਮ ਕਰਨਾ ਚਾਹਿਆ, ਤਾਂ ਧਰਮ ਨੇ ਉਸ ਨੂੰ ਆਸਰਾ ਦੇ ਕੇ ਬਚਾਏ ਰੱਖਿਆ। ਹਵੇਲੀ ਸੰਗੀਤ ਦੇ ਰੂਪ ਵਿਚ ਮੁਗ਼ਲਾਂ ਦੇ ਪੰਜਿਆਂ ਤੋਂ ਬਚ ਕੇ ਕਾਵਿ ਜਾਂ ਸੰਗੀਤ ਆਪਣੇ ਉਸੇ ਪ੍ਰਚਲਿਤ ਰੂਪ ਵਿਚ ਮੰਦਰਾਂ ਵਿਚ ਹੀ ਸੁਰੱਖਿਅਤ ਰਹਿ ਸਕਿਆ। ਇਸੇ ਤਰ੍ਹਾਂ ਜਦੋਂ ਜਦੋਂ ਕਲਾਵਾਂ ਦਾ ਪਤਨ ਹੋਇਆ, ਉਹਨਾਂ 'ਤੇ ਅਨੈਤਿਕਤਾ ਦਾ ਪ੍ਰਭਾਵ ਪਿਆ। ਧਰਮ ਦੇ ਪ੍ਰਭਾਵ ਕਾਰਨ ਹੀ ਉਹ ਆਪਣੇ ਉਜੂਲ ਰੂਪ ਬਣਾਈ ਰੱਖਣ ਵਿਚ ਸਮਰੱਥ ਹੋਏ। ਇਸ ਲਈ ਕਲਾ ਅਤੇ ਧਰਮ ਦੋਵੇਂ ਇਕ ਦੂਜੇ ਦੀ ਸਹਾਇਤਾ ਨਾਲ ਵਿਕਸਿਤ ਹੁੰਦੇ ਹਨ।[5]

ਵੱਖ-ਵੱਖ ਕਲਾਵਾਂ ਦੀ ਤਰ੍ਹਾਂ ਸੰਗੀਤ ਵੀ ਧਰਮ ਨਾਲ ਸਦਾ ਜੁੜਿਆ ਰਿਹਾ। ਭਾਰਤ ਵਿਚ ਪ੍ਰਾਚੀਨ ਕਲਾ ਤੋਂ ਹੀ ਸੰਗੀਤ ਅਤੇ ਧਰਮ ਇਕ ਦੂਜੇ ਦੇ ਪੂਰਕ ਅਤੇ ਇਕ ਦੂਸਰੇ 'ਤੇ ਨਿਰਭਰ ਰਹੇ ਹਨ। ਸੰਗੀਤ ਦਾ ਮੁੱਖ ਆਦਰਸ਼ ਆਤਮਾ ਦੀ ਮੁਕਤੀ, ਆਤਮਾ ਦਾ ਪਰਮਾਤਮਾ ਨਾਲ ਮਿਲਣ, ਪਰਮ ਸ਼ਾਂਤੀ ਅਤੇ ਮੁਕਤੀ ਪ੍ਰਦਾਨ ਕਰਨਾ ਮੰਨਿਆ ਗਿਆ ਹੈ। ਮੁਕਤ ਜਾਂ ਮੋਕਸ਼ ਦੀ ਪ੍ਰਾਪਤੀ ਸਮੂਹ ਧਾਰਮਿਕ ਗ੍ਰੰਥਾਂ ਦਾ ਮੁੱਖ ਵਿਸ਼ਾ ਹੈ। ਸਿੱਖ ਧਰਮ ਦੇ ਅਨੁਸਾਰ ਦਿਨ ਰਾਤ ਪਰਮਾਤਮਾ ਦਾ ਗੁਣਗਾਨ ਕਰਦੇ ਰਹਿਣ 'ਤੇ ਪਰਮਾਤਮਾ ਮਨੁੱਖ ਨੂੰ ਜਨਮ-ਮਰਨ ਦੇ ਗੇੜ ਤੋਂ ਮੁਕਤ ਕਰ ਦਿੰਦਾ ਹੈ ਅਰਥਾਤ ਉਸ ਨੂੰ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।

ਸ੍ਰਿਸ਼ਟੀ ਵਿਕਾਸ ਦੇ ਸਮੂਹ ਅਧਿਐਨਾਂ ਵਿਚ ਧਰਮ ਅਤੇ ਸੰਗੀਤ ਨਾਲ-ਨਾਲ ਫਲੇ-ਫੁੱਲੇ ਹਨ। ਸਭ ਤੋਂ ਪ੍ਰਾਚੀਨ ਸਾਹਿਤ ਅਤੇ ਵੈਦਿਕ ਸਲੋਕਾਂ ਵਿਚ, ਸਾਰੇ ਧਾਰਮਿਕ ਸੰਸਕਾਰਾਂ ਵਿਚ ਸੰਗੀਤ ਨੂੰ ਹਮੇਸ਼ਾ ਪਵਿੱਤਰ ਅਤੇ ਅਨੂਠਾ ਮਹੱਤਵ ਪ੍ਰਾਪਤ ਹੋਇਆ ਹੈ। ਸੰਸਾਰ ਦੀ ਉਤਪਤੀ ਦੇ ਨਾਲ ਹੀ ਸੰਗੀਤ ਦੀ ਹੋਂਦ ਪ੍ਰਗਟ ਹੋਈ। ਮਨੁੱਖ ਦੀ ਹੋਂਦ ਨਾਲ ਸੰਗੀਤ ਦਾ ਅਸੀਮਤ ਸੰਬੰਧ ਰਿਹਾ ਹੈ। ਸਗੋਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬ੍ਰਹਿਮੰਡ ਦੀ ਹੋਂਦ ਦੇ ਨਾਲ ਹੀ ਨਾਦ-ਵਿਦਿਆ (ਸੰਗੀਤ) ਦੀ ਉਤਪਤੀ ਹੋ ਚੁੱਕੀ ਸੀ। ਜਿਥੇ ਪੂਰਬ ਇਤਿਹਾਸਕ ਕਾਲ ਵਿਚ ਸੰਗੀਤ ਅਗਿਆਨ ਬੱਚੇ ਦੀ ਤਰ੍ਹਾਂ ਖੇਡ-ਖੇਡ ਕੇ ਉਸ ਸਮੇਂ ਦੇ ਮਨੁੱਖ ਦੇ ਦਿਮਾਗ਼ ਨੂੰ ਭਰਦਾ ਸੀ, ਉਥੇ ਮਨੁੱਖੀ ਸੰਸਕ੍ਰਿਤੀ ਅਤੇ ਸਭਿਅਤਾ ਦੇ ਵਿਕਾਸ ਦੇ ਨਾਲ ਨਾਲ ਇਹ ਨਾਦ-ਵਿਦਿਆ ਵੀ ਸਪੱਸ਼ਟ ਵਿਕਸਿਤ ਹੋਈ ਹੈ।

ਆਪਣੇ ਮੂਰਤ ਰੂਪ ਵਿਚ ਇਹ ਸਾਮਵੇਦ ਦੇ ਮਹਾਨਦ ਤੋਂ ਪ੍ਰਵਾਹਿਤ ਹੋਈ ਜੋ ਅੱਜ ਦੇ ਲੋਕਾਂ ਵਿਚ ਵੀ ਲਗਾਤਾਰ ਗਤੀਸ਼ੀਲ ਹੈ। ਸੰਗੀਤ ਦੀਆਂ ਵਿਭਿੰਨ ਪ੍ਰਕਾਰ ਦੀਆਂ ਪਰਿਭਾਸ਼ਾਵਾਂ ਜਾਂ ਉਤਪਤੀ ਸੰਬੰਧੀ ਅਰਥ ਵਿਦਵਾਨਾਂ ਨੇ ਪੇਸ਼ ਕੀਤੇ ਹਨ ਪਰੰਤੂ ਅਸਲ ਵਿਚ ਦੇਖਿਆ ਜਾਏ ਤਾਂ ਸੰਗੀਤ ਦੀ ਸਾਰਥਕਤਾ ਗੀਤ ਦੀ

ਪ੍ਰਧਾਨਤਾ ਵਿਚ ਹੈ। ਗੀਤ, ਵਾਦ ਅਤੇ ਨਾਚ ਇਸ ਤਿਕੜੀ ਵਿਚ ਗੀਤ ਹਮੇਸ਼ਾ ਮੋਹਰੀ ਰਿਹਾ ਹੈ ਅਤੇ ਹੋਰ ਦੋ ਉਸ ਦੇ ਅਨੁਗਾਮੀ ਰਹੇ ਹਨ।

ਸੰਗੀਤ ਸ਼ੁਰੂ ਤੋਂ ਹੀ ਦੋ ਧਾਰਾਵਾਂ ਵਿਚ ਵਗਦਾ ਆ ਰਿਹਾ ਹੈ—ਅਲੌਕਿਕ ਸੰਗੀਤ ਅਤੇ ਲੌਕਿਕ ਸੰਗੀਤ। ਖ਼ੁਦ ਸ਼ੰਕਰ ਭਗਵਾਨ ਅਤੇ ਬ੍ਰਹਮਾ ਤੋਂ ਲੈ ਕੇ ਭਰਤ, ਮਤੰਗ, ਨਾਰਦ ਆਦਿ ਨੇ ਸੰਗੀਤ ਨੂੰ ਅਧਿਆਤਮਕਤਾ ਦੀ ਸਾਥਣ ਬਣਾ ਕੇ ਰੱਖਿਆ ਹੈ। ਪੁਰਾਤਨ ਰਿਸ਼ੀ-ਮੁਨੀ ਆਪਣੇ ਇਸ਼ਟ ਦੇਵ ਦੀ, ਸਥਿਰ ਅਤੇ ਇਕਾਗਰ ਹੋ ਕੇ ਸੰਗੀਤ ਦੁਆਰਾ ਅਧਿਆਤਮਕ ਆਲੌਕਿਕ ਉਪਾਸਨਾ ਕਰਦੇ ਸਨ। ਦੂਜੇ ਪਾਸੇ ਇੰਦਰ ਆਦਿ ਦੇਵਤਿਆਂ ਦੇ ਦਰਬਾਰ ਵਿਚ ਗਾਇਨ ਵਾਦਨ, ਨਾਚ ਦਾ ਆਯੋਜਨ ਮਨੋਰੰਜਨ ਵਾਸਤੇ ਚਲਦਾ ਸੀ। ਅਪਸਰਾਵਾਂ ਦੁਆਰਾ ਸੰਗੀਤ ਦਾ ਪ੍ਰਯੋਗ ਕਰਾ ਕੇ ਰਿਸ਼ੀਆਂ ਦੀ ਤਪੱਸਿਆ ਭੰਗ ਕਰਨ ਦੇ ਯਤਨ ਵੀ ਕੀਤੇ ਜਾਂਦੇ ਸਨ। ਇਸ ਪ੍ਰਕਾਰ ਦੇ ਸੰਗੀਤ ਪੂਰਨ ਤੌਰ 'ਤੇ ਲੌਕਿਕ ਸਨ।

ਵਿਭਿੰਨ ਕਾਲਾਂ ਵਿਚ ਧਰਮ ਅਤੇ ਸੰਗੀਤ

ਵੈਦਿਕ ਕਾਲ ਵਿਚ ਸੰਗੀਤ ਅਤੇ ਧਰਮ ਦਾ ਆਪਸੀ ਸੰਬੰਧ ਕਾਫ਼ੀ ਗੂੜ੍ਹਾ ਸੀ। ਇੰਦਰ, ਹਵਾ, ਅੱਗ, ਜਲ, ਵਰੁਣ ਆਦਿ ਅਨੇਕਾਂ ਦੇਵਤੇ ਸਨ ਜਿਹਨਾਂ ਦੀ ਭਗਤੀ ਕਰਨ ਅਤੇ ਉਹਨਾਂ ਨੂੰ ਖ਼ੁਸ਼ ਕਰਨ ਦੇ ਲਈ ਮੰਤਰ ਅਤੇ ਤਾਂਤਰਿਕ ਜਿਹੀਆਂ ਵਿਧੀਆਂ ਅਪਨਾਈਆਂ ਜਾਂਦੀਆਂ ਸਨ। ਇਹ ਮੰਤਰ ਸੰਗੀਤਮਈ ਰੂਪ ਵਿਚ ਪੜ੍ਹੇ ਜਾਂਦੇ ਸਨ। ਇਹਨਾਂ ਮੰਤਰਾਂ ਦੇ ਸ੍ਰੋਤ ਵੇਦ ਅਤੇ ਸਾਮਵੇਦ ਪੂਰਨ ਤੌਰ 'ਤੇ ਸੰਗੀਤਮਈ ਹਨ। ਅਨੇਕਾਂ ਪਦਾਂ ਵਿਚ ਦੇਵਤਿਆਂ ਦੀ ਪ੍ਰਸੰਸਾ, ਉਹਨਾਂ ਦੀ ਵਡਿਆਈ ਦਾ ਵਰਣਨ, ਪਿਤਾ ਸਮਾਨ ਸਨੇਹ ਦੀ ਮੰਗ ਆਦਿ ਦੇਖਣ ਨੂੰ ਮਿਲਦੀ ਹੈ।[6]

ਇਸ ਤਰ੍ਹਾਂ ਰਿਗਵੇਦ ਦੇ ਪ੍ਰਸਿੱਧ ਮੰਤਰ ਵਿਚ ਭਗਵਾਨ ਵਿਸ਼ਨੂੰ ਦੇ ਨਾਮ ਉਸਤਤਿ ਦਾ ਜ਼ਿਕਰ ਮਿਲਦਾ ਹੈ। ਵੈਦਿਕ ਕਾਲ ਦੇ ਹੋਰ ਗ੍ਰੰਥ, ਉਪਨਿਸ਼ਦ, ਬ੍ਰਾਹਮਣ, ਸੂਤ੍ਰ, ਸਿਮਰਤੀ ਆਦਿ ਪ੍ਰਤੱਖ ਰੂਪ ਵਿਚ ਧਾਰਮਿਕ ਗ੍ਰੰਥ ਨਾ ਹੋ ਕੇ ਦਰਸ਼ਨ ਸ਼ਾਸਤਰ ਹਨ। ਫੇਰ ਵੀ ਉਨ੍ਹਾਂ ਵਿਚ ਦੇਵਤਿਆਂ ਦੀ ਉਪਾਸਨਾ-ਉਸਤਤ ਦਾ ਸੰਬੰਧ ਗਾਇਤ੍ਰੀ ਮੰਤਰਾਂ ਦੇ ਨਾਲ ਰਿਹਾ ਹੈ।

ਇਸ ਤਰ੍ਹਾਂ ਵੈਦਿਕ ਕਾਲ ਵਿਚ ਜਿਥੇ ਸਾਹਿਤ ਸੰਗੀਤ ਅਤੇ ਮੂਰਤੀ ਕਲਾ ਆਪਣੇ-ਆਪਣੇ ਸਿਖਰ 'ਤੇ ਪੁੱਜੇ, ਉਥੇ ਧਰਮ ਵੀ ਆਪਣੀ ਸਪੱਸ਼ਟ ਵਿਆਖਿਆ ਪ੍ਰਾਪਤ ਕਰ ਸਕਿਆ। ਧਰਮ ਅਤੇ ਸੰਗੀਤ ਵੈਦਿਕ ਕਾਲ ਵਿਚ ਵੀ ਆਪਣੇ ਨਜ਼ਦੀਕੀ ਰੂਪ ਵਿਚ ਸਥਾਪਿਤ ਰਹੇ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਵੈਦਿਕ ਕਾਲ ਵਿਚ ਵੀ ਸੰਪੂਰਨ ਸਮਾਜਕ, ਸੰਸਕ੍ਰਿਤਿਕ ਅਤੇ ਧਾਰਮਿਕ ਪ੍ਰਵਿਰਤੀਆਂ ਦਾ ਵਿਕਾਸ ਹੋਇਆ। ਜੇਕਰ ਭਾਰਤੀ ਸਭਿਅਤਾ ਦੀ ਚਰਮਸੀਮਾ 'ਤੇ ਪਹੁੰਚਣ 'ਤੇ ਵਿਚਾਰ ਕੀਤਾ ਜਾਵੇ ਤਾਂ ਗਿਆਤ ਹੁੰਦਾ ਹੈ ਕਿ ਵੈਦਿਕ ਕਾਲੀਨ ਸਭਿਅਤਾ ਅਤੇ ਸਮਾਜ ਬਹੁਤ ਸੋਝੀਵਾਨ, ਵਿਚਾਰਸ਼ੀਲ ਅਤੇ ਚਿੰਤਨ ਵਾਲਾ ਸੀ। ਇਹੀ ਕਾਰਨ ਹੈ

ਕਿ ਇਸ ਕਾਲ ਵਿਚ ਸੰਗੀਤ ਅਤੇ ਧਰਮ ਦੇ ਨਾਲ ਨਾਲ ਹੋਰ ਸਾਂਸਕ੍ਰਿਤਿਕ ਕਾਰਜ ਪ੍ਰਗਤੀਸ਼ੀਲ ਬਣ ਸਕੇ। ਇਸ ਪ੍ਰਕਾਰ ਧਰਮ ਅਤੇ ਸੰਗੀਤ ਦੋਵੇਂ ਹੀ ਵੈਦਿਕ ਕਾਲ ਤੋਂ ਨਾਲ-ਨਾਲ ਚੱਲ ਕੇ ਵਰਤਮਾਨ ਮਨੁੱਖੀ ਸਭਿਅਤਾ ਨੂੰ ਭਰਪੂਰ ਕਰ ਰਹੇ ਹਨ।

ਉਸ ਤੋਂ ਉਪਰੰਤ ਮਹਾਂਭਾਰਤ ਅਤੇ ਰਾਮਾਇਣ ਕਾਲ ਵਿਚ ਧਰਮ ਅਤੇ ਸੰਗੀਤ ਦਾ ਆਪਸੀ ਸੰਬੰਧ ਕਾਇਮ ਰਿਹਾ। ਗੀਤਾ ਦੇ ਸਮੇਂ ਤੋਂ ਭਗਤੀ ਮਾਰਗ ਨੂੰ ਇਕ ਸਪੱਸ਼ਟ ਅਤੇ ਸੁਤੰਤਰ ਸਰੂਪ ਪ੍ਰਾਪਤ ਹੋਇਆ। ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਆਪ ਨੂੰ (ਪਰਮਾਤਮਾ) ਪ੍ਰਾਪਤ ਕਰਨ ਅਤੇ ਮੁਕਤੀ ਦੀ ਪ੍ਰਾਪਤੀ ਦਾ ਸਭ ਤੋਂ ਸੌਖਾ ਉਪਾਅ ਭਗਤੀ ਸੰਕੀਰਤਨ ਨੂੰ ਦੱਸਿਆ ਹੈ। ਕ੍ਰਿਸ਼ਨ ਜੀ ਨੇ ਅਨੇਕਾਂ ਸਥਾਨਾਂ ਵਿਚ (ਗੀਤਾ ਵਿਚ) ਭਗਤੀ ਅਤੇ ਕੀਰਤਨ ਸ਼ਬਦਾਂ ਦਾ ਉਪਯੋਗ ਕੀਤਾ ਹੈ।

ਪੁਰਾਣਿਕ ਕਾਲ ਵਿਚ ਭਗਤੀ ਅਤੇ ਕੀਰਤਨ ਨੂੰ ਬਹੁਤ ਮਹੱਤਵ ਦਿੱਤਾ ਗਿਆ। 'ਵਿਸ਼ਨੂੰ ਪੁਰਾਣ' ਵਿਚ ਕਿਹਾ ਗਿਆ ਹੈ ਕਿ ਜਿਸ ਪ੍ਰਕਾਰ ਅਗਨੀ ਤੋਂ ਸੋਨਾ ਆਦਿ ਧਾਤਾਂ ਦੀ ਖੋਟ ਦਾ ਨਾਸ਼ ਹੁੰਦਾ ਹੈ, ਉਸੇ ਤਰ੍ਹਾਂ ਭਗਤੀਪੂਰਨ ਕੀਤਾ ਹੋਇਆ ਪਰਮਾਤਮਾ ਦਾ ਕੀਰਤਨ ਸਾਰੇ ਪਾਪਾਂ ਦਾ ਨਾਸ਼ ਕਰਨ ਦਾ ਉੱਤਮ ਸਾਧਨ ਹੈ। ਇਸੇ ਤਰ੍ਹਾਂ 'ਗਰੁੜ ਪੁਰਾਣ' ਵਿਚ ਕੀਰਤਨ ਦੀ ਮਹੱਤਤਾ ਇਸ ਪ੍ਰਕਾਰ ਦੱਸੀ ਗਈ ਹੈ :

ਯਾਦੱਛਸਿ ਪਰੰ ਗਿਆਨੰ ਗਿਆਨੱਚ ਪਰਮੰ ਪਦਮੰ।
ਤਦਾ ਯਤਨੇਨ ਮਹਤਾ ਕੁਰੁ ਗੋਬਿੰਦ ਕੀਰਤਨਮ ॥

ਅਰਥਾਤ ਆਤਮ-ਗਿਆਨ ਅਤੇ ਆਤਮ-ਗਿਆਨ ਤੋਂ ਪਰਮਪਦ ਪਾਉਣ ਵਾਸਤੇ ਗੋਬਿੰਦ ਦਾ ਕੀਰਤਨ ਕਰੋ।

ਪੁਰਾਣਾਂ ਵਿਚ ਤਾਂ ਇਥੋਂ ਤਕ ਕਿਹਾ ਗਿਆ ਹੈ ਕਿ ਜੋ ਸ਼ਰਮ ਛੱਡ ਕੇ ਉੱਚੇ ਸੁਰਾਂ ਵਿਚ ਗਾਇਨ ਕਰਦਾ ਹੈ, ਨ੍ਰਿਤ ਕਰਨ ਲਗਦਾ ਹੈ, ਅਜਿਹਾ ਭਗਤ ਸਮੂਹ ਲੋਕਾਈ ਨੂੰ ਪਵਿੱਤਰ ਕਰਦਾ ਹੈ। ਇਸ ਨੂੰ ਧਰਮ ਅਤੇ ਸੰਗੀਤ ਦੇ ਸੰਬੰਧ ਦੀ ਚਰਮ-ਸੀਮਾ ਕਿਹਾ ਜਾ ਸਕਦਾ ਹੈ।

ਇਸੇ ਸਮੇਂ ਵਿਚ ਵਿਕਸਿਤ ਹੋ ਰਹੇ ਬੁੱਧ ਅਤੇ ਜੈਨ ਧਰਮ ਵਿਚ ਸੰਗੀਤ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਸੀ। ਬੁੱਧ ਧਰਮ ਵਿਚ ਗਾਈਆਂ ਜਾਣ ਵਾਲੀਆਂ ਉਸਤਤੀਆਂ ਸੰਗੀਤਮਈ ਸਨ। ਅਨੇਕਾਂ ਬੋਧ ਗ੍ਰੰਥਾਂ ਵਿਚ ਇਸ ਸੰਬੰਧ ਨੂੰ ਦਰਸਾਉਣ ਵਾਲੇ ਅੰਸ਼ ਪ੍ਰਾਪਤ ਹੁੰਦੇ ਹਨ ਜਿਵੇਂ—ਗੁੱਤਿਲ ਦੁਆਰਾ ਇੰਦਰ ਦੀ ਉਸਤਤ ਕਰਨਾ, ਅਸ਼ਵਘੋਸ਼ ਦੁਆਰਾ ਰਚੀਆਂ ਉਸਤਤੀਆਂ, ਪੰਚਸ਼ਿਖ ਦੁਆਰਾ ਵੀਨਾ ਦੇ ਨਾਲ ਇੰਦਰ ਦੀਆਂ ਉਸਤਤੀਆਂ ਆਦਿ। ਬੁੱਧ ਧਰਮ ਦੀ ਮਹਾਯਾਨ ਸ਼ਾਖਾ ਉੱਤੇ ਭਗਤੀ ਦਾ ਵੱਧ ਪ੍ਰਭਾਵ ਸੀ। ਬੁੱਧ ਦੇ ਸਿਧਾਂਤਾਂ ਨੂੰ ਗੀਤਾ ਦੀਆਂ ਲੜੀਆਂ ਵਿਚ ਪਰੋ ਕੇ ਉਨ੍ਹਾਂ ਨੂੰ ਸੋਹਣੇ ਢੰਗ ਨਾਲ ਗਾਇਆ ਜਾਂਦਾ ਸੀ। ਇਸੇ ਤਰ੍ਹਾਂ ਜੈਨ ਧਰਮ ਵਿਚ ਅਨੇਕਾਂ ਰਾਜਸਥਾਨੀ ਲੋਕ-ਗੀਤਾਂ ਅਤੇ ਹੋਰ ਲੋਕ-ਗੀਤਾਂ ਦੀਆਂ ਧੁਨਾਂ 'ਤੇ ਆਧਾਰਿਤ ਗੀਤ ਮਿਲਦੇ ਹਨ।

ਮੁਗ਼ਲ ਕਾਲ ਤੋਂ ਪਹਿਲਾਂ ਸ਼ੰਕਰ ਭਗਤੀ, ਵਿਸ਼ਨੂੰ ਭਗਤੀ ਦੀ ਸ਼ਕਤੀ ਦੇ ਕਾਰਨ ਸੰਗੀਤ ਅਤੇ ਧਰਮ ਦਾ ਗੂੜ੍ਹਾ ਸੰਬੰਧ ਰਿਹਾ ਹੈ। ਵਿਸ਼ਨੂੰ ਭਗਤ ਰੂਹਾਨੀ ਪ੍ਰਬੰਧਾਂ ਦੀਆਂ ਚੋਖੀਆਂ ਰਚਨਾਵਾਂ ਦੇ ਸੰਗੀਤਬੱਧ ਗਾਇਨ ਦਾ ਪ੍ਰਸਾਰ ਕਰ ਰਹੇ ਸਨ। ਵੱਖ-ਵੱਖ ਭਗਤੀ ਸੰਪ੍ਰਦਾਵਾਂ ਨੇ ਇਸ ਸੰਬੰਧ ਨੂੰ ਹੋਰ ਦ੍ਰਿੜ੍ਹ ਕੀਤਾ। ਵੈਸ਼ਣਵਾਂ ਵਿਚ ਰਾਸ ਲੀਲ੍ਹਾ ਅਤੇ ਰਾਧਾਕ੍ਰਿਸ਼ਨ ਲੀਲ੍ਹਾ ਮੁੱਖ ਆਧਾਰ ਸਨ। ਇਨ੍ਹਾਂ ਵਿਚ ਗਾਉਣ ਅਤੇ ਨ੍ਰਿਤ ਨੂੰ ਮਹੱਤਵ ਪ੍ਰਾਪਤ ਸੀ। ਜੈਦੇਵ ਦੇ 'ਗੀਤ-ਗੋਬਿੰਦ' ਦਾ ਇਸ ਪਾਸੇ ਬਹੁਤ ਯੋਗਦਾਨ ਰਿਹਾ।

ਮੱਧ-ਕਾਲ ਵਿਚ ਧਰਮ ਜਿਥੇ ਆਪਣਾ ਦ੍ਰਿੜ੍ਹ ਰੂਪ ਧਾਰਨ ਕਰ ਚੁੱਕਿਆ ਸੀ ਅਤੇ ਸੰਗੀਤ ਵਿਭਿੰਨ ਅਤਿਆਚਾਰੀਆਂ ਤੋਂ ਭੈਭੀਤ ਹੋ ਕੇ ਸਾਹ ਲੈ ਰਿਹਾ ਸੀ ਉਥੇ ਵੀ ਸਾਨੂੰ ਇਨ੍ਹਾਂ ਦੋਹਾਂ ਦਾ ਅਟੁੱਟ ਸੰਬੰਧ ਵੇਖਣ ਨੂੰ ਮਿਲਦਾ ਹੈ। ਵਿਦਿਆਪਤੀ ਨੇ ਰਾਧਾਕ੍ਰਿਸ਼ਨ ਦੀ ਪ੍ਰੇਮ-ਲੀਲ੍ਹਾ ਦੀਆਂ ਰਚਨਾਵਾਂ ਦੁਆਰਾ; ਰਾਮਾਨੰਦ, ਧੰਨਾ ਜੱਟ, ਰਵਿਦਾਸ, ਭਗਤ ਨਰਸਿੰਗ, ਵੱਲਭਾਚਾਰੀਆ, ਕੁੰਭਨਦਾਸ, ਸੁਆਮੀ ਹਰਿਦਾਸ, ਰਾਧਾ ਵੱਲਭੀਯ ਦੁਆਰਾ ਰਾਸ ਲੀਲ੍ਹਾ ਦਾ ਆਰੰਭ; ਵਿੱਠਲਨਾਥ ਜੀ, ਸੂਰਦਾਸ, ਨੰਦਦਾਸ, ਮੀਰਾ ਆਦਿ ਨੇ ਆਪਣੇ ਸੰਗੀਤਮਈ ਪਦਾਂ ਦੁਆਰਾ ਸੰਗੀਤ ਅਤੇ ਧਰਮ ਨੂੰ ਇੰਨੀ ਮਜ਼ਬੂਤੀ ਨਾਲ ਜੋੜਿਆ ਕਿ ਇਹ ਅੱਜ ਤਕ ਚਲਿਆ ਆ ਰਿਹਾ ਹੈ।

ਮੱਧ-ਕਾਲ ਵਿਚ ਜ਼ਿਆਦਾਤਰ ਭਗਤਾਂ ਨੇ ਆਪਣੀ ਬਾਣੀ ਦਾ ਪ੍ਰਚਾਰ ਸੰਗੀਤ ਰਾਹੀਂ ਹੀ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਪਹਿਲਾਂ ਦੇ ਭਗਤ ਕਬੀਰ ਜੀ ਤੋਂ ਪ੍ਰੇਰਨਾ ਲੈ ਕੇ ਉਹਨਾਂ ਦੀ ਤਰ੍ਹਾਂ ਨਿਰਾਕਾਰ ਬ੍ਰਹਮ ਦੀ ਉਸਤਤ ਕਰਦੇ ਹੋਏ ਗੇਅ ਪਦਾਂ ਦੀ ਰਚਨਾ ਕੀਤੀ। ਇਨ੍ਹਾਂ ਗੇਅ ਪਦਾਂ ਦੇ ਉੱਤੇ ਵੀ ਅਸੀਂ ਰਾਗ-ਰਾਗਨੀਆਂ ਦਾ ਨਾਮ ਲਿਖਿਆ ਹੋਇਆ ਵੇਖਦੇ ਹਾਂ।[7]

ਭਗਤ ਰਵਿਦਾਸ ਜੀ ਵੀ ਇਨ੍ਹਾਂ ਭਗਤ ਗਾਇਕਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਉਹ ਜਾਤ ਦੇ ਚਮਾਰ ਸਨ ਪਰੰਤੂ ਆਪਣੀ ਗਿਆਨ ਭਗਤੀ ਅਤੇ ਆਚਰਣ ਦੇ ਕਾਰਨ ਇਨ੍ਹਾਂ ਨੂੰ ਸੰਪੂਰਨ ਹਿੰਦੂ ਸਮਾਜ ਵਿਚ ਉੱਚਿਤ ਮਾਣ ਦਿੱਤਾ ਗਿਆ ਹੈ। ਇਨ੍ਹਾਂ ਦੇ ਪਦ ਵੀ ਗੇਅ ਹਨ।

ਸਰਗੁਣ ਭਗਤ ਕਵੀਆਂ ਵਿਚ ਵੀ ਮੀਰਾ ਬਾਈ, ਸੂਰਦਾਸ ਜੀ ਅਤੇ ਉਨ੍ਹਾਂ ਦੇ ਸਮਕਾਲੀਨ ਅਸ਼ਟਛਾਪ ਦੇ ਹੋਰਨਾਂ ਕਵੀਆਂ ਦੇ ਨਾਮ ਸਭ ਤੋਂ ਅੱਗੇ ਹਨ। ਮੀਰਾ ਬਾਈ ਖ਼ੁਦ ਗਾਇਕਾ ਸੀ, ਇਸ ਵਿਚ ਰੱਤੀ-ਭਰ ਵੀ ਸੰਦੇਹ ਨਹੀਂ ਕੀਤਾ ਜਾ ਸਕਦਾ ਹੈ। ਵਰਤਮਾਨ ਸਮੇਂ ਵਿਚ ਵੀ ਅਜਿਹੇ ਰਾਗ ਪ੍ਰਚਲਿਤ ਹਨ ਜਿਨ੍ਹਾਂ ਦੇ ਨਾਲ ਮੀਰਾ ਦਾ ਨਾਮ ਜੁੜਿਆ ਹੋਇਆ ਹੈ। ਉਦਾਹਰਣ ਸਰੂਪ 'ਮੀਰਾ ਦੀ ਮਲਹਾਰਾਂ'।

ਸੂਰਦਾਸ ਜੀ ਆਪ ਇਕ ਗਾਇਕ ਸਨ। ਇਸ ਗੱਲ ਵਿਚ ਵੀ ਸੰਦੇਹ ਨਹੀਂ ਹੈ। ਤੁਲਸੀ ਦਾਸ ਜੀ ਬਾਰੇ ਇਹ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਉਹ ਗਾਇਕ ਸਨ ਜਾਂ ਨਹੀਂ, ਪਰੰਤੂ ਉਹ ਸੰਗੀਤ ਪ੍ਰੇਮੀ ਸਨ। ਇਹ ਮੰਨਣਾ ਹੀ ਪਵੇਗਾ ਕਿਉਂਕਿ ਸਮੂਹ ਭਗਤਾਂ ਵਿਚ ਨਿਰਵਿਵਾਦ ਤੌਰ 'ਤੇ ਸੰਗੀਤ ਨੂੰ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ।

ਮਨੁੱਖੀ ਸੰਸਕ੍ਰਿਤੀ ਦੇ ਸਮੂਹ ਧਾਰਮਿਕ ਰੀਤੀ-ਰਿਵਾਜ ਧਰਮ ਅਤੇ ਸੰਗੀਤ ਨਾਲ ਜੁੜੇ ਹੋਏ ਹਨ। ਵੈਦਿਕ ਰੀਤੀ ਨਾਲ ਮਨੁੱਖ ਦੇ ਸੋਲ੍ਹਾਂ ਸੰਸਕਾਰਾਂ ਦਾ ਵਰਣਨ ਕੀਤਾ ਗਿਆ ਹੈ ਜੋ ਸਾਰੇ ਦੇ ਸਾਰੇ ਸੰਗੀਤ ਦੇ ਨਾਲ ਹੀ ਪੂਰਨ ਹੁੰਦੇ ਹਨ। ਕੋਈ ਵੀ ਧਰਮ ਭਾਵੇਂ ਉਹ ਹਿੰਦੂ ਜਾਂ ਇਸਲਾਮ ਹੋਵੇ, ਬੁੱਧ ਜਾਂ ਜੈਨ ਜਾਂ ਸਿੱਖ ਧਰਮ ਹੋਵੇ, ਸਾਰਿਆਂ ਵਿਚ ਜਨਮ ਤੋਂ ਲੈ ਕੇ ਮੌਤ ਤਕ ਸੰਗੀਤ ਦਾ ਸੰਬੰਧ ਰਿਹਾ ਹੈ। ਇਸ ਲਈ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰ ਚਰਚਾ ਕਰਨ 'ਤੇ ਸਾਨੂੰ ਸਪੱਸ਼ਟ ਹੁੰਦਾ ਹੈ ਕਿ ਧਰਮ ਅਤੇ ਸੰਗੀਤ ਇਕ ਦੂਜੇ ਦਾ ਅਨਿੱਖੜਵਾਂ ਅੰਗ ਹਨ।

ਹਵਾਲੇ ਤੇ ਟਿੱਪਣੀਆਂ

1. **ਧਰਮਾਂ ਦੀ ਆਰੰਭਕ ਜਾਣਕਾਰੀ**, ਐਸ.ਐਸ. ਅਮੋਲ, ਪੰਨਾ 1.
2. **ਸੰਗੀਤ ਦਰਸ਼ਨ**, ਵਿਜੈ ਲਕਸ਼ਮੀ ਜੈਨ, ਪੰਨਾ 116.
3. **ਉਹੀ**, ਪੰਨਾ 117.
4. **ਧਰਮਾਂ ਦੀ ਆਰੰਭਕ ਜਾਣਕਾਰੀ**, ਐਸ.ਐਸ. ਅਮੋਲ, ਪੰਨਾ 7.
5. **ਸੰਗੀਤ ਦਰਸ਼ਨ**, ਵਿਜੈ ਲਕਸ਼ਮੀ ਜੈਨ, ਪੰਨਾ 117.
6. **ਉਹੀ**, ਪੰਨਾ 118.
7. **ਸਿੱਖ ਗੁਰੂਆਂ ਦੇ ਹਰਿਕੀਰਤਨ ਵਿਚ ਸ਼ਾਸਤਰੀ ਸੰਗੀਤ ਦੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 4.

ਭਗਤੀ ਸੰਗੀਤ

ਮੱਧਕਾਲੀਨ ਭਗਤ ਕਵੀਆਂ ਨੂੰ ਯਾਦ ਕਰਦੇ ਹੀ ਪ੍ਰਭੂ-ਪ੍ਰੇਮ ਵਿਚ ਲੀਨ ਰਬਾਬ ਦੀ ਸੁਰ-ਲਹਿਰੀ 'ਤੇ ਬਾਣੀ ਦਾ ਗਾਇਨ ਕਰਦੇ ਹੋਏ ਗੁਰੂ ਨਾਨਕ; ਇਕਤਾਰਾ ਅਤੇ ਖੜਤਾਲ 'ਤੇ ਪਦ ਗਾਉਂਦੇ ਹੋਏ ਸੂਰਦਾਸ; ਨਾਟਨਾਗਰ ਦੀ ਭਗਤੀ ਵਿਚ ਨ੍ਰਿਤ ਕਰਦੀ ਮੀਰਾ ਅਤੇ ਸੰਤ ਗਾਇਕ ਸੁਆਮੀ ਹਰਿਦਾਸ ਦਾ ਚਿੱਤਰ ਅੱਖਾਂ ਸਾਹਮਣੇ ਖਿੱਚਿਆ ਜਾਂਦਾ ਹੈ। ਝਾਂਝ, ਖੜਤਾਲ, ਮ੍ਰਿਦੰਗ, ਬੰਸੀ ਆਦਿ ਸਾਜ਼ਾਂ ਦੇ ਸਮਵੇਤ ਸੁਰਾਂ ਵਿਚ ਕੀਰਤਨ ਦੇ ਸਹਿਗਾਨ ਵਿਚ ਲੀਨ ਭਗਤਾਂ ਦਾ ਸਰੂਪ ਵੀ ਸਾਹਮਣੇ ਆ ਜਾਂਦਾ ਹੈ। ਅਨਹਦ ਨਾਦ ਨੂੰ ਝੁਨਕਾਰ ਵਿਚ ਅਵਰਣੀ ਦੇ ਸਾਖਿਆਤਕਾਰ ਦਾ ਆਨੰਦ ਲੈਣ ਵਾਲੇ ਕਬੀਰ ਦਾਸ, ਚਰਨ ਦਾਸ, ਮਲੂਕ ਦਾਸ, ਮੀਰਾ ਅਤੇ ਰਵਿਦਾਸ ਦੀ ਯਾਦ ਆ ਜਾਂਦੀ ਹੈ ਜਿਨ੍ਹਾਂ ਮਹਾਨ ਸੰਤਾਂ ਨੇ ਭਗਤੀ ਸੰਗੀਤ ਨੂੰ ਪੂਰਨ ਤੌਰ 'ਤੇ ਪੁਸ਼ਟ ਕੀਤਾ।[1]

ਵੈਦਿਕ ਕਾਲ ਤੋਂ ਹੀ ਸੰਗੀਤ ਵਿਚ ਭਗਤੀ ਸੰਗੀਤ ਦਾ ਨਾਮ ਹੀ ਸਰਬਉਚ ਰਿਹਾ ਹੈ। ਭਾਰਤ ਵਿਚ ਭਗਤੀ ਸੰਗੀਤ ਦੀ ਪਰੰਪਰਾ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ। ਵੈਦਿਕ ਕਾਲ ਵਿਚ ਧਾਰਮਿਕ ਰੀਤੀ-ਰਿਵਾਜਾਂ ਦੇ ਸਮੇਂ ਵੱਖ-ਵੱਖ ਦੇਵੀ-ਦੇਵਤਿਆਂ ਵਾਸਤੇ ਜੋ ਮੰਤਰ ਗਾਏ ਜਾਂਦੇ ਸਨ ਉਹ ਭਗਤੀ ਸੰਗੀਤ ਦਾ ਸਭ ਤੋਂ ਪੁਰਾਤਨ ਰੂਪ ਹੈ। ਉਂਝ ਵੀ ਪੁਰਾਣਾਂ ਵਿਚ ਉਪਲਬਧ ਅਨੇਕਾਂ ਸ੍ਰੋਤ ਭਗਤੀ ਸੰਗੀਤ ਦੇ ਹੀ ਰੂਪ ਹਨ। ਸੂਰਦਾਸ ਨੇ ਸੰਗੀਤ ਕਲਾ ਨੂੰ ਭਗਤੀ ਦੇ ਅਧਿਆਤਮਕ ਲੋਕ ਵਿਚ ਪ੍ਰਵੇਸ਼ ਕਰਵਾਇਆ।[2]

ਸਿਰਫ਼ ਮੰਦਰਾਂ ਵਿਚ ਕੀਤਾ ਜਾਣ ਵਾਲਾ ਸੰਗੀਤ ਹੀ ਭਗਤੀ ਸੰਗੀਤ ਨਹੀਂ ਹੈ। ਸਾਧਾਰਣ ਰੂਪ ਵਿਚ ਸਮਾਜ ਵਿਚ ਕੀਰਤਨ, ਭਜਨ, ਆਰਤੀ ਆਦਿ ਅਤੇ ਵਿਸ਼ਿਸ਼ਟ ਭਗਤੀ ਕਾਵਿਆਂ ਅਤੇ ਮਹਾਂਕਾਵਿਆਂ ਦਾ ਪਾਠ ਵੀ ਸੰਗੀਤ ਦੇ ਮਾਧਿਅਮ ਨਾਲ ਕੀਤਾ ਜਾਂਦਾ ਹੈ। ਭਗਤੀ ਸੰਗੀਤ ਦਾ ਖੇਤਰ ਬਹੁਤ ਵਿਸ਼ਾਲ ਹੈ। ਵਰਤਮਾਨ ਸਮੇਂ ਵਿਚ ਭਗਤ ਕਵੀਆਂ ਦੇ ਗੀਤਾਂ ਜਾਂ ਬਾਣੀ ਨੂੰ ਸਰਲ ਤਾਲਾਂ ਅਤੇ ਰਾਗਾਂ ਜਾਂ ਧੁਨਾਂ ਵਿਚ ਅਬੱਧ ਕਰ ਕੇ ਗਾਉਣ ਨੂੰ ਹੀ ਭਗਤੀ ਸੰਗੀਤ ਕਿਹਾ ਜਾਂਦਾ ਹੈ। ਪਰੰਤੂ ਭਗਤੀ ਸੰਗੀਤ ਦਾ ਖੇਤਰ ਇੰਨਾ ਛੋਟਾ ਨਹੀਂ ਸਗੋਂ ਬਹੁਤ ਹੀ ਵਿਸ਼ਾਲ ਹੈ। ਭਗਤੀ ਅਤੇ ਸੰਗੀਤ ਇਨ੍ਹਾਂ ਦੋ ਸ਼ਬਦਾਂ ਦੇ ਮੇਲ ਨਾਲ ਭਗਤੀ ਸੰਗੀਤ ਬਣਿਆ ਹੈ। ਇਸ ਲਈ ਸਭ ਤੋਂ ਪਹਿਲਾਂ ਇਨ੍ਹਾਂ ਦੋਹਾਂ ਸ਼ਬਦਾਂ ਦੇ ਅਰਥ ਅਤੇ ਪਰਿਭਾਸ਼ਾ ਨੂੰ ਜਾਣਨ ਦੀ ਲੋੜ ਹੈ।[3]

ਭਗਤੀ

ਭਗਤੀ ਆਮ ਤੌਰ 'ਤੇ ਪ੍ਰਭੂ ਵਿਚ ਵਿਸ਼ਵਾਸ ਰੱਖਣ ਨੂੰ ਆਖਦੇ ਹਨ। ਦੂਜੇ ਸ਼ਬਦਾਂ ਵਿਚ ਰੱਬ ਦੇ ਵੱਲ ਭਗਤ ਦੀ ਸ਼ਰਧਾ ਹੀ ਭਗਤੀ ਅਖਵਾਉਂਦੀ ਹੈ। ਨਾਰਦ ਅਤੇ ਸ਼ਾਂਡਿਲਿਯ ਭਗਤੀ ਸੂਤਰਾਂ ਦੇ ਅਨੁਸਾਰ ਈਸ਼ਵਰ ਪ੍ਰਤੀ ਪੂਰਨ ਸ਼ਰਧਾ ਨੂੰ ਭਗਤੀ ਦੀ ਸੰਗਿਆ ਨਾਲ ਪੁਕਾਰਿਆ ਜਾਂਦਾ ਹੈ। ਪ੍ਰਭੂ ਦੇ ਵਾਸਤੇ ਸਿਰਫ਼ ਇਹ ਲਗਾਉ (ਸ਼ਰਧਾ) ਹੀ ਸ਼ਰਧਾ ਨਹੀਂ ਹੁੰਦੀ ਸਗੋਂ ਇਸ ਵਿਚ ਇਸ਼ਟਦੇਵ ਦੇ ਪ੍ਰਤੀ ਆਦਰ, ਸ਼ਰਧਾ ਅਤੇ ਲਗਾਵ ਦੇ ਸੁਮੇਲ ਨੂੰ ਹੀ ਭਗਤੀ ਕਿਹਾ ਜਾਂਦਾ ਹੈ।

ਸ਼ਾਂਡਿਲਿਯ ਭਗਤੀ ਸੂਤਰਾਂ ਵਿਚ ਪ੍ਰਭੂ ਵਿਚ ਪਰਮ ਵਿਸ਼ਵਾਸ ਨੂੰ ਭਗਤੀ ਕਿਹਾ ਗਿਆ ਹੈ:

ਅਧਾਤੋ ਭਕਤਿ ਜਿਗਿਆਸਾ ॥੧॥
ਸਾ ਪਰਾਨੁਰਕਤੀਸ਼ਵਰੇ ॥੨॥ (ਸ਼ਾਂਡਿਲਿਯ ਭਗਤੀ ਸੂਤਰ)

ਅਰਥਾਤ ਪ੍ਰਭੂ ਵਿਚ ਵਿਸ਼ਵਾਸ ਹੀ ਭਗਤੀ ਹੈ।

'ਨਾਰਦ ਭਗਤੀ ਸੂਤਰ' ਵਿਚ ਭਗਤੀ ਦਾ ਲੱਛਣ ਇਸ ਪ੍ਰਕਾਰ ਦੱਸਿਆ ਗਿਆ ਹੈ:

1) *ਸਾ ਤਵਸਮਿਨ ਪਰਮ ਪ੍ਰੇਮਰੂਪਾ*
2) *ਅਮ੍ਰਤ ਸਵਰੂਪਾ*
3) *ਯੱਲਵਧਵਾ ਸੁਮਾਨ ਸਿੱਧੋ ਭਵਤਿ*
   ਅਮ੍ਰਤੋ ਭਵਤਿ
   ਤ੍ਰਪਤੋ ਭਵਤਿ
4) *ਯਤਪ੍ਰਾਪਯ ਨਕਿਚਿਦ ਇਤਿ ਨ ਸ਼ੋਚਤਿ ਨ ਦ੍ਵੇਸ਼ਟਿ*
   ਨ ਰਮਤੇ ਨੋਤਸਾਹੀ ਭਵਤਿ
5) *ਯਜਗਿਆਤਵਾ ਮੱਤੋ ਭਵਤਿ ਸਤਬਧੋ ਭਵਤਿ*
   ਆਤਮਰਾਮੋ ਭਵਤਿ

ਅਰਥਾਤ ਉਹ ਭਗਤੀ ਈਸ਼ਵਰ ਦੇ ਪ੍ਰਤੀ ਪਰਮ-ਪ੍ਰੇਮ ਰੂਪ ਹੈ ਅਤੇ ਅੰਮ੍ਰਿਤ ਸਰੂਪ ਵੀ ਹੈ ਜਿਸ ਪਰਮ-ਪ੍ਰੇਮ ਰੂਪ ਅਤੇ ਅੰਮ੍ਰਿਤ ਰੂਪ ਭਗਤੀ ਨੂੰ ਪ੍ਰਾਪਤ ਕਰ ਕੇ ਮਨੁੱਖ ਤ੍ਰਿਪਤ ਹੋ ਜਾਂਦਾ ਹੈ। ਸਿੱਧ ਹੋ ਜਾਂਦਾ ਹੈ ਅਤੇ ਅਮਰ ਹੋ ਜਾਂਦਾ ਹੈ। ਜਿਸ ਭਗਤੀ ਦੇ ਪ੍ਰਾਪਤ ਹੋਣ 'ਤੇ ਮਨੁੱਖ ਨਾ ਕਿਸੇ ਵਸਤੂ ਦੀ ਇੱਛਾ ਕਰਦਾ ਹੈ ਅਤੇ ਨਾ ਸੋਗ ਕਰਦਾ ਹੈ। ਨਾ ਕਿਸੇ ਵਸਤੂ ਵਿਚ ਲਿਪਤ ਹੁੰਦਾ ਹੈ ਅਤੇ ਨਾ ਉਸ ਨੂੰ ਵਿਸ਼ੇ-ਭੋਗਾਂ ਦੀ ਪ੍ਰਾਪਤੀ ਵਿਚ ਉਤਸ਼ਾਹ ਹੁੰਦਾ ਹੈ ਜਿਨ੍ਹਾਂ ਨੂੰ ਪ੍ਰਾਪਤ ਕਰ ਕੇ ਮਨੁੱਖ ਪਾਗਲ ਹੋ ਜਾਂਦਾ ਹੈ, ਭੈਭੀਤ ਹੋ ਜਾਂਦਾ ਹੈ ਅਤੇ ਆਤਮਾਰਾਮ ਬਣ ਜਾਂਦਾ ਹੈ।

ਭਗਤੀ ਸ਼ਬਦ ਸੰਸਕ੍ਰਿਤ ਭਾਸ਼ਾ ਦੀ 'ਭਜ' ਧਾਤੂ ਵਿਚ 'ਕਿਤਨ' ਪਿਛੇਤਰ ਜੋੜ ਕੇ ਬਣਿਆ ਹੈ। ਭਜ ਧਾਤੂ ਦੇ ਚਾਰ ਅਰਥ ਹਨ:

1. ਭਜਨ ਅਤੇ ਨਾਮ ਸਿਮਰਨ, 2. ਸੇਵਾ, 3. ਅਨੁਰਾਗ, 4. ਵਿਭਾਜਨ।

ਇਨ੍ਹਾਂ ਵਿੱਚੋਂ ਪਹਿਲੇ ਤਿੰਨ ਅਰਥ ਲਗਪਗ ਇਕੋ ਹੀ ਅਰਥ ਅਤੇ ਭਾਵ ਦਾ ਬੋਧ ਕਰਾਉਂਦੇ ਹਨ ਪਰੰਤੂ ਚੌਥਾ ਵਿਭਾਜਨ ਕਿਸੇ ਹੋਰ ਅਰਥ ਦਾ ਪ੍ਰਤਿਪਾਦਕ ਹੈ।

ਸ਼ਬਦ ਅਤੇ ਅਰਥ ਦੇ ਆਧਾਰ 'ਤੇ ਇਸ ਦੇ ਅਰਥ ਹਨ—ਅਰਾਧਨਾ, ਵਿਸ਼ਵਾਸ, ਸੇਵਾ ਅਤੇ ਸਿਮਰਨ ਕਰਨਾ। ਆਦਿ-ਲੋਕ ਵਿਚ ਵੀ ਭਗਤੀ ਦਾ ਅਰਥ ਕਿਸੇ ਪੂਜਨੀਕ ਜਾਂ ਮਹਾਂਪੁਰਖ ਦੇ ਪ੍ਰਤੀ ਸ਼ਰਧਾ-ਭਾਵਨਾ ਵਿਚ ਨਿਹਿਤ ਹੈ ਜਿਵੇਂ ਪਿਤਾ ਜਾਂ ਗੁਰੂ ਆਦਿ। ਕੁਝ ਸ਼ਬਦ-ਕੋਸ਼ਾਂ ਵਿਚ ਭਗਤੀ ਦੇ ਹੇਠਾਂ ਲਿਖੇ ਅਰਥ ਮਿਲਦੇ ਹਨ :

1. ਸੇਵਾ-ਅਰਾਧਨਾ, ਈਸ਼ਵਰ ਜਾਂ ਪੂਜਨੀਕ ਵਿਅਕਤੀ ਦੇ ਪ੍ਰਤੀ ਬਹੁਤ ਜ਼ਿਆਦਾ ਸ਼ਰਧਾ ਵਿਭਾਗ (ਜਿਵੇਂ ਖੇਤਰ ਭਗਤੀ), ਵਿਭਾਗ ਰੇਖਾ, ਰੋਗ ਪ੍ਰਵਿਰਤੀ ਅਤੇ ਵ੍ਰਿਤ।[4]

2. ਇਕ ਹੋਰ ਕੋਸ਼ ਵਿਚ ਭਗਤੀ ਨੂੰ ਇਸਤਰੀ-ਲਿੰਗ ਸ਼ਬਦ ਬਣਾ ਕੇ ਉਸ ਦਾ ਅਰਥ ਅਤੇ ਰਚਨਾ ਇਸ ਪ੍ਰਕਾਰ ਕੀਤੀ ਗਈ ਹੈ— ਭਗ-ਕਿਤਨ ਅਤੇ ਉਸ ਦਾ ਅਰਥ (1) ਨਿਯੋਜਨ, ਵਖਰੇਵਾਂ, ਵੰਡ; (2) ਭਾਗ, ਅੰਸ਼, ਹਿੱਸਾ; (3) ਉਪਾਸਨਾ, ਸ਼ਰਧਾ, ਸੇਵਾ, ਸੁਆਮੀ ਭਗਤੀ।[5]

3. ਹਲਾਯੁਧ ਦੇ ਅਨੁਸਾਰ ਸੇਵਾ, ਵਿਭਾਗ, ਗੌਣਵਿਰਤੀ, ਭੰਗੀ, ਸ਼ਰਧਾ ਵਿਸ਼ੇਸ਼, ਇਸ਼ਵਰੇਪਰਾਨੁਰਕਤੀ, ਉਪਾਸਨਾ ਪਰਮੇਸ਼ਵਰਵਿਸ਼ਯੇ ਪਰਮਪ੍ਰੇਮ।[6]

ਉਪਰ ਦਿੱਤੇ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਸ਼ੁਰੂਆਤ ਵਿਚ ਭਾਵੇਂ ਭਜ ਧਾਤੂ ਦੇ ਅਨੇਕਾਂ ਅਰਥਾਂ ਦੇ ਅਨੁਸਾਰ ਭਗਤ ਅਤੇ ਭਗਤੀ ਦੇ ਵੀ ਅਨੇਕਾਂ ਅਰਥ ਸੀ ਪਰੰਤੂ ਹੌਲੀ ਹੌਲੀ ਇਹ ਅਰਥ ਸ਼ਰਧਾਪੂਰਕ ਪ੍ਰੇਮ ਵਿਚ ਕੇਂਦਰਿਤ ਹੁੰਦੇ ਚਲੇ ਗਏ।

ਪਾਲੀ ਵਿਚ 'ਭਗਤੀ' ਸ਼ਬਦ ਮਿਲਦਾ ਹੈ ਜੋ ਉਪਾਸਨਾ ਦੇ ਅਰਥ ਵਿਚ ਹੈ। ਪ੍ਰਾਕ੍ਰਿਤ ਵਿਚ ਵੀ 'ਭਗਤੀ' ਸ਼ਬਦ ਹੀ ਹੈ। ਸ਼ਰਧਾ, ਉਪਾਸਨਾ ਸੇਵਾ ਤੋਂ ਇਲਾਵਾ ਕੋਈ-ਕੋਈ ਹੋਰ ਅਰਥ ਵੀ ਪ੍ਰਾਕ੍ਰਿਤ ਕੋਸ਼ ਵਿਚ ਮਿਲਦੇ ਹਨ :

ਸੇਵਾ, ਬਿਨੈ, ਆਦਰ, ਰਚਨਾ, ਇਕਾਗਰ ਬਿਰਤੀ ਵਿਸ਼ੇਸ਼, ਕਲਪਨਾ ਉਪਚਾਰ, ਪ੍ਰਕਾਰ ਭੇਦ, ਵਿਛਪਤੀ ਵਿਸ਼ੇਸ਼, ਅਨੁਰਾਗ, ਵਿਭਾਗ ਅਵਯਵ ਆਦਿ।

ਪਾਲੀ ਪ੍ਰਾਕ੍ਰਿਤ ਵਿਚ ਜੋ ਅਰਥ ਉਪਲੱਬਧ ਹਨ ਉਨ੍ਹਾਂ ਤੋਂ ਇਹ ਨਿਸ਼ਚਿਤ ਹੈ ਕਿ ਭਗਤੀ ਦਾ ਸ਼ਰਧਾਪੂਰਕ ਅਰਥ ਈ. ਪੂ. ਕਈ ਸਦੀਆਂ ਤੋਂ ਪ੍ਰਚਲਿਤ ਹੋ ਗਿਆ ਸੀ। ਭਗਤੀ ਨੂੰ ਮੁੱਖ ਤੌਰ 'ਤੇ ਵਾਸੁਦੇਵ ਧਰਮ ਨਾਲ ਜੋੜਿਆ ਜਾਂਦਾ ਹੈ ਜਿਸ ਦਾ ਕਾਲ ਆਮ ਤੌਰ 'ਤੇ ਈ. ਪੂ. ਪੰਜਵੀਂ ਸਦੀ ਸਵੀਕਾਰ ਹੈ। ਵਿਸ਼ਨੂੰ ਦੀ ਭਗਤੀ ਦੇ ਨਾਲ ਇਸ ਭਾਵ ਦੀ ਸਰਬਉੱਚਤਾ ਆਰੰਭ ਹੋਈ। ਭਗਤੀ ਦਾ ਗੌਣਪੂਰਕ ਅਰਥ ਜੋ ਵੈਦਿਕ ਕਾਲ ਵਿਚ ਸੀ ਉਹ ਸ਼ਿਵ ਅਤੇ ਵਿਸ਼ਨੂੰ ਦੇ ਸਰਬਉੱਚਤਾ ਪ੍ਰਾਪਤ ਕਰਨ ਨਾਲ ਕ੍ਰਮਵਾਰ ਬਦਲ ਗਿਆ।[7]

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬੁੱਧਕਾਲ ਵਿਚ ਆ ਕੇ ਭਗਤੀ ਦਾ ਅਰਥ ਸਿਰਫ਼ ਉਪਾਸਨਾ ਪ੍ਰਧਾਨ ਹੋ ਗਿਆ ਸੀ।

'ਭਗਤੀ' ਸ਼ਬਦ ਦੇ ਉਚਾਰਣ ਨਾਲ ਧਾਰਮਿਕ ਅਧਿਆਤਮਕ ਬੰਦਗੀ ਜਾਂ ਅਧਿਆਤਮਕ ਮਾਹੌਲ ਜਾਂ ਵਾਤਾਵਰਣ ਪੈਦਾ ਹੁੰਦਾ ਹੈ। 'ਮਹਾਨ ਕੋਸ਼' ਦੇ ਅਨੁਸਾਰ ਇਸ ਦਾ ਅਰਥ ਹੈ ਭਗਤੀ ਭਾਵ ਵਾਲਾ ਸੇਵਕ, ਕਰਤਾਰ ਦਾ ਉਪਾਸਕ (ਪੰਨਾ 675)। ਇਸੇ ਤਰ੍ਹਾਂ ਫ਼ਾਰਸੀ ਅਤੇ ਅਰਬੀ ਬੋਲੀ ਵਿਚ ਵੀ ਭਗਤੀ ਨੂੰ ਬੰਦਗੀ, ਇਬਾਦਤ ਆਦਿ ਦੱਸਿਆ ਹੈ। ਇਨਸਾਨ ਦੀ ਆਮ ਬੋਲ-ਚਾਲ ਵਿਚ ਵੀ ਭਗਤੀ, ਸਿਮਰਨ, ਭਜਨ, ਬੰਦਗੀ, ਇਬਾਦਤ, ਪੂਜਾ, ਉਪਾਸਨਾ, ਅਰਾਧਨਾ ਆਦਿ ਸਮਾਨ ਸ਼ਬਦ ਹਨ। ਭਗਤੀ ਵਿਆਕਰਣ ਦੇ ਅਨੁਸਾਰ ਨਾਉਂ ਹੈ।[8]

ਪਰਿਭਾਸ਼ਾ

ਭਗਤੀ ਪਰੰਪਰਾ ਭਾਰਤ ਵਿਚ ਵੈਦਿਕ ਯੁੱਗ ਤੋਂ ਲੈ ਕੇ ਅੱਜ ਤਕ ਲਗਾਤਾਰ ਚਲਦੀ ਆ ਰਹੀ ਹੈ। ਇਸ ਲਈ ਇਥੇ ਭਗਤੀ ਦੀਆਂ ਅਨੇਕ ਪਰਿਭਾਸ਼ਾਵਾਂ ਹਰ ਪਾਸੇ ਉਪਲਬਧ ਹਨ।

ਭਗਤੀ ਮਨੁੱਖ ਦਾ ਸਹਿਜ ਬੋਧ ਹੈ। ਹਰੇਕ ਪ੍ਰਾਣੀ ਸੁਭਾਅ ਤੋਂ ਆਪਣੇ ਤੋਂ ਸ੍ਰੇਸ਼ਟ ਵਿਅਕਤੀਆਂ ਦੇ ਪ੍ਰਤੀ ਸ਼ਰਧਾਪੂਰਨ ਲਗਾਉ ਰੱਖਦਾ ਹੈ। ਇਸੇ ਸ਼ਰਧਾ ਦਾ ਵਿਸਥਾਰ ਜਦੋਂ ਅਸੀਮ, ਅਸੀਮਤ ਜਾਂ ਅਜੇਤੂ ਪਰਮਾਤਮਾ ਵੱਲ ਹੁੰਦਾ ਹੈ ਤਾਂ ਉਹ ਭਗਤੀ ਅਖਵਾਉਂਦੀ ਹੈ।[9]

ਅਧਿਆਤਮਕ ਖੇਤਰ ਵਿਚ ਇਸ ਦੀ ਸ੍ਰੇਸ਼ਟਤਾ ਅਤੇ ਮਹੱਤਤਾ ਨੂੰ ਨਿਰਵਿਵਾਦ ਰੂਪ ਵਿਚ ਸਵੀਕਾਰ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਪਰਮਾਤਮਾ ਦੇ ਪ੍ਰਤੀ ਅਥਾਹ ਪ੍ਰੇਮ ਅਤੇ ਸਮਰਪਣ ਦੀ ਭਾਵਨਾ ਹੀ ਭਗਤੀ ਹੈ। ਭਗਤ ਜਨਾਂ ਦੀ ਰਾਏ ਅਨੁਸਾਰ ਜਿਸ ਪ੍ਰਕਾਰ ਇਸਤਰੀ, ਪੁੱਤਰ, ਧਨ ਆਦਿ ਸੰਸਾਰਿਕ ਵਸਤੂਆਂ ਵਿਚ ਲਿਵ ਨੂੰ ਮੋਹ, ਮਮਤਾ ਜਾਂ ਮਾਇਆਜਾਲ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਜੇਕਰ ਉਹ ਪਰਮਾਤਮਾ ਦੇ ਪ੍ਰਤੀ ਹੋ ਜਾਵੇ ਤਾਂ ਭਗਤੀ ਬਣ ਜਾਂਦੀ ਹੈ। ਆਮ ਤੌਰ 'ਤੇ ਲਿਵ ਅਤੇ ਮੋਹ ਦੀ ਭਾਵਨਾ ਪ੍ਰਾਣੀਆਂ ਵਿਚ ਸੁਭਾਵਿਕ ਤੌਰ 'ਤੇ ਬਿਰਾਜਮਾਨ ਰਹਿੰਦੀ ਹੈ। ਵੈਰਾਗ ਉਤਨਾ ਸੁਭਾਵਿਕ ਅਤੇ ਵਿਆਪਕ ਨਹੀਂ ਹੈ ਜਿੰਨਾ ਕਿ ਲੀਨਤਾ। ਚੰਗੀਆਂ ਵਸਤਾਂ ਦੇ ਲਈ ਮੋਹ ਅਤੇ ਖਿੱਚ ਹੋਣਾ ਪ੍ਰਾਣੀਆਂ ਦਾ ਸਹਿਜ ਸੁਭਾਅ ਹੁੰਦਾ ਹੈ। ਅੰਤਰ ਸਿਰਫ਼ ਇੰਨਾ ਹੈ ਕਿ ਜੇਕਰ ਮੋਹ ਅਤੇ ਖਿੱਚ ਵਸਤਾਂ ਦੇ ਲਈ ਨਾ ਹੋ ਕੇ ਪਰਮਾਤਮਾ ਦੇ ਲਈ ਹੋ ਜਾਵੇ ਤਾਂ ਉਹ ਭਗਤੀ ਹੈ।[10]

ਭਗਤੀ ਦਾ ਅਸਲ ਉਦੇਸ਼ ਆਪਣੇ ਪਿਆਰੇ ਪਰਮਾਤਮਾ ਵਿਚ ਲੀਨ ਹੋਣਾ ਹੈ, ਜਿਸ ਤੋਂ ਵਿਛੜਿਆ ਹੋਇਆ ਹੈ ਉਸੇ ਦੇ ਨਾਲ ਜੁੜਨਾ ਹੈ। ਇਸ ਮੁੜ-ਜੁੜਨ ਵਾਸਤੇ ਅਨੇਕਾਂ ਯਤਨ, ਪ੍ਰੇਮ ਦੇ ਨਾਲ ਉਸ ਦੀ ਯਾਦ ਨੂੰ ਮਨ ਵਿਚ ਵਸਾ ਕੇ ਜੁੜੇ ਰਹਿਣਾ, ਲੱਗੇ ਰਹਿਣਾ ਹੀ ਭਗਤੀ ਹੈ।[11]

ਭਗਤੀ ਦੇ ਹਵਾਲੇ ਵਿਚ 'ਸ੍ਰੀ ਮਦ ਭਗਵਦ ਗੀਤਾ' ਪਹਿਲਾ ਪ੍ਰਮਾਣਿਕ ਗ੍ਰੰਥ ਮੰਨਿਆ ਜਾਂਦਾ ਹੈ ਪਰੰਤੂ ਭਗਤੀ ਦੀ ਪਰਿਭਾਸ਼ਾ ਦੇਣ ਦਾ ਯਤਨ ਇਸ ਵਿਚ ਨਹੀਂ

ਹੈ। ਬਾਰ੍ਹਵੇਂ ਅਧਿਆਇ ਵਿਚ ਭਗਤੀ ਦੀ ਵਿਆਖਿਆ ਕਰਨ ਸੰਬੰਧਿਤ ਜੋ ਸਲੋਕ ਹਨ ਉਨ੍ਹਾਂ ਵਿਚ ਭਗਤੀ ਦੇ ਹਵਾਲੇ ਵਿਚ ਇਕ 'ਤੇ ਭਰੋਸਾ ਰੱਖਣ ਉੱਤੇ ਜ਼ੋਰ ਦਿੱਤਾ ਗਿਆ ਹੈ। 13ਵੇਂ ਅਤੇ 14ਵੇਂ ਅਧਿਆਇ ਦੇ ਅਵਿਆਭਿਚਾਰਿਣੀ ਅਤੇ 9ਵੇਂ ਅਧਿਆਇ ਦੇ 'ਮਨਮਨਾ ਭਵ' ਆਦਿ ਦੇ ਆਧਾਰ 'ਤੇ ਵੱਧ ਤੋਂ ਵੱਧ ਇਹੀ ਕਿਹਾ ਜਾ ਸਕਦਾ ਹੈ ਕਿ ਗੀਤਾ ਵਿਚ ਇਸ਼ਟ ਦੇ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਦੇ ਭਾਵ ਨੂੰ ਹੀ ਭਗਤੀ ਮੰਨਿਆ ਗਿਆ ਹੈ।[12]

ਸ਼ਾਂਡਿਲਿਯ ਨੇ ਬਹੁਤ ਸਪੱਸ਼ਟ ਸ਼ਬਦਾਂ ਵਿਚ ਬਿਲਕੁਲ ਸਿੱਧੇ ਤੌਰ 'ਤੇ ਭਗਤੀ ਦੀ ਪਰਿਭਾਸ਼ਾ ਦਿੱਤੀ ਹੈ :

ਸਾ ਪਰਾਨੁਰਕਤਿਰੀਸ਼ਵਰੇ। (ਸ਼ਾਂਡਿਲਿਯ ਭਗਤੀ ਸੂਤਰ)

ਗੀਤਾ ਵਿਚ ਵਰਣਿਤ ਭਗਤੀ ਦੀ ਪਰਿਭਾਸ਼ਾ ਵਿਚ ਜਿਥੇ ਸਮਰਪਣ ਦਾ ਭਾਵ ਮੌਜੂਦ ਹੈ ਉਥੇ ਦੂਜੇ ਪਾਸੇ ਨਾਰਦ ਅਤੇ ਸ਼ਾਂਡਿਲਿਯ ਦੇ ਭਗਤੀ ਸੂਤਰਾਂ ਵਿਚ ਭਗਤੀ ਨੂੰ ਪ੍ਰੇਮਸਵਰੂਪਾ ਕਿਹਾ ਹੈ। ਗੀਤਾ ਵਿਚ ਉਸ ਨਾਲ ਸੰਬੰਧਿਤ ਕਿਰਿਆ ਨੂੰ ਸਮਰਪਣ ਦੀ ਕਿਰਿਆ ਕਿਹਾ ਹੈ ਅਰਥਾਤ ਉਥੇ ਭਗਤੀ ਪੂਰਨ ਰੂਪ ਵਿਚ ਪਰਮਾਤਮਾ ਦੇ ਪ੍ਰਤੀ ਸਮਰਪਣ ਕਰਦਾ ਹੈ। ਸਖਯ ਭਾਵ ਵਿਚ ਸਮਾਨਤਾ ਹੁੰਦੇ ਹੋਏ ਵੀ ਉਸ ਵਿਚ ਸ਼ਰਧਾ ਦਾ ਭਾਵ ਰਹਿੰਦਾ ਹੈ।

ਨਾਰਦ ਨੇ ਆਪਣੇ ਤੋਂ ਪਹਿਲਾਂ ਦੇ ਵਿਦਵਾਨਾਂ ਦੇ ਵਿਚਾਰ ਭਗਤੀ ਦੇ ਸੰਬੰਧ ਵਿਚ ਦਿੱਤੇ ਹਨ ਅਤੇ ਜੇਕਰ ਪ੍ਰਮਾਣਿਕ ਮੰਨ ਲਿਆ ਜਾਵੇ ਤਾਂ ਪਾਰਾਸ਼ਰ ਦੇ ਅਨੁਸਾਰ ਪੂਜਾ ਆਦਿ ਵਿਚ ਅਨੁਰਾਗ ਰੱਖਦਾ ਭਗਤੀ ਹੈ।[13] ਗਰਗਾਚਾਰੀਆ ਦੇ ਅਨੁਸਾਰ ਪਰਮਾਤਮਾ ਦੇ ਕੀਰਤਨ, ਭਜਨ ਅਤੇ ਪੁਰਾਣ ਆਦਿ 'ਤੇ ਸ਼ਰਧਾ ਰੱਖਣਾ ਭਗਤੀ ਹੈ।[14]

ਨਾਰਦ, ਸ਼ਾਂਡਿਲਿਯ ਦੇ ਵਿਚਾਰ ਨੂੰ ਸਪੱਸ਼ਟ ਕਰਦੇ ਹਨ ਕਿ ਆਤਮ-ਸੁਖ ਨੂੰ ਅਵਿਰੋਧੀ ਵਿਸ਼ੇ ਵਿਚ ਲੀਨ ਹੋਣਾ ਭਗਤੀ ਹੈ ਅਤੇ ਉਹ ਖ਼ੁਦ ਆਪਣਾ ਵਿਚਾਰ ਵੀ ਵੱਖਰੇ ਤੌਰ 'ਤੇ ਪ੍ਰਸਤੁਤ ਕਰਦੇ ਹਨ—'ਪਰਮਾਤਮਾ ਦੇ ਪ੍ਰਤੀ ਆਪਣੇ ਸਮੂਹ ਕਾਰਜਾਂ ਨੂੰ ਅਰਪਿਤ ਕਰਨਾ ਅਤੇ ਰੱਬ ਨੂੰ ਭੁੱਲ ਜਾਣ 'ਤੇ ਵਿਆਕੁਲ ਹੋਣਾ ਹੀ ਭਗਤੀ ਹੈ।'[15]

'ਭਗਤੀ ਮੀਮਾਂਸਾ' ਵਿਚ ਮਨ ਦੇ ਵਿਸ਼ੇਸ਼ ਖੇੜੇ ਨੂੰ ਭਗਤੀ ਕਿਹਾ ਗਿਆ ਹੈ—ਭਕਤੀਮਰਨਸ ਉੱਲਾਸਵਿਸ਼ੇਸ਼।[16]

ਇਸ ਪ੍ਰਕਾਰ 'ਸ਼ਾਂਡਿਲਿਯ ਭਗਤੀ ਸੂਤਰ', 'ਨਾਰਦ ਭਗਤੀ ਸੂਤਰ' ਅਤੇ 'ਭਗਤੀ ਮੀਸਾਂਸਾ' ਇਨ੍ਹਾਂ ਤਿੰਨਾਂ ਗ੍ਰੰਥਾਂ ਵਿਚ ਪਹਿਲੇ ਸੂਤਰ ਵਿਚ ਭਗਤੀ ਕੀ ਹੈ ? ਇਸ ਪ੍ਰਕਾਰ ਦੀ ਜਗਿਆਸਾ ਜਾਂ ਭਗਤੀ ਦੀ ਪਰਿਭਾਸ਼ਾ ਦਿੱਤੀ ਗਈ ਹੈ। ਅਜਿਹਾ ਕਹਿੰਦੇ ਹੋਏ ਦੂਜੇ ਸੂਤਰ ਵਿਚ ਭਗਤੀ ਦੀ ਪਰਿਭਾਸ਼ਾ ਦਿੱਤੀ ਗਈ ਹੈ। ਭਾਗਵਤ ਜੋ ਭਗਤੀ ਦਾ ਇੰਨਾ ਮਹਾਨ ਉਪਜੀਵੀ ਗ੍ਰੰਥ ਕਿਹਾ ਜਾਂਦਾ ਹੈ, ਭਗਤੀ ਦੀ ਪ੍ਰਤੱਖ ਪਰਿਭਾਸ਼ਾ ਪ੍ਰਸਤੁਤ ਨਹੀਂ ਕਰਦਾ। ਉਸ ਵਿਚ ਭਗਤੀ ਦਾ ਮਾਨਵੀਕਰਣ ਹੈ, ਉਸ

ਵਿਚ ਭਗਤੀ ਦਾ ਸਥਾਨ ਬਣਾਇਆ ਗਿਆ ਹੈ, ਭਗਤੀ ਸੰਬੰਧੀ ਹੋਰ ਸਮੂਹ ਪ੍ਰਕਾਰ ਦੀ ਗੱਲਬਾਤ ਦਾ ਆਧਾਰ ਇਹ ਗ੍ਰੰਥ ਹੈ ਪਰੰਤੂ ਕਿਸੇ ਇਕ ਭਾਵ ਨੂੰ ਹੀ ਭਗਤੀ ਘੋਸ਼ਤ ਕਰਦੇ ਹੋਏ ਦੋ-ਚਾਰ ਸ਼ਬਦਾਂ ਵਿਚ ਭਗਤੀ ਦੀ ਪਰਿਭਾਸ਼ਾ ਇਸ ਗ੍ਰੰਥ ਵਿਚ ਨਹੀਂ ਦਿੱਤੀ ਗਈ ਹੈ। ਫੇਰ ਵੀ ਇਹ ਕਿਹਾ ਜਾ ਸਕਦਾ ਹੈ ਕਿ 'ਭਾਗਵਤ' ਵਿਚ ਭਗਤੀ ਨੂੰ ਪਰਮਾਤਮਾ ਦੇ ਪ੍ਰਤੀ ਪ੍ਰੇਮ ਤਾਂ ਮੰਨਿਆ ਹੀ ਗਿਆ ਹੈ। ਭਗਤੀ ਨੂੰ ਪ੍ਰੇਮ ਦੀ ਅਜਿਹੀ ਉੱਚ-ਕੋਟੀ ਵਿਚ ਰੱਖਿਆ ਗਿਆ ਹੈ ਕਿ ਭਗਤੀ ਗੋਬਿੰਦ ਸਰੂਪ ਹੀ ਹੋ ਜਾਂਦੀ ਹੈ।[17]

'ਭਗਤੀਰਸਾਮ੍ਰਿਤਸਿੰਧੂ' ਜੋ ਭਗਤੀ ਦੇ ਸੰਦਰਭ ਵਿਚ ਸਭ ਤੋਂ ਪ੍ਰਚਲਿਤ ਸ਼ਾਸਤਰੀ ਗ੍ਰੰਥ ਮੰਨਿਆ ਜਾਂਦਾ ਹੈ, ਉਸ ਵਿਚ ਭਗਤੀ ਦੀ ਬਹੁਤ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਇਸ ਗ੍ਰੰਥ ਵਿਚ ਚਾਰ ਵਿਭਾਗ ਹਨ—ਪੂਰਬ, ਦੱਖਣ, ਪੱਛਮ ਅਤੇ ਉੱਤਰ। ਪੂਰਬ ਵਿਭਾਗ ਵਿਚ ਚਾਰ ਲਹਿਰੀ ਹਨ। ਪਹਿਲੀ ਲਹਿਰੀ ਵਿਚ ਸਾਧਾਰਣ ਭਗਤੀ ਦਾ ਸਰੂਪ ਦੱਸਿਆ ਗਿਆ ਹੈ ਅਤੇ ਉਸ ਨੂੰ ਉਤਮਤਾ ਭਗਤੀ, ਜੋ 'ਅਨਿਯਾਭਿਲਾਸ਼ ਸ਼ੂਨਯ ਆਨੁਕਲਯੇਨ ਕ੍ਰਿਸ਼ਨਾਨੁਸ਼ੀਲਨ ਸਵਰੂਪਾ' ਹੈ, ਤੋਂ ਵੱਖਰਾ ਦੱਸਿਆ ਗਿਆ ਹੈ। ਦੂਸਰੀ ਲਹਿਰੀ ਵਿਚ ਸਾਧਨਾ ਭਗਤੀ ਦਾ ਸਰੂਪ ਜ਼ਿਕਰ ਕੀਤਾ ਗਿਆ ਹੈ ਅਤੇ ਸਾਧਨਾ ਭਗਤੀ ਦੀਆਂ ਵੈਧੀ ਅਤੇ ਰਾਗਾਨੁਗਾ ਦੋ ਕਿਸਮਾਂ ਲਿਖੀਆਂ ਹਨ। ਤੀਜੀ ਲਹਿਰੀ ਵਿਚ ਭਾਵ-ਭਗਤੀ ਦਾ ਅਤੇ ਚੌਥੀ ਲਹਿਰੀ ਵਿਚ ਪ੍ਰੇਮ ਭਗਤੀ ਦਾ ਮੁਲਾਂਕਣ ਕੀਤਾ ਗਿਆ ਹੈ।

ਵੱਲਭਾਚਾਰੀਆ ਨੇ ਸ਼ਾਸਤਾਰਥ ਪ੍ਰਕਰਣ ਵਿਚ ਭਗਤੀ ਦੀ ਵਿਸ਼ੇਸ਼ਤਾ ਦਾ ਇਸ ਪ੍ਰਕਾਰ ਵਰਣਨ ਕੀਤਾ ਹੈ। ਪਰਮਾਤਮਾ ਨਾਲ ਪੂਰਨ ਆਤਮ-ਗਿਆਨ ਪੂਰਬਕ ਦ੍ਰਿੜ੍ਹ ਅਤੇ ਨਿਰੰਤਰ ਪ੍ਰੇਮ ਹੀ ਭਗਤੀ ਹੈ, ਮੁਕਤੀ ਦਾ ਇਸ ਤੋਂ ਸੌਖਾ ਉਪਾਅ ਨਹੀਂ ਹੈ। ਇਨ੍ਹਾਂ ਸਾਰੀਆਂ ਵਿਸ਼ੇਸ਼ਤਾਵਾਂ ਵਿਚ ਦੋ ਗੱਲਾਂ 'ਤੇ ਜ਼ੋਰ ਦਿੱਤਾ ਗਿਆ ਹੈ:

1. ਪਰਮਾਤਮਾ ਦੇ ਪ੍ਰਤੀ ਅਥਾਹ ਪ੍ਰੇਮ;
2. ਹੋਰਨਾਂ ਸੰਸਾਰਿਕ ਵਸਤਾਂ ਤੋਂ ਵੈਰਾਗ।

ਸ਼ੰਕਰਾਚਾਰੀਆ ਨੇ 'ਵਿਵੇਕਚੂੜਾਮਣੀ' ਵਿਚ ਭਗਤੀ ਦਾ ਗਿਆਨਾਤਮਕ ਲੱਛਣ ਦਿੰਦੇ ਹੋਏ ਸਰੂਪ ਅਨੁਸੰਧਾਨ ਨੂੰ ਹੀ ਭਗਤੀ ਕਿਹਾ ਹੈ।[18]

ਰਾਮਾਨੁਜ ਨੇ ਭਗਤੀ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ:

ਸਨੇਹਪੂਰਵਮਨੁਧਿਆਨੰ ਭਕਤਿਰਿਤਯੁਚਯਤੇਬੁਧੈ।

ਅਰਥਾਤ ਪ੍ਰੇਮ ਨਾਲ ਕੀਤਾ ਗਿਆ ਨਿਰੰਤਰ ਧਿਆਨ ਹੀ ਭਗਤੀ ਹੈ।

ਰੂਪ ਗੋਸਵਾਮੀ ਨੇ 'ਭਕਤੀ ਰਸਾਮ੍ਰਿਤਸਿੰਧੂ' ਵਿਚ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਤੀ ਅਜਿਹੇ ਅਨੁਰਾਗ ਜਾਂ ਪ੍ਰੇਮ ਨੂੰ ਉੱਤਮ ਭਗਤੀ ਕਿਹਾ ਹੈ ਜੋ ਹੋਰਨਾਂ ਕਾਮਨਾਵਾਂ ਤੋਂ ਸੱਖਣੀ ਹੋਵੇ ਅਤੇ ਗਿਆਨ ਅਤੇ ਕਰਮ ਤੋਂ ਅਸੁਰੱਖਿਅਤ ਹੋਵੇ। ਪਰਿਭਾਸ਼ਾ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਨਿਰਗੁਣ ਧਾਰਾ ਦੇ ਸੰਤ ਕਵੀਆਂ ਵਿਚ ਭਗਤੀ ਦੀ ਪਰਿਭਾਸ਼ਾ ਦੇਣ ਦੀ ਪ੍ਰਵਿਰਤੀ ਨਹੀਂ ਮਿਲਦੀ। ਭਗਤੀ ਨੂੰ ਹੋਰਨਾਂ ਅਨੇਕਾਂ ਰੂਪਾਂ

ਨਾਲ ਇਹ ਸੰਤ ਕਵੀ ਸਪੱਸ਼ਟ ਕਰਦੇ ਹਨ। ਨਾਰਦੀ ਭਗਤੀ ਵੱਲ ਭਗਤ ਕਬੀਰ ਜੀ ਨੇ ਸੰਕੇਤ ਕੀਤਾ ਹੈ :

ਭਗਤਿ ਨਾਰਦੀ ਮਾਨ ਸਗੀਰਾ।
ਇਹਿੰ ਵਿਧੀ ਭਵਤਰਿ ਕਹੈ ਕਬੀਰਾ।

(ਕਬੀਰ ਗ੍ਰੰਥਾਵਲੀ, ਸੰਪਾ. ਡਾ: ਮਾਤਾ ਪ੍ਰਸਾਦ ਗੁਪਤ, ਰਾਗ ਸੋਰਠ)

ਸੁੰਦਰ ਦਾਸ ਭਗਤੀ ਦੇ ਵਿਦਵਾਨਾਂ ਦੇ ਨਾਮ ਗਿਣਾਉਂਦੇ ਹਨ ਪਰੰਤੂ ਉਨ੍ਹਾਂ ਦੀ ਜਾਂ ਆਪਣੀ ਕੋਈ ਪਰਿਭਾਸ਼ਾ ਨਹੀਂ ਪ੍ਰਸਤੁਤ ਕਰਦੇ। ਇਸ ਸੰਦਰਭ ਵਿਚ ਤੁਲਸੀਦਾਸ ਦਾ 'ਮਨਕ੍ਰਮ ਵਚਨ ਰਾਮ ਪਦ ਨੇਹੂੰ' ਕਥਨ ਮਹੱਤਵਪੂਰਨ ਹੈ। ਪਰਮ ਪਰਮਾਰਥ ਦੀ ਪਰਿਭਾਸ਼ਾ ਦਿੰਦੇ ਹੋਏ ਭਾਵੇਂ ਇਹ ਗੱਲ ਕਹੀ ਗਈ ਹੈ ਪਰੰਤੂ ਤੁਲਸੀ ਦਾਸ ਦੀ ਦ੍ਰਿਸ਼ਟੀ ਤੋਂ ਭਗਤੀ ਹੀ 'ਪਰਮ ਪਰਮਾਰਥ' ਹੈ। ਇਸ ਗੱਲ ਨੂੰ ਮੰਨਿਆ ਜਾ ਸਕਦਾ ਹੈ।[19] ਤੁਲਸੀ ਦਾਸ ਨੇ ਪ੍ਰੇਮ ਨੂੰ ਭਗਤੀ ਦੇ ਲਈ ਜ਼ਰੂਰੀ ਮੰਨਿਆ ਹੈ।[20]

ਆਧੁਨਿਕ ਕਾਲ ਦੇ ਲੇਖਕਾਂ ਵਿਚ ਰਾਮ ਚੰਦਰ ਸ਼ੁਕਲ ਨੇ ਭਗਤੀ ਦੀ ਪਰਿਭਾਸ਼ਾ ਦਿੱਤੀ ਹੈ। ਉਸ ਦੇ ਅਨੁਸਾਰ, 'ਸ਼ਰਧਾ ਅਤੇ ਪ੍ਰੇਮ ਦੇ ਸੰਯੋਗ ਦਾ ਨਾਂ ਭਗਤੀ ਹੈ'।[21] ਇਸ ਪਰਿਭਾਸ਼ਾ ਦੇ ਪ੍ਰੇਮ ਦੇ ਨਾਲ ਸ਼ਰਧਾ ਦਾ ਸੰਯੋਜਨ ਪਰਾ (ਸ਼ਾਂਡਿਲਿਯ ਦਾ) ਅਤੇ ਪਰਮ (ਨਾਰਦ ਦਾ) ਦੇ ਨੇੜੇ ਮੰਨਿਆ ਜਾ ਸਕਦਾ ਹੈ।

ਇਸ ਪ੍ਰਕਾਰ ਪਰਿਭਾਸ਼ਾ ਦੇ ਰੂਪ ਵਿਚ ਭਗਤੀ ਪਰਮਾਤਮਾ ਦੇ ਪ੍ਰਤੀ ਪ੍ਰੇਮ ਦੇ ਰੂਪ ਵਿਚ ਹੌਲੀ-ਹੌਲੀ ਸਥਿਰ ਹੋ ਗਈ। ਭਗਤੀ ਨਾਲ ਸੰਬੰਧਿਤ ਸਮੂਹ ਗੱਲਾਂ ਇਸ ਪਰਮਾਤਮਾ ਵੱਲ ਪ੍ਰੇਮ ਵਿਚ ਹੀ ਸਮਾ ਗਈਆਂ।

ਭਗਤੀ ਦੀਆਂ ਕਿਸਮਾਂ ਅਤੇ ਪ੍ਰਕਾਰ

ਗੀਤਾ ਤੋਂ ਲੈ ਕੇ ਹਿੰਦੀ ਰਾਮ ਭਗਤੀ ਕਾਵਿ ਅਤੇ ਕ੍ਰਿਸ਼ਨ ਭਗਤੀ ਕਾਵਿ ਤਕ ਦੇ ਕਵੀਆਂ ਨੇ ਭਗਤੀ ਦੀਆਂ ਅਨੇਕਾਂ ਕਿਸਮਾਂ ਦੱਸੀਆਂ ਹਨ। ਗੀਤਾ ਵਿਚ ਜੋ ਚਾਰ ਕਿਸਮਾਂ ਭਗਤਾਂ ਦੀਆਂ ਦੱਸੀਆਂ ਹਨ ਜਿਵੇਂ ਅਥਾਰਥੀ, ਆਤੁਰ, ਜਿਗਿਆਸੂ ਅਤੇ ਗਿਆਨੀ, ਉਨ੍ਹਾਂ ਨੂੰ ਪ੍ਰਕਾਰ ਭੇਦ ਨਾਲ ਭਗਤੀ ਦੀਆਂ ਕਿਸਮਾਂ ਵੀ ਮੰਨਿਆ ਜਾ ਸਕਦਾ ਹੈ।

ਸ਼ਾਂਡਿਲਿਯ ਨੇ ਭਗਤੀ ਦੇ ਦੋ ਭਾਗ ਕੀਤੇ ਹਨ—ਮੁਖਯਾ ਅਤੇ ਇਤਰਾ। ਇਤਰਾ ਨੂੰ ਹੀ ਸ਼ਾਂਡਿਲਿਯ ਨੇ 'ਗੌਣੀ' ਨਾਂ ਵੀ ਦਿੱਤਾ ਹੈ। ਹੋਰ ਕਿਹਾ ਹੈ ਕਿ ਇਸ ਨਾਲ ਸਾਧਕ ਸਮਾਧ ਸਿੱਧੀ ਤਕ ਹੀ ਪਹੁੰਚ ਸਕਦਾ ਹੈ। ਸ਼ਾਂਡਿਲਿਯ ਦੇ ਅਨੁਸਾਰ ਇਸ ਵਿਚ ਰਾਗ ਬਣਿਆ ਰਹਿੰਦਾ ਹੈ। ਫੇਰ ਵੀ ਇਹ ਹੀਣ ਨਹੀਂ ਹੈ ਕਿਉਂਕਿ ਜਿਵੇਂ ਚੰਗੇ ਦਾ ਸਾਥ ਕਰਨ ਨਾਲ ਕੁਝ ਨਾ ਕੁਝ ਚੰਗਿਆਈ ਪ੍ਰਾਪਤ ਹੁੰਦੀ ਹੈ ਉਸੇ ਤਰ੍ਹਾਂ ਗੌਣੀ ਭਗਤੀ ਵਿਚ ਸਾਥ ਤਾਂ ਪਰਸ਼ੋਤਮ ਦਾ ਹੀ ਰਹਿੰਦਾ ਹੈ।

ਨਾਰਦ ਨੇ ਵੀ ਭਗਤੀ ਦੇ ਗੌਣੀ ਰੂਪ ਦਾ ਉਲੇਖ ਕੀਤਾ ਹੈ। ਨਾਰਦ ਦੁਆਰਾ ਪ੍ਰਤਿਪਾਦਤ ਭਗਤੀ ਸੰਬੰਧਤ ਲਗਾਉ ਹਨ ਜਿਨ੍ਹਾਂ ਵਿੱਚੋਂ ਕੁਝ ਦੀ ਸ਼ਮੂਲੀਅਤ

ਭਾਗਵਤ ਦੀ ਨਵਧਾ ਵਿਚ, ਕੁਝ ਦਾ ਰੂਪ ਗੋਸਵਾਮੀ ਦੁਆਰਾ ਉਲੇਖਿਤ ਸਾਧਨਭਕਤੀ ਦੇ ਰੂਪਾਂ ਵਿਚ ਹੈ।

ਪਰਮਾਤਮਾ ਦੇ ਅਨੇਕ ਰੂਪਾਂ ਵਿਚ ਸਰਗੁਣ ਅਤੇ ਨਿਰਗੁਣ ਦੇ ਰੂਪ ਪ੍ਰਮੁੱਖ ਹਨ। ਭਾਗਵਤ ਵਿਚ ਸਰਗੁਣ ਅਤੇ ਨਿਰਗੁਣ ਭੇਦ ਨਾਲ ਭਗਤੀ ਦੇ ਦੋ ਭੇਦ ਕੀਤੇ ਗਏ ਹਨ। ਸਰਗੁਣ ਭਗਤੀ ਤਾਮਸ, ਰਾਜਸ ਅਤੇ ਸਾਤਵਿਕ ਭੇਦ ਤੋਂ ਤਿੰਨ ਪ੍ਰਕਾਰ ਦੀ ਹੁੰਦੀ ਹੈ। ਹਿੰਸਾ ਕਰਨ ਦੇ ਉਦੇਸ਼ ਤੋਂ ਜਾਂ ਗ਼ੁੱਸੇ ਦੀ ਭਾਵਨਾ ਨਾਲ ਭੇਦਦਰਸ਼ੀ ਜੋ ਪਰਮਾਤਮਾ ਦੀ ਪੂਜਾ ਕਰਦੇ ਹਨ ਉਹ ਤਾਮਸੀ ਭਗਤੀ ਅਖਵਾਉਂਦੀ ਹੈ। ਵਿਸ਼ੇ ਭੋਗ, ਸ਼ਾਨੋ-ਸ਼ੌਕਤ ਆਦਿ ਦੀ ਇੱਛਾ ਕਰਕੇ ਜੋ ਭਗਤ ਪਰਮਾਤਮਾ ਦੀ ਭਗਤੀ ਕਰਦੇ ਹਨ ਉਹ ਰਾਜਸੀ ਭਗਤੀ ਅਤੇ ਪਰਮਾਤਮਾ ਦੇ ਪ੍ਰਤੀ ਕਰਮ ਸਮਰਪਣ ਜਾਂ ਯੱਗ ਆਦਿ ਕਰਮ-ਕਾਂਡ ਤੋਂ ਜੋ ਭੇਦਦਰਸ਼ੀ ਪੂਜਾ ਕਰਦੇ ਹਨ ਉਹ ਸਾਤਵਿਕ ਭਗਤੀ ਹੈ। ਭਾਵੇਂ ਸਾਤਵਿਕ ਭਗਤੀ ਹੋਰਨਾਂ ਦੋ ਭਗਤੀਆਂ ਤੋਂ ਸ੍ਰੇਸ਼ਟ ਹੈ ਪਰੰਤੂ ਫੇਰ ਵੀ ਉਹ ਭਗਤੀ ਸਰਬ-ਉੱਚ ਨਹੀਂ ਅਖਵਾਏਗੀ ਕਿਉਂਕਿ ਉਸ ਵਿਚ ਵੀ ਮੁਕਤੀ ਦੀ ਇੱਛਾ ਰਹਿ ਜਾਂਦੀ ਹੈ। ਇਸ ਲਈ ਜਦੋਂ ਮੁਕਤੀ ਦੀ ਇੱਛਾ ਵੀ ਤਿਆਗ ਦਿੱਤੀ ਜਾਂਦੀ ਹੈ ਅਤੇ ਪਰਮਾਤਮਾ ਹੀ ਭਗਤ ਦੀ ਇਕੱਲੀ ਲੋੜੀਂਦੀ ਵਸਤੂ ਬਣ ਜਾਂਦਾ ਹੈ ਤਾਂ ਉਸ ਅਵਸਥਾ ਵਿਚ ਭਗਤੀ ਨੂੰ 'ਨਿਰਗੁਣ' ਜਾਂ 'ਅਹੈਤੁਕੀ' ਭਗਤੀ ਜਾਂ 'ਪ੍ਰੇਮ' ਆਖਦੇ ਹਨ।[22] ਇਹ 'ਅਹੈਤੁਕੀ' ਨਿਸ਼ਕਾਮ ਭਗਤੀ ਹੀ ਪ੍ਰੇਮ ਹੈ। ਇਸ ਨੂੰ ਪ੍ਰਾਪਤ ਕਰਨ 'ਤੇ ਸਾਧਕ ਪਰਮਾਤਮਾ ਦੀ ਸੇਵਾ ਦੇ ਇਲਾਵਾ ਹੋਰ ਕੁਝ ਨਹੀਂ ਚਾਹੁੰਦਾ। ਇਥੋਂ ਤਕ ਕਿ ਮੁਕਤੀ ਲਈ ਵੀ ਅਰਦਾਸ ਨਹੀਂ ਕਰਦਾ।

ਮੱਧਕਾਲ ਵਿਚ ਵੈਸ਼ਣਵ ਵਿਦਵਾਨਾਂ ਨੇ ਭਗਤੀ ਮਾਰਗ ਨੂੰ ਵੱਧ ਤੋਂ ਵੱਧ ਹਰਮਨ ਪਿਆਰਾ ਬਣਾਉਣ ਵਾਸਤੇ 'ਸ਼੍ਰੀਮਦ ਭਾਗਵਤ' ਦੀ ਇਸ ਪ੍ਰਕਾਰ ਦੀ ਭਗਤੀ ਦਾ ਸੇਵਨ ਕੀਤਾ। 'ਸ਼੍ਰੀਮਦ ਭਾਗਵਤ' ਵਿਚ ਸਰਗੁਣ ਅਤੇ ਨਿਰਗੁਣ ਦੋਹਾਂ ਭਗਤੀਆਂ ਦਾ ਸੁੰਦਰ ਸੁਮੇਲ ਕਰਦੇ ਹੋਏ ਸ਼੍ਰੀ ਕ੍ਰਿਸ਼ਨ ਜੀ ਨੇ ਸਰਗੁਣ ਭਗਤੀ ਨੂੰ ਹਰੇਕ ਵਿਅਕਤੀ ਲਈ ਜ਼ਰੀਆ ਦੱਸਿਆ ਹੈ ਪਰੰਤੂ ਨਿਰਗੁਣ ਭਗਤੀ ਸਿਰਫ਼ ਗਿਆਨੀ ਪੁਰਖਾਂ ਲਈ ਸਾਧਨਾ ਦਾ ਮਾਧਿਅਮ ਹੈ। ਸਾਧਨ ਅਤੇ ਜ਼ਰੀਏ ਦੇ ਰੂਪ ਵਿਚ ਭਾਗਵਤਕਾਰ ਨੇ ਭਗਤੀ ਦੀ ਵੰਡ ਕੀਤੀ ਹੈ। 'ਸ਼ਾਂਡਿਲਿਯ ਭਗਤੀ ਸੂਤਰ' ਵਿਚ ਉਸ ਨੂੰ ਪਰਮਾਤਮਾ ਵਿਚ ਪੂਰਨ ਤੌਰ 'ਤੇ ਲੀਨ ਕਿਹਾ ਗਿਆ ਹੈ ਅਤੇ ਭਕਤਰਸਾਮ੍ਰਤਸਿੰਧਕਾਰ ਨੇ ਉਸ ਨੂੰ ਪਰਾ-ਭਗਤੀ ਦੱਸਿਆ ਹੈ। ਵੈਧੀ ਅਤੇ ਰਾਗਾਨੁਗਾ ਸਾਧਨਾ ਭਗਤੀ ਦੇ ਹੀ ਰੂਪ ਹਨ। ਇਸ ਤੋਂ ਉੱਚ-ਕੋਟੀ ਦੀ ਭਗਤੀ ਸਾਧਿਅ ਭਗਤੀ ਹੈ ਜਿਸ ਨੂੰ ਭਾਵ-ਭਗਤੀ ਜਾਂ ਪ੍ਰੇਮਾ ਭਗਤੀ ਆਖਦੇ ਹਨ।[23]

ਰੂਪ ਗੋਸਵਾਮੀ ਨੇ ਭਗਤੀ ਰਸਾਮ੍ਰਤਸਿੰਧੁ ਵਿਚ ਅਨੇਕਾਂ ਪ੍ਰਕਾਰ ਨਾਲ ਭਗਤੀ ਦੀ ਵੰਡ ਅਤੇ ਉਪਵੰਡ ਕੀਤੀ ਹੈ। ਸਭ ਤੋਂ ਪਹਿਲਾਂ ਭਗਤੀ ਨੂੰ ਸੁਦੁਰਲੱਭ ਅਤੇ ਅਲੱਭ ਆਖਦੇ ਹੋਏ ਹਰਿਣਾ ਅਤੇ ਆਸ਼ਵੇਦਯ ਇਨ੍ਹਾਂ ਦੋ ਭਾਗਾਂ ਵਿਚ ਵੰਡਿਆ ਹੈ।[24] ਉਸ ਤੋਂ ਬਾਅਦ ਭਗਤੀ ਦੇ ਤਿੰਨ ਰੂਪ ਦੱਸੇ ਹਨ—ਸਾਧਨ ਭਗਤੀ, ਭਾਵ ਭਗਤੀ, ਪ੍ਰੇਮਾ ਭਗਤੀ। ਪਰੰਤੂ ਇਨ੍ਹਾਂ ਤਿੰਨਾਂ ਦੀ ਵਿਆਖਿਆ ਜ਼ਿਆਦਾ ਸਪੱਸ਼ਟ

ਨਹੀਂ ਕੀਤੀ ਹੈ। ਸਾਧਨ ਭਗਤੀ ਨੂੰ ਮੁੜ ਦੋ ਭਾਗਾਂ ਵਿਚ ਵੰਡਿਆ ਗਿਆ ਹੈ—ਵੈਧੀ ਅਤੇ ਰਾਗਾਨੁਗਾ। ਵੈਧੀ ਭਗਤੀ ਨੂੰ ਸਪੱਸ਼ਟ ਕਰਦੇ ਹੋਏ ਰੂਪ ਗੋਸਵਾਮੀ ਦਾ ਕਹਿਣਾ ਹੈ ਕਿ ਜਿਸ ਭਗਤੀ ਵਿਚ ਰਾਗ ਦੇ (ਪ੍ਰੇਮ) ਬਗ਼ੈਰ ਹੀ ਸ਼ਾਸਤਰਾਂ ਦੀ ਸਿਖਿਆਤਮਕ ਪ੍ਰੇਰਨਾ ਨਾਲ ਪ੍ਰਵਿਰਤੀ ਹੋਵੇ ਉਹੀ ਵੈਧੀ ਭਗਤੀ ਹੈ। ਇਸ ਵੈਧੀ ਭਗਤੀ ਨੂੰ ਰੂਪ ਗੋਸਵਾਮੀ ਹੋਰ ਸਪੱਸ਼ਟ ਕਰਦੇ ਹੋਏ ਆਖਦੇ ਹਨ ਕਿ ਸ਼ਾਸਤਰਾਂ ਦੁਆਰਾ ਲਾਗੂ ਕੀਤੇ ਅਤੇ ਪ੍ਰਬਲ ਮਰਿਆਦਾ ਨਾਲ ਭਰੀ ਹੋਣ ਕਰਕੇ ਵੈਧੀ ਭਗਤੀ ਨੂੰ ਕੁਝ ਵਿਦਵਾਨ ਮਰਿਆਦਾ ਮਾਰਗ ਆਖਦੇ ਹਨ। ਵੈਧੀ ਨੂੰ ਉਹ ਮਿੱਤਰ ਦੇ ਤੁੱਲ ਮੰਨਦੇ ਹਨ ਅਤੇ ਉਸ ਨੂੰ ਉਚ ਸਥਾਨ ਨਹੀਂ ਦਿੰਦੇ ਹਨ।[25]

ਰਾਗਾਨੁਗਾ ਦੀ ਪਰਿਭਾਸ਼ਾ ਦਿੰਦੇ ਹੋਏ ਰੂਪ ਗੋਸਵਾਮੀ ਆਖਦੇ ਹਨ ਕਿ ਬ੍ਰਿਜਵਾਸੀਆਂ ਦੁਆਰਾ ਕੀਤੇ ਗਏ ਭਗਵਤ ਪ੍ਰੇਮ ਦੀ ਨਕਲ ਕਰਨ ਵਾਲੀ ਰਾਗਾਤਮਿਕਤਾ ਪ੍ਰੀਤੀ ਹੀ ਰਾਗਾਨੁਗਾ ਭਗਤੀ ਹੈ, ਰਾਗ ਅਰਥਾਤ ਪ੍ਰੇਮ ਜੋ ਰਾਗ ਦੀ ਨਕਲ ਕਰੇ ਉਹੀ ਰਾਗਾਨੁਗਾ ਹੈ। ਰਾਗਾਤਮਿਕਤਾ ਨੂੰ ਰੂਪ ਗੋਸਵਾਮੀ ਨੇ ਇਕਾਗਰਤਾ ਨਾਲ ਭਰੀ ਅਤੇ ਰਾਗਮਈ ਕਿਹਾ ਹੈ।

ਭਗਤੀ ਮੀਮਾਂਸਾ ਵਿਚ ਭਗਤੀ ਨੂੰ ਨਿਰਗੁਣ ਅਤੇ ਸਰਗੁਣ ਦੋ ਭਾਗਾਂ ਵਿਚ ਵੰਡਿਆ ਗਿਆ ਹੈ।

ਗੋਰਖਨਾਥ ਦੇ ਕਾਵਿ ਵਿਚ 'ਭਾਵ ਭਗਤੀ' ਦਾ ਉਲੇਖ ਮਿਲਦਾ ਹੈ।

ਭਗਤ ਰਵਿਦਾਸ ਜੀ ਦੇ ਕਾਵਿ ਵਿਚ 'ਪ੍ਰੇਮ ਭਗਤੀ' ਅਤੇ 'ਅਨਿੰਨ ਭਗਤੀ' ਇਹ ਦੋ ਵਿਸ਼ੇਸ਼ਤਾਵਾਂ ਭਗਤੀ ਦੀਆਂ ਮਿਲਦੀਆਂ ਹਨ। ਨਿਸ਼ਕਾਮ ਭਗਤੀ ਦਾ ਸੰਕੇਤ ਭਗਤ ਰਵਿਦਾਸ ਜੀ ਨੇ ਕੀਤਾ ਹੈ।

ਭਗਤ ਕਬੀਰ ਜੀ ਨੇ ਭਗਤੀ ਦੀ ਪਰਿਭਾਸ਼ਾ ਅਤੇ ਕਿਸਮਾਂ ਨਹੀਂ ਦੱਸੀਆਂ, ਨਿਰਗੁਣ ਦੀ ਭਗਤੀ ਹੀ ਉਨ੍ਹਾਂ ਦਾ ਉਦੇਸ਼ ਸੀ। ਉਹ ਨਿਰਗੁਣ ਭਗਤੀ ਮਾਰਗ ਨੂੰ ਮੰਨਦੇ ਸਨ ਅਤੇ ਇਹ ਨਿਰਗੁਣ ਭਗਤੀ ਹੀ ਸ਼ਾਇਦ ਉਨ੍ਹਾਂ ਲਈ 'ਭਾਵ ਭਗਤੀ' ਸੀ। ਇਸ ਭਾਵ ਭਗਤੀ ਦੇ ਅਧੀਨ ਉਨ੍ਹਾਂ ਨੇ 'ਕਾਂਤਾਸਾਕਤ', 'ਦਾਸਯਾਸਾਕਤ', 'ਆਤਮਨਿਵੇਦਨਸਾਕਤੀ' ਆਦਿ ਪ੍ਰਕਾਰਾਂ ਦੇ ਨਾਲ ਸ੍ਰਵਣ ਕੀਰਤਨ ਆਦਿ ਦਾ ਮਿਸ਼ਰਨ ਦਿਖਾਈ ਦਿੰਦਾ ਹੈ।

ਸੰਤ ਕਵੀਆਂ ਵਿਚ ਸੁੰਦਰ ਦਾਸ ਨੇ ਨਵਧਾ ਭਗਤੀ ਨੂੰ ਸਵੀਕਾਰ ਕੀਤਾ ਹੈ। ਪ੍ਰੇਮਾ-ਭਗਤੀ ਅਤੇ ਪਰਾਭਗਤੀ ਦਾ ਸੁੰਦਰ ਦਾਸ ਨੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ।

ਭਗਤੀ ਦੇ ਉਪਰ ਲਿਖੇ ਭੇਦ ਪ੍ਰਕਾਰਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮੱਧਕਾਲੀਨ ਭਗਤੀ ਕਵੀਆਂ ਨੇ ਸਿਰਫ਼ ਨਵਧਾ ਭਗਤੀ, ਜਿਸ ਦਾ ਉਲੇਖ ਭਾਗਵਤ ਵਿਚ ਮਿਲਦਾ ਹੈ, ਦਾ ਸੇਵਨ ਕੀਤਾ ਹੈ।

ਮੁੱਖ ਰੂਪ ਵਿਚ ਭਗਤੀ ਦੇ ਦੋ ਭੇਦ—ਵੈਧੀ ਭਗਤੀ ਅਤੇ ਰਾਗਾਨੁਗਾ ਭਗਤੀ ਮੰਨੇ ਗਏ ਹਨ। ਵੈਧੀ ਭਗਤੀ ਸ਼ਾਸਤਰਾਂ ਅਨੁਸਾਰ ਰੀਤ ਨਾਲ ਕੀਤੀ ਜਾਂਦੀ ਹੈ ਅਤੇ ਰਾਗਾਨੁਗਾ ਭਗਤੀ ਵਿਚ ਭਗਵਾਨ ਦੇ ਪ੍ਰਤੀ ਲਿਵ, ਮੋਹ ਅਤੇ ਵਿਸ਼ੇਸ਼ ਖਿੱਚ

ਹੁੰਦੀ ਹੈ। ਜਦੋਂ ਭਗਤ ਆਪਣੇ ਇਸ਼ਟ ਦੇਵ ਦੀ ਸੇਵਾ ਵੱਖ-ਵੱਖ ਵਿਵਹਾਰਾਂ ਨਾਲ ਕਰਦਾ ਹੈ ਤਾਂ ਉਸ ਦੇ ਅਨੁਸਾਰ ਉਨ੍ਹਾਂ ਭਗਤੀਆਂ ਦੇ ਵੱਖ-ਵੱਖ ਨਾਮ ਹੁੰਦੇ ਹਨ ਜਿਵੇਂ—ਸ੍ਰਵਣ, ਕੀਰਤਨ, ਸੁਮਿਰਨ, ਪਾਦ, ਸੇਵਨ, ਅਰਚਨ, ਵੰਦਨ, ਦਾਸਯ, ਸਖਯ ਅਤੇ ਆਤਮ ਨਿਵੇਦਨ। ਇਨ੍ਹਾਂ ਭਗਤੀਆਂ ਨੂੰ ਨਵਧਾ ਭਗਤੀ ਵੀ ਕਿਹਾ ਜਾਂਦਾ ਹੈ। 'ਭਾਗਵਤ ਪੁਰਾਣ' ਵਿਚ ਵੀ ਇਸ ਨਵਧਾ ਭਗਤੀ ਦਾ ਵਰਣਨ ਮਿਲਦਾ ਹੈ—

ਸ੍ਰਵਣ ਕੀਰਤਨ ਵਿਸ਼ਣੋ ਸਮਰਣੰ ਪਾਦਸੇਵਨਮ।
ਅਰਚਨੰ ਵੰਦਨੰ ਦਾਸਯੰ ਸਖਿਯਮਾਤਮਨਿਵੇਦਨਮ।
ਇਤਿ ਪੁੰਸਾਪਰਤਾ ਵਿਸ਼ਣੋ ਭਕਤਿ ਚੇਤੰਨਵਲਕਸ਼ਣਾ॥

ਵੇਖਿਆ ਜਾਵੇ ਤਾਂ ਵੇਦਾਂ ਵਿਚ ਵੀ ਨਵਧਾ ਭਗਤੀ ਦੇ ਵਿਭਿੰਨ ਰੂਪਾਂ ਦਾ ਸੰਕੇਤ ਮਿਲਦਾ ਹੈ। ਸ਼ੁਕਲਯਜੁਰਵਵੇਦ ਵਿਚ ਕਿਹਾ ਹੈ:

ਭਦਰੰ ਕਰਣਭਿ ਸ਼੍ਰਣੁਯਾਮ ਦੇਵਾ।

ਅਰਥਾਤ ਅਸੀਂ ਭੱਦਰ ਪੱਦਵਾਚਿਅ ਪਰਮੇਸ਼ਰ ਦੇ ਨਾਮ, ਗੁਣ, ਚਰਿਤਰਾਂ ਦਾ ਸ੍ਰਵਣ ਕਰੀਏ। ਇਥੇ ਭੱਦਰ ਦਾ ਅਰਥ ਕਲਿਆਣ, ਕੁਸ਼ਲ ਆਦਿ ਤੋਂ ਹੈ। ਰਿਗਵੇਦ ਵਿਚ ਸਖਯ ਭਗਤੀ ਬਾਰੇ ਕਿਹਾ ਗਿਆ ਹੈ:

ਦੇਵਾਨਾਂ ਸਖਿਅਮੁਪ ਸੇਦਿਭਾਵਯੰ ਦੇਵਾ ਨ ਆਯੁ ਪ੍ਰਤਿਸਸ਼ਤ੍ਰ ਜੀਵਸੇ।

ਅਰਥਾਤ ਉਸ ਬਲਵਾਨ ਪਰਮਾਤਮਾ ਨੂੰ ਜੋ ਜੀਵ ਆਪਣੇ ਯੱਗ ਕਰਮ-ਕਾਂਡ ਵਿਚ ਮਿੱਤਰ ਬਣਾ ਲੈਂਦੇ ਹਨ ਉਹ ਫੇਰ ਪਾਪ ਨਹੀਂ ਕਰਦੇ; ਵਿਪਰੀਤ, ਪਵਿੱਤਰ, ਤਿਆਗੀ ਅਤੇ ਗਿਆਨ ਤੋਂ ਪਵਿੱਤਰ ਹੋ ਜਾਂਦੇ ਹਨ। ਅਸੀਂ ਦੇਵਾਂ ਦੀ ਮਿੱਤਰਤਾ ਪ੍ਰਾਪਤ ਕਰੀਏ। ਦੇਵ ਸਾਨੂੰ ਵੱਡੀ ਉਮਰ ਦੇਣ। ਇਸ ਤਰ੍ਹਾਂ ਨਵਧਾ ਭਗਤੀ ਭਗਤ ਨੂੰ ਮੁਕਤੀ ਪ੍ਰਾਪਤ ਕਰਾਉਣ ਵਿਚ ਸਹਾਇਕ ਹੁੰਦੀ ਹੈ।

ਨਵਧਾ ਭਗਤੀ ਦੇ ਅਧੀਨ ਆਉਣ ਵਾਲੀ ਸ੍ਰਵਣ, ਕੀਰਤਨ ਅਤੇ ਸਿਮਰਨ ਭਗਤੀ ਦਾ ਸੰਬੰਧ ਪਰਮਾਤਮਾ ਦੇ ਨਾਮ ਨਾਲ ਹੈ। ਪਾਦ, ਸੇਵਨ, ਅਰਚਨ ਅਤੇ ਵੰਦਨ ਦਾ ਸੰਬੰਧ ਪਰਮਾਤਮਾ ਦੇ ਸਾਖਿਆਤ ਰੂਪ ਅਰਥਾਤ ਮੂਰਤੀ ਤੋਂ ਹੈ ਅਤੇ ਦਾਸਯ ਸਖਾ ਅਤੇ ਆਤਮ ਨਿਵੇਦਨ ਭਗਤੀ ਦੇ ਭਾਵ ਹਨ। ਇਸ ਤਰ੍ਹਾਂ ਇਹ ਨੌਂ ਪ੍ਰਕਾਰ ਦੀ ਭਗਤੀ ਅਸਲ ਵਿਚ ਪਰਮਾਤਮਾ ਦੇ ਨਾਮ, ਉਸ ਦੇ ਸਰੂਪ ਅਤੇ ਉਸ ਦੇ ਪ੍ਰਤੀ ਭਾਵਾਂ ਦਾ ਹੀ ਵਿਸਥਾਰ ਹੈ ਜਿਨ੍ਹਾਂ ਉੱਤੇ ਅਸੀਂ ਵਿਚਾਰ ਕਰਾਂਗੇ:

1. ਸ੍ਰਵਨ (ਸ੍ਰਵਣ)

ਹਰਿਕਥਾ, ਪੁਰਾਣ, ਪਰਮਾਤਮਾ ਦਾ ਨਾਮ, ਜੱਸ, ਮਹੱਤਵ ਉਸ ਦੀ ਕਥਾ ਦਾ ਚਰਿੱਤਰ, ਗੁਣ ਗਿਆਨ ਆਦਿ ਵਿਸ਼ਵਾਸ ਅਤੇ ਸ਼ਰਧਾਪੂਰਵਕ ਸੁਣਨਾ ਹੀ ਸ੍ਰਵਣ ਭਗਤੀ ਹੈ। ਇਸ ਸ੍ਰਵਣ ਦਾ ਅਰਥ ਸਿਰਫ਼ ਸੁਣਨਾ ਹੀ ਨਹੀਂ ਸਗੋਂ ਸੁਣ ਕੇ ਉਸ ਨੂੰ ਦਿਲ ਵਿਚ ਵਸਾਉਣਾ ਵੀ ਹੈ।

2. ਕੀਰਤਨ

ਪਰਮਾਤਮਾ ਦੇ ਨਾਮ, ਗੁਣ, ਕੌਤਕ ਅਤੇ ਪ੍ਰੇਮ, ਹੋਰ ਸ਼ਰਧਾ ਦੇ ਨਾਲ ਉਸਤਤ ਦਾ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ।

ਨਾਮਲੀਲਾਗੁਣਾਦੀਨਾਮੁੱਚੈ ਭਸ਼ਿ। ਤੁ ਕੀਰਤਨਮ॥

ਭਾਗਵਤ ਵਿਚ ਵੀ ਕਿਹਾ ਹੈ ਕਿ ਦੋਸ਼ ਨਿਧੀ ਕਲਿਯੁਗ ਵਿਚ ਇਕ ਮਹਾਨ ਗੁਣ ਇਹ ਹੈ ਕਿ ਕ੍ਰਿਸ਼ਨ ਦੇ ਕੀਰਤਨ ਨਾਲ ਮਨੁੱਖ ਸੰਸਾਰਿਕ ਮੋਹ ਤੋਂ ਛੁਟਕਾਰਾ ਪਾ ਕੇ ਸਾਖਿਆਤ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੋ ਪਰਮਾਤਮਾ ਦੇ ਨਾਮ ਨੂੰ ਕੀਰਤਨ ਰੂਪ ਵਿਚ ਜਪਦੇ ਹਨ ਉਨ੍ਹਾਂ ਦੀ ਤਪੱਸਿਆ, ਯੱਗ ਆਦਿ ਸਾਰੇ ਤੀਰਥ ਇਸ਼ਨਾਨ ਮੰਨ ਲਵੋ ਇਥੇ ਹੀ ਹੋ ਜਾਂਦੇ ਹਨ।

3. ਸਿਮਰਨ (ਸਮਰਣ)

ਪਰਮਾਤਮਾ ਦੇ ਨਾਮ, ਉਸ ਦੇ ਗੁਣ, ਮਹੱਤਤਾ, ਉਸ ਦੀ ਸਰਬ-ਵਿਆਪਕਤਾ, ਕੌਤਕ ਆਦਿ ਦਾ ਧਿਆਨ ਰੱਖਣਾ ਅਤੇ ਉਸ ਦੇ ਸਿਮਰਨ ਵਿਚ ਹੀ ਲੀਨ ਰਹਿਣਾ 'ਸਿਮਰਨ ਭਗਤੀ' ਹੈ। ਇਸ ਭਗਤੀ ਦੇ ਸਾਧਨ ਵਿਚ ਪਰਮਾਤਮਾ ਦੇ ਨਾਮ ਦਾ ਵਿਸ਼ੇਸ਼ ਮਹੱਤਵ ਹੈ। ਭਗਤੀ ਦੀ ਮਾਨਸਿਕ ਬਿਰਤੀ ਉਸ ਦੇ ਧਿਆਨ ਵਿਚ ਐਨੀ ਖੁੱਭ ਜਾਣੀ ਚਾਹੀਦੀ ਹੈ ਕਿ ਚਲਦੇ-ਫਿਰਦੇ, ਖਾਂਦੇ-ਪੀਂਦੇ ਇਸ਼ਟ ਦੇਵ ਦਾ ਹੀ ਸਿਮਰਨ ਬਾਰ-ਬਾਰ ਆਉਣਾ ਚਾਹੀਦਾ ਹੈ। ਜੋ ਭਗਤ ਪੂਜਣਯੋਗ ਪਰਮਾਤਮਾ ਦਾ ਨਿਰੰਤਰ ਚਿੱਤ ਲਗਾ ਕੇ ਹਮੇਸ਼ਾ ਇਸ਼ਟ ਦੇਵ ਦਾ ਸਿਮਰਨ ਕਰਦਾ ਹੈ ਉਸੇ ਨੂੰ ਭਗਵਾਨ ਕ੍ਰਿਸ਼ਨ ਦਿਖਾਈ ਦਿੰਦੇ ਹਨ।

4. ਪਾਦ ਸੇਵਾ

ਪਰਮਾਤਮਾ ਦੇ ਚਰਨਾਂ ਦੀ ਪੂਜਾ, ਸੰਤ ਮਹਾਤਮਾਵਾਂ ਦੇ ਚਰਨਾਂ ਦੀ ਸੇਵਾ ਅਤੇ ਪਰਮਾਤਮਾ ਸਰੂਪ ਸਤਿਗੁਰੂ ਦੇ ਚਰਨਾਂ ਦੀ ਸੇਵਾ 'ਪਾਦ ਸੇਵਾ' ਅਖਵਾਉਂਦੀ ਹੈ। ਇਸ਼ਟ ਦੇਵ ਦਾ ਸ਼ਰਧਾਪੂਰਵਕ ਦਰਸ਼ਨ, ਚਿੰਤਨ ਅਤੇ ਪੂਜਨ ਕਰਦੇ ਭਗਵਦ ਪ੍ਰੇਮ ਵਿਚ ਲੀਨ ਹੋ ਜਾਣਾ ਹੀ ਚਰਨਾਂ ਦੀ ਸੇਵਾ ਕਹਿਲਾਉਂਦਾ ਹੈ। 'ਸ਼੍ਰੀਮਦਭਾਗਵਤ' ਵਿਚ ਚਰਨ-ਸੇਵਾ ਦੀ ਮਹੱਤਤਾ ਦੇ ਵਿਸ਼ੇ ਵਿਚ ਕਿਹਾ ਹੈ ਕਿ ਸ੍ਰੇਸ਼ਟ ਵਿਅਕਤੀ ਭਗਵਾਨ ਦੇ ਕਿਸ਼ਤੀ ਰੂਪੀ ਚਰਨਾਂ ਦਾ ਸਹਾਰਾ ਲੈਂਦੇ ਹਨ, ਉਨ੍ਹਾਂ ਨੂੰ ਕਦੀ ਵੀ ਔਕੜਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਹੈ।

5. ਅਰਚਨ (ਉਸਤਤ)

ਸ਼ਰਧਾ ਅਤੇ ਆਦਰ ਦੇ ਨਾਲ ਪਰਮਾਤਮਾ ਦੇ ਸਵਰੂਪ ਦੀ ਪੂਜਾ 'ਅਰਚਨ ਭਗਤੀ' ਅਖਵਾਉਂਦੀ ਹੈ। ਪੂਜਨੀਕ ਪਰਮਾਤਮਾ ਦੇ ਰੂਪ ਵਿਚ, ਭਗਵਾਨ ਦੀ ਮੂਰਤੀ ਵਿਚ ਸਤਿਗੁਰੂ ਅਤੇ ਭਗਤ ਜਨਾਂ ਵਿਚ ਬਿਰਾਜਮਾਨ ਹੁੰਦੇ ਹਨ। ਇਨ੍ਹਾਂ ਤਿੰਨਾਂ ਰੂਪਾਂ ਨੂੰ ਪਰਮਾਤਮਾ ਦਾ ਸਰੂਪ ਮੰਨ ਕੇ ਭਗਤ ਆਪਣੀ ਪਿਆਰੀ ਤੋਂ ਪਿਆਰੀ ਵਸਤੂ

ਉਨ੍ਹਾਂ ਨੂੰ ਅਰਪਿਤ ਕਰਦਾ ਹੈ। ਭਗਤ ਆਪਣੇ ਪ੍ਰੇਮ ਦਾ ਪ੍ਰਦਰਸ਼ਨ ਕਰਨ ਲਈ ਜੋ ਵੀ ਕੰਮ ਕਰਦਾ ਹੈ, ਉਸ ਵਿਚ ਤਿਆਗ ਭਾਵ ਪ੍ਰਧਾਨ ਰੂਪ ਵਿਚ ਮੌਜੂਦ ਹੈ। ਮਾਨਸਿਕ ਉਸਤਤਿ ਵਿਚ ਭਗਵਤ ਦਾ ਧਿਆਨ ਅਤੇ ਆਤਮ ਸਮਰਪਣ ਕਾਫ਼ੀ ਹੈ। ਉਸ ਵਿਚ ਬ੍ਰਹਮ ਉਪਚਾਰਾਂ ਦੀ ਜ਼ਰੂਰਤ ਨਹੀਂ ਹੁੰਦੀ ਹੈ ਪਰੰਤੂ ਨਿੱਘਰ ਰੂਪ ਦੀ ਪੂਜਾ ਵਿਚ ਅਨੇਕਾਂ ਉਪਚਾਰਾਂ ਦੀ ਲੋੜ ਹੈ। ਚੰਦਨ, ਫੁੱਲ, ਧੂਫ, ਦੀਪਕ, ਭੇਟ ਪਾਨ ਆਦਿ ਦੇ ਸਮਰਪਣ ਦੁਆਰਾ ਉਸਤਤ ਭਗਤੀ ਕੀਤੀ ਜਾਂਦੀ ਹੈ।

6. ਵੰਦਨਾ

ਪਰਮਾਤਮਾ, ਸੰਤ, ਸਾਧੂ ਅਤੇ ਸਮੂਹ ਚਰਾਚਰ ਭੂਤਾਂ ਨੂੰ ਪਰਮਾਤਮਾ ਦਾ ਸਰੂਪ ਸਮਝ ਕੇ ਮਨੋਂ ਜਾਂ ਤਨੋਂ ਵਿਸ਼ਵਾਸ ਕਰਦੇ ਹੋਏ ਰੱਬ ਦੇ ਪ੍ਰੇਮ ਵਿਚ ਲਿਵ ਲੱਗ ਜਾਣਾ, 'ਵੰਦਨਾ ਭਗਤੀ' ਅਖਵਾਉਂਦਾ ਹੈ। ਜ਼ਿਆਦਾਤਰ ਉਸਤਤ ਅਤੇ ਅਰਦਾਸ ਦੋਹਾਂ ਹੀ ਭਗਤੀਆਂ ਦਾ ਵਿਆਪਾਰ ਨਾਲ ਨਾਲ ਹੁੰਦਾ ਹੈ।

7. ਦਾਸਯ

ਦੇਵਾਲਿਆਂ ਵਿਚ ਭਗਵਾਨ ਦੀ ਮੂਰਤੀ ਦੀ ਸੇਵਾ ਕਰਨੀ, ਸੰਪੂਰਨ ਚਰਾਚਰ ਨੂੰ ਪਰਮਾਤਮਾ ਦਾ ਸਰੂਪ ਸਮਝ ਕੇ ਸਾਰਿਆਂ ਦੀ ਪੂਰਨ ਸ਼ਕਤੀ, ਪੂਰਨ ਸਮਰੱਥਾ ਨਾਲ ਸੇਵਾ ਕਰਨੀ ਅਤੇ ਭਗਵਾਨ ਦੀ ਪ੍ਰਸੰਨਤਾ ਅਤੇ ਇੱਛਾ ਅਨੁਸਾਰ ਕਰਮਾਂ ਦਾ ਪਾਲਨ ਕਰਨਾ 'ਦਾਸਯ' ਭਗਤੀ ਅਖਵਾਉਂਦੀ ਹੈ। ਇਸ ਭਗਤੀ ਦੇ ਅਧੀਨ ਭਗਤ ਖ਼ੁਦ ਨੂੰ ਪਰਮਾਤਮਾ ਦਾ ਸੇਵਕ ਸਮਝਦੇ ਹੋਏ ਉਹ ਆਪਣੇ ਸਮੂਹ ਕਰਮਾਂ ਦਾ ਅਰਪਣ ਕਰ ਦਿੰਦਾ ਹੈ ਅਤੇ ਉਸ ਅਵਸਥਾ ਵਿਚ ਉਸ ਦੀ ਰਖਿਆ ਖ਼ੁਦ ਪਰਮਾਤਮਾ ਕਰਦੇ ਹਨ।

8. ਸਖਯ

ਸਖਯ ਜਾਂ ਮਿੱਤਰ ਭਾਵ ਤੋਂ ਕੀਤੀ ਗਈ ਪਰਮਾਤਮਾ ਦੀ ਭਗਤੀ ਨੂੰ 'ਸਖਯ ਭਗਤੀ' ਆਖਦੇ ਹਨ। ਸਖਯ ਭਗਤੀ ਦੇ ਅਧੀਨ ਭਗਤ ਪਰਮਾਤਮਾ ਨੂੰ ਪਰਮ ਮਿੱਤਰ ਬਣਾ ਕੇ, ਸਵਾਰਥਹੀਣ ਭਾਵ ਤੋਂ ਉਸ ਦੇ ਪ੍ਰਤੀ ਪ੍ਰੇਮ ਵਿਆਪਾਰ ਰੱਖਦਾ ਹੈ ਅਤੇ ਉਸ ਦੀ ਮਿੱਤਰਤਾ ਜਨਮ-ਜਨਮਾਂਤਰਾ ਤਕ ਨਹੀਂ ਟੁੱਟਦੀ।

9. ਆਤਮ ਨਿਵੇਦਨ

ਜਦੋਂ ਭਗਤ ਪਰਮਾਤਮਾ ਦੇ ਨਾਲ ਇਕ ਰੂਪ ਹੋ ਜਾਂਦਾ ਹੈ ਤਾਂ ਉਹੀ ਸ੍ਰੇਸ਼ਟ ਜਾਂ ਮੁਕਤੀ ਪ੍ਰਾਪਤੀ ਦੀ ਆਖਰੀ ਸੀਮਾ ਹੈ। ਉਹੀ ਸੱਚ ਹੈ, ਉਹੀ ਉਦੇਸ਼ ਹੈ। ਇਸ ਅਵਸਥਾ ਵਿਚ ਭਗਤ ਦੇ ਸਾਰੇ ਕਾਰਜ ਪਰਮਾਤਮਾ ਦੇ ਪ੍ਰਤੀ ਹੁੰਦੇ ਹਨ। ਭਗਤ ਦੀ ਇੱਛਾ ਅਤੇ ਪਰਮਾਤਮਾ ਦੀ ਇੱਛਾ ਇਕ-ਰੂਪ ਹੁੰਦੀ ਹੈ ਅਰਥਾਤ ਜਦੋਂ ਭਗਤ ਸਮੂਹ ਧਰਮਾਂ ਦਾ ਤਿਆਗ ਕਰ ਕੇ ਪਰਮਾਤਮਾ ਦੀ ਸ਼ਰਣ ਵਿਚ ਆ ਜਾਂਦਾ ਹੈ ਉਹੀ 'ਆਤਮ ਨਿਵੇਦਨ' ਅਖਵਾਉਂਦਾ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ 'ਨਵਧਾ ਭਗਤੀ' ਵਿਚ ਸਭ ਤੋਂ ਸੌਖਾ ਮਾਰਗ 'ਕੀਰਤਨ' ਕਿਹਾ ਗਿਆ ਹੈ। ਭਗਤੀ ਸੰਗੀਤ ਵਿਚ ਕੀਰਤਨ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪਰਮਾਤਮਾ ਦੇ ਨਾਮ, ਗੁਣ ਤੇ ਕਰਮਾਂ ਦਾ ਸੁਰ ਅਤੇ ਲੈਅ ਦੇ ਨਾਲ ਉੱਚ ਪੱਧਰ 'ਤੇ ਗਾਇਨ ਕਰਨਾ ਕੀਰਤਨ ਦੇ ਅਧੀਨ ਆਉਂਦਾ ਹੈ।[26]

'ਸ਼੍ਰੀਮਦ ਭਾਗਵਤ' ਵਿਚ 'ਨਵਧਾ ਭਗਤੀ' ਵਿਚ ਸਰਵਸ੍ਰੇਸ਼ਟ 'ਕੀਰਤਨ' ਭਗਤੀ ਨੂੰ ਹੀ ਮੰਨਿਆ ਜਾਂਦਾ ਹੈ। ਨਾਰਦ ਜੀ ਨੇ ਕੀਰਤਨ ਦਾ ਗਾਇਨ ਕਰਦੇ ਹੋਏ ਕਿਹਾ ਹੈ :

ਸੰਕੀਤਯਰਮਾਨ, ਸ਼ੀਘਰਵਾਵਿਰਭਵਤਿ ਅਨ ਭਾਵਯਤਿ ਚ ਭਕਤਾਨ।[27]

ਕੀਰਤਨ ਦੀ ਮਹੱਤਤਾ ਅਤੇ ਉਸ ਦੇ ਭਾਵ ਨੂੰ ਸਮਝਦੇ ਹੋਏ ਡਾ. ਅਜੀਤ ਸਿੰਘ ਪੇਂਟਲ ਨੇ ਕੀਰਤਨ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ :

> The Kirtan is strictly speaking, a sacred form. Its Vani is purely devotional in character. The music and the rhythm of a Kirtan are simple in character and the music is used here only as a vehical for singing the glories of God. Thus in the Kirtan, music is subordinate to the Vani. The range of its music is small and the pieces can easily be learnt by heart even by a layman. The aim of the Kirtan is to arouse the feeling of devotion.[28]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਕੀਰਤਨ ਦੀ ਮਹੱਤਤਾ ਦਾ ਉਲੇਖ ਕਰਦੇ ਹੋਏ ਕਿਹਾ ਹੈ—

ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥[29]

ਮੱਧ ਕਾਲ ਵਿਚ ਚੈਤੰਨਯ ਨੇ ਬੰਗਾਲ ਵਿਚ ਕੀਰਤਨ ਨਾਲ ਸੰਪੂਰਨ ਵਾਤਾਵਰਣ ਨੂੰ ਸੰਗੀਤਮਈ ਬਣਾ ਦਿੱਤਾ। ਉਨ੍ਹਾਂ ਨੇ 'ਸ਼੍ਰੀ ਸ਼ਿਕਸ਼ਾਸ਼ਟਕਮ' ਨਾਮ ਦੇ ਗ੍ਰੰਥ ਵਿਚ ਵੀ ਕ੍ਰਿਸ਼ਨ ਕੀਰਤਨ ਦਾ ਗੁਣਗਾਨ ਕੀਤਾ ਹੈ।[30]

ਕੀਰਤਨ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ।

ਸਿੱਖਾਂ ਦੇ ਕੀਰਤਨ ਵਿਚ ਭਗਤੀ ਦੇ ਸਮੂਹ ਰੂਪਾਂ ਦੀ ਸ਼ਮੂਲੀਅਤ ਹੋ ਜਾਂਦੀ ਹੈ। ਸਿੱਖ ਧਰਮ ਵਿਚ ਕੀਰਤਨ ਦਾ ਕੀ ਮਹੱਤਵ ਹੈ ਇਸ ਵਿਸ਼ੇ ਬਾਰੇ ਇੰਨਾ ਕਹਿ ਦੇਣਾ ਕਾਫੀ ਨਹੀਂ ਹੈ ਕਿ ਸਿਰਫ਼ ਕੀਰਤਨ ਦੁਆਰਾ ਹੀ ਮਨੁੱਖ ਬ੍ਰਹਮ ਅਰਥਾਤ ਪਰਮਪਦ ਪ੍ਰਾਪਤ ਕਰ ਸਕਦਾ ਹੈ। ਸਿੱਖ ਧਰਮ ਦੇ ਲਗਪਗ ਸਮੂਹ ਸੰਸਕਾਰਾਂ ਵਿਚ ਕੀਰਤਨ ਦਾ ਮਹੱਤਵ ਹੈ। ਜਨਮ ਤੋਂ ਲੈ ਕੇ ਮਰਨ ਤਕ ਜਿੰਨੇ ਵੀ ਕਾਰਜ ਹੁੰਦੇ ਹਨ, ਕੀਰਤਨ ਦਾ ਆਯੋਜਨ ਲਾਜ਼ਮੀ ਹੈ। ਮ੍ਰਿਤੂ ਦੇ ਬਾਅਦ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਲਈ ਵੀ ਇਕੱਲਾ ਉਪਾਅ ਕੀਰਤਨ ਹੈ।[31]

ਇਸ ਪ੍ਰਕਾਰ ਸਿੱਖ ਧਰਮ ਵਿਚ ਸਿਰਫ਼ ਕੀਰਤਨ ਦੇ ਜਾਪ ਨੂੰ ਹੀ ਮੁਕਤੀ ਦਾ ਇਕਲੌਤਾ ਸਾਧਨ ਮੰਨਿਆ ਹੈ। ਇਸ ਦਾ ਵਿਸਤ੍ਰਿਤ ਅਧਿਐਨ ਅਸੀਂ ਸਿੱਖ ਧਰਮ ਦੇ ਪਰਿਪੇਖ ਵਿਚ ਕੀਰਤਨ ਦਾ ਮਹੱਤਵ ਦੇ ਅਧੀਨ ਅਗਲੇ ਅਧਿਆਇ ਵਿਚ ਕਰਾਂਗੇ।

ਭਗਤੀ ਦੀ ਉਤਪਤੀ ਅਤੇ ਵਿਕਾਸ

ਭਾਰਤ ਵਿਚ ਭਗਤੀ ਦੀ ਉਤਪਤੀ ਅਤੇ ਵਿਕਾਸ ਕਦੋਂ ਅਤੇ ਕਿਵੇਂ ਹੋਇਆ ? ਇਹ ਨਿਸ਼ਚਿਤ ਰੂਪ ਤੋਂ ਦੱਸਣਾ ਓਨਾ ਹੀ ਕਠਿਨ ਹੈ ਜਿੰਨਾ ਕਿ ਇਹ ਦੱਸਣਾ ਕਿ ਮਨੁੱਖ ਜਾਂ ਮਨੁੱਖਤਾ ਦੀ ਉਤਪਤੀ ਅਤੇ ਵਿਕਾਸ ਕਦੋਂ ਅਤੇ ਕਿਵੇਂ ਹੋਇਆ। ਭਾਰਤੀ ਵਿਦਵਾਨਾਂ ਨੇ ਅਤੇ ਪੱਛਮੀ ਵਿਦਵਾਨਾਂ ਨੇ ਇਸ ਦੇ ਲਈ ਆਪਣੇ-ਆਪਣੇ ਵਿਚਾਰ ਦਿੱਤੇ ਹਨ ਜੋ ਇਸ ਪ੍ਰਕਾਰ ਹਨ :

ਪੱਛਮੀ ਵਿਦਵਾਨਾਂ ਦਾ ਵਿਚਾਰ ਹੈ ਕਿ ਧਰਮ ਦੀ ਉਤਪਤੀ ਮਨੁੱਖ ਦੀ ਅਗਿਆਨਤਾ ਤੋਂ ਹੋਈ ਹੈ। ਕੁਦਰਤ ਦੀਆਂ ਵੱਖ-ਵੱਖ ਸ਼ਕਤੀਆਂ ਨੂੰ ਵੇਖ ਕੇ ਮਨੁੱਖ ਨੇ ਭੈਭੀਤ ਹੋ ਕੇ ਉਨ੍ਹਾਂ ਅੱਗੇ ਨਿਮਰਤਾ ਸਹਿਤ ਅਰਦਾਸਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁਝ ਪੱਛਮੀ ਵਿਦਵਾਨ ਇਹ ਮੰਨਦੇ ਹਨ ਕਿ ਸਭਿਅਤਾ ਦੇ ਊਸ਼ਾ ਕਾਲ ਵਿਚ ਅੰਧ-ਵਿਸ਼ਵਾਸ ਤੋਂ ਪ੍ਰੇਰਿਤ ਹੋ ਕੇ ਮਨੁੱਖ ਜਾਦੂ-ਟੂਣੇ ਵੱਲ ਝੁਕਿਆ। ਇਹ ਜਾਦੂ-ਟੂਣੇ ਹੀ ਅੱਗੇ ਚੱਲ ਕੇ ਕਰਮ-ਕਾਂਡਾਂ ਦੇ ਰੂਪ ਵਿਚ ਧਰਮ ਦੀ ਨੀਂਹ ਬਣ ਗਏ। ਪੱਛਮੀ ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਸੰਸਾਰ ਦੇ ਹੋਰਨਾਂ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਭਗਤੀ ਦੀ ਸ਼ੁਰੂਆਤ ਬਹੁਤ ਪੁਰਾਣੇ ਸਮੇਂ ਤੋਂ ਹੋਈ ਅਤੇ ਇਸ ਦੇ ਮੂਲ ਵਿਚ ਡਰ ਅਤੇ ਅੰਧ-ਵਿਸ਼ਵਾਸ ਦੀਆਂ ਪ੍ਰਵਿਰਤੀਆਂ ਸ਼ਾਮਲ ਸਨ।

ਭਗਤੀ ਦੀ ਉਤਪਤੀ ਅਤੇ ਵਿਕਾਸ ਸੰਬੰਧੀ ਭਾਰਤੀ ਵਿਚਾਰ ਪੱਛਮੀ ਦ੍ਰਿਸ਼ਟੀਕੋਣ ਤੋਂ ਹਮੇਸ਼ਾ ਉਲਟ ਹੈ। ਭਾਰਤੀ ਵਿਦਵਾਨਾਂ ਦਾ ਵਿਚਾਰ ਹੈ ਕਿ ਧਰਮ ਗਿਆਨ ਨਾਲ ਸੰਬੰਧ ਰੱਖਦਾ ਹੈ। ਇਸ ਲਈ ਧਰਮ ਦੀ ਉਤਪਤੀ ਅਗਿਆਨ ਤੋਂ ਨਹੀਂ ਹੋ ਸਕਦੀ। "ਤਮਸੋ ਮਾ ਜਯੋਤੀਗਰਮਯ" ਕਹਿਣ ਵਾਲੇ ਰਿਸ਼ੀ ਅਣਥੱਕ ਖੋਜੀ ਸਨ। ਉਨ੍ਹਾਂ ਦੇ ਧਰਮ ਸੰਬੰਧੀ ਵਿਚਾਰ ਅਗਿਆਨ ਅਤੇ ਅੰਧ-ਵਿਸ਼ਵਾਸ ਦੀਆਂ ਹਨੇਰੀਆਂ ਗਲੀਆਂ ਵਿਚ ਨਹੀਂ ਭਟਕਾਉਂਦੇ ਸਗੋਂ ਮਨੁੱਖੀ ਕਲਿਆਣ ਦੇ ਲਈ ਰਾਹ ਦਿਖਾਉਂਦੇ ਹਨ। ਇਸ ਤਰ੍ਹਾਂ ਭਗਤੀ ਦੀ ਉਤਪਤੀ ਦੇ ਸੰਬੰਧ ਵਿਚ ਭਾਰਤੀ ਦ੍ਰਿਸ਼ਟੀਕੋਣ ਇਹ ਹੈ ਕਿ ਜਿਸ ਸਮੇਂ ਵੇਦਾਂ ਦੀ ਰਚਨਾ ਹੋਈ ਉਸ ਤੋਂ ਪਹਿਲਾਂ ਹੀ ਰਿਸ਼ੀ ਲੋਕ ਪੂਰਨ ਤੌਰ 'ਤੇ ਸੂਝਵਾਨ ਹੋ ਕੇ ਧਰਮ ਨਾਲ ਸੰਬੰਧ ਰੱਖਣ ਵਾਲੇ ਭਗਤੀ ਗਿਆਨ, ਕਰਮ ਅਤੇ ਯੋਗ ਆਦਿ ਦੀਆਂ ਸਾਧਨਾਵਾਂ ਤਕ ਪਹੁੰਚੇ ਸਨ। ਭਾਰਤੀ ਵਿਚਾਰ ਪਰੰਪਰਾ ਵਿਚ ਇਕ ਅਜਿਹਾ ਦ੍ਰਿਸ਼ਟੀਕੋਣ ਵੀ ਹੈ ਜੋ ਭਗਤੀ ਦੀ ਉਤਪਤੀ ਵੈਦਿਕ ਕਾਲ ਤੋਂ ਨਾ ਮੰਨ ਕੇ ਉਸ ਤੋਂ ਬਾਅਦ ਮੰਨਦਾ ਹੈ। ਪਰੰਤੂ ਸੱਚ ਤਾਂ ਇਹ ਹੈ ਕਿ ਭਗਤੀ ਦੀ ਉਤਪਤੀ ਵੈਦਿਕ ਕਾਲ ਤੋਂ ਹੀ ਹੋਈ ਹੈ। ਭਾਰਤੀ ਭਗਤੀ

ਸੰਪ੍ਰਦਾਇ ਦਾ ਪਹਿਲਾ ਸ੍ਰੋਤ ਵੇਦ ਹੈ, ਇਸ ਗੱਲ ਦੀ ਘੋਸ਼ਣਾ ਵੀ ਕੀਤੀ ਗਈ। ਕੁਝ ਵਿਦਵਾਨਾਂ ਨੇ ਰਿਗਵੇਦ ਹੀ ਨਹੀਂ ਸਿੰਧੂ ਸਭਿਅਤਾ ਦੀ ਸ਼ਿਵ ਪੂਜਾ ਨੂੰ ਵੀ ਭਗਤੀ ਦਾ ਮੁੱਢਲਾ ਰੂਪ ਪ੍ਰਮਾਣਿਤ ਕੀਤਾ ਹੈ। ਇਨ੍ਹਾਂ ਵਿਦਵਾਨਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਭਗਤੀ ਦਾ ਅਜਿਹਾ ਸਪੱਸ਼ਟ ਪ੍ਰਮਾਣ ਹੋਰ ਕਿਤੇ ਪ੍ਰਾਪਤ ਨਹੀਂ ਹੈ। ਆਰੀਆਂ ਤੋਂ ਪਹਿਲਾਂ ਦ੍ਰਾਵਿੜਾਂ ਵਿਚ ਵੀ ਇਹੀ ਭਗਤੀ ਜਨਮ ਗ੍ਰਹਿਣ ਕਰ ਚੁੱਕੀ ਸੀ ਅਤੇ ਪ੍ਰਚਲਿਤ ਹੋ ਚੁੱਕੀ ਸੀ।[32] ਹੜੱਪਾ ਅਤੇ ਮੋਹੰਜੋਦੜੋ ਦੀ ਖ਼ੁਦਾਈ ਵਿਚ ਕੁਝ ਮੂਰਤੀਆਂ ਦੇ ਅਵਸ਼ੇਸ਼ ਲੱਭੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਸ਼ਾਇਦ ਉਸ ਕਾਲ ਵਿਚ ਸ਼ਿਸ਼ਟ ਪੂਜਾ ਅਤੇ ਦੇਵੀ ਪੂਜਾ ਕੀਤੀ ਜਾਂਦੀ ਸੀ।

ਰਿਗਵੇਦ ਅਨੁਸਾਰ ਸਿੰਧੂ ਨਿਵਾਸੀਆਂ (ਦ੍ਰਾਵਿੜਾਂ) ਵਿਚ ਭਗਤੀ ਭਾਵਨਾ ਦੀ ਕਮੀ ਸੀ। ਇਸ ਤਰ੍ਹਾਂ ਇਹ ਸਪੱਸ਼ਟ ਤੌਰ 'ਤੇ ਪ੍ਰਮਾਣਿਤ ਨਹੀਂ ਹੋ ਸਕਿਆ ਹੈ ਕਿ ਭਗਤੀ ਦਾ ਆਰੰਭ ਕਿਸ ਕਾਲ ਵਿਚ ਹੋਇਆ। ਲਿਖਤ ਸਮੱਗਰੀਆਂ ਦੇ ਨਾ ਮਿਲਣ 'ਤੇ ਆਦਿ ਕਾਲ ਦੀ ਭਗਤੀ ਦੇ ਵਿਸ਼ੇ ਵਿਚ ਕੁਝ ਕਿਹਾ ਨਹੀਂ ਜਾ ਸਕਦਾ ਹੈ। ਹੜੱਪਾ ਅਤੇ ਮੋਹੰਜੋਦੜੋ ਦੀ ਖ਼ੁਦਾਈ ਵਿਚ ਪ੍ਰਾਪਤ ਮੁਦਰਾਵਾਂ ਅਤੇ ਮੂਰਤੀਆਂ ਦੇ ਆਧਾਰ 'ਤੇ ਭਗਤੀ ਦਾ ਉਤਪਤੀ ਸਥਾਨ ਸਿੰਧੂ ਸਭਿਅਤਾ ਨੂੰ ਮੰਨਣਾ ਤਰਕਸ਼ੀਲ ਨਹੀਂ ਜਾਪਦਾ ਹੈ। ਵੇਦਾਂ ਵਿਚ ਭਗਤੀ ਦੀ ਵਿਆਖਿਆ ਸੰਪੂਰਨ ਤੌਰ 'ਤੇ ਕੀਤੀ ਗਈ ਹੈ।[33]

ਯੱਗ ਆਦਿ ਕਰਮਕਾਂਡਾਂ ਦੀ ਪ੍ਰਧਾਨਤਾ ਤਾਂ ਬਾਅਦ ਵਿਚ ਹੋਈ ਪਰੰਤੂ ਗਿਆਨ ਦੀ ਪ੍ਰਧਾਨਤਾ ਰੱਖਣ ਵਾਲੇ ਉਪਨਿਸ਼ਦਾਂ ਦੀ ਰਚਨਾ ਵੀ ਬਾਅਦ ਵਿਚ ਹੀ ਹੋਈ ਅਤੇ ਇਨ੍ਹਾਂ ਤੋਂ ਬਹੁਤ ਪਹਿਲਾਂ ਰਿਸ਼ੀਆਂ ਦੀ ਬਾਣੀ ਵੈਦਿਕ ਸਲੋਕਾਂ ਦੇ ਰੂਪ ਵਿਚ ਫੁੱਟ ਨਿਕਲੀ ਸੀ। ਇਹ ਸਲੋਕ ਉਸਤਤ ਪ੍ਰਧਾਨ ਹਨ ਅਤੇ ਇਨ੍ਹਾਂ ਵਿਚ ਭਗਤੀ ਦੇ ਸਮੂਹ ਤੱਤ ਮੌਜੂਦ ਹਨ। ਕਿਤੇ ਅਗਨੀ ਦੇਵਤਾ ਦੀ ਉਪਾਸਨਾ ਹੈ, ਤੇ ਕਿਤੇ ਵਰੁਣ ਦੀ, ਕਿਸੇ ਊਸ਼ਾ ਨੂੰ ਦੇਵੀ ਮੰਨ ਕੇ ਉਸ ਦੀ ਉਸਤਤ ਕੀਤੀ ਹੈ ਤੇ ਕਿਤੇ ਦੇਵਰਾਜ ਇੰਦਰ ਦੀ ਬੰਦਗੀ। ਇਨ੍ਹਾਂ ਸਲੋਕਾਂ ਵਿਚ ਸ਼ਰਧਾ ਅਤੇ ਪ੍ਰੇਮ ਦਾ ਸੁਮੇਲ ਹੈ ਜੋ ਭਗਤੀ ਦਾ ਜੀਵਨ ਤੱਤ ਹਨ। ਇਨ੍ਹਾਂ ਸਲੋਕਾਂ ਵਿਚ ਸਮਰਪਣ, ਇੱਛਾ, ਵਿਆਕੁਲਤਾ, ਬੇਨਤੀ ਆਦਿ ਭਗਤੀ ਦੇ ਸਾਰੇ ਤੱਤਾਂ ਦਾ ਵੈਦਿਕ ਸਲੋਕਾਂ ਵਿਚ ਹੋਣਾ ਇਹ ਸਿੱਧ ਕਰਦਾ ਹੈ ਕਿ ਉਸ ਸਮੇਂ ਉਸਤਤ ਜਾਂ ਉਪਾਸਨਾ ਦੇ ਰੂਪ ਵਿਚ ਭਗਤੀ ਦੀ ਉਤਪਤੀ ਹੋਈ ਸੀ, ਸਮਾਂ ਪਾ ਕੇ ਉਪਾਸਨਾ ਦਾ ਸਥਾਨ ਕਰਮ-ਕਾਂਡਾਂ ਨੇ ਲੈ ਲਿਆ। ਇਸ ਸਮੇਂ ਵੀ ਭਗਤੀ ਹੀ ਵਿਦਮਾਨ ਰਹੀ ਕਿਉਂਕਿ ਕਰਮ-ਕਾਂਡ ਵੀ ਭਗਤੀ ਦਾ ਹੀ ਇਕ ਅੰਗ ਮੰਨੇ ਜਾਂਦੇ ਹਨ। ਇਹ ਗੱਲ ਵੱਖਰੀ ਹੈ ਕਿ ਉਸ ਸਮੇਂ ਤਕ ਭਗਤੀ ਦਾ ਨਾ ਤੇ ਕੋਈ ਵੱਖਰਾ ਸੰਪ੍ਰਦਾਇ ਬਣਿਆ ਹੋਇਆ ਸੀ ਅਤੇ ਨਾ ਹੀ ਉਸ ਦਾ ਕੋਈ ਰੂਪ ਨਿੱਖਰ ਕੇ ਸਾਹਮਣੇ ਆਇਆ।[34]

ਕੁਝ ਸਮੇਂ ਤਕ ਤਾਂ ਕਰਮ-ਕਾਂਡਾਂ ਦੀ ਹੀ ਪ੍ਰਧਾਨਤਾ ਰਹੀ। ਉਸ ਤੋਂ ਉਪਰੰਤ ਇਨ੍ਹਾਂ ਦੀਆਂ ਪ੍ਰਤੀਕ੍ਰਿਆਵਾਂ ਦੇ ਰੂਪ ਵਿਚ ਗਿਆਨ ਉਭਰਿਆ। ਗਿਆਨ ਦੇ ਇਸ ਪ੍ਰਚਾਰ ਨਾਲ ਭਗਤੀ ਕੁਝ ਉਪੇਖਿਤ ਜਿਹੀ ਹੋ ਗਈ। ਫੇਰ ਵੀ ਕਿਸੇ ਨਾ ਕਿਸੇ ਰੂਪ

ਵਿਚ ਭਗਤੀ ਦਾ ਇਹ ਸ੍ਰੋਤ ਉਨ੍ਹਾਂ ਉਪਨਿਸ਼ਦਾਂ ਵਿਚ ਵੀ ਪ੍ਰਵਾਹਿਤ ਹੁੰਦਾ ਰਿਹਾ ਹੈ। ਉਦਾਹਰਣ ਦੇ ਤੌਰ 'ਤੇ 'ਮੁੰਡਕ ਉਪਨਿਸ਼ਦ ਦੇ ਤੀਜੇ ਮੁੰਡਕ' ਵਿਚ ਇਕ ਕਥਨ ਹੈ ਜਿਸ ਦਾ ਅਰਥ ਹੈ 'ਆਤਮ-ਤੱਤ' ਅਰਥਾਤ ਪਰਮਾਤਮਾ ਦੀ ਪ੍ਰਾਪਤੀ ਉਪਦੇਸ਼, ਬੁੱਧੀ ਅਤੇ ਜ਼ਿਆਦਾ ਸੁਣਨ ਨਾਲ ਨਹੀਂ ਹੁੰਦੀ। ਜਿਸ 'ਤੇ ਉਹ ਕਿਰਪਾ ਕਰਦਾ ਹੈ ਉਸੇ ਨੂੰ ਉਸ ਦੀ ਪ੍ਰਾਪਤੀ ਹੁੰਦੀ ਹੈ। ਆਤਮ ਤੱਤ ਉਸੇ ਦੇ ਸਾਹਮਣੇ ਆਪਣੇ ਰੂਪ ਦਾ ਨਿਵਾਰਣ ਕਰਦਾ ਹੈ। ਇਸ ਪ੍ਰਕਾਰ ਉਪਨਿਸ਼ਦਾਂ ਵਿਚ ਭਗਤੀ ਦੀ ਧਾਰਾ ਭਾਵੇਂ ਘੱਟ ਹੋ ਗਈ ਪਰੰਤੂ ਉਹ ਪੂਰਨ ਤੌਰ 'ਤੇ ਖ਼ਤਮ ਨਹੀਂ ਹੋ ਸਕੀ।

ਸ਼ਵੇਤਾਸ਼ਵਰ ਉਪਨਿਸ਼ਦ ਦੇ ਛੇਵੇਂ ਅਧਿਆਇ ਦੇ 23ਵੇਂ ਮੰਤਰ ਵਿਚ ਭਗਤੀ ਸ਼ਬਦ ਦਾ ਉਪਯੋਗ ਪ੍ਰੇਮਪਰਕ ਅਰਥ ਵਿਚ ਹੋਇਆ ਹੈ।

ਭਗਤੀ ਸ਼ਬਦ ਦਾ ਸਭ ਤੋਂ ਪਹਿਲਾਂ ਉਸ ਅਰਥ ਵਿਚ ਪ੍ਰਯੋਗ, ਜਿਸ ਅਰਥ ਵਿਚ ਉਹ ਪੂਰਵਵਰਤੀ ਭਾਵਾਂ ਵਿਚ ਪ੍ਰਚਲਿਤ ਹੋਇਆ, ਸ਼ਵੇਤਾਸ਼ਵਰ ਉਪਨਿਸ਼ਦ ਵਿਚ ਮੰਨਿਆ ਜਾਂਦਾ ਹੈ।

ਉਪਨਿਸ਼ਦਾਂ ਤੋਂ ਬਾਅਦ ਭਗਤੀ ਦਾ ਸੁਰ 'ਸ਼੍ਰੀਮਦ ਭਗਵਦ ਗੀਤਾ' ਵਿਚ ਵੀ ਗੂੰਜਦਾ ਹੋਇਆ ਸੁਣਾਈ ਦਿੰਦਾ ਹੈ। ਭਗਤੀ ਦੇ ਹਵਾਲੇ ਵਿਚ ਭਾਗਵਤ ਧਰਮ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਗੀਤਾ ਭਾਰਤੀ ਅਧਿਆਤਮਿਕਤਾ ਦੀ ਸ਼ੁੱਧਤਾ ਹੈ ਜਿਸ ਵਿਚ ਕਰਮਯੋਗ, ਗਿਆਨਯੋਗ, ਭਗਤੀਯੋਗ ਅਨਾਸਕਤੀਯੋਗ, ਸਾਂਖਿਅਯੋਗ ਆਦਿ ਅਨੇਕਾਂ ਯੋਗਾਂ ਦੀ ਪਹਿਚਾਣ ਮਿਲਦੀ ਹੈ। ਪਰੰਤੂ ਗੀਤਾ ਦਾ ਮੁੱਖ ਪੱਧਰ ਇਕ ਹੀ ਹੈ—ਸਮਰਪਣ, ਉਸ ਵਿਚ ਭਗਤੀ ਹੀ ਮੁੱਖ ਹੈ। ਗੀਤਾ ਦੇ ਨੌਂਵੇਂ ਅਧਿਆਇ ਵਿਚ ਸ਼੍ਰੀ ਕ੍ਰਿਸ਼ਨ ਜੀ ਅਰਜੁਨ ਨੂੰ ਕਹਿੰਦੇ ਹਨ, "ਹੇ ਅਰਜੁਨ, ਤੂੰ ਜੋ ਕੁਝ ਦਾਨ ਦਿੰਦਾ ਹੈਂ, ਜੋ ਕੁਝ ਆਪਣੇ ਕਰਤੱਵ ਦੇ ਰੂਪ ਵਿਚ ਤਪ ਕਰਦਾ ਹੈਂ, ਉਹ ਸਾਰਾ ਮੈਨੂੰ ਭੇਟ ਕਰ ਦੇ।" ਪਰਮਾਤਮਾ ਦੇ ਪ੍ਰਤੀ ਅਰਪਿਤ ਹੋ ਕੇ ਜੀਵਨ ਜੀਉਣਾ ਹੀ ਜੀਵਨ ਦੀ ਸਭ ਤੋਂ ਵੱਡੀ ਭਗਤੀ ਹੈ ਅਤੇ ਗੀਤਾ ਵਿਚ ਬਾਰ-ਬਾਰ ਇਸ ਦੇ ਵੱਲ ਇਸ਼ਾਰਾ ਕੀਤਾ ਗਿਆ ਹੈ। ਇਸ ਪ੍ਰਕਾਰ ਗੀਤਾ ਵਿਚ ਭਗਤੀ ਦੇ ਤੱਤਾਂ ਦਾ ਵਿਕਸਿਤ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ। ਸ਼੍ਰੀ ਕ੍ਰਿਸ਼ਨ ਜੀ ਦੇ ਧਾਰਮਿਕ ਉਪਦੇਸ਼ ਜੋ ਉਨ੍ਹਾਂ ਨੇ ਗੀਤਾ ਵਿਚ ਅਰਜੁਨ ਨੂੰ ਦਿੱਤੇ ਸਨ, ਭਗਤੀ ਮਾਰਗ ਦਾ ਮੁੱਢਲਾ ਰੂਪ ਅਤੇ ਗੀਤਾ ਇਸ ਦਾ ਮੁੱਢਲਾ ਗ੍ਰੰਥ ਕਿਹਾ ਜਾ ਸਕਦਾ ਹੈ।[35]

ਗੀਤਾ ਦੁਆਰਾ ਦੱਸਿਆ ਭਗਤੀ ਮਾਰਗ ਵੈਦਿਕ ਕਰਮ-ਕਾਂਡਾਂ ਦੀ ਪੁਨਰ-ਸੁਰਜੀਤੀ ਨਾਲ ਮੁੜ ਸਥਿਰ ਹੋ ਗਿਆ ਜਿਸ ਦੇ ਪਰਿਣਾਮ-ਸਰੂਪ ਜੈਨ ਅਤੇ ਬੁੱਧ ਧਰਮ ਦੀ ਉਤਪਤੀ ਹੋਈ। ਜੈਨੀਆਂ ਨੇ ਆਪਣੇ ਤੀਰਥ ਸਥਾਨਾਂ ਵਿਚ ਮੂਰਤੀਆਂ ਸਥਾਪਿਤ ਕੀਤੀਆਂ ਅਤੇ ਉਨ੍ਹਾਂ ਦੀ ਪੂਜਾ ਹੋਣ ਲੱਗੀ। ਇਸੇ ਪ੍ਰਕਾਰ ਬੁੱਧ ਧਰਮ ਦੀ ਇਕ ਸ਼ਾਖਾ ਨੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਨੂੰ ਪੂਜਣਾ ਆਰੰਭ ਕਰ ਦਿੱਤਾ। ਡਾ. ਮੁਨਸ਼ੀ ਰਾਮ ਜੀ ਦਾ ਵਿਚਾਰ ਹੈ ਕਿ ਜੈਨ ਅਤੇ ਬੁੱਧ ਧਰਮ ਦੀ ਵੱਧਦੀ ਹੋਈ ਲੋਕਪ੍ਰਿਅਤਾ ਨੂੰ ਵੇਖ ਕੇ ਹਿੰਦੂ ਵਿਦਵਾਨਾਂ ਨੇ ਰਾਮਾਇਣ ਅਤੇ ਮਹਾਂਭਾਰਤ ਦੇ ਰੂਪਾਂਤਰਿਤ ਅਤੇ ਵਿਕਸਿਤ ਸੰਸਕਰਣ ਪ੍ਰਕਾਸ਼ਿਤ ਕੀਤੇ। ਇਥੋਂ ਹੀ

ਇਕ ਨਵੇਂ ਮਾਰਗ ਦੀ ਉਤਪਤੀ ਹੋਈ। ਇਸ ਭਗਤੀ ਪ੍ਰਣਾਲੀ ਦਾ ਵਿਕਾਸ ਗੁਪਤ ਸਾਮਰਾਜ ਵਿਚ ਆਪਣੀ ਚਰਮ-ਸੀਮਾ 'ਤੇ ਪੁੱਜਾ। ਗੁਪਤ ਸਮਰਾਟ ਕਿਸੇ ਧਰਮ ਨਾਲ ਵੈਰ ਨਹੀਂ ਕਰਦੇ ਸਨ ਪਰੰਤੂ ਇਹ ਨਿਸ਼ਚਿਤ ਹੈ ਕਿ ਉਹ ਖ਼ੁਦ ਭਾਗਵਤ ਧਰਮ ਨੂੰ ਮੰਨਣ ਵਾਲੇ ਸਨ। ਇਸੇ ਕਾਲ ਵਿਚ ਲੋਕਾਂ ਦੇ ਪਾਲਣਹਾਰ ਦੇ ਰੂਪ ਵਿਚ ਵਿਸ਼ਨੂੰ ਦੀ ਭਗਤੀ ਆਰੰਭ ਹੋਈ। ਵਿਸ਼ਨੂੰ ਦੇ ਅਵਤਾਰਾਂ ਦੇ ਰੂਪ ਵਿਚ ਵਾਸੁਦੇਵ ਅਤੇ ਰਾਮ ਦੀ ਪੂਜਾ ਹੋਣ ਲੱਗੀ। ਇਹ ਸੱਚ ਹੈ ਕਿ ਇਸੇ ਸਮੇਂ ਰਾਮ ਦੀ ਪੂਜਾ ਨੂੰ ਓਨਾ ਮਹੱਤਵ ਨਹੀਂ ਮਿਲਿਆ ਜਿੰਨਾ ਕਿ ਕ੍ਰਿਸ਼ਨ ਦੀ ਪੂਜਾ ਨੂੰ ਮਿਲਿਆ। ਗੁਪਤ ਰਾਜਿਆਂ ਦਾ ਰਾਜ-ਚਿੰਨ੍ਹ ਗਰੁੜ ਸੀ ਜੋ ਵਿਸ਼ਨੂੰ ਦਾ ਵਾਹਣ ਮੰਨਿਆ ਜਾਂਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਗੀਤਾ ਅਤੇ ਹੋਰ ਪੁਰਾਣ ਨਾਰਦ ਭਗਤੀ ਸੂਤਰ ਅਤੇ ਸ਼ਾਂਡਿਲਿਯ ਭਗਤੀ ਸੂਤਰ ਗ੍ਰੰਥ ਉਸੇ ਸਮੇਂ ਦੀਆਂ ਰਚਨਾਵਾਂ ਹਨ। ਭਗਤੀ ਦੀ ਇਹ ਲਹਿਰ ਬਹੁਤ ਸਮੇਂ ਬਾਅਦ ਤਕ ਆਪਣੇ ਇਸੇ ਰੂਪ ਵਿਚ ਵਗਦੀ ਰਹੀ ਜਿਸ ਸਮੇਂ ਤਾਂਤ੍ਰਿਕ ਮੱਤਾਂ ਅਤੇ ਤਾਂਤ੍ਰਿਕ ਕਰਮ-ਕਾਂਡਾਂ ਦਾ ਜ਼ੋਰ ਵਧਿਆ ਉਸ ਸਮੇਂ ਸ਼ਕਤੀ ਦੀ ਇਹ ਲਹਿਰ ਮੁੜ ਫਿੱਕੀ ਪੈ ਗਈ।[36]

ਤਾਂਤ੍ਰਿਕ ਮੱਤਾਂ ਦੀ ਉਤਪਤੀ ਭਾਵੇਂ ਕਿਸੇ ਵੀ ਰੂਪ ਵਿਚ ਹੋਈ ਹੈ ਪਰੰਤੂ ਇਹ ਸੱਚ ਹੈ ਕਿ ਉਨ੍ਹਾਂ ਦਾ ਬਦਲਿਆ ਹੋਇਆ ਰੂਪ ਵਿਸ਼ੇ-ਵਾਸ਼ਨਾਵਾਂ ਦੀ ਤ੍ਰਿਪਤੀ ਅਤੇ ਪਾਖੰਡਾਂ ਤਕ ਪਹੁੰਚ ਗਿਆ ਸੀ। ਹਰੇਕ ਕਿਰਿਆ ਦੀ ਪ੍ਰਤੀਕ੍ਰਿਆ ਹੁੰਦੀ ਹੈ। ਸਮਾਜ ਦੇ ਇਸ ਭੌਤਿਕ ਪਤਨ ਨੇ ਮੁੜ ਭਗਤੀ ਦੀ ਮੱਧਮ ਪਈ ਹੋਈ ਲੋਅ ਨੂੰ ਉਸ ਦਾ ਭੱਖਦਾ ਰੂਪ ਦਿੱਤਾ। ਦੱਖਣ ਵਿਚ ਸ਼ੈਵ ਅਤੇ ਵੈਸ਼ਣੋ ਭਗਤੀ ਨੇ ਮੁੜ ਜ਼ੋਰ ਫੜਿਆ। ਵੈਸ਼ਣੋ ਭਗਤੀ ਨੂੰ ਮੁੜ ਸੁਰਜੀਤ ਕਰਨ ਵਾਲਿਆਂ ਵਿਚ ਦੱਖਣ ਦੇ ਅਲਵਾਰ ਭਗਤ ਮੁੱਖ ਹਨ। ਭਗਤੀ ਦੇ ਵਿਕਾਸ ਵਿਚ ਅਲਵਾਰਾਂ ਦਾ ਸਥਾਨ ਬਹੁਤ ਹੀ ਮਹੱਤਵਪੂਰਨ ਹੈ। ਗੀਤਾ ਅਤੇ ਭਾਗਵਤ ਵਿਚ ਜੋ ਵਿੱਥ ਹੈ ਉਸ ਨੂੰ ਅਲਵਾਰਾਂ ਨੇ ਆਪਣੀ ਭਾਵਨਾਪੂਰਨ ਭਗਤੀ ਨਾਲ ਭਰ ਦਿੱਤਾ ਹੈ। ਵੈਸ਼ਣੋ ਮੱਤ ਵਿਚ ਭਗਤੀ ਦੀ ਜੋ ਇੰਨੀ ਪ੍ਰਬਲਤਾ ਹੋਈ ਉਹ ਮੁੱਖ ਤੌਰ 'ਤੇ ਦ੍ਰਾਵਿੜਾਂ ਦੀ ਦੇਣ ਮੰਨੀ ਜਾਂਦੀ ਹੈ। ਦੱਖਣ ਵਿਚ ਦ੍ਰਾਵਿੜ ਜਾਤ ਦੇ ਜਿਸ ਸਮਾਜ ਵਿਚ ਭਗਤੀ ਭਾਵਨਾ ਦੀ ਉਤਪਤੀ ਮੰਨੀ ਜਾਂਦੀ ਹੈ ਉਹ ਤਮਿਲਾਂ ਦਾ ਸਮਾਜ ਸੀ। ਹਿੰਦੀ ਪ੍ਰਦੇਸ਼ ਵਿਚ ਇਹ ਬਹੁਤ ਪ੍ਰਸਿੱਧ ਕਥਨ ਹੈ—"ਭਕਤੀ ਦ੍ਰਵਿੜ ਉਪਜੀ ਲਾਏ ਰਾਮਾਨੰਦ"। ਭਾਗਵਤ ਦੀ ਮਹੱਤਤਾ ਵਿਚ ਵੀ ਇਸ ਪ੍ਰਕਾਰ ਦਾ ਸਲੋਕ ਆਉਂਦਾ ਹੈ ਜੋ ਭਗਤੀ ਦੇ ਦ੍ਰਾਵਿੜ ਦੇਸ਼ ਵਿਚ ਉਤਪੰਨ ਹੋਣ ਦੀ ਪੁਸ਼ਟੀ ਕਰਦਾ ਹੈ।[37]

ਅਲਵਾਰ ਭਗਤਾਂ ਨੇ ਆਪਣੀ ਭਾਸ਼ਾ ਵਿਚ ਸੰਤੁਲਿਤ ਗੀਤਾਂ ਦੀ ਰਚਨਾ ਕੀਤੀ ਜਿਸ ਵਿਚ ਪਰਮਾਤਮਾ ਦੇ ਰੂਪ ਅਤੇ ਉਸ ਦੀ ਵਡਿਆਈ ਦਾ ਵਰਣਨ ਹੈ। ਨਾਲੋ-ਨਾਲ ਭਗਤਾਂ ਦੇ ਪ੍ਰੇਮ ਭਰਪੂਰ ਸਮਰਪਿਤ ਮਿੱਤਰ ਵੀ ਮਿਲਦੇ ਹਨ। ਦੱਖਣ ਦੀ ਇਸ ਭਗਤੀ ਪ੍ਰਣਾਲੀ 'ਤੇ ਭਾਗਵਤ ਦਾ ਵੀ ਪ੍ਰਭਾਵ ਪਿਆ। ਇਸ ਸਮੇਂ ਤਕ ਭਗਤੀ ਲਹਿਰ ਸਮੂਹ ਸ਼ਾਸਤਰਾਂ ਤੋਂ ਕੁਝ ਨਾ ਕੁਝ ਲੈ ਕੇ ਚੱਲ ਰਹੀ ਸੀ ਪਰੰਤੂ ਉਸ ਦਾ ਆਪਣਾ ਸੁਤੰਤਰ ਦਾਰਸ਼ਨਿਕ ਆਧਾਰ ਨਹੀਂ ਸੀ। ਇਸ ਕਮੀ ਦੀ ਪੂਰਤੀ

ਰਾਮਾਨੁਜਾਚਾਰੀਆ, ਮਾਧਵਾਚਾਰੀਆ, ਨਿੰਬਾਰਕਾਚਾਰੀਆ, ਵੱਲਭਾਚਾਰੀਆ ਆਦਿ ਵਿਦਵਾਨ ਭਗਤਾਂ ਨੇ ਕੀਤੀ। ਅਲਵਾਰਾਂ ਅਤੇ ਆਚਾਰੀਆਂ ਵਿਚ ਕੁਝ ਵਖਰੇਵਾਂ ਸੀ। ਅਲਵਾਰ ਸਿਰਫ਼ ਭਗਤੀ ਰਸ ਵਿਚ ਲੀਨ ਰਹਿੰਦੇ ਸਨ ਪਰੰਤੂ ਆਚਾਰੀਆਂ ਨੇ ਭਗਤੀ ਅਤੇ ਕਰਮ ਦਾ ਸੰਯੁਕਤ ਰੂਪ ਪੇਸ਼ ਕੀਤਾ। ਅਲਵਾਰ ਬਹੁਤ ਜ਼ਿਆਦਾ ਵਿਦਵਾਨ ਨਹੀਂ ਸਨ ਪਰੰਤੂ ਆਚਾਰੀਆ ਵੇਦਾਂਤ ਦੇ ਮਹਾਨ ਗਿਆਤਾ ਸਨ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਲਵਾਰਾਂ ਵਿਚ ਹਿਰਦੈ ਪੱਖ ਦੀ ਪ੍ਰਬਲਤਾ ਸੀ ਤੇ ਆਚਾਰੀਆਂ ਵਿਚ ਬੁੱਧੀ ਪੱਖ ਦੀ।

ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵੱਲਭ ਦੱਖਣ ਦੇ ਸਨ। ਰਾਮਾਨੁਜ ਨੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਦਾ ਵਿਰੋਧ ਕੀਤਾ ਅਤੇ ਉਸ ਦੀ ਜਗ੍ਹਾ 'ਤੇ ਵਿਸ਼ਿਸ਼ਟਾ-ਦਵੈਤਵਾਦ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਵਿਸ਼ਨੂੰ ਦੇ ਰੂਪ ਵਿਚ ਨਾਰਾਇਣ ਨੂੰ ਮਹੱਤਵ ਦਿੱਤਾ। ਗੋਪਾਲ, ਕ੍ਰਿਸ਼ਨ ਜਾਂ ਰਾਧਾ ਦਾ ਨਾਮ ਉਨ੍ਹਾਂ ਦੇ ਉਪਦੇਸ਼ਾਂ ਵਿਚ ਕਿਤੇ-ਕਿਤੇ ਮਿਲਦਾ ਹੈ। ਮਾਧਵਾਚਾਰੀਆ ਨੇ ਦਵੈਤਵਾਦ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਵੀ ਪਰਮਾਤਮਾ ਨੂੰ ਵਿਸ਼ਨੂੰ ਨਾਮ ਤੋਂ ਹੀ ਪੁਕਾਰਿਆ। ਨਿੰਬਾਰਕਾਚਾਰੀਆ ਦਵੈਤਾਦਵੈਤਵਾਦ ਦੇ ਮੋਢੀ ਹੋਏ। ਉਨ੍ਹਾਂ ਨੇ ਕ੍ਰਿਸ਼ਨ ਅਤੇ ਸਖੀਆਂ ਦੁਆਰਾ ਘੇਰੀ ਹੋਈ ਰਾਧਾ ਨੂੰ ਹੀ ਪ੍ਰਧਾਨਤਾ ਦਿੱਤੀ। ਰਾਧਾਕ੍ਰਿਸ਼ਨ ਦੀ ਭਗਤੀ ਨੂੰ ਦੱਖਣ ਤੋਂ ਉੱਤਰ ਵਿਚ ਲਿਆਉਣ ਵਾਲੇ ਚੈਤੰਨਯ ਮਹਾਂਪ੍ਰਭੂ ਵੱਲਭਾਚਾਰੀਆ ਨੇ ਵਿਸ਼ਨੂੰ ਸੁਆਮੀ ਦੁਆਰਾ ਪੇਸ਼ ਕੀਤੀ ਸ਼ੁਦਰੋ ਦਵੈਤਵਾਦ ਦੀ ਵਿਆਖਿਆ ਕੀਤੀ। ਕ੍ਰਿਸ਼ਨ ਜੀ ਨੂੰ ਪਾਰਬ੍ਰਹਮ ਮੰਨਿਆ ਅਤੇ ਗੋਪਾਲ ਕ੍ਰਿਸ਼ਨ ਜੀ ਦੇ ਰੂਪ ਵਿਚ ਉਸ ਦੀ ਉਪਾਸਨਾ ਨੂੰ ਮਹੱਤਵ ਦਿੱਤਾ। ਦੂਜੇ ਪਾਸੇ ਚੈਤੰਨਯ ਦੁਆਰਾ ਰਚਿਆ ਕੋਈ ਵੱਡਾ ਗ੍ਰੰਥ ਉਪਲਬਧ ਨਹੀਂ ਹੈ। ਸਿਰਫ਼ ਅੱਠ ਸ਼ਲੋਕ ਮਿਲਦੇ ਹਨ। ਇਨ੍ਹਾਂ ਸ਼ਲੋਕਾਂ ਵਿਚ ਸ੍ਰੀ ਕ੍ਰਿਸ਼ਨ ਜੀ ਦੇ ਪ੍ਰਤੀ ਸਮਰਪਣ ਦਾ ਭਾਵ ਹੈ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਪ੍ਰੀਤਮ ਮੰਨ ਕੇ ਮਿੱਠੇ ਭਾਵ ਨਾਲ ਉਨ੍ਹਾਂ ਦੀ ਉਪਾਸਨਾ ਕੀਤੀ ਗਈ ਹੈ। ਚੈਤੰਨਯ ਨੇ ਨਾਮ-ਕੀਰਤਨ ਉੱਤੇ ਜ਼ੋਰ ਦਿੱਤਾ।

ਇਸੇ ਸਮੇਂ ਵਿਚ ਸੁਆਮੀ ਰਾਮਾਨੰਦ ਨੇ ਲੋਕ-ਕਲਿਆਣ ਨੂੰ ਧਿਆਨ ਵਿਚ ਰੱਖ ਕੇ ਰਾਮ-ਭਗਤੀ ਨੂੰ ਵਿਕਸਿਤ ਕੀਤਾ। ਭਗਤੀ ਦੇ ਵਿਕਾਸ ਵਿਚ ਰਾਮਾਨੰਦ ਦੀ ਦੇਣ ਮਹੱਤਵਪੂਰਨ ਹੈ। ਇਨ੍ਹਾਂ ਨੇ ਰਾਮ-ਭਗਤੀ ਦੀ ਉੱਤਰੀ ਭਾਰਤ ਵਿਚ ਇਕ ਅਜਿਹੀ ਲਹਿਰ ਚਲਾਈ ਜੋ ਅਨੰਤਕਾਲ ਤਕ ਚਲਦੀ ਹੋਈ ਸਾਰੇ ਉੱਤਰੀ ਭਾਰਤ ਵਿਚ ਸਿੰਜਦੀ ਰਹੀ। ਇਸੇ ਲਹਿਰ ਦੀਆਂ ਅੱਗੇ ਚਲ ਕੇ ਦੋ ਲਹਿਰਾਂ ਹੋ ਗਈਆਂ—ਨਿਰਗੁਣ ਭਗਤੀ ਲਹਿਰ ਜਿਸ ਦੇ ਮੋਢੀ ਭਗਤ ਕਬੀਰ ਜੀ ਸਨ ਅਤੇ ਸਰਗੁਣ ਭਗਤੀ ਲਹਿਰ ਜਿਸ ਦੇ ਮੋਢੀ ਗੋਸਵਾਮੀ ਤੁਲਸੀਦਾਸ ਜੀ ਮੰਨੇ ਜਾਂਦੇ ਹਨ।[38] ਇਨ੍ਹਾਂ ਤੋਂ ਇਲਾਵਾ ਹੋਰ ਅਨੇਕਾਂ ਭਗਤਾਂ ਅਤੇ ਸੰਤਾਂ ਨੇ ਭਗਤੀ ਦੇ ਵਿਕਾਸ ਵਿਚ ਪੂਰਨ ਯੋਗਦਾਨ ਦਿੱਤਾ ਜਿਸ ਦੇ ਫਲਸਰੂਪ ਅੱਜ ਦਾ ਭਗਤੀ ਸਰੂਪ ਸਮੂਹ ਜਨਤਾ ਦੇ ਸਾਹਮਣੇ ਉਸ ਤਰ੍ਹਾਂ ਦਾ ਹੀ ਹੈ ਜਿਸ ਤਰ੍ਹਾਂ ਦਾ ਵੈਦਿਕ ਕਾਲ ਵਿਚ ਸੀ।

ਭਗਤੀ ਦੇ ਪਰਿਪੇਖ ਵਿਚ ਸੰਗੀਤ

ਮਨੁੱਖ ਭਾਵਨਾਤਮਕ ਪ੍ਰਾਣੀ ਹੈ। ਉਸ ਨੂੰ ਸਰੀਰਕ ਭੋਜਨ ਦੇ ਨਾਲ ਨਾਲ ਮਾਨਸਿਕ ਭੋਜਨ ਦੀ ਵੀ ਲੋੜ ਹੁੰਦੀ ਹੈ ਤੇ ਇਸ ਦੀ ਪੂਰਤੀ ਲਈ ਆਨੰਦ ਦੀ ਕਲਪਨਾ ਹੀ ਉਸ ਨੂੰ ਸ੍ਰਿਸ਼ਟੀ ਦੇ ਨਾਲ ਤਾਲਮੇਲ ਸਥਾਪਿਤ ਕਰਦੀ ਹੋਈ ਕਲਾਤਮਕ ਪ੍ਰਵਿਰਤੀ ਨੂੰ ਸਾਕਾਰ ਰੂਪ ਦੇਣ ਦਾ ਯਤਨ ਕਰਦੀ ਰਹੀ ਹੈ। ਆਨੰਦ ਦੀ ਖੋਜ ਕਰਨ ਵਾਲੀ ਇਸ ਪ੍ਰਵਿਰਤੀ ਨੇ ਹੀ ਲਲਿਤ ਕਲਾਵਾਂ ਨੂੰ ਜਨਮ ਦਿੱਤਾ। ਲਲਿਤ ਕਲਾਵਾਂ ਮੁੱਖ ਤੌਰ 'ਤੇ ਪੰਜ ਹਨ : ਚਿੱਤਰ ਕਲਾ, ਮੂਰਤੀ ਕਲਾ, ਵਾਸਤੂ ਕਲਾ, ਸਾਹਿੱਤ ਕਲਾ ਅਤੇ ਸੰਗੀਤ ਕਲਾ। ਇਨ੍ਹਾਂ ਸਾਰੀਆਂ ਲਲਿਤ ਕਲਾਵਾਂ ਵਿਚ ਸੰਗੀਤ ਦਾ ਮੁੱਖ ਸਥਾਨ ਰਿਹਾ ਹੈ। ਹਰੇਕ ਸ਼ਾਸਤਰ ਜਾਂ ਕਲਾ ਦੀ ਇਹ ਮਾਨਤਾ ਰਹੀ ਹੈ ਕਿ ਉਹ ਪਰਮਾਤਮਾ ਨਾਲ ਹੀ ਸੰਬੰਧਤ ਹੈ ਅਤੇ ਮਨੁੱਖ ਦੀ ਪਰਮਾਤਮਾ ਤੱਕ ਚੜ੍ਹਤ ਦਾ ਸਾਧਨ ਹੈ।

ਭਾਰਤੀ ਸੰਗੀਤ ਅਤਿਅੰਤ ਦੈਵੀ ਅਤੇ ਪਵਿੱਤਰ ਪ੍ਰਾਪਤੀ ਹੈ। ਇਸ ਦੇ ਤਿੰਨ ਅੰਗ ਗਾਇਨ, ਵਾਦਨ ਅਤੇ ਨ੍ਰਿਤ ਸਵੀਕਾਰ ਕੀਤੇ ਗਏ ਹਨ :

ਗੀਤੰ ਵਾਦਯੰ ਚ ਨੰਤਯੰ ਤ੍ਰਯੰ ਸੰਗੀਤਮੁਚਯਤੇ।[39]

ਅਰਥਾਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਕਲਾਵਾਂ ਦੇ ਮੇਲ ਨੂੰ ਸੰਗੀਤ ਆਖਦੇ ਹਨ। ਅਸਲ ਵਿਚ ਇਨ੍ਹਾਂ ਤਿੰਨਾਂ ਕਲਾਵਾਂ ਦਾ ਆਪਣਾ ਵੱਖ-ਵੱਖ ਸਥਾਨ ਹੈ। ਕੁਝ ਲੋਕ ਸਿਰਫ਼ ਗਾਇਨ ਨੂੰ ਹੀ ਸੰਗੀਤ ਕਹਿ ਕੇ ਪੁਕਾਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਗਾਇਨ ਇਨ੍ਹਾਂ ਤਿੰਨਾਂ ਤੋਂ ਸਰਬ-ਸ੍ਰੇਸ਼ਟ ਹੈ। ਸੰਗੀਤ ਸ਼ਬਦ ਦੀ ਵਿਆਖਿਆ ਕਰਨ ਤੋਂ ਵੀ 'ਸ' ਦਾ ਅਰਥ ਹੋਇਆ ਸ੍ਰੇਸ਼ਟ ਅਤੇ ਗੀਤ ਦਾ ਅਰਥ ਹੋਇਆ ਗਾਇਨ ਜਾਂ ਗੀਤ ਅਰਥਾਤ ਸ੍ਰੇਸ਼ਟ ਗਾਇਨ ਨੂੰ ਹੀ ਸੰਗੀਤ ਕਹਾਂਗੇ। ਪਰੰਤੂ ਅਸਲ ਵਿਚ ਭਾਰਤੀ ਸੰਗੀਤ ਵਿਚ ਉਪਰ ਲਿਖੀਆਂ ਤਿੰਨਾਂ ਕਲਾਵਾਂ ਦਾ ਸੁਮੇਲ ਹੁੰਦਾ ਹੈ।

ਸੰਗੀਤ ਦੇ ਆਸ਼ੇ ਨੂੰ ਪ੍ਰਗਟਾਉਣ ਲਈ ਜੋ ਸ਼ਬਦ ਆਦਿ ਕਾਲ ਤੋਂ ਪ੍ਰਯੋਗ ਕੀਤੇ ਜਾ ਰਹੇ ਹਨ ਉਹ ਗੀਤ, ਗਾਤੁ, ਗਾਥਾ, ਗਾਇਨ, ਗੀਤਿ ਅਤੇ ਸਾਮ ਸ਼ਬਦ ਹਨ।[40]

ਸੰਗੀਤ ਆਨੰਦ ਦਾ ਆਵਿਰਭਾਵ ਹੈ, ਆਨੰਦ ਪਰਮਾਤਮਾ ਦਾ ਸਰੂਪ ਹੈ। ਸੰਗੀਤ ਦੁਆਰਾ ਹੀ ਦੁਖ ਦੇ ਅੰਸ਼ ਮਾਤਰ ਤੋਂ ਵੀ ਸੰਬੰਧ ਨਾ ਰੱਖਣ ਵਾਲਾ ਸੁਖ ਮਿਲਦਾ ਹੈ। ਇਸ ਦੁੱਖਾਂ ਭਰੇ ਸੰਸਾਰ ਵਿਚ ਸੰਗੀਤ ਇਕ ਸੁਰਗਾਂ ਦਾ ਵਾਸ ਹੈ। ਸੰਗੀਤ ਦੇ ਪਰਮਾਤਮਾ ਸਰੂਪ ਹੋਣ ਦੇ ਕਾਰਨ ਜੋ ਵਿਅਕਤੀ ਸੰਗੀਤ ਦਾ ਅਭਿਆਸ ਕਰਦੇ ਹਨ ਉਹ ਤਪ, ਦਾਨ, ਯੱਗ, ਕਰਮਯੋਗ ਆਦਿ ਦੇ ਕਸ਼ਟ ਨਾ ਝੱਲਦੇ ਹੋਏ ਮੁਕਤੀ ਮਾਰਗ ਤੱਕ ਪੁੱਜਦੇ ਹਨ।[41]

ਸ਼ਬਦ, ਧੁਨੀ ਅਤੇ ਅਰਥ ਦੁਆਰਾ ਪੂਰਨ ਕਾਵਿ ਹੋਵੇ ਜਾਂ ਧੁਨੀ ਅਤੇ ਨਾਦ ਤੋਂ ਚੰਗੀ ਤਰ੍ਹਾਂ ਵਿਕਸਿਤ ਸੰਗੀਤ—ਇਹ ਦੋਵੇਂ ਕਲਾਵਾਂ ਪਰਮਾਤਮਾ ਨਾਲ ਸੰਯੋਗ ਕਰਾਉਣ ਦੇ ਕਾਰਨ ਯੋਗ ਦੀ ਸ਼੍ਰੇਣੀ ਵਿਚ ਪਹੁੰਚ ਜਾਂਦੀਆਂ ਹਨ।[42] ਇਸ ਪ੍ਰਕਾਰ ਸੰਗੀਤ ਇਕ ਉਪਾਸਨਾ ਅਤੇ ਅਧਿਆਤਮਕ ਸਾਧਨਾ ਹੈ।

ਸੰਗੀਤ ਰੂਪੀ ਇਕ ਮਾਤਰ ਸਾਧਨ ਤੋਂ ਧਰਮ, ਅਰਥ, ਕਾਮ ਅਤੇ ਮੁਕਤੀ ਚਾਰੇ ਪੁਰਸ਼ਾਰਥ ਪ੍ਰਾਪਤ ਹੁੰਦੇ ਹਨ। ਭਾਗਵਦ ਭਜਨ ਨਾਲ ਧਰਮ, ਰਾਜਿਆਂ ਅਤੇ ਪ੍ਰਭੂਆਂ ਤੋਂ ਮਿਲੇ ਹੋਏ ਸਨਮਾਨ ਦੇ ਰੂਪ ਵਿਚ ਅਰਥ, ਅਰਥ ਤੋਂ ਕਾਮ ਅਤੇ ਪਰਮਾਤਮਾ ਦੇ ਪ੍ਰਸ਼ਾਦ ਦੇ ਫਲਸਰੂਪ ਮੁਕਤੀ ਦੀ ਵੀ ਪ੍ਰਾਪਤੀ ਹੁੰਦੀ ਹੈ। ਇਸ ਪ੍ਰਕਾਰ ਸੰਗੀਤ ਸਾਰੇ ਜੀਵਨ ਸਮੂਹ ਨੂੰ ਆਨੰਦ ਦਾ ਵਰ ਦੇ ਕੇ ਆਪਣੇ ਵੱਲ ਖਿੱਚ ਲੈਂਦਾ ਹੈ। ਇਹ ਇਕ ਬਹੁਤ ਪ੍ਰਸਿੱਧ ਵਾਕ ਹੈ:

ਪਸ਼ੁਰਵਤਿ ਸ਼ਿਸ਼ੁ ਵੇਰਤਿੰ ਗਾਨਰਸ ਕਣੀ।[43]

ਸੰਗੀਤ ਇਕ ਸੰਮੋਹਨ (ਤਿਲਸਮੀ) ਵਿੱਦਿਆ ਹੈ। ਇਸ ਵਿਚ ਉਹ ਜਾਦੂਈ ਸ਼ਕਤੀ ਹੈ ਜੋ ਹਰੇਕ ਵਿਅਕਤੀ ਨੂੰ ਆਕਰਸ਼ਿਤ ਕਰਦੀ ਹੈ। ਸ਼ਾਇਦ ਇਸੇ ਗੱਲ ਤੋਂ ਪ੍ਰਭਾਵਿਤ ਹੋ ਕੇ ਸਾਡੇ ਰਿਸ਼ੀਆਂ ਮੁਨੀਆਂ ਨੇ ਇਸ ਨੂੰ ਪਰਮਾਤਮਾ ਦੀ ਉਪਾਸਨਾ ਦਾ ਸਾਧਨ ਬਣਾਇਆ ਹੈ। ਅਜਿਹੀ ਵਿੱਦਿਆ ਅਤੇ ਕਲਾ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਉਹ ਘੱਟ ਹੈ। ਖੁਦ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਸੰਗੀਤ ਆਚਾਰੀਆ ਨਾਰਦ ਨੂੰ ਕਿਹਾ ਹੈ:

ਨਾਹਿ ਬਸਾਮੇਂ ਬੈਕੁੰਠੇ ਯੋਗਿਨੀ ਹਿਰਦਯੇ ਨ ਚ
ਯਦ ਮਤੰ ਯੰਤ੍ਰ ਗਾਯੰਤਿ ਤਮ ਨਿਸ਼ਠਾਮਿ ਨਾਰਦ।

ਆਮ ਤੌਰ 'ਤੇ ਸੁਰਾਂ ਦੀ ਉਹ ਰਚਨਾ ਜੋ ਚਿੱਤ ਦਾ ਮਨੋਰੰਜਨ ਕਰੇ ਅਤੇ ਆਨੰਦ ਪ੍ਰਦਾਨ ਕਰੇ, ਜੋ ਮਧੁਰ ਅਤੇ ਸੁਰੀਲੀ ਹੋਵੇ ਉਸ ਨੂੰ ਸੰਗੀਤ ਆਖਦੇ ਹਨ। ਰਵਿੰਦਰ ਨਾਥ ਠਾਕੁਰ ਆਪਣੀ ਪੁਸਤਕ 'ਸਾਧਨਾ' ਵਿਚ ਲਿਖਦੇ ਹਨ: ਸੰਗੀਤ ਸਾਰੀਆਂ ਕਲਾਵਾਂ ਤੋਂ ਸ੍ਰੇਸ਼ਟ ਕਲਾ ਹੈ ਕਿਉਂਕਿ ਗਾਇਕ ਨੂੰ ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ ਉਹ ਸਭ ਉਸ ਦੇ ਅੰਦਰ ਮੌਜੂਦ ਹਨ। ਉਸ ਦਾ ਵਿਚਾਰ ਅਤੇ ਉਸ ਦਾ ਪ੍ਰਗਟਾਅ ਆਪਸ ਵਿਚ ਭਰਾ-ਭੈਣ ਹਨ। ਆਮ ਤੌਰ 'ਤੇ ਇਹ ਜੋੜੇ ਦੇ ਰੂਪ ਵਿਚ ਪੈਦਾ ਹੁੰਦੇ ਹਨ। ਸੰਗੀਤ ਵਿਚ ਮਨ ਉਸ ਵੇਲੇ ਹੀ ਆਪਣੇ ਆਪ ਨੂੰ ਵਿਅਕਤ ਕਰਦਾ ਹੈ। ਉਸ ਨੂੰ ਕਦੇ ਵੀ ਦੂਜੇ ਪਦਾਰਥਾਂ ਦੀ ਔਕੜ ਪਰੇਸ਼ਾਨ ਨਹੀਂ ਕਰਦੀ।

ਸ਼ੇਖ ਸਾਅਦੀ ਦਾ ਕਥਨ ਹੈ, 'ਸੰਗੀਤ ਦੇ ਪਿੱਛੇ ਪਿੱਛੇ ਖ਼ੁਦਾ ਚੱਲਦਾ ਹੈ। ਜਿਸ ਦਿਲ ਨੂੰ ਸੰਗੀਤ ਤਰੰਗ ਨਾਲ ਨਹੀਂ ਭਰ ਦਿੰਦਾ ਤੇ ਸਮਝ ਲਵੋ ਕਿ ਉਸ ਦੇ ਦਿਲ ਤੋਂ ਸ਼ੈਤਾਨ ਵੀ ਡਰਦਾ ਹੈ।'

ਕਰੈਡਿਕ ਨੇ ਜੀਵਨ ਦੀ ਸਾਰਥਿਕਤਾ ਸੰਗੀਤ ਦੇ ਕਾਰਨ ਹੀ ਮੰਨੀ ਹੈ।

ਲਯੂਰ ਦਾ ਕਹਿਣਾ ਹੈ ਕਿ ਸੰਗੀਤ ਮਨੁੱਖ ਨੂੰ ਦਿਆਲੂ ਅਤੇ ਬੁੱਧੀਮਾਨ ਬਣਾਉਂਦਾ ਹੈ। ਸੰਗੀਤ ਪਰਮਾਤਮਾ ਦੀ ਬਖ਼ਸ਼ੀ ਹੋਈ ਕਲਾ ਹੈ ਜੋ ਮਨੁੱਖ ਦੇ ਦੁੱਖਾਂ ਨੂੰ ਦੂਰ ਕਰ ਕੇ ਸ਼ਾਂਤੀ ਪ੍ਰਦਾਨ ਕਰਦੀ ਹੈ।

ਅਸਲ ਵਿਚ ਸੰਗੀਤ ਇਕ ਉੱਚ-ਕੋਟੀ ਦੀ ਕਲਾ ਹੁੰਦੀ ਹੈ ਜਿਸ ਦਾ ਮਨੁੱਖੀ ਜੀਵਨ ਵਿਚ ਬਹੁਤ ਵੱਡਾ ਹੱਥ ਹੈ। ਸੰਗੀਤ ਦੁਆਰਾ ਮਨੁੱਖ ਦਾ ਮਾਨਸਿਕ ਵਿਕਾਸ ਹੁੰਦਾ ਹੈ। ਸੰਗੀਤ ਇਕ ਅਜਿਹੀ ਕਲਾ ਹੈ ਜਿਸ ਨੂੰ ਸੁਣ ਕੇ ਦਿਲ ਦੇ ਤਾਰ ਆਪਣੇ

ਆਪ ਵੱਜ ਉੱਠਦੇ ਹਨ। ਸੰਗੀਤ ਦੁਆਰਾ ਮਨੁੱਖ ਆਪਣੇ ਮਨ ਦੇ ਭਾਵਾਂ ਨੂੰ ਉੱਚਿਤ ਤਰੀਕੇ ਨਾਲ ਪ੍ਰਸਤੁਤ ਕਰਦਾ ਹੈ। ਸੰਗੀਤ ਮੁਕਤੀ ਦਾ ਸਾਧਨ ਹੈ। ਸੰਗੀਤ ਮਿੱਠਾ ਅਤੇ ਸੁਰੀਲਾ ਹੋਵੇ ਤਾਂ ਸਰੋਤੇ ਉਸ ਵਿਚ ਲੀਨ ਹੋ ਜਾਂਦੇ ਹਨ। ਇਸ ਪ੍ਰਕਾਰ ਸੰਗੀਤ ਸੁਣ ਕੇ ਲੀਨ ਹੋਣ ਦੀ ਸਥਿਤੀ ਵਿਚ ਵਿਅਕਤੀ ਪਰਮਾਤਮਾ ਨਾਲ ਮਿਲ ਜਾਂਦਾ ਹੈ। ਇਸ ਤੋਂ ਵੱਡੀ ਸ਼ਕਤੀ ਹੋਰ ਕਿਹੜੀ ਹੋ ਸਕਦੀ ਹੈ?

ਹਿੰਦੀ ਦੇ ਮਹਾਨ ਲਿਖਾਰੀ ਮੁਨਸ਼ੀ ਪ੍ਰੇਮ ਚੰਦ ਨੇ ਸੰਗੀਤ ਦੀ ਮਹੱਤਤਾ ਬਹੁਤ ਚੰਗੇ ਢੰਗ ਨਾਲ ਪੇਸ਼ ਕੀਤੀ ਹੈ ਕਿ "ਜਦੋਂ ਮਨੁੱਖੀ ਮਨ ਦੀ ਹਾਲਤ ਬਹੁਤ ਬੇਸਹਾਰਾ ਅਤੇ ਬੇਚੈਨ ਹੋ ਜਾਂਦੀ ਹੈ, ਉਸ ਨੂੰ ਕਿਧਰੇ ਵੀ ਚੈਨ ਨਹੀਂ ਮਿਲਦਾ ਤਾਂ ਉਹ ਸੰਗੀਤ ਦੇ ਚਰਨਾਂ ਵਿਚ ਜਾ ਡਿੱਗਦਾ ਹੈ ਅਤੇ ਉਸ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।"

ਵੈਦਿਕ ਕਾਲ ਤੋਂ ਹੀ ਸੰਗੀਤ ਦਾ ਪ੍ਰਯੋਗ ਉਪਾਸਨਾ ਦੇ ਲਈ ਕੀਤਾ ਜਾਂਦਾ ਰਿਹਾ ਹੈ ਜਾਂ ਦੂਜੇ ਸ਼ਬਦਾਂ ਵਿਚ ਵੈਦਿਕ ਸੰਗੀਤ ਦੀ ਸਥਾਪਨਾ ਹੀ ਪਰਮਾਤਮਾ ਦੀ ਉਸਤਤ ਲਈ ਕੀਤੀ ਗਈ ਕਿਉਂਕਿ ਭਗਤੀ ਮਾਰਗ ਵਿਚ ਸੰਗੀਤ ਦੇ ਨਾਲ ਭਗਵਤ ਭਜਨ ਕਰਨ ਨਾਲ ਮਨ ਛੇਤੀ ਹੀ ਪਰਮਾਤਮਾ ਦੇ ਰੂਪ ਵਿਚ ਲੀਨ ਹੋ ਜਾਂਦਾ ਹੈ। ਇਸ ਦੇ ਦੋ ਕਾਰਨ ਹਨ। ਸੰਗੀਤ ਤੋਂ ਬਗ਼ੈਰ ਨਾਮ ਉਚਾਰਨ ਮਾਤਰ ਕਰਦੇ ਸਮੇਂ ਮੂੰਹ ਸਿਰਫ਼ ਨਾਮ ਦਾ ਰਟਨ ਕਰਦਾ ਹੈ। ਮਨ ਤਾਂ ਦਸਾਂ ਦਿਸ਼ਾਵਾਂ ਵਿਚ ਫਿਰਦਾ ਰਹਿੰਦਾ ਹੈ ਪਰੰਤੂ ਸੰਗੀਤ ਦੇ ਨਾਲ ਸਮਰੂਪ ਜਾਂ ਉਸਤਤ ਕਰਦੇ ਸਮੇਂ ਸੰਗੀਤ ਦੀ ਮਨੋਹਰ ਸ਼ਕਤੀ ਇਕ ਕੇਂਦਰ ਬਿੰਦੂ ਬਣ ਕੇ ਪਰਮਾਤਮਾ ਦੇ ਨਾਮ ਰੂਪ ਨੂੰ ਮਨ ਦੇ ਨਾਲ ਬੰਨ੍ਹ ਦਿੰਦੀ ਹੈ। ਦੂਜਾ ਕਾਰਣ ਇਹ ਹੈ ਕਿ ਪਰਮਾਤਮਾ ਸੰਗੀਤ ਤੋਂ ਜਿੰਨਾ ਪ੍ਰਸੰਨ ਹੁੰਦਾ ਹੈ ਉਨਾ ਦੂਜੇ ਸਾਧਨਾਂ ਨਾਲ ਨਹੀਂ ਹੁੰਦਾ।

ਇਸ ਪ੍ਰਕਾਰ ਆਰੀਆਂ ਨੇ ਵੀ ਪਰਮਾਤਮਾ ਦੀ ਉਪਾਸਨਾ ਕਰਨ ਲਈ ਸੰਗੀਤ ਦਾ ਹੀ ਉਪਯੋਗ ਕੀਤਾ। ਅੱਜ ਸਾਡੇ ਸਾਹਮਣੇ ਜੋ ਸੰਗੀਤ ਹੈ ਉਸ ਦੀਆਂ ਜੜ੍ਹਾਂ ਵੈਦਿਕ ਕਾਲ ਵਿਚ ਹੀ ਜੰਮ ਚੁੱਕੀਆਂ ਸਨ। ਵੈਦਿਕ ਕਾਲ ਵਿਚ ਦੋ ਪ੍ਰਕਾਰ ਦਾ ਸੰਗੀਤ ਸੀ: 'ਵੈਦਿਕ' ਅਤੇ 'ਲੌਕਿਕ', ਜੋ ਅੱਗੇ ਚੱਲ ਕੇ ਕ੍ਰਮਵਾਰ 'ਮਾਰਗ' ਅਤੇ 'ਦੇਸ਼ੀ' ਨਾਮ ਦੀਆਂ ਸੰਗਿਆਵਾਂ ਨਾਲ ਸੁਸ਼ੋਭਿਤ ਹੋਇਆ। ਮਾਰਗ ਦੇ ਅਧੀਨ 'ਸਾਮ ਗਾਇਨ' ਅਤੇ ਦੇਸ਼ੀ ਦੇ ਅਧੀਨ 'ਗਾਂਧਰਵ ਗਾਇਨ' ਆਇਆ ਜੋ ਰਾਮਾਇਣ ਅਤੇ ਮਹਾਂਭਾਰਤ ਕਾਲ ਤਕ ਪਹੁੰਚ ਕੇ 'ਮਾਰਗ ਸੰਗੀਤ' ਕਿਹਾ ਜਾਣ ਲੱਗਾ।[44]

ਸਪੱਸ਼ਟ ਹੈ ਕਿ ਗਾਂਧਰਵ ਅਤੇ ਸਾਮ ਨੂੰ ਪਰਾਂਜਪੇ ਨੇ ਲੋਕ ਸੰਗੀਤ 'ਤੇ ਆਧਾਰਿਤ ਮੰਨਿਆ ਅਤੇ ਉਸ ਦੀ ਨੇਮਬੱਧਤਾ ਨੂੰ ਮਾਰਗ। ਸਾਮ-ਸੰਗੀਤ ਜਾਂ ਗਾਧਰਵ 'ਤੇ ਭਾਰਤੀ ਵਿਸ਼ਵਾਸ ਜਾਂ ਮਾਨਤਾਵਾਂ ਪੂਰਨ ਤੌਰ 'ਤੇ ਵੱਖ-ਵੱਖ ਰਹੀਆਂ ਹਨ। ਸਾਮ ਨੂੰ 'ਅਲੌਕਿਕ' ਮੰਨਿਆ ਗਿਆ ਹੈ ਅਤੇ ਉਸ ਦਾ ਉਪਵੇਦ 'ਗਾਂਧਰਵ' ਹੈ। ਸੰਗੀਤ ਦੇ ਵੱਖ-ਵੱਖ ਪਹਿਲੂਆਂ ਨੂੰ ਉਸ ਉਦੇਸ਼ ਦੇ ਵੱਲ ਧਿਆਨ ਰੱਖਦੇ ਹੋਏ ਵੰਡਿਆ ਗਿਆ ਹੈ। ਸਾਮ ਦਾ ਉਦੇਸ਼ ਜ਼ਿਆਦਾਤਰ ਪਰਮਾਤਮਾ ਦੀ ਅਰਾਧਨਾ ਕਰਨਾ ਸੀ। ਸਾਮ ਤੋਂ ਇਲਾਵਾ ਕੁਝ ਵਿਸ਼ੇਸ਼ ਨਿਯਮਾਂ ਨਾਲ ਬੱਝੇ ਗੀਤ ਦੇਵਤਿਆਂ

ਨੂੰ ਖ਼ੁਸ਼ ਕਰਨ ਲਈ ਗਾਏ ਜਾਂਦੇ ਸਨ ਜਿਨ੍ਹਾਂ ਨੇ ਸਾਮਿਕ ਨਿਯਮਾਂ ਨਾਲ ਬੱਝੇ ਹੋਣ ਤੋਂ ਸਿੱਖਿਆ ਵਿਚ 'ਲੌਕਿਕ' ਦੀ ਸੰਗਿਆ ਪ੍ਰਾਪਤ ਕੀਤੀ।[45]

'ਸਿੱਖਿਆ' ਦੇ ਵਰਣਨ ਤੋਂ ਸਪੱਸ਼ਟ ਹੈ ਕਿ 'ਗਾਂਧਰਵ' ਦਾ ਰੂਪ ਸਾਮ ਤੋਂ ਵੱਖਰਾ ਸੀ। 'ਗਾਂਧਰਵ' ਸ਼ਬਦ ਦਾ ਹੋਰਨਾਂ ਸਥਾਨਾਂ ਵਿਚ ਪ੍ਰਯੋਗ ਨਾਰਦ ਨੇ ਨਹੀਂ ਕੀਤਾ ਪਰੰਤੂ 'ਵੈਦਿਕ' 'ਚ 'ਲੌਕਿਕ' ਸ਼ਬਦ ਦਾ ਕਈ ਵਾਰ ਪ੍ਰਯੋਗ ਕੀਤਾ ਹੈ। ਇਸ ਲਈ ਅਸੀਂ ਅਜਿਹਾ ਸੋਚ ਸਕਦੇ ਹਾਂ ਕਿ ਲੌਕਿਕ ਸ਼ਬਦ ਦਾ ਵਿਵਹਾਰ 'ਗਾਂਧਰਵ' ਦੇ ਲਈ ਕੀਤਾ ਗਿਆ ਹੋਵੇਗਾ। ਪਰੰਤੂ ਭਰਤ ਨੇ ਗਾਂਧਰਵ ਨੂੰ ਸਾਮ ਤੋਂ ਹੀ ਉਤਪੰਨ ਮੰਨਿਆ ਹੈ।[46]

अर्त्यथमिष्टं देवानां तथा प्रीतिकरं पुनः
गन्धर्त्वाणां च यस्माद्धि तस्यादगारन्धर्ववमच्यते
अस्य योनिर्भवदगानं वीणा वंशास्तथैव च
एतेषां चैव वक्ष्यामि विधिं स्वर समुत्थितम्। [47]

ਅਭਿਨਵ ਗੁਪਤ ਨੇ ਗਾਂਧਰਵ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ:

'गा' वायं धारयनीती गान्धर्व, गन्धवणिमिदामिति च।

ਗਾਣਭੇਦ ਜੇਕਰ ਸਾਮ ਤੋਂ ਉਤਪੰਨ ਹੈ ਤਾਂ ਇਹ ਮੰਨਣਾ ਅਣ-ਉਚਿਤ ਨਹੀਂ ਹੋਵੇਗਾ ਕਿ ਸਾਮ ਤੋਂ ਇਲਾਵਾ ਸਮੂਹ ਗਾਣਭੇਦ ਜੋ ਸਿਖਿਆ ਦੇ ਸਮੇਂ ਤਕ ਲੋਕਾਂ ਵਿਚ ਪ੍ਰਚਲਿਤ ਰਿਹਾ ਹੈ ਅਤੇ ਜਿਸ ਨੂੰ ਲੌਕਿਕ ਕਿਹਾ ਗਿਆ ਹੈ, ਭਰਤ ਨੇ ਵੀ ਉਸ ਨੂੰ ਚੰਗੀ ਤਰ੍ਹਾਂ ਜੋੜ ਤੇ 'ਗਾਂਧਰਵ' ਦੇ ਰੂਪ ਵਿਚ ਸਥਿਤ ਕੀਤਾ।[48] ਇਸੇ ਗਾਂਧਰਵ ਦਾ ਮੰਤਵ ਭੇਦ ਅਤੇ ਉਦੇਸ਼ ਭੇਦ ਨਾਲ ਦੋ ਭਾਗਾਂ ਵਿਚ ਵਿਭਾਜਨ ਹੋਇਆ ਜੋ ਗਾਂਧਰਵ ਅਤੇ ਗਾਨ ਦੇ ਨਾਮ ਨਾਲ ਜਾਣਿਆ ਗਿਆ। ਸਾਮੇਤਰ ਸੰਗੀਤ ਜੋ ਲੋਕਾਂ ਵਿਚ ਗਾਏ ਵਜਾਏ ਜਾਂਦੇ ਸੀ ਉਨ੍ਹਾਂ ਦੇ ਵਿਸ਼ੇਸ਼ ਰੂਪ ਨੂੰ ਜਿਨ੍ਹਾਂ ਦਾ ਉਦੇਸ਼ ਦੇਵਤਿਆਂ ਨੂੰ ਖ਼ੁਸ਼ ਕਰਨਾ ਅਤੇ ਮੁਕਤੀ ਦੀ ਪ੍ਰਾਪਤੀ ਜਾਂ ਉਸ ਨੂੰ 'ਗਾਂਧਰਵ' ਦੀ ਸੰਗਿਆ ਅਤੇ ਜਿਸ ਵਿਚ ਆਮ ਮਨੋਰੰਜਨ ਦਾ ਭਾਵ ਜ਼ਿਆਦਾ ਰਿਹਾ ਉਸ ਨੂੰ 'ਗਾਨ' ਦੀ ਸੰਗਿਆ ਦਿੱਤੀ ਗਈ।

ਭਰਤਾਚਾਰੀਆ ਦੇ ਅਨੁਸਾਰ, "ਗੰਧਰਵ ਵਿਚ ਸੁਰ, ਤਾਲ ਅਤੇ ਪਦ ਤਿੰਨਾਂ ਅੰਗਾਂ ਦਾ ਹੋਣਾ ਲਾਜ਼ਮੀ ਹੈ।" ਸਾਰਥਕ ਸ਼ਬਦਾਂ ਦਾ ਸਮੂਹ ਸੁਰ ਅਤੇ ਤਾਲ ਵਿਚ ਰਚਿਤ ਹੋ ਕੇ ਗੀਤ ਅਖਵਾਉਂਦਾ ਹੈ। ਵੀਣਾ ਅਤੇ ਵੰਸ਼ੀ ਇਸ ਦੇ ਸ਼ਾਗਿਰਦ ਹਨ। ਗੀਤ ਦੀ ਪ੍ਰਧਾਨਤਾ ਹੋਣ ਦੇ ਕਾਰਨ ਇਸੇ ਗਾਂਧਰਵ ਨੂੰ 'ਸੰਗੀਤ' ਆਖਦੇ ਹਨ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ 'ਸੰਗੀਤ' ਬਾਅਦ ਵਿਚ ਪ੍ਰਚਲਿਤ ਸ਼ਬਦ ਹੈ। ਪ੍ਰਾਚੀਨ ਕਾਲ ਵਿਚ ਸੰਗੀਤ ਦੇ ਸਥਾਨ ਤੇ 'ਗਾਂਧਰਵ' ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਬਾਲਮੀਕਿ ਦੀ ਰਾਮਾਇਣ ਵਿਚ ਲਵ ਕੁਸ਼ ਦੇ ਰਾਮਾਇਣ ਗਾਇਨ ਦੇ ਲਈ 'ਗਾਂਧਰਵ' ਸ਼ਬਦ ਦਾ ਪ੍ਰਯੋਗ ਮਿਲਦਾ ਹੈ। ਜੋ ਗੀਤ ਅਤੇ ਸਾਜ਼ ਦੇ ਲਈ ਹੀ ਹੈ। ਭਰਤ ਮੁਨੀ ਨੇ ਵੀ ਗਾਂਧਰਵ ਸ਼ਬਦ ਦਾ ਪ੍ਰਯੋਗ ਗੀਤ ਅਤੇ ਸਾਜ਼ ਦੇ ਲਈ

ਹੀ ਕੀਤਾ ਹੈ। ਅੱਜ ਵੀ 'ਸੰਗੀਤ' ਸ਼ਬਦ ਦਾ ਪ੍ਰਯੋਗ ਆਮ ਤੌਰ 'ਤੇ ਗੀਤ ਅਤੇ ਸਾਜ਼ ਦੇ ਲਈ ਹੀ ਹੁੰਦਾ ਹੈ।[49]

ਹਵਾਲੇ ਤੇ ਟਿੱਪਣੀਆਂ

1. **ਸੰਗੀਤ ਨਿਬੰਧ ਸੰਗ੍ਰਹਿ**, ਹਰੀਸ਼ਚੰਦਰ ਸ੍ਰੀਵਾਸਤਵ, ਪੰਨਾ 55.
2. **ਸਾਹਿੱਤ ਅਤੇ ਸੰਗੀਤ ਦਾ ਆਪਸੀ ਸੰਬੰਧ** (ਛੋਟਾ ਖੋਜੀ ਨਿਬੰਧ), ਪੰਨਾ 114.
3. **ਸੰਗੀਤ (ਪੱਤਰਿਕਾ)**, ਪੰਨਾ 16.
4. ਗਿਆਨ ਮੰਡਲ ਲਿਮਿਟਡ ਵਾਰਾਣਸੀ ਦੁਆਰਾ ਪ੍ਰਕਾਸ਼ਿਤ ਵ੍ਰਹਤ ਹਿੰਦੀ ਕੋਸ਼ ਦੇ ਤੀਜੇ ਸੰਸਕਰਣ ਦੇ ਪੰਨਾ 99 ਵਿਚ ਅੰਕਿਤ।
5. **ਸੰਸਕ੍ਰਿਤ ਸ਼ਬਦਾਰਥ ਕੌਸਤੁਭ**, ਪੰਨਾ 815.
6. ਜੋਸ਼ੀ, ਜੈਸ਼ੰਕਰ, **ਹਲਾਯੁਧ ਕੋਸ਼**, ਪੰਨਾ 487.
7. **ਭਗਤੀ ਸੰਗੀਤ**, ਆਸ਼ਾਗੁਪਤ, ਪੰਨਾ 6.
8. **ਭਗਤੀ**, ਸੂਬੇਦਾਰ ਬਘੇਲ ਸਿੰਘ, ਪੰਨਾ 68.
9. **ਸੰਗੀਤ**, ਜਨਵਰੀ 1970, ਪੰਨਾ 19.
10. **ਭਾਰਤੀ ਸੰਗੀਤ ਦਾ ਇਤਿਹਾਸ**, ਪੰਡਿਤ ਲਾਲ ਮਣੀ ਮਿਸ਼ਰਾ, ਪੰਨਾ 168.
11. **ਭਗਤੀ**, ਸੂਬੇਦਾਰ ਬਘੇਲ ਸਿੰਘ, ਪੰਨਾ 69.
12. **ਭਗਤੀ ਸਿਧਾਂਤ**, ਆਸ਼ਾ ਗੁਪਤਾ, ਪੰਨਾ 7.
13. **ਪੂਜਾ ਦਿਸ਼ਵਨੁਰਾਗ ਇਤੀ ਪਾਰਾਸ਼ਰਿਆ**; **ਨਾਰਦ ਭਗਤੀ ਸੂਤਰ**, ਪੰਨਾ 16.
14. **ਕਥਾ ਦਿਸ਼ਵਤੀ ਗਰਗ : ਨਾਰਦ ਭਗਤੀ ਸੂਤਰ**, ਪੰਨਾ 17.
15. ਭਗਤੀ ਸੂਤਰ, ਪੰਨਾ 19.
16. **ਭਗਤੀ ਮੀਮਾਂਸਾ**, ਪਹਿਲਾ ਅਧਿਆਇ, ਪਹਿਲਾ ਪਾਦ, ਪੰਨਾ 2.
17. **ਭਗਤੀ ਸਿਧਾਂਤ**, ਆਸ਼ਾ ਗੁਪਤਾ, ਪੰਨਾ 9.
18. **ਸ਼ੰਕਰਾਚਾਰੀਆ ਵਿਵੇਕ ਚੂੜਾਮਣੀ**, ਪੰਨਾ 31.
19. **ਰਾਮਚਰਿਤ ਮਾਨਸ**, ਪੰਨਾ 2/93.
20. **ਉਹੀ**, ਪੰਨਾ 7/89.
21. ਰਾਮ ਚੰਦਰ ਸ਼ੁਕਲ, **ਚਿੰਤਾਮਣੀ ਸ਼ਰਧਾ ਭਗਤੀ**, ਪੰਨਾ 26; **ਭਗਤੀ ਸਿਧਾਂਤ**, ਆਸ਼ਾ ਗੁਪਤਾ, ਪੰਨਾ 11.
22. **ਮੱਧ ਯੁਗੀਨ ਵੈਸ਼ਣੋ ਸੰਪ੍ਰਦਾਵਾਂ ਵਿਚ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੇਨਾ, ਪੰਨਾ 8.
23. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 14.
24. **ਭਗਤੀ ਰਸਾਮ੍ਰਿਤ ਸਿੰਧੂ**, ਪੰਨਾ 1/35.
25. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 14.
26. **ਸੰਗੀਤ ਪੱਤਰਿਕਾ**, ਜਨਵਰੀ 1970, ਪੰਨਾ 4.
27. **ਨਾਰਦੀ ਭਗਤੀ ਸੂਤਰ**, ਸ਼ਲੋਕ 80, ਪੰਨਾ 179.
28. **ਅਦੁਤੀ ਗੁਰਮਤਿ ਸੰਗੀਤ ਸੰਮੇਲਨ ਪੱਤਰਿਕਾ**, ਲੇਖ ਡਾ. ਅਜੀਤ ਸਿੰਘ ਪੇਂਟਲ, ਪੰਨਾ 57.

29. **ਗੁਰੂ ਗ੍ਰੰਥ ਸਾਹਿਬ**, ਪੰਨਾ 885.
30. **ਮੱਧਯੁਗੀਨ ਵੈਸ਼ਣੋ ਸੰਪ੍ਰਦਾਵਾਂ ਵਿਚ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੇਨਾ, ਪੰਨਾ 17.
31. **ਸਿੱਖ ਗੁਰਦੁਆਰਿਆਂ ਵਿਚ ਹਰਿ ਕੀਰਤਨ ਵਿਚ ਸ਼ਾਸਤਰੀ ਸੰਗੀਤ ਦੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 14-15.
32. **ਮੱਧਯੁਗੀਨ ਹਿੰਦੀ ਸਾਹਿੱਤ ਦਾ ਲੋਕਤਾਂਤ੍ਰਿਕ ਅਧਿਐਨ**, ਡਾ. ਸਤਿਯੇਂਦਰ, ਪੰਨਾ 368-369.
33. **ਮੱਧਕਾਲੀ ਭਗਤੀ ਅੰਦੋਲਨ ਦਾ ਸਾਮਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 3.
34. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 51.
35. **ਉਹੀ**, (ਸ਼ਵੇਤਾਸ਼ਵਤਰ ਉਪਨਿਸ਼ਦ 6/23)
36. **ਮੱਧਕਾਲੀ ਭਗਤੀ ਅੰਦੋਲਨ ਦਾ ਸਾਮਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 3.
37. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 65.
38. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਮਨਮੋਹਨ ਸਿੰਘ, ਪੰਨਾ 35.
39. **ਸੰਗੀਤ ਰਤਨਾਕਰ ਸਵਰਗਤਧਿਆਇ**, ਪਹਿਲਾ ਭਾਗ, ਸ਼ਾਂਰੰਗਵੇਦ, ਪੰਨਾ 13.
40. **ਭਗਤੀ ਸੰਗੀਤ ਦਾ ਇਤਿਹਾਸ**, ਸ਼ਰਤਚੰਦਰ ਪਰਾਂਜਪੇ, ਪੰਨਾ 19.
41. **ਸੰਗੀਤ ਸ਼ਾਸਤਰ**, ਕੇ. ਵਾਸੁਦੇਵ ਸ਼ਾਸਤਰੀ, ਪੰਨਾ 1.
42. **ਉੱਤਰ ਭਾਰਤ ਸੰਗੀਤ ਮੇਂ ਬ੍ਰਿਜ ਕਾ ਯੋਗਦਾਨ**, ਕੁ. ਰਾਕੇਸ਼ ਘਈ, ਪੰਨਾ 1.
43. **ਸੰਗੀਤ ਸ਼ਾਸਤਰ**, ਕੇ. ਵਾਸੁਦੇਵ ਸ਼ਾਸਤਰੀ, ਪੰਨਾ 1.
44. **ਸੰਗੀਤ ਬੋਧ**, ਸ਼ਰਤਚੰਦਰ ਪਰਾਂਜਪੇ, ਪੰਨਾ 41.
45. **ਸਵਰ ਅਤੇ ਰਾਗਾਂ ਦੇ ਵਿਕਾਸ ਕਾਰਜਾਂ ਵਿਚ ਸਾਜ਼ਾਂ ਦਾ ਯੋਗਦਾਨ**, ਇੰਦਰਾਣੀ ਚੱਕਰਵਰਤੀ, ਪੰਨਾ 39.
46. **ਉਹੀ**, ਪੰਨਾ 41.
47. **ਉਹੀ.**
48. **ਉਹੀ.**
49. **ਸੰਗੀਤ ਪੱਤਰਿਕਾ**, ਜਨਵਰੀ 1970, ਪੰਨਾ 10.

ਭਗਤੀ ਸੰਗੀਤ ਦੀ ਉਤਪਤੀ ਅਤੇ ਵਿਕਾਸ

ਪਰਮਾਤਮਾ ਦੇ ਪ੍ਰੇਮ ਦੀ ਪ੍ਰਾਪਤੀ ਲਈ ਜਾਂ ਪਰਮਾਤਮਾ ਦੇ ਗੁਣਗਾਨ ਦੇ ਦੁਆਰਾ ਆਪਣੇ ਮਾਨਸਿਕ ਵਿਕਾਰਾਂ ਨੂੰ ਸ਼ਾਂਤ ਕਰਨ ਲਈ ਜੋ ਗੀਤ ਗਾਏ ਜਾਂਦੇ ਹਨ ਜਾਂ ਸਾਜ਼ ਵਜਾਏ ਜਾਂਦੇ ਹਨ ਉਨ੍ਹਾਂ ਨੂੰ 'ਭਗਤੀ ਸੰਗੀਤ' ਆਖਦੇ ਹਨ। ਜਿਸ ਪ੍ਰਕਾਰ ਸੰਸਾਰਿਕ ਰਾਗ ਜਾਂ ਆਕਰਸ਼ਣ ਹੀ ਉੱਦਾਤ ਰੂਪ ਧਾਰ ਕੇ ਪਰਮਾਤਮਾ ਦੇ ਪ੍ਰੇਮ ਵਿਚ ਤਬਦੀਲ ਹੋ ਕੇ ਭਗਤੀ ਅਖਵਾਉਂਦੀ ਹੈ, ਉਸੇ ਤਰ੍ਹਾਂ ਸੰਸਾਰਿਕ ਮਨੋਰੰਜਨ ਵਾਸਤੇ ਨਾ ਹੋ ਕੇ ਪਰਮਾਤਮਾ ਦੇ ਮਨੋਰੰਜਨ ਲਈ ਗਾਉਣ-ਵਜਾਉਣ ਹੋਵੇ ਤਾਂ ਉਸ ਨੂੰ ਭਗਤੀ ਸੰਗੀਤ ਆਖਦੇ ਹਨ।

ਭਗਤੀ ਸੰਗੀਤ ਭਜਨ, ਪ੍ਰਾਰਥਨਾ, ਕੀਰਤਨ ਅਤੇ ਉਸਤਤ ਦੇ ਰੂਪ ਵਿਚ ਪ੍ਰਚਲਿਤ ਹੈ। ਇਸ ਵਿਚ ਕਾਵਿ-ਪੱਖ ਦੀ ਬਜਾਏ ਭਾਵ-ਪੱਖ ਦੀ ਬਹੁਲਤਾ ਰਹਿੰਦੀ ਹੈ। ਹਰੇਕ ਦਾ ਆਪਣਾ ਵਿਸ਼ੇਸ਼ ਸ਼ਥਾਨ ਹੈ। ਕਿਸੇ ਵਿਚ ਭਾਵਾਂ ਦੀ ਉੱਚਤਾ, ਵਿਚਾਰਾਂ ਦੀ ਗੂੜ੍ਹਤਾ ਅਤੇ ਜੀਵਨ ਦਾ ਗੂੜ੍ਹ ਬੋਧ ਅਤੇ ਉਸ ਦਾ ਵਿਸ਼ਲੇਸ਼ਣ ਮੌਜੂਦ ਰਹਿੰਦਾ ਹੈ, ਕੋਈ ਜੀਵਨ ਅਤੇ ਜਾਤ ਦੇ ਵਿਚ ਬਹੁਤ ਹੀ ਸੁਹਣਾ ਤਾਲਮੇਲ ਪੈਦਾ ਕਰਦਾ ਹੈ, ਕਿਸੇ ਵਿਚ ਸੰਪੂਰਨ ਸਮਰਪਣ ਹੁੰਦਾ ਹੈ ਅਤੇ ਕਿਸੇ ਵਿਚ ਮਨੁੱਖ-ਮਾਤਰ ਵਾਸਤੇ ਪ੍ਰੇਰਨਾ ਦੇਣ ਵਾਲੀ ਅਸੀਮਤ ਸ਼ਕਤੀ ਲੁਪਤ ਹੁੰਦੀ ਹੈ।

ਸੰਗੀਤ ਦਾ ਜਨਮ ਭਗਤੀ ਭਾਵਨਾ ਤੋਂ ਹੋਇਆ ਹੈ ਅਤੇ ਇਸੇ ਵਿਚ ਇਸ ਦੀ ਨਿਰੰਤਰ ਪਾਲਣਾ ਅਤੇ ਵਿਕਾਸ ਵੀ ਹੋਇਆ ਹੈ। ਸੰਗੀਤ ਵਿਚ ਪਰਮਾਤਮਾ ਨਾਲ ਸਾਖਿਆਤਕਾਰ ਕਰਾਉਣ ਦੀ ਅਸੀਮਤ ਸ਼ਕਤੀ ਮੌਜੂਦ ਹੁੰਦੀ ਹੈ। ਸੰਗੀਤ ਦੇ ਸੁਰ ਮਨ ਨੂੰ ਇਕਾਗਰ ਕਰ ਕੇ ਇਤਨਾ ਜ਼ਿਆਦਾ ਲੀਨ, ਮਗਨ ਅਤੇ ਸਥਿਰ ਕਰ ਦਿੰਦੇ ਹਨ ਕਿ ਹਿਰਦੇ ਦੀਆਂ ਸਮੂਹ ਚੰਚਲ ਬਿਰਤੀਆਂ ਕੇਂਦਰਿਤ ਹੋ ਕੇ ਅੰਤਰ-ਨਿਹਤ ਹੋ ਜਾਂਦੀਆਂ ਹਨ ਅਤੇ ਏਧਰ-ਓਧਰ ਨਹੀਂ ਦੌੜ ਸਕਦੀਆਂ। ਇਸ ਲਈ ਚੰਚਲ ਮਨੋਬਿਰਤੀ ਦੇ ਰੋਕ, ਉਦੇਸ਼ ਦੇ ਨਾਲ ਏਕੀਕਰਨ ਅਤੇ ਭਗਤੀ ਵਿਚ ਇਕਾਗਰਤਾ ਲਿਆਉਣ ਲਈ ਸੰਗੀਤ ਦੇ ਸੁਰਾਂ ਵਿਚ ਲੀਨ ਹੋਣਾ ਲਾਜ਼ਮੀ ਹੈ। ਸੁਰਾਂ ਵਿਚ ਗਤੀ ਹੁੰਦੀ ਹੈ। ਇਹ ਗਤੀ ਚੰਗੀ ਤਰ੍ਹਾਂ ਨਿਯੰਤਰਿਤ ਅਤੇ ਲੜੀਬੱਧ ਹੁੰਦੀ ਹੈ। ਇਸ ਦੇ ਮਾਧਿਅਮ ਨਾਲ ਮਨੁੱਖ ਦਾ ਮਨ ਅਟੁੱਟ ਬਣਿਆ ਰਹਿੰਦਾ ਹੈ। ਉਹ ਆਲੇ-ਦੁਆਲੇ ਦੀ ਜੱਦੋ-ਜਹਿਦ ਅਤੇ ਸ਼ੋਰ-ਸ਼ਰਾਬੇ ਨਾਲ ਭਰਪੂਰ ਵਾਤਾਵਰਣ ਦੁਆਰਾ ਅਸੰਗਠਿਤ ਨਹੀਂ ਹੋ ਸਕਦਾ ਅਤੇ ਸਹਿਜੇ ਹੀ ਆਪਣੇ ਉਦੇਸ਼ ਨੂੰ ਪ੍ਰਾਪਤ ਕਰ ਲੈਂਦਾ ਹੈ।

ਇਨ੍ਹਾਂ ਗੁਣਾਂ ਦੇ ਕਾਰਣ ਸੰਗੀਤ ਨੂੰ ਸਾਰਿਆਂ ਨੇ ਭਗਤੀ ਦਾ ਸਰਬਉਚ ਵਸੀਲਾ ਮੰਨਿਆ ਹੈ। ਸੰਸਾਰ ਦੀਆਂ ਵੱਖ ਵੱਖ ਜਾਤੀਆਂ ਦੇ ਵਿਭਿੰਨ ਧਰਮਾਂ ਵਿਚ ਸੰਗੀਤ ਨੂੰ ਉਪਾਸਨਾ ਦਾ ਮੁੱਖ ਅੰਗ ਮੰਨਿਆ ਹੈ। ਮੰਦਰਾਂ ਅਤੇ ਗੁਰਦੁਆਰਿਆਂ ਵਿਚ ਸਵੇਰ ਤੋਂ ਸ਼ਾਮ ਤਕ ਜੋ ਕੀਰਤਨ, ਭਜਨ ਅਨੇਕਾਂ ਪ੍ਰਕਾਰ ਦੇ ਸਾਜ਼ਾਂ ਨਾਲ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਸੰਗੀਤ ਹੀ ਇਕ ਮਾਤਰ ਆਧਾਰ ਹੁੰਦਾ ਹੈ। ਇਸੇ ਤਰ੍ਹਾਂ ਗਿਰਜਾਘਰਾਂ ਵਿਚ ਘੰਟਾ ਨਾਦ ਅਤੇ ਮਸਜਿਦਾਂ ਵਿਚ ਅਜ਼ਾਨਾਂ ਵਿਚ ਵੀ ਸੰਗੀਤ ਹੀ ਕੰਮ ਕਰ ਰਿਹਾ ਹੈ। ਮਸੀਤਾਂ ਅਤੇ ਖ਼ਾਨਕਾਹਾਂ ਵਿਚ ਨਾਤਾਂ ਅਤੇ ਕੱਵਾਲੀਆਂ ਦੁਆਰਾ ਉਸ ਅੱਲਾਹ ਦਾ ਹੀ ਗੁਣਗਾਨ ਸਦੀਆਂ ਤੋਂ ਕੀਤਾ ਜਾਂਦਾ ਰਿਹਾ ਹੈ। ਭਗਤੀ ਅਤੇ ਸੰਗੀਤ ਦੇ ਅਟੁੱਟ ਸੰਬੰਧ ਦੇ ਵਿਸ਼ੇ ਵਿਚ ਜੇਕਰ ਕਿਹਾ ਜਾਏ ਕਿ ਸੰਗੀਤ ਭਗਤੀ ਦੇ ਲਈ ਹੀ ਹੈ ਤਾਂ ਅਤਿਕਥਨੀ ਨਹੀਂ ਹੋਵੇਗਾ। ਜਿਸ ਤਰ੍ਹਾਂ ਸਰੀਰ ਦੀ ਧੜਕਨ ਜਿੰਦ ਹੈ ਉਸੇ ਪ੍ਰਕਾਰ ਸੰਗੀਤ ਦੀ ਧੜਕਨ ਭਗਤੀ ਅਤੇ ਭਗਤੀ ਦਾ ਸੰਗੀਤ। ਸੰਗੀਤ ਭਗਤੀ ਨਾਲ ਜੁੜੇ ਰਹਿਣ ਦੇ ਕਾਰਨ ਹੀ ਆਪਣੇ ਇਸ ਪਵਿੱਤਰ ਰੂਪ ਨੂੰ ਪ੍ਰਾਪਤ ਕਰ ਸਕਿਆ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਸੰਗੀਤ ਨੇ ਵਿਸ਼ੇ-ਵਾਸਨਾਵਾਂ ਦਾ ਸੁਮੇਲ ਆਪਣੇ ਆਪ ਵਿਚ ਕੀਤਾ ਉਦੋਂ-ਉਦੋਂ ਇਸ ਦੀ ਪਵਿੱਤਰਤਾ ਭੰਗ ਹੋਈ।

ਹੋਰਨਾਂ ਵਿਦਿਆਵਾਂ ਦੀ ਤਰ੍ਹਾਂ ਸੰਗੀਤ ਨੂੰ ਵੀ ਸਾਤਵਿਕ, ਰਾਜਸਿਕ ਅਤੇ ਤਾਮਸਿਕ—ਇਨ੍ਹਾਂ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਸਾਤਵਿਕ ਸੰਗੀਤ ਵਿਚ ਹੀ ਭਗਤੀ ਸੰਗੀਤ ਦੀ ਗਣਨਾ ਕੀਤੀ ਜਾਂਦੀ ਹੈ। ਇਹ ਚਿੱਤਰ-ਵਿਰਤੀਆਂ ਦੀ ਮਨਾਹੀ ਕਰਨ ਲਈ ਖੁਮਾਰੀ-ਉਪਾਸਨਾ ਕਰਨ ਵਾਲੀ ਮੀਰਾ, ਸੂਰਦਾਸ, ਨਾਨਕ ਆਦਿ ਭਗਤਾਂ ਦੇ ਗਲੇ ਦਾ ਹਾਰ ਮੰਨਿਆ ਗਿਆ ਹੈ। ਭਗਤੀ ਅਤੇ ਉਦਾਸੀ ਭਾਵਾਂ ਦੀ ਪ੍ਰਧਾਨਤਾ ਹੀ ਇਸ ਦੀ ਵਿਸ਼ੇਸ਼ਤਾ ਹੈ।[1]

ਜੇਕਰ ਅਸੀਂ ਸੰਗੀਤ ਦੀ ਉਤਪਤੀ ਅਤੇ ਵਿਕਾਸ ਵੱਲ ਇਕ ਝਾਤ ਮਾਰੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਸੰਗੀਤ ਦਾ ਜਨਮ ਹੀ ਪ੍ਰਭੂ ਉਸਤਤਿ ਦੇ ਲਈ ਹੋਇਆ ਸੀ। ਭਾਰਤ ਅਜਿਹਾ ਦੇਸ਼ ਹੈ ਜਿਥੇ ਸਭ ਤੋਂ ਪਹਿਲਾਂ ਸੰਗੀਤ ਦਾ ਪ੍ਰਯੋਗ ਪਰਮਾਤਮਾ ਦੀ ਭਗਤੀ ਗਾਉਣ ਲਈ ਹੁੰਦਾ ਸੀ।

ਮਨੁੱਖ ਨੇ ਕਾਵਿ ਅਤੇ ਸਾਹਿੱਤ ਤੋਂ ਪਹਿਲਾਂ ਹੀ ਸੰਗੀਤ ਨੂੰ ਜਨਮ ਦਿੱਤਾ ਹੋਵੇਗਾ। ਪਰਮਾਤਮਾ ਦੀ ਉਪਾਸਨਾ ਜੀਵਨ ਨਿਰਮਾਣ ਦੀ ਮੁੱਖ ਵਸਤੂ ਸੀ। ਬਗ਼ੈਰ ਪਰਮਾਤਮਾ ਦੀ ਉਪਾਸਨਾ ਦੇ ਜੀਵਨ ਵਿਚ ਸੁਖ-ਸ਼ਾਂਤੀ ਦਾ ਪ੍ਰਗਟਾਵਾ ਨਹੀਂ ਹੋ ਸਕਦਾ। ਸੰਗੀਤ ਦਾ ਧਾਰਮਿਕ ਰੂਪ ਇਸੇ ਲਈ ਹੋਇਆ ਹੈ। ਅਸਲ ਵਿਚ ਸੰਗੀਤ ਦਾ ਜਨਮ ਧਰਮ ਦੀ ਪਵਿੱਤਰਤਾ ਦੀ ਵਿਸ਼ਾਲ ਪਿੱਠਭੂਮੀ ਵਿਚ ਹੋਇਆ। ਭਾਰਤੀ ਸੰਗੀਤ ਦੇ ਜਨਮ ਦੀ ਇਹੀ ਮੁੱਖ ਵਿਸ਼ੇਸ਼ਤਾ ਹੈ। ਭਾਰਤੀ ਸੰਗੀਤ ਨੂੰ ਪੂਰਨ ਤੌਰ 'ਤੇ ਦੈਵੀ ਰੂਪ ਪ੍ਰਦਾਨ ਕਰ ਦਿੱਤਾ ਗਿਆ। ਸੰਗੀਤ ਪਰਮਾਤਮਾ ਦੀ ਪ੍ਰਾਪਤੀ ਅਤੇ ਮੁਕਤੀ ਦਾ ਪ੍ਰਮੁੱਖ ਆਧਾਰ ਬਣ ਗਿਆ। ਮਨੁੱਖ ਨੂੰ ਜਦੋਂ ਵੀ ਕੋਈ ਵਰ ਲੈਣਾ ਹੁੰਦਾ ਤਾਂ ਉਹ ਸੰਗੀਤ ਦਾ ਸਹਾਰਾ ਹੀ ਲੈਂਦਾ ਸੀ। ਸਿਰਫ਼ ਇਸ ਮਹੱਤਵਪੂਰਨ ਕਾਰਣ ਨੇ ਸੰਗੀਤ ਨੂੰ ਜਨਮ ਦਿੱਤਾ।[2]

ਦ੍ਰਾਵਿੜ ਕਾਲ ਤੋਂ ਹੀ ਮਨੁੱਖ ਨੇ ਸੰਗੀਤ ਦਾ ਪ੍ਰਯੋਗ ਪਰਮਾਤਮਾ ਦੀ ਅਰਾਧਨਾ ਦੇ ਲਈ ਆਰੰਭ ਕਰ ਦਿੱਤਾ ਸੀ। ਇਸ ਸੰਬੰਧ ਵਿਚ ਜੈਨ ਕੋਕਸ ਨੇ ਆਪਣੀ ਪੁਸਤਕ 'ਦਿ ਹੈਲਥ ਐਂਡ ਮਿਊਜ਼ਿਕ' ਵਿਚ ਲਿਖਿਆ ਹੈ ਕਿ "ਇਹ ਲੋਕ ਆਪਣਾ ਥੋੜਾ ਬਹੁਮ ਸਮਾਂ ਕੱਢ ਕੇ ਪ੍ਰਭੂ ਦੀ ਉਸਤਤ ਵਿਚ ਬਿਤਾਉਂਦੇ ਸਨ। ਇਸ ਦਾ ਕਾਰਣ ਇਹ ਸੀ ਕਿ ਪਰਮਾਤਮਾ ਹੀ ਉਨ੍ਹਾਂ ਲਈ ਸਭ ਤੋਂ ਵੱਡਾ ਸੀ ਅਤੇ ਇਹੀ ਉਨ੍ਹਾਂ ਦਾ ਧਰਮ ਵੀ ਸੀ। ਸੰਗੀਤ ਨੂੰ ਧਾਰਮਿਕ ਰੂਪ ਵੀ ਇਸੇ ਕਾਲ ਵਿਚ ਪ੍ਰਾਪਤ ਹੋਇਆ ਸੀ।"[3] ਮਸ਼ਹੂਰ ਇਤਿਹਾਸਕਾਰ ਕੀਰਡੀਅਲ ਸ਼ੋਮਜ਼ ਨੇ ਆਪਣੀ ਪੁਸਤਕ 'ਦਿ ਰਾਈਜ਼ ਐਂਡ ਫਾਲ ਆਫ ਇੰਡੀਅਨ ਮਿਊਜ਼ਿਕ' ਵਿਚ ਸੰਗੀਤ ਦੇ ਸੰਬੰਧ ਵਿਚ ਲਿਖਿਆ ਹੈ: "ਉਸ ਵਿਚ ਧਾਰਮਿਕ ਅਧਿਆਏ ਨੂੰ ਉਭਾਰਿਆ ਗਿਆ, ਜਿਸ ਨਾਲ ਉਨ੍ਹਾਂ ਦਾ ਸੰਗੀਤ ਨੈਤਿਕ ਤੌਰ 'ਤੇ ਸੁੰਦਰ ਅਤੇ ਪਵਿੱਤਰ ਹੋ ਗਿਆ। ਉਨ੍ਹਾਂ ਦੇ ਸੰਗੀਤ ਵਿਚ ਕੋਈ ਸ਼ਿੰਗਾਰਮਈ ਭਾਵਨਾ ਨਹੀਂ ਉਪਜੀ।"[4] ਜੋਨਮਾਂਸ ਫੇਲੀ ਨੇ 'ਦਿ ਫਲੋ ਆਫ ਇੰਡੀਅਨ ਮਿਊਜ਼ਿਕ' ਪੁਸਤਕ ਵਿਚ ਲਿਖਿਆ ਹੈ: "ਇਸ ਕਾਲ ਵਿਚ ਗੀਤਾਂ ਦਾ ਵਿਕਾਸ ਹੋ ਚੁੱਕਿਆ ਸੀ, ਉਨ੍ਹਾਂ ਦੇ ਛੰਦ ਬਣ ਚੁੱਕੇ ਸਨ ਜੋ ਕਿ ਸੰਗੀਤਮਈ ਰੂਪ ਨਾਲ ਗਾਏ ਜਾਂਦੇ ਸਨ। ਖ਼ੁਦਾਈ ਵਿਚ ਇਕ ਅਜਿਹੀ ਆਕ੍ਰਿਤੀ ਵੀ ਲੱਭੀ ਹੈ ਜਿਸ ਵਿਚ ਇਕ ਇਸਤਰੀ ਗਾਉਂਦੀ ਹੋਈ ਸਥਿਤੀ ਵਿਚ ਚਿੱਤ੍ਰਿਤ ਹੈ।"[5]

ਹੜੱਪਾ ਅਤੇ ਮੋਹੰਜੋਦੜੋ ਦੀ ਖ਼ੁਦਾਈ ਵਿਚ ਪ੍ਰਾਪਤ ਮੂਰਤੀਆਂ ਨੂੰ ਵੇਖ ਕੇ ਪਤਾ ਲੱਗਦਾ ਹੈ ਕਿ ਦ੍ਰਾਵਿੜ ਕਾਲ ਵਿਚ ਸ਼ਿਵ ਦੀ ਪੂਜਾ ਭਗਤੀ ਸੰਗੀਤ ਦੁਆਰਾ ਹੁੰਦੀ ਸੀ।

ਵੈਦਿਕ ਕਾਲ ਵਿਚ ਜਦੋਂ ਵੱਡੇ ਵੱਡੇ ਯੱਗ ਕੀਤੇ ਜਾਂਦੇ ਸਨ ਤਾਂ ਉਥੋਂ ਦੇ ਵਾਤਾਵਰਣ ਨੂੰ ਸੰਗੀਤਮਈ ਬਣਾਉਣ ਵਾਸਤੇ ਵੈਦਿਕ ਰਿਸ਼ੀ ਵੇਦਾਂ ਦੇ ਸ਼ਲੋਕਾਂ ਦਾ ਮਿੱਠੀ ਧੁਨੀ ਵਿਚ ਗਾਇਨ ਕਰਦੇ ਸਨ। ਸਾਮਵੇਦ, ਜਿਸ ਨੂੰ ਭਾਰਤ ਦਾ ਪਹਿਲਾ ਭਗਤੀ ਸੰਗੀਤ ਹੋਣ ਦਾ ਮਾਣ ਪ੍ਰਾਪਤ ਹੈ, ਦੇ ਲਗਪਗ ਸਾਰੇ ਮੰਤਰ ਰਿਗਵੇਦ ਤੋਂ ਲਏ ਗਏ ਹਨ। ਸਾਮਵੇਦ ਦੇ ਕੁਲ ਸ਼ਲੋਕ 1875 ਹਨ ਜਿਨ੍ਹਾਂ ਵਿਚੋਂ 99 ਅਜਿਹੇ ਹਨ ਜਿਨ੍ਹਾਂ ਨੂੰ ਰਿਗਵੇਦ ਦੀ ਸ਼ਾਕਲਿਆ ਸੰਹਿਤਾ ਵਿਚ ਜਗ੍ਹਾ ਨਹੀਂ ਮਿਲੀ, ਅਰਥਾਤ ਸਾਰੇ ਮੰਤਰ ਰਿਗਵੇਦ ਤੋਂ ਹੀ ਹਨ ਜਿਨ੍ਹਾਂ ਨੂੰ ਗੇਯ ਰੂਪ ਦੇ ਕੇ ਸਾਮਵੇਦ ਵਿਚ ਸ਼ਾਮਲ ਕੀਤਾ ਗਿਆ। ਸਾਮ ਸ਼ਬਦ ਦਾ ਮੂਲ ਅਰਥ ਹੀ ਗਾਇਨ ਰਿਹਾ ਹੈ। ਇਸ ਲਈ ਚਾਰੇ ਵੇਦਾਂ ਵਿਚ ਗਾਇਨ ਯੋਗ ਹੋਣ ਦੇ ਕਾਰਨ ਸਾਮਵੇਦ ਦਾ ਵਿਸ਼ੇਸ਼ ਮਹੱਤਵ ਹੈ। ਪਰੰਤੂ ਇਸ ਦਾ ਇਹ ਅਰਥ ਨਹੀਂ ਹੈ ਕਿ ਰਿਗਵੇਦ ਕਾਲ ਵਿਚ ਸੰਗੀਤ ਨਹੀਂ ਸੀ।

ਰਿਗਵੇਦ ਕਾਲ ਦੇ ਲੋਕ ਆਪਣੀਆਂ ਭਾਵਨਾਵਾਂ ਨੂੰ ਆਮ ਤੌਰ 'ਤੇ ਕਵਿਤਾ ਵਿਚ ਹੀ ਵਿਅਕਤ ਕਰਦੇ ਸਨ। ਉਨ੍ਹਾਂ ਦੇ ਜੀਵਨ ਵਿਚ ਉਪਯੋਗ ਹੋਣ ਵਾਲੇ ਸਾਰੇ ਸਾਧਨ ਕੁਦਰਤ ਤੋਂ ਹੀ ਪ੍ਰਾਪਤ ਹੁੰਦੇ ਸਨ ਜਿਸ ਦੇ ਫਲਸਰੂਪ ਉਹ ਕੁਦਰਤ ਦੇ ਦਿਲਕਸ਼ ਨਜ਼ਾਰਿਆਂ ਨੂੰ ਵੇਖ ਕੇ ਉਤੇਜਿਤ ਹੋ ਜਾਂਦੇ ਅਤੇ ਉਨ੍ਹਾਂ ਦੀ ਹੀ ਉਸਤਤ ਗਾਇਨ ਕਰਦੇ ਅਤੇ ਕੁਦਰਤ ਦੇ ਸਿਰਜਨਹਾਰ ਪਰਮਾਤਮਾ ਦੇ ਪ੍ਰਤੀ ਆਪਣੇ ਆਭਾਰ ਦਾ

ਭਾਵ ਸਰਲ ਕਵਿਤਾ ਵਿਚ ਵਿਅਕਤ ਕਰਦੇ ਸਨ ਜਿਨ੍ਹਾਂ ਨੂੰ 'ਰਿਚਾ' ਜਾਂ 'ਸ਼ਕਤੀ' ਕਿਹਾ ਜਾਂਦਾ ਸੀ।[6]

ਇਨ੍ਹਾਂ ਰਿਗਵੇਦੀ 'ਰਿਚਾਵਾਂ' ਵਿਚ ਪਰਮਾਤਮਾ-ਉਸਤਤ ਜਾਂ ਪ੍ਰਕਿਰਤੀ ਦੇ ਵੱਖ-ਵੱਖ ਰੂਪਾਂ ਦੀ ਉਸਤਤ ਵਿਚ ਕਥਾਵਾਂ ਇਕੱਤਰ ਹਨ। ਇਨ੍ਹਾਂ 'ਰਿਚਾਵਾਂ' ਦਾ ਵੱਖ-ਵੱਖ ਰਿਸ਼ੀਆਂ ਨੇ ਬਹੁਤ ਜ਼ਿਆਦਾ ਨਿਰਮਾਣ ਕੀਤਾ ਹੈ ਜਿਨ੍ਹਾਂ ਵਿਚ ਅਨੇਕਾਂ ਦੇਵਤਿਆਂ ਦੀ ਵੱਖ-ਵੱਖ ਰਿਸ਼ੀਆਂ ਨੇ ਬਹੁਤ ਹੀ ਸੁੰਦਰ ਅਤੇ ਭਾਵਪੂਰਨ ਸ਼ਬਦਾਂ ਵਿਚ ਉਸਤਤ ਕੀਤੀ ਹੈ ਅਤੇ ਆਪਣੇ ਕਾਰਜਾਂ ਦੀ ਸਿੱਧੀ ਲਈ ਅਰਦਾਸਾਂ ਕੀਤੀਆਂ ਹਨ।[7] ਇਹ ਅਰਦਾਸਾਂ ਜਾਂ ਰਿਚਾਵਾਂ ਜਦੋਂ ਮਨੁੱਖ ਦੇ ਕੰਠ ਤੋਂ ਉਚਰਿਤ ਹੁੰਦੀਆਂ ਸਨ ਤਾਂ ਇਨ੍ਹਾਂ ਨੂੰ ਇਕ ਲੈਅ ਦੇ ਨਾਲ ਉਪਯੋਗ ਕੀਤਾ ਜਾਂਦਾ ਸੀ। ਇਸ ਲਈ ਸੰਗੀਤਮਈ ਹੋਣ ਦੇ ਕਾਰਣ ਗਾਇਨ ਦਾ ਰੂਪ ਧਾਰਨ ਕਰ ਗਈ।[8]

ਜਿਥੇ ਇਕ ਪਾਸੇ ਵੈਦਿਕ ਕਾਲ ਵਿਚ ਰਿਸ਼ੀ ਵੇਦ ਦੀਆਂ 'ਰਿਚਾਵਾਂ' ਦਾ ਮਿੱਠੀ ਧੁਨੀ ਨਾਲ ਗਾਇਨ ਕਰਦੇ ਸਨ ਉਥੇ ਦੂਜੇ ਪਾਸੇ ਹਰੇਕ ਪਰਿਵਾਰ ਵਿਚ ਵੀ ਸਵੇਰ-ਸ਼ਾਮ ਪਰਮਾਤਮਾ ਦੀ ਭਗਤੀ ਹੁੰਦੀ ਸੀ। ਸਵੇਰੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਘਰ ਦੀਆਂ ਸਾਰੀਆਂ ਇਸਤਰੀਆਂ, ਬਜ਼ੁਰਗ, ਬੱਚੇ ਸਾਰੇ ਇਕੋ ਸਥਾਨ 'ਤੇ ਇਕੱਠੇ ਹੋ ਕੇ ਆਪਣੇ ਇਸ਼ਟਦੇਵ ਦੀ ਅਰਾਧਨਾ ਗਾ ਵਜਾ ਕੇ ਕਰਦੇ ਸਨ। ਉਨ੍ਹਾਂ ਦਾ ਗਾਉਣ-ਵਜਾਉਣ ਤਾਲ-ਸੁਰ ਵਿਚ ਹੁੰਦਾ ਸੀ। ਰਿਗਵੇਦ ਦਾ ਹਰੇਕ ਘਰ ਸੰਗੀਤ ਦਾ ਸੁੰਦਰ ਕੇਂਦਰ ਬਣਿਆ ਹੋਇਆ ਸੀ। ਰਿਗਵੇਦ ਕਾਲ ਵਿਚ ਸੰਗੀਤ ਦਾ ਜਿੰਨਾ ਵਿਕਾਸ ਘਰਾਂ ਵਿਚ ਹੋਇਆ ਸੀ ਉਨਾ ਬਾਹਰ ਨਹੀਂ ਹੋ ਸਕਿਆ।[9] ਰਿਗਵੇਦ ਦਾ ਹਰੇਕ ਸੂਤਰ ਵੱਖ-ਵੱਖ ਦੇਵਤਿਆਂ ਦੀ ਉਸਤਤ ਵਿਚ ਗਾਇਆ ਗਿਆ ਗੀਤ ਹੈ। ਸਾਡਾ ਦੇਸ਼ ਇਸ ਪੱਖੋਂ ਵਡਭਾਗੀ ਹੈ ਕਿ ਪੁਰਾਤਨ ਮਹਾਂਰਿਸ਼ੀਆਂ ਦੀ ਨਿਰੰਤਰ ਅਤੇ ਸੰਪੂਰਨ ਭਗਤੀ ਸਾਧਨਾ ਦੇ ਸਿੱਟੇ ਵਜੋਂ ਸਾਡੇ 'ਭਗਤੀ ਸੰਗੀਤ' ਦੇ ਸਭ ਤੋਂ ਪੁਰਾਤਨ ਗੀਤ 'ਰਿਗਵੇਦ' ਦੇ ਰੂਪ ਵਿਚ ਅੱਜ ਵੀ ਸੁਰੱਖਿਅਤ ਹਨ।

ਭਾਰਤ ਦਾ ਸਭ ਤੋਂ ਪੁਰਾਤਨ ਸੰਗੀਤ, ਜੋ ਅਤਿਅੰਤ ਵਿਕਸਿਤ ਸ਼ਾਸਤਰਾਂ ਨਾਲ ਭਰਪੂਰ ਪਰਮਾਤਮਾ ਦੀ ਉਸਤਤ ਵਾਸਤੇ ਪੌਸ਼ਟਿਕ ਪਦਾਰਥ ਸੀ, ਦਾ ਦਰਸ਼ਨ ਸਾਮ ਸੰਗੀਤ ਵਿਚ ਦਿਖਾਈ ਦਿੰਦਾ ਹੈ। ਜੈਮਿਨੀਅ ਸੂਤ੍ਰ ਦੇ ਅਨੁਸਾਰ ਗੀਤ ਦੇ ਲਈ ਹੀ ਸਾਮ ਸੰਗਿਆ ਦਿੱਤੀ ਗਈ ਹੈ। 'ਗੀਤਿਸ਼ੁ ਸਾਗਾਖਿਆ' ਅਰਥਾਤ ਜੋ ਮੰਤਰ ਉਚਾਰਣ ਕੀਤੇ ਜਾਂਦੇ ਹਨ ਉਹੀ ਸਾਮ ਅਖਵਾਉਂਦੇ ਹਨ।[10]

ਸਾਮ ਦਾ ਪੁਰਾਤਨ ਸੰਗੀਤ ਦੀ ਦ੍ਰਿਸ਼ਟੀ ਤੋਂ ਇਕ ਵਿਸ਼ਿਸ਼ਟ ਸਥਾਨ ਹੈ। ਇਹੀ ਉਹ ਗ੍ਰੰਥ ਹੈ ਜਿਸ ਦੇ ਰੂਪ ਵਿਚ ਭਾਰਤੀ ਸੰਗੀਤ ਪ੍ਰਵਾਹ ਦੇ ਨਿਰੰਤਰ ਸ੍ਰੋਤ ਦਾ ਦ੍ਰਿਸ਼ ਸਰੂਪ ਸਾਡੇ ਸਾਹਮਣੇ ਪਹਿਲੀ ਵਾਰ ਪ੍ਰਗਟ ਹੁੰਦਾ ਹੈ।

ਵੈਦਿਕ ਕਾਲ ਵਿਚ ਰਿਗਵੇਦ ਦੇ ਛੰਦਮਈ ਮੰਤਰ ਇਸ ਕਾਰਜ ਦੇ ਲਈ ਸਰਬ ਸ੍ਰੇਸ਼ਟ ਸਨ ਜਿਨ੍ਹਾਂ ਨੂੰ ਸਾਮ ਦੀਆਂ ਸੁਰ ਲਹਿਰੀਆਂ ਵਿਚ ਲੈਅਬੱਧ ਕਰ ਕੇ ਗਾਇਆ ਜਾਂਦਾ ਸੀ। 'ਰਿਚਾਵਾਂ' ਜੋ ਲੜੀਵਾਰ ਹੋਣ ਦੇ ਨਾਲ ਹੀ ਜਿਨ੍ਹਾਂ ਦਾ ਨਿਰਮਾਣ ਪ੍ਰਭੂ ਅਰਾਧਨਾ ਲਈ ਕੀਤਾ ਜਾਂਦਾ ਸੀ, ਸੰਗੀਤ ਦੇ ਪ੍ਰਭਾਵਸ਼ਾਲੀ ਮਾਧਿਅਮ ਨਾਲ 'ਰਿਚਾ'

ਆਤਮਾ ਵਿਚ ਸਮੋ ਜਾਂਦੀ ਹੈ। ਵੈਦਿਕ ਆਰੀਆ ਇਹ ਜਾਣਦੇ ਸਨ ਕਿ ਦੇਵਤਿਆਂ ਨੂੰ ਵੱਸ ਵਿਚ ਕਰਨ ਦੇ ਲਈ ਗਾਇਨ ਹੀ ਸ੍ਰੇਸ਼ਟ ਸਾਧਨ ਹੈ। ਉਸੇ ਕਾਰਨ ਰਿਗਵੇਦ ਦੇ ਸਮੂਹ ਮੰਤਰਾਂ ਦੇ ਲਈ 'ਸਾਮ' ਸ਼ਬਦ ਦਾ ਪ੍ਰਯੋਗ ਹੋਣ ਲੱਗਾ।[11]

ਆਰੀਆਂ ਨੇ ਸ਼ੁਰੂ ਤੋਂ ਹੀ ਸੰਗੀਤ ਦਾ ਪ੍ਰਯੋਗ ਧਰਮ ਦੇ ਲਈ ਕੀਤਾ। ਇਸ ਲਈ ਵੈਦਿਕਕਾਲੀਨ ਸੰਗੀਤ ਪੂਰਨ ਤੌਰ 'ਤੇ ਪਵਿੱਤਰ ਭਾਵਨਾਵਾਂ ਨਾਲ ਔਤ-ਪ੍ਰੋਤ ਆਲਾਹੀ ਸੰਗੀਤ ਸੀ। ਵੈਦਿਕ ਕਾਲ ਤੋਂ ਪਹਿਲਾਂ ਦੇ ਸੰਗੀਤ ਦਾ ਵੀ ਉਲੇਖ ਮਿਲਦਾ ਹੈ ਪਰੰਤੂ ਉਸ ਦੇ ਰੂਪ ਦੀ ਕਲਪਨਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਆਰੀਆਂ ਨੇ ਕਿਸੇ ਪਰੰਪਰਾ ਅਧੀਨ ਸੰਗੀਤ ਨੂੰ ਆਧਾਰ ਦੇ ਰੂਪ ਵਿਚ ਗ੍ਰਹਿਣ ਕਰ ਕੇ ਹੀ ਵੈਦਿਕ ਸੰਗੀਤ ਨੂੰ ਹੋਂਦ ਪ੍ਰਦਾਨ ਕੀਤੀ ਹੋਵੇਗੀ। ਜੋ ਸੰਗੀਤ ਅੱਜ ਭਗਤੀ ਸੰਗੀਤ ਦੇ ਰੂਪ ਵਿਚ ਪ੍ਰਚਲਿਤ ਹੈ ਉਸ ਦੀ ਨੀਂਹ ਰੱਖਣ ਦਾ ਮਾਣ ਵੈਦਿਕਕਾਲੀਨ ਆਰੀਆਂ ਨੂੰ ਹੀ ਦਿੱਤਾ ਜਾਂਦਾ ਹੈ। ਆਰੀਆਂ ਦਾ ਸੰਗੀਤ ਇੰਨਾ ਉੱਚ-ਕੋਟੀ ਦਾ ਸੀ ਕਿ ਉਹ ਧਰਤੀ ਦੇ ਜਿਸ ਕੋਨੇ ਵਿਚ ਵੀ ਗਏ ਉਨ੍ਹਾਂ ਨੇ ਆਪਣੇ ਸੰਗੀਤ ਦੀ ਛਾਪ ਉਥੋਂ ਦੇ ਨਿਵਾਸੀਆਂ ਉੱਤੇ ਛੱਡੀ।

ਸੰਸਾਰ ਪ੍ਰਸਿੱਧ ਇਤਿਹਾਸਕਾਰ ਜੋਰਜ਼ ਬੁਲਰਜ਼ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਜਦੋਂ ਅਸੀਂ ਇਸ ਤੱਥ 'ਤੇ ਵਿਚਾਰ ਕਰਦੇ ਹਾਂ ਕਿ ਵਿਸ਼ਵ ਸੰਗੀਤ ਦੁਆਰਾ ਪਰਮਾਤਮਾ ਭਗਤੀ ਦਾ ਭਾਵ ਕਿਵੇਂ ਵਿਕਸਿਤ ਹੋਇਆ, ਕਿਥੋਂ ਉਸ ਦੀ ਮੂਲ ਉਤਪਤੀ ਹੋਈ ਤਾਂ ਅਸੀਂ ਇਸ ਨਿਰਣੇ 'ਤੇ ਪਹੁੰਚਦੇ ਹਾਂ ਕਿ ਇਸ ਸੰਗੀਤਮਈ ਉਪਾਸਨਾ ਦਾ ਭਾਵ ਸੰਸਾਰ ਨੂੰ ਭਾਰਤ ਦੇ ਵੈਦਿਕ ਕਾਲ ਤੋਂ ਹੀ ਪ੍ਰਾਪਤ ਹੋਇਆ। ਸਭ ਤੋਂ ਪਹਿਲਾਂ ਇਸੇ ਕਾਲ ਵਿਚ ਇਸ ਤੱਥ ਉੱਤੇ ਵਿਸ਼ਵਾਸ ਕੀਤਾ ਗਿਆ ਕਿ ਪਰਮਾਤਮਾ ਦੀ ਸ਼ਕਤੀ ਸੰਗੀਤ ਤੋਂ ਵੱਖ ਨਹੀਂ ਹੈ। ਜੇਕਰ ਅਸੀਂ ਉਸ ਪਰਮਾਤਮਾ ਨੂੰ ਖ਼ੁਸ਼ ਕਰਨਾ ਚਾਹੁੰਦੇ ਹਾਂ, ਉਸ ਤਕ ਪਹੁੰਚਣਾ ਚਾਹੁੰਦੇ ਹਾਂ ਤਾਂ ਸੰਗੀਤ ਦੇ ਮਾਧਿਅਮ ਨੂੰ ਆਧਾਰ ਬਣਾਈਏ। ਇਹੀ ਸੁੰਦਰ ਮਾਧਿਅਮ ਤੁਹਾਨੂੰ ਪ੍ਰਿਥਵੀ ਤੋਂ ਸੁਰਗ ਦੇ ਵਿਹੜੇ ਵਿਚ ਪਹੁੰਚਾ ਦੇਵੇਗਾ।[12]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਾਮਵੇਦ ਰਿਗਵੇਦ ਦਾ ਹੀ ਰੂਪਾਂਤਰ ਹੈ। ਸਾਮਵੇਦ ਦੇ ਸਾਰੇ ਮੰਤਰ ਰਿਗਵੇਦ ਤੋਂ ਹੀ ਲਏ ਗਏ ਹਨ। ਦੋਹਾਂ ਵਿਚ ਸਿਰਫ਼ ਇੰਨਾ ਹੀ ਅੰਤਰ ਹੈ ਕਿ ਰਿਗਵੇਦ ਦਾ ਪਾਠ ਆਧੁਨਿਕ ਕਾਵਿ ਪਾਠ ਜਾਂ ਕਵਿਤਾ ਗਾਇਨ ਦੇ ਸਮਾਨ ਰਿਹਾ ਅਤੇ ਸਾਮਵੇਦ ਦਾ ਗਾਇਨ ਆਧੁਨਿਕ ਸੰਗੀਤ ਦੇ ਸਮਾਨ ਆਲਾਪਾਂ ਨਾਲ ਭਰਪੂਰ। ਇਸ ਤਰ੍ਹਾਂ ਸਾਮਵੇਦ ਦੇ ਸੰਗੀਤ ਨੂੰ ਭਾਰਤ ਦੇ ਇਤਿਹਾਸ ਵਿਚ ਪਹਿਲਾ ਭਗਤੀ ਸੰਗੀਤ ਹੋਣ ਦਾ ਮਾਣ ਪ੍ਰਾਪਤ ਹੈ। ਇਹ ਉਹ ਸੰਗੀਤ ਹੈ ਜਿਸ ਵਿਚ ਭਗਤ ਨੇ ਆਪਣੀ ਆਰਾਧਨਾ ਸੰਬੰਧੀ ਭਾਵਨਾਵਾਂ ਨੂੰ ਸੁਰਾਂ ਵਿਚ ਬੰਨ੍ਹਿਆ ਹੈ। ਇਨ੍ਹਾਂ ਗੀਤਾਂ ਦੀ ਮਿਠਾਸ ਹੋਂਦ ਸੰਬੰਧਾਂ ਅਤੇ ਆਤਮ-ਸਮਰਪਣ ਵਿਚ ਹੈ। ਇਥੇ ਖ਼ੁਸ਼ਹਾਲੀ ਅਤੇ ਪਰਲੋਕੀ ਸ਼ਾਨੋ-ਸ਼ੌਕਤ ਪ੍ਰਾਪਤ ਕਰਨ ਦੀ ਭਾਵਨਾ ਨਾਲ ਜਿਨ੍ਹਾਂ ਰਿਚਾਵਾਂ ਦੀ ਰਚਨਾ ਹੋਈ ਉਨ੍ਹਾਂ ਨੂੰ ਹੀ ਸਮਕਾਲੀਨ ਸੰਗੀਤਕਾਰਾਂ ਨੇ ਸੁਰ ਪ੍ਰਦਾਨ ਕੀਤਾ।

ਵੈਦਿਕ ਕਾਲ ਵਿਚ ਸੰਗੀਤ ਦਾ ਮਹੱਤਵਪੂਰਨ ਅਤੇ ਪਵਿੱਤਰ ਸਥਾਨ ਸੀ। ਸੰਗੀਤ ਦਾ ਭਗਤੀ ਦੇ ਨਾਲ ਅਟੁੱਟ ਸੰਬੰਧ ਸੀ। ਸੰਗੀਤ ਨੂੰ ਸਮਾਜ ਵਿਚ ਮਾਣ ਪ੍ਰਾਪਤ ਸੀ ਅਤੇ ਸੰਗੀਤਕਾਰਾਂ ਨੂੰ ਵੀ ਸਮਾਜ ਵਿਚ ਮਾਣ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਸੀ। 'ਰਿਗਵੇਦ' ਦਾ ਪਾਠਕ 'ਰਿਤਵਿਕ', ਸਾਮਵੇਦ ਦਾ 'ਉਦਗਾਤਾ', ਯਜੁਰਵੇਦ ਦਾ 'ਅਧਵਰਿਯ' ਅਤੇ ਅਥਰਵਵੇਦ ਦਾ 'ਬ੍ਰਹਮਾ' ਅਖਵਾਉਂਦਾ ਸੀ।[13]

ਵੈਦਿਕ ਕਾਲ ਤੋਂ ਉਪਰੰਤ ਭਗਤੀ ਸੰਗੀਤ ਨੇ 'ਪੁਰਾਣਿਕ ਕਾਲ' ਵਿਚ ਪ੍ਰਵੇਸ਼ ਕੀਤਾ। ਇਸ ਕਾਲ ਵਿਚ ਵੈਦਿਕ ਕਾਲ ਦੀ ਤੁਲਨਾ ਵਿਚ ਹਵਣ, ਯੱਗ ਆਦਿ ਘੱਟ ਹੁੰਦੇ ਸਨ ਪਰੰਤੂ ਭਗਤੀ ਸੰਗੀਤ ਉਸੇ ਤਰ੍ਹਾਂ ਪ੍ਰਵਾਹਿਤ ਹੁੰਦਾ ਰਿਹਾ। ਲੋਕਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਮੁਕਤੀ ਦੀ ਪ੍ਰਾਪਤੀ ਵਾਸਤੇ ਸੰਗੀਤ ਜ਼ਰੂਰੀ ਹੈ। ਇਸ ਪ੍ਰਕਾਰ, ਇਸ ਤੋਂ ਸੰਗੀਤ ਦੀ ਉੱਜਲ ਜੋਤੀ ਵਿਚ ਥੋੜ੍ਹਾ ਵੀ ਧੁੰਧਲਾਪਣ ਨਹੀਂ ਆਇਆ।[14]

ਪੁਰਾਣਾਂ ਤੋਂ ਪ੍ਰਾਪਤ ਅਨੇਕਾਂ ਸ੍ਰੋਤ ਭਗਤੀ ਸੰਗੀਤ ਦੇ ਹੀ ਰੂਪ ਹਨ। ਰਾਵਣ ਦੁਆਰਾ ਰਚਿਆ ਸ਼ਿਵ ਤਾਂਡਵ ਸਤੋਤ੍ਰ-ਗੋਸਵਾਮੀ ਤੁਲਸੀਦਾਸ ਦੁਆਰਾ ਰਚਿਆ 'ਰੁਦ੍ਰਾਸ਼ਟਕ' ਆਦਿ 'ਵਿਨੈ ਪਤ੍ਰਿਕਾ' ਅਤੇ 'ਰਾਮ ਚਰਿਤ ਮਾਨਸ' ਦੇ ਸਤੋਤ੍ਰ ਸੰਗੀਤਮਈ ਹਨ। 'ਸ਼ਿਵ ਮਹਿਮ ਸਤੋਤ੍ਰ' ਦਾ ਸੁਰਾਂ ਵਿਚ ਗਾਇਨ ਕਰਨ ਦੀ ਪਰੰਪਰਾ ਅੱਜ ਵੀ ਅਤਿਅੰਤ ਪ੍ਰਚਲਿਤ ਹੈ।

ਰਾਮਾਇਣ ਕਾਲ ਤਕ ਪਹੁੰਚਦੇ ਪਹੁੰਚਦੇ ਭਗਤੀ ਸੰਗੀਤ ਹੋਰ ਪ੍ਰਚਲਿਤ ਹੋ ਗਿਆ। ਉੱਤਰ ਵੈਦਿਕ ਕਾਲ ਵਿਚ ਹੀ ਰਾਮਾਇਣ ਅਤੇ ਮਹਾਂਭਾਰਤ ਦੀ ਰਚਨਾ ਆਰੰਭ ਹੋ ਗਈ ਸੀ ਪਰੰਤੂ ਜਿਸ ਰੂਪ ਵਿਚ ਉਹ ਅੱਜ ਸਾਡੇ ਸਾਹਮਣੇ ਹਨ ਉਨ੍ਹਾਂ ਨੂੰ ਇਹ ਰੂਪ ਪ੍ਰਾਪਤ ਕਰਨ ਵਿਚ 1000 ਸਾਲ ਲੱਗੇ ਸਨ। ਇਹ ਦੋਵੇਂ ਗ੍ਰੰਥ ਮਹਾਂਕਾਵਿ ਮੰਨੇ ਜਾਂਦੇ ਸਨ। ਰਾਮਾਇਣ ਦੀ ਰਚਨਾ ਰਿਸ਼ੀ ਬਾਲਮੀਕ ਨੇ ਕੀਤੀ ਸੀ। ਬਾਲਮੀਕ ਸੰਸਕ੍ਰਿਤ ਭਾਸ਼ਾ ਦੇ ਸਭ ਤੋਂ ਪਹਿਲੇ ਕਵੀ ਮੰਨੇ ਜਾਂਦੇ ਹਨ ਅਤੇ ਰਾਮਾਇਣ ਸਭ ਤੋਂ ਪਹਿਲਾ ਕਾਵਿ-ਗ੍ਰੰਥ ਮੰਨਿਆ ਜਾਂਦਾ ਹੈ।

ਇਸ ਕਾਲ ਵਿਚ ਸੰਗੀਤ ਦਾ ਨੈਤਿਕ ਪੱਧਰ ਹੋਰ ਵੀ ਉੱਤੇ ਉਠ ਗਿਆ। ਪੁਰਾਣਿਕ ਕਾਲ ਵਿਚ ਜੋ ਭਗਤੀ ਸੰਗੀਤ ਛੋਟੇ ਛੋਟੇ ਦਾਇਰਿਆਂ ਵਿਚ ਵੰਡਿਆ ਜਾਣ ਲੱਗਾ ਸੀ, ਉਸ ਨੂੰ ਇਸ ਕਾਲ ਵਿਚ ਠੱਲ੍ਹ ਪੈ ਗਈ ਸੀ। ਵੈਦਿਕ ਕਾਲ ਦੀ ਤਰ੍ਹਾਂ ਇਸ ਕਾਲ ਵਿਚ ਵੀ ਲੋਕ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਆਪਣੇ ਆਪਣੇ ਘਰਾਂ ਵਿਚ ਪੂਜਾ ਕਰਦੇ ਸਨ। ਇਸ ਸੰਗੀਤਮਈ ਪੂਜਾ ਵਿਚ ਘਰ ਦੇ ਸਾਰੇ ਮੈਂਬਰ ਸ਼ਾਮਲ ਹੁੰਦੇ ਸਨ। ਇਸ ਕਾਲ ਵਿਚ ਜਨਤਕ ਤੌਰ 'ਤੇ ਸਮਾਜ ਵਿਚ ਸੰਗੀਤ ਦੇ ਆਯੋਜਨ ਹੁੰਦੇ ਸਨ ਜਿਸ ਵਿਚ ਆਮ ਲੋਕ ਵੀ ਦਿਲਚਸਪੀ ਲੈਂਦੇ ਸਨ। ਅਮੀਰ-ਗਰੀਬ ਸਾਰੇ ਹੀ ਪ੍ਰਭੂ ਦੀ ਉਪਾਸਨਾ ਕਰਦੇ ਸਨ।

ਇਸੇ ਕਾਲ ਵਿਚ ਮਹਾਨ ਸੰਗੀਤਕਾਰ ਰਾਵਣ ਵੀ ਹੁੰਦੇ ਸਨ ਜੋ ਸਿੱਖਿਆ ਅਤੇ ਵਿਦਵਤਾ ਦੀ ਦ੍ਰਿਸ਼ਟੀ ਤੋਂ ਸਰਬ-ਗੁਣਾਂ ਦਾ ਮਾਲਿਕ ਸੀ। ਰਾਵਣ ਸੰਗੀਤ ਦਾ ਬਹੁਤ ਪ੍ਰੇਮੀ ਅਤੇ ਜਾਣਕਾਰ ਸੀ। ਉਸ ਦੀਆਂ ਰਾਣੀਆਂ ਵੀ ਸਮੂਹ ਪ੍ਰਕਾਰ ਦੇ

ਸਾਜ਼ ਯੰਤਰਾਂ ਨੂੰ ਵਜਾਉਣ ਵਿਚ ਨਿਪੁੰਨ ਸਨ। ਇਸ ਕਾਲ ਵਿਚ ਸੰਗੀਤ ਝੌਂਪੜੀ ਤੋਂ ਲੈ ਕੇ ਮਹੱਲਾਂ ਤਕ ਪ੍ਰਚਲਿਤ ਸੀ।

ਇਸ ਤੋਂ ਬਾਅਦ ਭਗਤੀ ਸੰਗੀਤ ਮਹਾਂਭਾਰਤ ਕਾਲ ਵਿਚ ਪਵਿੱਤਰ ਅਤੇ ਅਲੌਕਿਕ ਰੂਪ ਵਿਚ ਕਾਇਮ ਰਿਹਾ। ਇਸ ਕਾਲ ਵਿਚ ਰਾਮਾਇਣ ਕਾਲ ਤੋਂ ਵੀ ਵੱਧ ਸੰਗੀਤ ਦਾ ਪ੍ਰਚਾਰ ਹੋਇਆ। ਇਸ ਕਾਲ ਵਿਚ ਮਹਾਂਭਾਰਤ (ਜੋ ਕਿ ਪੁਰਾਤਨ ਗਿਆਨ ਦਾ ਇਕ ਬਹੁਤ ਫੁਟਕਲ ਭੰਡਾਰ ਹੈ) ਰਚਿਆ ਗਿਆ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਕ ਲੱਖ ਸ਼ਲੋਕ ਹਨ ਅਤੇ ਸਾਰੇ ਸੰਗੀਤਮਈ ਹਨ। ਹਰੇਕ ਸ਼ਲੋਕ ਨੂੰ ਗਾਇਆ ਜਾ ਸਕਦਾ ਹੈ।

ਇਸ ਕਾਲ ਵਿਚ ਵੈਦਿਕ ਕਾਲ ਦੇ ਦੇਵੀ-ਦੇਵਤਿਆਂ ਦੀ ਪੂਜਾ ਕਰਨਾ ਛੱਡ ਦਿੱਤਾ ਗਿਆ ਅਤੇ ਸੰਗੀਤ ਨੂੰ ਜਨਮ ਦੇਣ ਵਾਲੇ ਅਤੇ ਉਸ ਦੇ ਰਚਨਾਕਾਰਾਂ ਨੂੰ ਪੂਜਣਾ ਆਰੰਭ ਹੋ ਗਿਆ : ਜਿਵੇਂ ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਗਣੇਸ਼ ਆਦਿ ਨਵੇਂ ਦੇਵਤਿਆਂ ਦੀ ਸਮਾਜ ਵਿਚ ਪ੍ਰਸਿੱਧੀ ਹੋ ਚੁੱਕੀ ਸੀ। ਪੁਰਾਣਿਕ ਕਾਲ ਦਾ ਕਰਮਕਾਂਡ ਵੀ ਹੁਣ ਨਵਾਂ ਹੁੰਦਾ ਜਾ ਰਿਹਾ ਸੀ ਅਤੇ ਉਸ ਦੀ ਜਗ੍ਹਾ ਭਗਤੀ ਅਤੇ ਗਿਆਨ ਦੀ ਪ੍ਰਤਿਸ਼ਠਤਾ ਹੋਣ ਲੱਗੀ ਸੀ। ਭਗਤ ਦਾ ਜੀਵਨ ਪੂਰਨ ਸੰਗੀਤਮਈ ਹੁੰਦਾ ਸੀ। ਭਗਤ ਆਪਣੇ ਪਰਮਾਤਮਾ ਨੂੰ ਬੋਲਾਂ ਦੀਆਂ ਵੱਖ-ਵੱਖ ਪ੍ਰਵਿਰਤੀਆਂ ਨਾਲ ਖ਼ੁਸ਼ ਕਰਦਾ ਸੀ। ਸੰਗੀਤ ਦੇ ਅਨੂਠੇ ਰਸ ਵਿਚ ਡੁੱਬ ਕੇ ਪਰਮਾਤਮਾ ਦੀ ਪਵਿੱਤਰਤਾ ਵਿਚ ਉਹ ਲੀਨ ਹੋ ਜਾਂਦਾ ਹੈ।

ਰਾਮਾਇਣ ਅਤੇ ਮਹਾਂਭਾਰਤ ਕਾਲ ਉੱਤੇ ਵਿਚਾਰ ਕਰਨ ਤੋਂ ਗਿਆਤ ਹੁੰਦਾ ਹੈ ਕਿ ਇਸ ਕਾਲ ਵਿਚ ਭਗਤੀ ਸੰਗੀਤ ਦਾ ਅਤਿਅੰਤ ਪ੍ਰਚਾਰ ਸੀ। ਰਾਵਣ ਨੇ ਸ਼ਿਵ-ਭਗਤੀ, ਸਾਮ ਸਤੋਤ੍ਰਾਂ ਦੁਆਰਾ ਕੀਤੀ ਸੀ ਜਿਸ ਦੀ ਪੁਸ਼ਟੀ ਰਾਮਾਇਣ ਗ੍ਰੰਥ ਤੋਂ ਵੀ ਹੁੰਦੀ ਹੈ :

सामभिविविवै स्तोत्रैः प्रणस्य स दशाननः।[15]

ਪੁੱਤਰ ਪ੍ਰਾਪਤੀ ਲਈ ਰਾਜਾ ਦਸ਼ਰਥ ਨੇ ਅਗਨੀ ਦੇਵਤਾ ਦੀ ਉਸਤਤ ਗਾਇਨ ਕੀਤੀ ਸੀ, ਜਿਸ ਦੀ ਤਸਦੀਕ ਕਾਲ ਕਾਂਡ ਦੀ ਚੌਪਈ 5-6 ਦੋਹਾ 188 ਦੁਆਰਾ ਹੁੰਦੀ ਹੈ। ਮਹਾਂਭਾਰਤ ਕਾਲ ਵਿਚ ਸੰਗੀਤ ਦੀਆਂ ਪ੍ਰਚਲਿਤ ਤਿੰਨ ਧਾਰਾਵਾਂ—ਸਾਮ, ਸਾਮੇਤਰ ਅਤੇ ਲੌਕਿਕ ਸੰਗੀਤ ਦਾ ਪ੍ਰਚਾਰ ਸੀ। ਅਰਜੁਨ ਖ਼ੁਦ ਵਿਦਵਾਨ ਸੰਗੀਤਕਾਰ ਸੀ। ਪਾਨਿਨੀ ਨੇ ਵਾਸੁਦੇਵ, ਅਰਜੁਨ, ਆਦਿ ਦਾ ਨਾਮ ਲੈਂਦੇ ਹੋਏ ਦੱਸਿਆ ਕਿ ਵਾਸੁਦੇਵ ਦੇ ਭਗਤਾਂ ਨੂੰ ਵਾਸੁਦੇਵਕ ਕਹਿੰਦੇ ਹਨ। ਵਾਯੂ-ਪੁਰਾਣ ਅਤੇ ਵਿਸ਼ਨੂੰ ਪੁਰਾਣ ਵਿਚ ਪ੍ਰਭੂ ਉਸਤਤ ਦੇ ਨਾਲ ਹੀ ਯੱਗ ਆਦਿ ਦਾ ਸਮਾਯੋਜਨ ਹੁੰਦਾ ਸੀ। ਇਸ ਪ੍ਰਕਾਰ ਪੁਰਾਣਾਂ ਵਿਚ ਵੀ ਭਗਵਦ ਭਗਤੀ ਗਾਇਨ ਦਾ ਪ੍ਰਚਲਨ ਸੀ।

ਜੈਨ ਅਤੇ ਬੁੱਧ ਕਾਲ ਤਕ ਪਹੁੰਚਦੇ ਪਹੁੰਚਦੇ ਭਗਤੀ ਸੰਗੀਤ ਸਿਰਫ਼ ਬ੍ਰਾਹਮਣਾਂ ਤਕ ਹੀ ਸੀਮਤ ਹੋ ਗਿਆ ਸੀ। ਬ੍ਰਾਹਮਣਾਂ ਨੇ ਇਸ ਨੂੰ ਜਾਤ-ਪਾਤ ਦੇ ਅਤੇ ਕਰਮ-ਕਾਂਡਾਂ ਦੇ ਸਖ਼ਤ ਬੰਧਨਾਂ ਨਾਲ ਬੰਨ੍ਹਣ ਦਾ ਜਤਨ ਕੀਤਾ। ਇਸ ਦਾ

ਨਤੀਜਾ ਇਹ ਨਿਕਲਿਆ ਕਿ ਬ੍ਰਾਹਮਣਾਂ, ਯੱਗਾਂ ਅਤੇ ਵਰਣ-ਆਸ਼ਰਮਾਂ ਦਾ ਵਿਰੋਧ ਹੋਣ ਲੱਗਾ। ਅਜਿਹੇ ਸਮੇਂ ਵਿਚ ਦੋ ਮਹਾਂਪੁਰਖਾਂ ਦਾ ਜਨਮ ਹੋਇਆ—ਇਹ ਮਹਾਂਪੁਰਖ ਮਹਾਂਵੀਰ ਸੁਆਮੀ ਅਤੇ ਗੌਤਮ ਬੁੱਧ ਦੇ ਨਾਂ ਤੋਂ ਪ੍ਰਸਿੱਧ ਹੋਏ। ਮਹਾਂਵੀਰ ਸੁਆਮੀ ਨੇ ਜੈਨ ਧਰਮ ਚਲਾਇਆ ਅਤੇ ਮਹਾਤਮਾ ਬੁੱਧ ਨੇ ਬੌਧ ਧਰਮ ਦੀ ਸਥਾਪਨਾ ਕੀਤੀ।

ਸੰਗੀਤ ਉੱਤੇ ਜੋ ਇਕਲੌਤਾ ਬ੍ਰਾਹਮਣਾਂ ਦਾ ਅਧਿਕਾਰ ਸੀ, ਇਸ ਕਾਲ ਵਿਚ ਉਨ੍ਹਾਂ ਤੋਂ ਨਿਕਲ ਕੇ ਆਮ ਜਨਤਾ ਦੇ ਹੱਥਾਂ ਵਿਚ ਪਹੁੰਚ ਗਿਆ ਅਤੇ ਇਸ ਪ੍ਰਕਾਰ ਵੈਦਿਕ ਕਾਲ ਦੇ ਸੰਗੀਤ ਦੇ ਸੁਰ ਵਿਚ ਪਹਿਲਾ ਪਰਿਵਰਤਨ ਹੋਇਆ। ਬ੍ਰਾਹਮਣ ਲੋਕ ਸ਼ੂਦਰਾਂ ਅਤੇ ਨੀਵੀਂ ਜਾਤ ਦੇ ਲੋਕਾਂ ਨੂੰ ਸੰਗੀਤ ਨਹੀਂ ਸਿਖਾਉਂਦੇ ਸਨ ਜਿਸ ਕਾਰਣ ਉਹ ਪਰਮਾਤਮਾ ਦੀ ਉਪਾਸਨਾ ਨਹੀਂ ਕਰ ਸਕਦੇ ਸਨ। ਉਹ ਬੰਦਗੀ ਦੇ ਪਵਿੱਤਰ ਵਾਤਾਵਰਣ ਤੋਂ ਇਕਦਮ ਹਟ ਗਏ। ਮਹਾਂਵੀਰ ਸੁਆਮੀ ਨੇ ਸਭ ਤੋਂ ਪਹਿਲਾਂ ਇਹ ਆਵਾਜ਼ ਬੁਲੰਦ ਕੀਤੀ ਕਿ ਹਰੇਕ ਮਨੁੱਖ ਭਾਵੇਂ ਉਹ ਕਿਸੇ ਵੀ ਜਾਤ ਜਾਂ ਵਰਗ ਵਿਚ ਪੈਦਾ ਹੋਵੇ, ਪ੍ਰਭੂ ਦੀ ਉਪਾਸਨਾ ਕਰ ਸਕਦਾ ਹੈ ਅਤੇ ਪ੍ਰਭੂ ਦੀ ਉਪਾਸਨਾ ਵਾਸਤੇ ਸੰਗੀਤ ਕਲਾ ਸਿੱਖ ਸਕਦਾ ਹੈ।

ਇਸ ਪ੍ਰਕਾਰ ਸੰਗੀਤ ਉੱਤੇ ਲੱਗੇ ਬੰਧਨ ਸਭ ਤੋਂ ਪਹਿਲਾਂ ਇਸ ਕਾਲ ਵਿਚ ਢਿੱਲੇ ਹੋਏ ਅਤੇ ਸੰਗੀਤ ਦੀ ਪਵਿੱਤਰ ਸਾਧਨਾ ਕਰਨ ਦਾ ਅਧਿਕਾਰ ਮਨੁੱਖ-ਮਾਤਰ ਨੂੰ ਮਿਲ ਗਿਆ ਜਿਸ ਨਾਲ ਉਹ ਆਪਣੇ ਇਸ਼ਟਦੇਵ ਦੀ ਭਗਤੀ ਕਰ ਸਕਦਾ ਸੀ। ਇਸ ਵਿਸ਼ੇ ਵਿਚ ਸੰਸਾਰ ਪ੍ਰਸਿੱਧ ਇਤਿਹਾਸਕਾਰ ਵਾਲਟੇਅਰ ਦਾ ਕਹਿਣਾ ਹੈ ਕਿ "ਜੈਨ ਕਾਲ ਵਿਚ ਸਾਨੂੰ ਬੜਾ ਹੀ ਸਜੀਵ, ਜੀਵੰਤ ਅਤੇ ਜੋਸ਼ੀਲਾ ਸੰਗੀਤ ਮਿਲਦਾ ਹੈ। ਇਸ ਕਾਲ ਵਿਚ ਸੰਗੀਤ ਨੇ ਆਪਣੇ ਪੁਰਾਣੇ ਜਾਤ ਸੰਬੰਧੀ ਬੰਧਨਾਂ ਨੂੰ ਤੋੜ ਦਿੱਤਾ ਸੀ ਅਤੇ ਉਹ ਸਾਰਿਆਂ ਲਈ ਸਿੱਖਣ ਦਾ ਮੁੱਖ ਵਿਸ਼ਾ ਬਣ ਗਿਆ।"[16]

ਬੁੱਧ ਕਾਲ ਵਿਚ ਜੈਨ ਕਾਲ ਦੀ ਤੁਲਨਾ ਵਿਚ ਵੱਧ ਭਗਤੀ ਸੰਗੀਤ ਦਾ ਵਿਕਾਸ ਹੋਇਆ। ਇਸ ਕਾਲ ਵਿਚ ਸੰਗੀਤ ਵਿਚੋਂ ਉਹ ਸਾਰੇ ਤੱਤ ਕੱਢ ਦਿੱਤੇ ਗਏ ਸਨ ਜਿਨ੍ਹਾਂ ਨਾਲ ਮਨੁੱਖ ਨੈਤਿਕਤਾ ਦੇ ਉੱਜਲ ਪੱਧਰ ਤੋਂ ਹੇਠਾਂ ਡਿੱਗਦਾ ਸੀ। ਇਸ ਕਾਲ ਵਿਚ ਸੰਗੀਤ ਵਿਚ ਜੀਵਨ ਦੀ ਵਿਆਪਕਤਾ ਦਾ ਅਧਿਕ ਸਮਾਵੇਸ਼ ਹੋ ਗਿਆ। ਉਹੀ ਸੰਗੀਤਕਾਰ ਸਫਲ ਮੰਨਿਆ ਜਾਂਦਾ ਸੀ ਜੋ ਕਿ ਆਪਣੇ ਸੰਗੀਤ ਪ੍ਰਦਰਸ਼ਨ ਦੇ ਨਾਲ ਮਨੁੱਖ ਨੂੰ ਸਮੂਹ ਵਿਕਾਰਾਂ ਤੋਂ ਉਪਰ ਚੁੱਕਦਾ ਸੀ। ਜੈਨ ਕਾਲ ਵਿਚ ਵੀ ਸੰਗੀਤ ਦੀ ਅੰਦਰੂਨੀ ਜੋਤੀ ਨੂੰ ਹੋਰ ਉਜਵਲ ਬਣਾਇਆ ਗਿਆ ਪਰੰਤੂ ਉਸ ਦੇ ਦਿਲ-ਪ੍ਰਚਾਵੇ ਵਾਲੇ ਪਹਿਲੂ ਵੱਲ ਵੀ ਧਿਆਨ ਦਿੱਤਾ ਗਿਆ। ਪਰ ਬੁੱਧ ਕਾਲ ਵਿਚ ਦਿਲ-ਪ੍ਰਚਾਵੇ ਵਾਲੇ ਪਹਿਲੂ ਨੂੰ ਲਗਪਗ ਉਪੇਖਿਤ ਸਮਝਿਆ ਗਿਆ। ਇਸ ਪ੍ਰਕਾਰ ਇਸ ਕਾਲ ਵਿਚ ਸੰਗੀਤ ਸਾਹਿਤ ਵਿਚ ਇਕ ਜ਼ੋਰਦਾਰ ਕ੍ਰਾਂਤੀ ਹੋਈ। ਉਸ ਦੇ ਸ਼ਿੰਗਾਰਮਈ ਗੀਤਾਂ ਨੂੰ ਖ਼ਤਮ ਕੀਤਾ ਗਿਆ ਅਤੇ ਜੀਵ ਨੂੰ ਜੋਸ਼ੀਲਾ ਬਣਾਉਣ ਵਾਲੇ ਅਤੇ ਆਤਮਾ ਦੀ ਪਵਿੱਤਰ ਰੌਸ਼ਨੀ ਵਿਚ ਵਾਧਾ ਕਰਨ ਵਾਲੇ ਗੀਤਾਂ

ਦੀ ਰਚਨਾ ਹੋਈ। ਗੌਤਮ ਬੁੱਧ ਦੇ ਸੰਪੂਰਨ ਸਿਧਾਂਤਾਂ ਨੂੰ ਗੀਤਾਂ ਦੀ ਲੜੀ ਵਿਚ ਪਰੋ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸੋਹਣੇ ਢੰਗ ਨਾਲ ਗਾ-ਗਾ ਕੇ ਨਗਰ-ਨਗਰ, ਪਿੰਡ-ਪਿੰਡ ਦੀ ਸੁੱਤੀ ਜਨਤਾ ਨੂੰ ਜਾਗਰਿਤੀ ਦੇ ਸ਼ਾਨਦਾਰ ਮਾਰਗ 'ਤੇ ਲਿਆਇਆ ਗਿਆ।

ਇਸ ਕਾਲ ਵਿਚ ਇਸਤਰੀਆਂ ਨੇ ਸੰਗੀਤ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ। ਉਨ੍ਹਾਂ ਨੇ ਸੰਗੀਤ ਦੇ ਜ਼ਰੀਏ ਆਪਣੇ ਇਸ਼ਟਦੇਵ ਨੂੰ ਪਛਾਣਿਆ। ਬੋਧ ਭਿਖਸ਼ਣੀਆਂ ਦੇ ਭਾਵ ਪ੍ਰਵਣ ਗੀਤਾਂ ਦਾ ਸੰਗ੍ਰਹਿ 'ਯੇਰੀ ਗਾਥਾ' ਹੈ। ਇਸ ਤੋਂ ਸਾਨੂੰ ਇਸ ਕਾਲ ਦੀ ਸੰਗੀਤ ਵਿਕਾਸ ਲੜੀ ਦੀ ਜੀਵੰਤ ਕਹਾਣੀ ਪੜ੍ਹਨ ਨੂੰ ਮਿਲਦੀ ਹੈ। ਜੈਨ ਅਤੇ ਬੁੱਧ ਧਰਮ ਨੇ ਆਪਣੇ ਧਰਮ-ਪ੍ਰਚਾਰ ਵਾਸਤੇ ਭਗਤੀ ਸੰਗੀਤ ਨੂੰ ਮਾਧਿਅਮ ਬਣਾਇਆ।

ਇਸ ਪ੍ਰਕਾਰ ਵੈਦਿਕ ਕਾਲ ਤੋਂ ਸੰਸਕ੍ਰਿਤ ਭਾਸ਼ਾ ਵਿਚ ਪ੍ਰਵਾਹਿਤ ਹੋਣ ਵਾਲਾ ਭਗਤੀ ਸੰਗੀਤ ਹੌਲੀ ਹੌਲੀ ਦੇਸੀ ਭਾਸ਼ਾ ਵਿਚ ਤਬਦੀਲ ਹੋਣ ਲੱਗਾ। ਭਰਤ ਕਾਲ ਤਕ ਆਉਂਦੇ ਆਉਂਦੇ ਇਸ ਵਿਚ ਸੰਸਕ੍ਰਿਤ ਭਾਸ਼ਾ ਨੇ ਆਪਣੀ ਹੋਂਦ ਸੰਭਾਲ ਕੇ ਰੱਖੀ ਸੀ ਪਰੰਤੂ ਉਸ ਤੋਂ ਬਾਅਦ ਮਤੰਗ ਨੇ ਵੀ ਆਪਣੇ ਗ੍ਰੰਥ 'ਬ੍ਰਹਦਦੇਸ਼ੀ' ਵਿਚ ਦੇਸੀ ਸੰਗੀਤ ਦਾ ਵਰਗੀਕਰਣ ਕੀਤਾ। ਇਸ ਭਾਸ਼ਾ ਦਾ ਰੂਪ ਨਿਰਮਾਣ ਸਿੱਧਾਂ ਦੇ ਪਦਾਂ ਤੋਂ ਹੋਇਆ। ਅਜਿਹਾ ਕਿਹਾ ਜਾਂਦਾ ਹੈ ਕਿ ਬੋਧੀਆਂ, ਸਿੱਧਾਂ ਅਤੇ ਨਾਥਾਂ ਦੇ 'ਚਰਿਆ' ਪਦ ਅਤੇ ਬ੍ਰਜ ਗੀਤ ਰਾਗ-ਰਾਗਨੀਆਂ ਨਾਲ ਭਰਪੂਰ ਮਿਲਦੇ ਹਨ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਜੈਨ ਅਤੇ ਬੁੱਧ ਧਰਮਾਂ ਦੇ ਸਮੇਂ ਭਗਤੀ ਸੰਗੀਤ ਬ੍ਰਾਹਮਣਾਂ ਦੇ ਹੱਥਾਂ ਤੋਂ ਨਿਕਲ ਕੇ ਆਮ ਜਨਤਾ ਦੇ ਹੱਥਾਂ ਵਿਚ ਆ ਗਿਆ ਸੀ। ਵੈਦਿਕ ਯੱਗਾਂ ਆਦਿ ਦਾ ਪ੍ਰਚਲਨ ਘੱਟ ਹੋ ਗਿਆ। ਉਸ ਦੀ ਥਾਂ 'ਤੇ ਗੌਤਮ ਬੁੱਧ ਦੇ ਸਿਧਾਂਤਾਂ ਨੂੰ ਗੀਤਾਂ ਵਿਚ ਬੰਨਿਆ ਗਿਆ ਅਤੇ ਉਨ੍ਹਾਂ ਦਾ ਗਾਇਨ ਕੀਤਾ ਗਿਆ।

ਭਗਵਾਨ ਬੁੱਧ ਨੇ ਆਪਣੇ ਉਪਦੇਸ਼ਾਂ ਦੀ ਭਾਸ਼ਾ ਦਾ ਮਾਧਿਅਮ ਪਾਲੀ ਚੁਣਿਆ। ਉਨ੍ਹਾਂ ਸੰਸਕ੍ਰਿਤ ਭਾਸ਼ਾ ਨੂੰ ਛੱਡ ਕੇ ਲੋਕ ਭਾਸ਼ਾਵਾਂ ਵਿਚ ਆਪਣੇ ਉਪਦੇਸ਼ਾਂ ਨੂੰ ਆਮ ਜਨਤਾ ਤਕ ਪਹੁੰਚਾਇਆ। ਉਨ੍ਹਾਂ ਦੀ ਮੌਤ ਉਪਰੰਤ ਉਨ੍ਹਾਂ ਦੇ ਚੇਲਿਆਂ ਨੇ ਇਕੱਤਰ ਹੋ ਕੇ ਉਨ੍ਹਾਂ ਦੀਆਂ ਨਾਯਨੋ ਦਾ 'ਸੰਗਾਇਨ' ਕੀਤਾ। ਜਿਸ ਪ੍ਰੀਸ਼ਦ ਵਿਚ ਉਸ ਦਾ ਸੰਗਾਇਨ ਹੋਇਆ ਉਸ ਨੂੰ ਸੰਗਤਿ ਕਿਹਾ ਗਿਆ ਹੈ। ਤੀਜੇ ਸੰਗਤਿ ਵਿਚ ਬੁੱਧ ਦੇ ਉਪਦੇਸ਼ਾਂ ਨੂੰ ਅੰਤਿਮ ਰੂਪ ਨਾਲ 'ਤ੍ਰਿਪਿਟਿਕ' ਗ੍ਰੰਥ ਵਿਚ ਸ਼ਾਮਲ ਕੀਤਾ ਗਿਆ।[17]

ਬੁੱਧ ਅਤੇ ਜੈਨ ਧਰਮ ਦੇ ਪ੍ਰਚਾਰ ਨਾਲ ਵੈਦਿਕ ਧਰਮ ਦੀ ਲੋਕਪ੍ਰਿਅਤਾ ਘੱਟ ਹੋਣ ਲੱਗੀ। ਲੋਕੀਂ ਬੁੱਧ ਧਰਮ ਵੱਲ ਜ਼ਿਆਦਾ ਆਕਰਸ਼ਿਤ ਹੋਣ ਲੱਗ ਪਏ ਕਿਉਂਕਿ ਇਨ੍ਹਾਂ ਧਰਮਾਂ ਵਿਚ ਜਾਤ-ਪਾਤ ਅਤੇ ਕਰਮ-ਕਾਂਡ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ ਸੀ ਅਤੇ ਹਰੇਕ ਵਿਅਕਤੀ ਇਨ੍ਹਾਂ ਧਰਮਾਂ ਨੂੰ ਅਪਣਾ ਸਕਦਾ ਸੀ ਜਿਸ ਦੇ ਕਾਰਣ ਸੱਤਵੀਂ ਅਤੇ ਅੱਠਵੀਂ ਸਦੀ ਵਿਚ ਵੈਦਿਕ ਧਰਮ ਦੀ ਸਥਿਤੀ ਚਿੰਤਾ ਦਾ ਵਿਸ਼ਾ

ਬਣ ਗਈ। ਇਸੇ ਸਮੇਂ ਦੋ ਮਹਾਨ ਵਿਦਵਾਨਾਂ ਦਾ ਜਨਮ ਹੋਇਆ ਜਿਨ੍ਹਾਂ ਦੇ ਨਾਮ ਕੁਮਾਰਿਲ ਭੱਟ ਅਤੇ ਸ਼ੰਕਰਾਚਾਰੀਆ ਸੀ। ਇਨ੍ਹਾਂ ਲੋਕਾਂ ਦੇ ਮਹਾਨ ਯਤਨ ਤੋਂ ਹੀ ਖ਼ਤਮ ਹੁੰਦੇ ਵੈਦਿਕ ਧਰਮ ਦੀ ਭਾਰਤ ਵਿਚ ਮੁੜ ਸਥਾਪਨਾ ਹੋਈ। ਇਨ੍ਹਾਂ ਨੇ ਵੇਦਾਂ ਦੇ ਗਿਆਨ ਅਤੇ ਕਰਮ ਮਾਰਗ ਦੀ ਸਥਾਪਨਾ ਕਰ ਕੇ ਵੈਦਿਕ ਪਰੰਪਰਾ ਅਤੇ ਵੈਦਿਕ ਸੰਗੀਤ ਦਾ ਮੁੜ ਵਿਕਾਸ ਕੀਤਾ।

ਕੁਮਾਰਿਲ ਭੱਟ ਦੇ ਧਾਰਮਿਕ ਸਿਧਾਂਤ ਦਾ ਆਧਾਰ ਮੀਮਾਂਸਾ ਦਰਸ਼ਨ ਸੀ ਜਿਸ ਦਾ ਮੂਲ ਸੂਤਰ ਆਚਾਰੀਆ ਜੈਮਿਨੀ ਨੇ ਆਪਣੇ ਗ੍ਰੰਥ "ਪੂਰਵ ਮੀਮਾਂਸਾ" ਵਿਚ ਦਿੱਤਾ ਸੀ। ਮੀਮਾਂਸਾ ਸ਼ਾਸਤਰ ਯਥਾਰਥਵਾਦੀ ਹੈ। ਇਸ ਦੀ ਸੰਸਾਰਿਕ ਜਗਤ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਵਿਚ ਵੇਦਾਂ ਨੂੰ ਮਹੱਤਵ ਦਿੱਤਾ ਗਿਆ ਅਤੇ ਵੇਦ-ਮੰਤਰਾਂ ਨੂੰ ਦੇਵਤਾ ਮੰਨਿਆ ਗਿਆ। ਮੀਮਾਂਸਾ ਸ਼ਾਸਤਰ ਕਰਮ-ਕਾਂਡ ਦੀ ਸਥਾਪਨਾ ਕਰਨ ਵਾਲਾ ਹੈ। ਉਨ੍ਹਾਂ ਨੇ ਬੁੱਧ ਭਿਖਸ਼ੂਆਂ ਦੇ ਵੈਰਾਗਵਾਦ ਦਾ ਵਿਰੋਧ ਕੀਤਾ।

ਸ਼ੰਕਰਾਚਾਰੀਆ ਨੇ ਕੁਮਾਰਿਲ ਭੱਟ ਦੀ ਤਰ੍ਹਾਂ ਜਨਤਾ ਦੇ ਵਿਰੁੱਧ ਉਪਦੇਸ਼ ਨਹੀਂ ਦਿੱਤੇ। ਉਨ੍ਹਾਂ ਨੇ ਅਹਿੰਸਾ ਅਤੇ ਸੰਨਿਆਸ ਮਾਰਗ ਦੀ ਪੁਸ਼ਟੀ ਕਰਦੇ ਹੋਏ ਵੇਦਾਂ ਦੀ ਪ੍ਰਧਾਨਤਾ ਦੱਸੀ। ਸ਼ੰਕਰਾਚਾਰੀਆ ਨੇ ਬ੍ਰਹਮ ਦੀ ਹੋਂਦ ਸਵੀਕਾਰ ਕੀਤੀ ਅਤੇ ਦੇਵੀ-ਦੇਵਤਿਆਂ ਦੀ ਪੂਜਾ ਦਾ ਖੰਡਨ ਨਹੀਂ ਕੀਤਾ। ਇਹੀ ਕਾਰਣ ਸੀ ਕਿ ਉਨ੍ਹਾਂ ਦੇ ਸਿੱਧਾਂਤ ਅਤੇ ਦਰਸ਼ਨ ਨੂੰ ਲੋਕਪ੍ਰਿਅਤਾ ਪ੍ਰਾਪਤ ਹੋਈ ਅਤੇ ਉਨ੍ਹਾਂ ਨੇ ਲੁਪਤ ਹੋ ਰਹੇ ਵੈਦਿਕ ਧਰਮ ਦੀ ਮੁੜ ਸਥਾਪਨਾ ਕੀਤੀ।

ਇਸ ਪ੍ਰਕਾਰ ਕੁਮਾਰਿਲ ਭੱਟ ਨੇ ਮੀਮਾਂਸਾ ਦਰਸ਼ਨ ਦੀ ਸਥਾਪਨਾ ਕੀਤੀ ਅਤੇ ਸ਼ੰਕਰਾਚਾਰੀਆ ਨੇ ਅਦੈਵ ਦਰਸ਼ਨ ਦਾ ਸੂਤਰਪਾਤ ਕੀਤਾ।

ਇਸ ਤੋਂ ਉਪਰੰਤ ਭਗਤੀ ਸੰਗੀਤ ਦਾ ਵਿਕਾਸ ਅਲਵਾਰ ਸੰਤਾਂ ਦੁਆਰਾ ਤਾਮਿਲਨਾਡੂ ਵਿਚ ਹੋਇਆ ਜਿਸ ਦੀ ਸ਼ੁਰੂਆਤ ਸ਼ੰਕਰਾਚਾਰੀਆ ਕਰ ਚੁੱਕੇ ਸਨ ਪਰੰਤੂ ਸੰਗੀਤ ਦੇ ਖੇਤਰ ਵਿਚ ਅਲਵਾਰ ਸੰਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ।

ਵੈਦਿਕ ਕਾਲ ਵਿਚ ਜੋ ਭਗਤੀ ਸੰਗੀਤ ਸੀ ਉਹ ਪੂਰਨ ਤੌਰ 'ਤੇ ਸੰਸਕ੍ਰਿਤ ਭਾਸ਼ਾ ਵਿਚ ਸੀ ਜੋ ਕਿ ਆਮ ਜਨਤਾ ਦੀ ਸਮਝ ਤੋਂ ਦੂਰ ਸੀ। ਅਲਵਾਰ ਸੰਤਾਂ ਨੇ ਸਭ ਤੋਂ ਪਹਿਲਾਂ ਆਮ ਜਨਤਾ ਦੀ ਮੰਗ ਅਨੁਸਾਰ ਉਸ ਨੂੰ ਖੇਤਰੀ ਭਾਸ਼ਾ ਤਾਮਿਲ ਵਿਚ ਰਚਿਆ ਅਤੇ ਜਨਤਾ ਦੇ ਸਾਹਮਣੇ ਰੱਖਿਆ ਜਿਸ ਕਾਰਣ ਭਗਤੀ ਸੰਗੀਤ ਦਾ ਵਿਕਾਸ ਤੇਜ਼ੀ ਨਾਲ ਹੋ ਸਕਿਆ। ਤਾਮਿਲ ਵਿਚ ਛੇਵੀਂ ਤੋਂ ਨੌਵੀਂ ਸਦੀ ਤਕ ਜਿਸ ਕਾਵਿ ਦੀ ਰਚਨਾ ਹੋਈ ਉਹ ਪੂਰਨ ਤੌਰ 'ਤੇ ਭਗਤੀ ਕਾਵਿ ਹੈ। ਇਹ ਕਾਲ ਤਾਮਿਲ ਸਾਹਿਤ ਦੇ ਇਤਿਹਾਸ ਵਿਚ ਭਗਤੀ ਕਾਲ ਦੇ ਨਾਂ ਤੋਂ ਮਸ਼ਹੂਰ ਹੈ। ਵੈਸ਼ਣਵ ਧਰਮ ਦੇ ਵਿਦਵਾਨਾਂ ਨੇ ਆਪਣੇ ਧਾਰਮਿਕ ਸੰਪਰਦਾਵਾਂ ਅਤੇ ਸਿਧਾਂਤਾਂ ਦਾ ਪ੍ਰਸਾਰ ਉੱਤਰੀ ਭਾਰਤ ਵਿਚ ਵੀ ਕੀਤਾ।

ਭਗਤੀ ਅੰਦੋਲਨ ਵਿਚ ਸਹਿਯੋਗੀ ਅੰਗ (ਤੱਤ) (ਅਵਯਵ)

ਅਲਵਾਰ

ਦੱਖਣ ਭਾਰਤ ਵਿਚ ਵੈਸ਼ਣਵ ਆਚਾਰੀਆ ਨੂੰ ਅਲਵਾਰ ਕਿਹਾ ਜਾਂਦਾ ਸੀ। ਇਹ ਇਕ ਤਾਮਿਲ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ "ਭਗਵਤ ਭਗਤੀ ਵਿਚ ਲੀਨ ਵਿਅਕਤੀ"। ਇਹ ਭਗਤ ਜ਼ਿਆਦਾ ਵਿਦਵਾਨ ਨਹੀਂ ਸਨ ਪਰੰਤੂ ਉੱਚ ਕੋਟੀ ਦੇ ਭਗਤ ਸਨ ਅਤੇ ਅਧਿਆਤਮਕ ਭਗਤੀ ਵਿਚ ਲੀਨ ਰਹਿੰਦੇ ਸਨ। ਇਨ੍ਹਾਂ ਦੀ ਰਹਿਣੀ-ਬਹਿਣੀ ਸਿੱਧੀ ਸਾਦੀ ਸੀ ਅਤੇ ਇਹ ਆਪਣੀ ਨਿਮਰਤਾ, ਸਰਲਤਾ ਦੇ ਲਈ ਮਸ਼ਹੂਰ ਸਨ।[18]

ਜੋ ਭਗਤੀ ਸੰਗੀਤ ਜਾਂ ਭਗਤੀ ਦਾ ਸਰੂਪ ਅੱਜ ਸਾਡੇ ਸਾਹਮਣੇ ਹੈ ਉਸ ਨੂੰ ਇਹ ਰੂਪ ਪ੍ਰਦਾਨ ਕਰਨ ਵਿਚ ਅਲਵਾਰ ਭਗਤਾਂ ਦਾ ਬਹੁਤ ਵੱਡਾ ਯੋਗਦਾਨ ਹੈ। ਅਲਵਾਰਾਂ ਤੋਂ ਪਹਿਲਾਂ ਜੋ ਵੈਦਿਕ ਪਰੰਪਰਾ ਸੀ ਉਸ ਵਿਚ ਯੱਗ ਆਦਿ ਅਤੇ ਔਖੀ ਮਿਹਨਤ ਨਾਲ ਪਰਮਾਤਮਾ ਜਾਂ ਮੁਕਤੀ ਦੀ ਪ੍ਰਾਪਤੀ ਦੀ ਵਿਵਸਥਾ ਸੀ। ਅਲਵਾਰਾਂ ਨੇ ਇਸ ਦੁੱਖ ਨਿਵਾਰਕ ਪਰੰਪਰਾ ਦੇ ਨਾਲ ਨਾਲ ਉਪਨਿਸ਼ਦਾਂ ਤੇ ਗੀਤਾ ਨੂੰ ਵੀ ਪੂਰਨ ਤੌਰ 'ਤੇ ਦਿਲ ਵਿਚ ਵਸਾਇਆ। ਅਲਵਾਰਾਂ ਦੇ ਸਾਹਮਣੇ ਬੋਧੀਆਂ ਅਤੇ ਜੈਨੀਆਂ ਦੀਆਂ ਨਾਸਤਿਕ ਪਰੰਪਰਾਵਾਂ ਵੀ ਸਨ। ਅਲਵਾਰਾਂ ਨੇ ਇਨ੍ਹਾਂ ਨੂੰ ਵੀ ਜ਼ਰੂਰੀ ਸਮਝਿਆ ਹੋਵੇਗਾ ਅਤੇ ਵੈਦਿਕ ਭਗਤੀ ਦੇ ਰੂਪ ਨੂੰ ਸੁਧਾਰ ਕੇ ਕਾਲ ਦੀ ਮੰਗ ਅਨੁਸਾਰ ਉਸ ਵਿਚ ਤਬਦੀਲੀ ਕਰਕੇ ਜਨਤਾ ਦੇ ਸਾਹਮਣੇ ਰੱਖ ਦਿੱਤੀ। ਇਹੀ ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਹੈ।[19] ਅਲਵਾਰ ਭਗਤਾਂ ਦਾ ਵਿਸ਼ਵਾਸ ਸੀ ਕਿ ਜਦੋਂ ਭਗਤ ਆਪਣੇ ਆਪ ਨੂੰ ਨਿਰ-ਆਸਰਾ ਸਮਝ ਕੇ ਪਰਮਾਤਮਾ ਦੀ ਸ਼ਰਣ ਵਿਚ ਆਉਂਦਾ ਹੈ ਤਾਂ ਭਗਤੀ ਦੀ ਸ਼ੁਰੂਆਤ ਹੁੰਦੀ ਹੈ। ਕੋਈ ਵੀ ਵਿਅਕਤੀ ਪਰਮਾਤਮਾ ਦੀ ਸ਼ਰਣ ਵਿਚ ਜਾ ਕੇ ਆਪਣੇ ਪਾਪਾਂ ਦੀ ਖਿਮਾ ਮੰਗ ਲਵੇ ਤਾਂ ਪਰਮਾਤਮਾ ਉਸ ਨੂੰ ਆਪਣੀ ਸ਼ਰਣ ਵਿਚ ਲੈ ਲੈਂਦਾ ਹੈ। ਉਚ-ਨੀਚ, ਇਸਤਰੀ-ਪੁਰਖ, ਅਮੀਰ-ਗਰੀਬ, ਸਾਰੇ ਹੀ ਪਰਮਾਤਮਾ ਦੀ ਦ੍ਰਿਸ਼ਟੀ ਵਿਚ ਇਕ ਸਮਾਨ ਹਨ।

ਅਲਵਾਰਾਂ ਨੇ ਕਈ ਸਦੀਆਂ ਪਹਿਲਾਂ ਭਾਰਤ ਵਿਚ ਸਥਾਪਿਤ ਭਗਤੀ ਨੂੰ ਮਧੁਰ ਭਾਵਨਾ ਨਾਲ ਜੋੜ ਕੇ ਲੋਕ ਅੰਦੋਲਨ ਦਾ ਰੂਪ ਦਿੱਤਾ। ਅਲਵਾਰਾਂ ਨੇ ਭਗਤੀ ਦਾ ਮਾਰਗ ਬੜੇ ਹੀ ਸੌਖੇ ਰੂਪ ਵਿਚ ਲੋਕ ਸਮਾਜ ਦੇ ਸਾਹਮਣੇ ਰੱਖਿਆ। ਇਨ੍ਹਾਂ ਨੇ ਸੰਸਕ੍ਰਿਤ ਭਾਸ਼ਾ ਨੂੰ ਅਪਣਾਏ ਬਗ਼ੈਰ ਆਪਣੇ ਸਿਧਾਂਤਾਂ ਦਾ ਪ੍ਰਚਾਰ ਤਾਮਿਲ ਭਾਸ਼ਾ ਵਿਚ ਕੀਤਾ। ਅਲਵਾਰਾਂ ਦੇ ਚੇਲੇ ਜਗ੍ਹਾ-ਜਗ੍ਹਾ 'ਤੇ ਜਾ ਕੇ ਏਸ ਭਗਤੀ ਸੰਗੀਤ ਨੂੰ ਗਾ ਕੇ ਭਗਤੀ ਦਾ ਪ੍ਰਚਾਰ ਕਰਦੇ ਸਨ। ਇਨ੍ਹਾਂ ਪਦਾਂ ਦਾ ਲਿਖਤੀ ਸੰਕਲਨ ਨੌਵੀਂ ਸਦੀ ਵਿਚ ਨਾਥ ਮੁਨੀ ਨੇ ਕੀਤਾ ਸੀ। ਇਸ ਕਰਕੇ ਇਸ ਗੱਲ ਦੀ ਭਾਵਨਾ ਹੈ ਕਿ ਜਦੋਂ ਤਕ ਇਨ੍ਹਾਂ ਪਦਾਂ ਦਾ ਲਿਖਤੀ ਰੂਪ ਵਿਚ ਸੰਕਲਨ ਕੀਤਾ ਗਿਆ ਉਦੋਂ ਤਕ ਬਹੁਤ ਸਾਰੇ ਪਦ ਨਸ਼ਟ ਹੋ ਗਏ ਸਨ। ਅਲਵਾਰਾਂ ਦੀਆਂ ਰਚਨਾਵਾਂ ਦਾ ਸੰਗ੍ਰਹਿ 'ਦਿੱਵਯ ਪ੍ਰਬੰਧੰਮ' ਅਖਵਾਉਂਦਾ ਹੈ। ਉਸ ਵਿਚ 4000 ਗੀਤ ਸ਼ਾਮਲ ਹਨ। ਦਿੱਵਯ

ਪ੍ਰਬੰਧੰਮ ਨੂੰ ਭਗਤੀ ਅੰਦੋਲਨ ਦਾ ਆਦਿ ਗ੍ਰੰਥ ਮੰਨਿਆ ਜਾਂਦਾ ਹੈ। ਪ੍ਰਬੰਧੰਮ ਵਿਚ ਅਲਵਾਰਾਂ ਦੇ ਪਦ ਮੂਲ ਰੂਪ ਵਿਚ ਰੱਖੇ ਗਏ ਸੀ। ਉਪਰੰਤ ਵੈਸ਼ਣਵ ਵਿਦਵਾਨਾਂ ਨੇ ਉਨ੍ਹਾਂ 'ਤੇ ਟੀਕੇ ਵੀ ਲਿਖੇ। ਇਸ ਪ੍ਰਕਾਰ 'ਪ੍ਰਬੰਧੰਮ' ਭਗਤੀ ਅੰਦੋਲਨ ਦਾ ਆਦਿ ਗ੍ਰੰਥ ਬਣ ਗਿਆ।[20] ਡਾ. ਹਰਿਵੰਸ਼ ਲਾਲ ਸ਼ਰਮਾ ਨੇ ਆਪਣੇ ਗ੍ਰੰਥ 'ਭਾਗਵਤ ਦਰਸ਼ਨ' ਵਿਚ ਵੀ ਇਸ ਗੱਲ ਨੂੰ ਮੰਨਿਆ ਹੈ ਕਿ ਭਗਤੀ ਅੰਦੋਲਨ ਨੂੰ ਦਿਸ਼ਾ ਦੇਣ ਵਾਲਾ ਗ੍ਰੰਥ 'ਪ੍ਰਬੰਧੰਮ' ਹੀ ਹੈ। ਡਾ. ਆਯੰਗਰ ਨੇ ਵੀ ਇਸ ਗੱਲ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਅਲਵਾਰਾਂ ਨੇ ਹੀ ਸਭ ਤੋਂ ਪਹਿਲਾਂ ਭਗਤੀ ਅੰਦੋਲਨ ਨੂੰ ਇਕ ਨਵਾਂ ਰੂਪ ਪ੍ਰਦਾਨ ਕੀਤਾ। ਇਸ ਭਗਤੀ ਮਾਰਗ ਵਿਚ ਹੋਰ ਕੁਝ ਕਰਨ ਦੀ ਜ਼ਰੂਰਤ ਨਹੀਂ ਸੀ, ਸਿਰਫ਼ ਭਾਵਨਾ ਪੂਰਨ ਹਿਰਦੇ ਦੇ ਨਾਲ ਪਰਮਾਤਮਾ ਦੀ ਸ਼ਰਣ ਵਿਚ ਤਿਆਗ ਦੀ ਭਾਵਨਾ ਨਾਲ ਆਪਣੇ ਆਪ ਨੂੰ ਸਮਰਪਣ ਕਰ ਦੇਣਾ ਸੀ। ਤਾਮਿਲ ਪ੍ਰਦੇਸ਼ ਦੀਆਂ ਸਮਕਾਲੀਨ ਸਥਿਤੀਆਂ ਨੇ ਹੀ ਇਨ੍ਹਾਂ ਭਾਵੁਕ ਭਗਤ ਕਵੀਆਂ ਨੂੰ ਜਨਮ ਦਿੱਤਾ। ਜਾਤ-ਪਾਤ 'ਤੇ ਇਨ੍ਹਾਂ ਦਾ ਵਿਸ਼ਵਾਸ ਨਹੀਂ ਸੀ। ਸਾਧਾਰਣ ਰੂਪ ਵਿਚ ਅਲਵਾਰਾਂ ਦੁਆਰਾ ਸਥਾਪਿਤ ਭਗਤੀ ਅੰਦੋਲਨ ਨੂੰ ਵੈਸ਼ਣਵ ਮੱਤ ਦੇ ਨਾਲ ਜੋੜਿਆ ਜਾਂਦਾ ਹੈ ਪਰੰਤੂ ਅਲਵਾਰਾਂ ਦੇ ਨਾਲ ਨਾਯਨਮੋਰਾਂ ਦੀ ਵੀ ਭਗਤੀ ਦਾ, ਜੋ ਭਗਤੀ ਦੀ ਦ੍ਰਿਸ਼ਟੀ ਤੋਂ ਸ਼ੈਵ ਸਨ, ਦਾ ਵੀ ਬਹੁਤ ਮਹੱਤਵ ਹੈ। ਵੈਸ਼ਣਵ, ਅਲਵਾਰ ਅਤੇ ਸ਼ੈਵ ਨਾਯਨਮਾਰ ਦੋਹਾਂ ਨੇ ਹੀ ਭਗਤੀ ਦੇ ਭਾਵਨਾ-ਪੂਰਣ ਰੂਪ ਦੀ ਸਥਾਪਨਾ ਕੀਤੀ। ਦੋਹਾਂ ਦੀਆਂ ਰਚਨਾਵਾਂ ਆਮ ਜਨਤਾ ਦੀ ਭਾਸ਼ਾ ਵਿਚ ਸਨ।[21] ਦੋਹਾਂ ਨੇ ਹੀ ਸੰਸਾਰਕ ਪ੍ਰੇਮ ਨੂੰ ਅੱਧਿਆਤਮਕ ਪ੍ਰੇਮ ਵਿਚ ਤਬਦੀਲ ਕਰਨ ਦਾ ਭਰਪੂਰ ਯਤਨ ਕੀਤਾ ਹੈ।

ਅਲਵਾਰਾਂ ਦੀ ਗਿਣਤੀ 12 ਮੰਨੀ ਗਈ ਹੈ।[22] ਇਹ 12 ਅਲਵਾਰ ਜੋ ਇਸ ਸੰਦਰਭ ਵਿਚ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਚੌਥੀਂ ਤੋਂ 9ਵੀਂ ਸ਼ਤਾਬਦੀ ਦੇ ਵਿਚ ਹੋਏ।

ਅਲਵਾਰ ਭਗਤਾਂ ਤੋਂ ਉਪਰੰਤ ਦੱਖਣ ਵਿਚ ਆਚਾਰੀਆਂ ਦਾ ਕਾਲ ਆਰੰਭ ਹੁੰਦਾ ਹੈ। ਰੰਗਨਾਥ ਮੁਨੀ ਨੂੰ ਆਦਿ ਆਚਾਰੀਆ ਕਿਹਾ ਜਾਂਦਾ ਹੈ। ਹੋਰਨਾਂ ਪ੍ਰਮੁੱਖ ਆਚਾਰੀਆਂ ਵਿਚੋਂ ਯਮੁਨਾਚਾਰੀਆ, ਰਾਮਾਨੁਜਾਚਾਰੀਆ, ਨਿੰਬਾਰਕਾਚਾਰੀਆ, ਮਾਧਵਾਚਾਰੀਆ, ਵਿਸ਼ਣੂ ਸੁਆਮੀ ਆਦਿ ਦੇ ਨਾਮ ਮੁੱਖ ਤੌਰ 'ਤੇ ਪ੍ਰਸਿੱਧ ਹਨ। ਇਸ ਕਾਲ ਵਿਚ ਇਨ੍ਹਾਂ ਭਗਤਾਂ ਦੇ ਦੁਆਰਾ ਹੀ ਚਾਰ ਸੰਪ੍ਰਦਾਵਾਂ ਦਾ ਜਨਮ ਹੋਇਆ ਜਾਂ ਇਹ ਕਿਹਾ ਜਾਵੇ ਕਿ ਜਿਥੇ ਇਕ ਪਾਸੇ ਦੱਖਣ ਦੇ ਵੈਸ਼ਣਵ ਅਲਵਾਰ ਭਗਤਾਂ ਨੇ ਅਤੇ ਸ਼ੈਵ ਆਡਿਯਾਰਾਂ ਨੇ ਜੈਨ ਅਤੇ ਬੁੱਧ ਧਰਮ ਦੇ ਪ੍ਰਭਾਵ ਨੂੰ ਖ਼ਤਮ ਕਰਨ ਦਾ ਯਤਨ ਕੀਤਾ, ਉਥੇ ਦੂਜੇ ਪਾਸੇ ਇਹੀ ਕੰਮ ਸ਼ੰਕਰਾਚਾਰੀਆ ਨੇ ਕੀਤਾ। ਸ਼ੰਕਰਾਚਾਰੀਆ ਨੇ ਇਕ-ਤੱਤਵਾਦ ਦੇ ਸਿਧਾਂਤਾਂ ਨੂੰ ਪੇਸ਼ ਕੀਤਾ ਜਿਸ ਵਿਚ ਜੀਵ ਅਤੇ ਬ੍ਰਹਮ ਨੂੰ ਇਕੋ ਹੀ ਮੰਨਿਆ ਗਿਆ ਹੈ। ਭਗਤੀ ਵਿਚ ਜੀਵ ਅਤੇ ਪਰਮਾਤਮਾ ਦਾ ਵੱਖ-ਵੱਖ ਹੋਣਾ ਜ਼ਰੂਰੀ ਹੈ ਤਾਂ ਹੀ ਕੋਈ (ਭਗਤ) ਕਿਸੇ (ਭਗਵਾਨ) ਦੀ ਭਗਤੀ ਕਰ ਸਕਦਾ ਹੈ।[23]

ਸ਼ੰਕਰਾਚਾਰੀਆ ਦੇ ਇਸੇ ਇਕ-ਤੱਤਵਾਦ ਦੀ ਪ੍ਰਤੀਕ੍ਰਿਆ ਤੋਂ ਚਾਰ ਪ੍ਰਬਲ

ਭਗਤੀ ਸੰਪ੍ਰਦਾਇ ਉਤਪੰਨ ਹੋਏ ਜਿਨ੍ਹਾਂ ਨੇ ਅੱਗੇ ਚੱਲ ਕੇ ਭਗਤੀ ਭਾਵਨਾ ਦੇ ਸੰਪੂਰਨ ਸਰੂਪ ਨੂੰ ਇਕ ਨਿਸ਼ਚਿਤ ਆਧਾਰ ਦੇਣ ਅਤੇ ਭਗਤੀ ਅੰਦੋਲਨ ਦੀ ਰੂਪ-ਰੇਖਾ ਨੂੰ ਉਭਾਰਨ ਵਿਚ ਉੱਚਿਤ ਸਹਿਯੋਗ ਦਿੱਤਾ।[24]

ਵਿਸ਼ਿਸ਼ਟਾਦਵੈਤ ਦਾ ਸਿਧਾਂਤ ਸ੍ਰੀ ਰਾਮਾਨੁਜ ਦੁਆਰਾ ਸਥਾਪਿਤ ਕੀਤਾ ਮੰਨਿਆ ਜਾਂਦਾ ਹੈ ਪਰੰਤੂ ਅਸਲ ਵਿਚ ਇਸ ਸਿਧਾਂਤ ਦੀ ਨੀਂਹ ਨਾਥਮੁਨੀ ਨੇ ਰੱਖੀ ਸੀ।[25] ਰਾਮਧਾਰੀ ਸਿੰਘ ਦਿਨਕਰ ਨੇ ਵੀ ਤਾਮਿਲ ਪ੍ਰਬੰਧ ਨੂੰ ਜਨ-ਸਾਧਾਰਣ ਪੂਜਾ ਵਿਚ ਸ਼ਾਮਿਲ ਕਰਨ ਦਾ ਪਹਿਲਾ ਮਾਣ ਸ੍ਰੀ ਨਾਥਮੁਨੀ ਨੂੰ ਹੀ ਦਿੱਤਾ ਹੈ।[26] ਇਨ੍ਹਾਂ ਦਾ ਨਾਮ ਰੰਗਨਾਥ ਮੁਨੀ ਵੀ ਸੀ। ਇਨ੍ਹਾਂ ਦਾ ਸਮਾਂ ਨੌਵੀਂ ਸਦੀ ਦੇ ਦੂਜੇ ਹਿੱਸੇ ਅਤੇ ਦਸਵੀਂ ਸਦੀ ਦੇ ਦੂਜੇ ਹਿੱਸੇ ਤਕ ਮੰਨਿਆ ਜਾਂਦਾ ਹੈ। ਇਨ੍ਹਾਂ ਨੇ ਯੋਗ ਰਹੱਸ ਅਤੇ ਨਿਆਂ-ਤੱਤ ਵਰਗੇ ਗ੍ਰੰਥਾਂ ਦੀ ਰਚਨਾ ਕੀਤੀ। 'ਨਿਆਂ-ਤੱਤ' ਵਿਸ਼ਿਸ਼ਟਾਦਵੈਤ ਦਾ ਪਹਿਲਾ ਪ੍ਰਵਾਨਿਤ ਗ੍ਰੰਥ ਹੈ। ਇਨ੍ਹਾਂ ਦੇ ਪੋਤਰੇ ਅਤੇ ਉੱਤਰਾਧਿਕਾਰੀ ਯਮੁਨਾਚਾਰੀਆ ਜੀ ਰਾਮਾਨੁਜਾਚਾਰੀਆ ਦੇ ਗੁਰੂ ਸਨ। ਉਹ ਸ਼ੰਕਰਾਚਾਰੀਆ ਦੇ 'ਮਿਥਯਾਤਵਵਾਦ' ਦੇ ਭਗਤੀ ਮਾਰਗ ਦੇ ਵਿਰੋਧੀ ਸਨ। ਯਮੁਨਾਚਾਰੀਆ ਜੀ ਨੇ ਆਪਣੇ ਚੇਲੇ ਰਾਮਾਨੁਜ ਨੂੰ ਸ਼ੰਕਰਾਚਾਰੀਆ ਦੇ ਅਦੈਤਵਾਦ ਦੇ ਸਿਧਾਂਤ ਨੂੰ ਰੱਦ ਕਰਨ ਦਾ ਉਪਦੇਸ਼ ਦਿੱਤਾ।

ਨਾਥ ਮੁਨੀ ਸੰਸਕ੍ਰਿਤ ਅਤੇ ਤਾਮਿਲ ਦੇ ਵਿਦਵਾਨ ਸਨ। ਉਨ੍ਹਾਂ ਨੇ ਅਲਵਾਰ ਭਗਤਾਂ ਦੇ ਪ੍ਰਚਲਿਤ ਗੀਤਾਂ ਦਾ ਸੰਗ੍ਰਹਿ ਕੀਤਾ ਜੋ 'ਨਾਲਾਯਰ ਦਿੱਵਯ ਪ੍ਰਬੰਧੰਮ' ਦੇ ਨਾਮ ਤੋਂ ਮਸ਼ਹੂਰ ਹੈ।[28]

ਨਾਥ ਮੁਨੀ ਨੇ ਭਗਤੀ ਦਾ ਦਵਾਰ ਸਾਰਿਆਂ ਲਈ ਖੋਲ੍ਹਿਆ। ਕਰਮ ਅਤੇ ਭਗਤੀ, ਲੋਕ ਅਤੇ ਵੇਦ : ਇਨ੍ਹਾਂ ਦਾ ਸਮਾਯੋਜਨ ਕਰ ਕੇ ਭਗਤੀ ਮਾਰਗ ਨੂੰ ਵਿਪ੍ਰ, ਸ਼ੂਦਰ, ਇਸਤਰੀ-ਪੁਰਖ ਸਾਰਿਆਂ ਲਈ ਸੁਤੰਤਰ ਕਰ ਦਿੱਤਾ। ਇਨ੍ਹਾਂ ਦੇ ਕਈ ਚੇਲੇ ਹੋਏ ਜਿਨ੍ਹਾਂ ਨੇ ਭਗਤੀ ਮਾਰਗ ਦਾ ਪ੍ਰਚਾਰ ਕੀਤਾ। ਉੱਤਰੀ ਭਾਰਤ ਦੇ ਮਥੁਰਾ, ਦਵਾਰਿਕਾਪੁਰੀ, ਬਦਰੀਨਾਥ ਆਦਿ ਪ੍ਰਮੁੱਖ ਸਥਾਨਾਂ ਵਿਚ ਯਾਤਰਾ ਕਰ ਕੇ ਅਲਵਾਰਾਂ ਦੇ ਭਗਤੀ ਸਿਧਾਂਤਾਂ ਦਾ ਪ੍ਰਚਾਰ ਖ਼ੁਦ ਨਾਥ ਮੁਨੀ ਨੇ ਕੀਤਾ ਸੀ।[29]

ਇਸ ਤੋਂ ਉਪਰੰਤ ਇਨ੍ਹਾਂ ਦੇ ਪੋਤਰੇ ਯਮੁਨਾਚਾਰੀਆ ਨੇ ਵੇਦਾਂਤ ਉੱਤੇ 'ਸਿੱਧੀਤ੍ਰਯ' ਨਾਮ ਦਾ ਇਕ ਪੂਰਣ ਗ੍ਰੰਥ ਲਿਖਿਆ ਅਤੇ 'ਆਗਮ ਪ੍ਰਭਾਵਿਅ' ਤੋਂ 'ਪਾਂਚਰਾਤਰ' ਦੀ ਪ੍ਰਮਾਣਿਕਤਾ ਦੀ ਸਥਾਪਨਾ ਜ਼ੋਰਦਾਰ ਤਰਤੀਬਾਂ ਨਾਲ ਕੀਤੀ। ਇਸ ਪਰੰਪਰਾ ਦੇ ਤੀਜੇ ਪ੍ਰਸਿੱਧ ਆਚਾਰੀਆ ਸ੍ਰੀ ਰਾਮਾਨੁਜ ਹਨ ਜਿਨ੍ਹਾਂ ਨੇ ਵੈਸ਼ਣਵ ਧਰਮ ਦੇ ਪਹਿਲੇ ਵੇਦਾਂਤ ਸੰਪ੍ਰਦਾਇ 'ਵਿਸ਼ਿਸ਼ਟਾਦਵੈਤ' ਦੀ ਸਥਾਪਨਾ ਕੀਤੀ।[30]

ਇਸ ਤਰ੍ਹਾਂ ਉਪਯੁਕਤ ਪ੍ਰਮਾਣਾਂ ਦੇ ਆਧਾਰ 'ਤੇ ਇਹ ਬਿਨਾ ਸ਼ੱਕ ਕਿਹਾ ਜਾ ਸਕਦਾ ਹੈ ਕਿ 12ਵੀਂ ਸ਼ਤਾਬਦੀ ਦੀ ਸ਼ੁਰੂਆਤ ਵਿਚ ਰਾਮਾਨੁਜ ਨੇ ਜਿਸ 'ਵਿਸ਼ਿਸ਼ਟਾਦਵੈਤ ਸੰਪ੍ਰਦਾਇ' ਦਾ ਨਿਰਮਾਣ ਕੀਤਾ ਉਸ ਸਿਧਾਂਤ ਦੀ ਨੀਂਹ ਨਾਥ ਮੁਨੀ ਅਤੇ ਸੰਪ੍ਰਦਾਇ ਦੀ ਸ਼ੁਰੂਆਤ ਯਮੁਨਾਚਾਰੀਆ ਜੀ ਕਰ ਚੁੱਕੇ ਸਨ।

ਰਾਮਾਨੁਜਾਚਾਰੀਆ ਅਤੇ ਉਨ੍ਹਾਂ ਦਾ ਸ਼੍ਰੀ ਸੰਪ੍ਰਦਾਇ

ਰਾਮਾਨੁਜ ਦਾ ਜਨਮ 1017 ਈ. ਵਿਚ ਦੱਖਣ ਭਾਰਤ ਦੇ ਸ਼੍ਰੀਪੈਰੇਮਬੁਰਮ ਵਿਚ ਹੋਇਆ ਸੀ।[31] ਇਨ੍ਹਾਂ ਦਾ ਸਮਾਂ 1017 ਈ. ਤੋਂ 1137 ਈ. ਪ੍ਰਵਾਨਤ ਹੈ।[32] ਇਹ ਸ਼ੁਰੂ ਤੋਂ ਹੀ ਬੜੀ ਤੇਜ਼ ਬੁੱਧੀ ਵਾਲੇ ਅਤੇ ਗੁਣਾਂ ਨਾਲ ਭਰਪੂਰ ਸਨ। ਸ਼ੁਰੂ ਤੋਂ ਹੀ ਇਨ੍ਹਾਂ ਦੀ ਪ੍ਰਵਿਰਤੀ ਵੈਸ਼ਣਵ ਧਰਮ ਵੱਲ ਸੀ। ਪਹਿਲਾਂ ਇਹ ਗ੍ਰਹਿਸਥੀ ਸਨ ਪਰੰਤੂ ਬਾਅਦ ਵਿਚ ਸੰਨਿਆਸੀ ਹੋ ਗਏ। ਇਨ੍ਹਾਂ ਨੇ ਸ਼੍ਰੀਰੰਗਮ ਜਾ ਕੇ ਅਲਵਾਰਾਂ ਦੇ ਪ੍ਰਬੰਧਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਅਤੇ ਉਥੇ ਹੀ ਵੈਸ਼ਣਵ ਮੱਤ ਨੂੰ ਅਪਨਾਇਆ। ਇਹ ਯਮੁਨਾਚਾਰੀਆ ਦੇ ਚੇਲੇ ਸਨ ਅਤੇ ਇਨ੍ਹਾਂ ਨੇ ਹੀ ਸ਼੍ਰੀ ਸੰਪ੍ਰਦਾਇ ਦੀ ਸਥਾਪਨਾ ਕੀਤੀ।[33]

ਰਾਮਾਨੁਜ ਦਾ ਦਰਸ਼ਨ, ਵਿਸ਼ਿਸ਼ਟ ਅਦਵੈਤ ਸ਼ੰਕਰਾਚਾਰੀਆ ਦੇ ਅਦਵੈਤਵਾਦ ਦੀ ਪ੍ਰਤੀਕ੍ਰਿਆ ਤੋਂ ਉਤਪੰਨ ਮੰਨਿਆ ਜਾਂਦਾ ਹੈ। ਇਸ ਲਈ ਇਸ ਵਿਚ ਸ਼ੰਕਰ ਦੇ ਮਾਇਆ ਅਤੇ ਮਿਥਿਆਵਾਦ ਦਾ ਵਿਰੋਧ ਕੀਤਾ ਗਿਆ ਹੈ।[34] ਸ਼੍ਰੀ ਰਾਮਾਨੁਜ ਦੇ ਮੱਤਾਂ ਵਿਚ ਬ੍ਰਾਹਮਣ ਸਰਗੁਣ ਹੈ। ਉਨ੍ਹਾਂ ਨੇ ਚੇਤਨ ਅਤੇ ਅਵਚੇਤਨ ਦੇ ਵਿਸ਼ਿਸ਼ਟ ਅਦ੍ਵੈਤ ਦੀ ਕਲਪਨਾ ਕੀਤੀ ਹੈ। ਰਾਮਾਨੁਜ ਨੇ ਪਰਮਾਤਮਾ ਨੂੰ ਸਭ ਤੋਂ ਉੱਚਾ ਮੰਨਿਆ ਹੈ ਜੋ ਸਾਰੇ ਗੁਣਾਂ ਦਾ ਮਾਲਕ, ਅਨੋਖਾ ਅਤੇ ਮਹਾਨ ਹੈ ਅਤੇ ਉਹ ਸਾਰਿਆਂ ਦਾ ਮਾਲਕ ਹੈ। ਇਸ ਕਰਕੇ ਭਗਤੀ ਮਾਰਗ ਵਿਚ ਮਿਆਰੀ ਸਰੂਪ ਦੀ ਸਥਾਪਨਾ ਸਭ ਤੋਂ ਪਹਿਲਾਂ ਰਾਮਾਨੁਜਾਚਾਰੀਆ ਨੇ ਹੀ ਕੀਤੀ ਅਤੇ ਭਗਤੀ ਦੇ ਇਸ ਸਰੂਪ ਨੇ ਉੱਤਰ ਭਾਰਤ ਦੇ ਭਗਤੀ ਅੰਦੋਲਨ ਨੂੰ ਪੂਰਨ ਤੌਰ 'ਤੇ ਪ੍ਰਭਾਵਿਤ ਕੀਤਾ।[35]

ਭਗਤੀ ਨੂੰ ਰਾਮਾਨੁਜ ਨੇ ਇਕੋ ਤਰੀਕੇ ਨਾਲ ਆਤਮਾ ਦੀ ਚੇਤੰਨਤਾ ਕਿਹਾ ਹੈ। ਮਨ ਨੂੰ ਰਾਜਸੀ, ਤਾਮਸੀ ਅਤੇ ਸਾਤਵਿਕ—ਤਿੰਨਾਂ ਗੁਣਾਂ ਵਾਲਾ ਦੱਸਿਆ ਗਿਆ ਹੈ। ਸਾਤਵਿਕ ਮਨ ਤੋਂ ਉਪਜੀ ਚੇਤੰਨਤਾ ਹੀ ਰਾਮਾਨੁਜ ਅਨੁਸਾਰ ਭਗਤੀ ਹੈ।[36]

ਨਾਥ ਮੁਨੀ ਦੀ ਤਰ੍ਹਾਂ ਸ੍ਰੀ ਰਾਮਾਨੁਜ ਨੇ ਵੀ ਉੱਤਰੀ ਭਾਰਤ ਦੇ ਪ੍ਰਮੁੱਖ ਤੀਰਥ ਸਥਾਨਾਂ ਦੀ ਯਾਤਰਾ ਕੀਤੀ। ਸ੍ਰੀ ਰਾਮਾਨੁਜ ਨੇ ਆਪਣੇ ਭਗਤੀ ਸੰਬੰਧੀ ਸਿਧਾਂਤਾਂ ਦੇ ਸਪੱਸ਼ਟੀਕਰਣ ਦੇ ਲਈ ਸੰਸਕ੍ਰਿਤ ਵਿਚ ਅਨੇਕ ਗ੍ਰੰਥ ਅਤੇ ਟੀਕੇ ਲਿਖੇ। ਰਾਮਾਨੁਜ ਦੀ ਮਹਾਨ ਵਿਦਵਤਾ ਅਤੇ ਉਦਾਰ ਧਾਰਮਿਕ ਦ੍ਰਿਸ਼ਟੀਕੋਣ ਦੇ ਫਲਸਰੂਪ ਬਾਰ੍ਹਵੀਂ ਸਦੀ ਵਿਚ ਭਗਤੀ ਅੰਦੋਲਨ ਆਪਣੀ ਚਰਮਸੀਮਾ ਤਕ ਪਹੁੰਚਿਆ।[37] ਰਾਮਾਨੁਜ ਦੇ ਸਮੇਂ ਵਿਚ ਵੀ ਦੱਖਣ ਭਾਰਤ ਵਿਚ ਸ਼ੈਵ ਅਤੇ ਵੈਸ਼ਣਵਾਂ ਵਿਚ ਆਪਸੀ ਪ੍ਰਤੀਯੋਗਤਾ ਚਲ ਰਹੀ ਸੀ। ਚੋਲ ਨਰੇਸ਼ ਕੁਲੋਤੁੰਗ ਪਹਿਲੇ ਨੇ ਵੈਸ਼ਣਵਾਂ ਉੱਤੇ ਅਤਿਆਚਾਰ ਕੀਤਾ ਅਤੇ ਇਹ ਵੀ ਯਤਨ ਕੀਤਾ ਕਿ ਵੈਸ਼ਣਵ ਆਪਣੇ ਧਰਮ ਨੂੰ ਤਿਆਗ ਕੇ ਸ਼ੈਵ ਧਰਮ ਨੂੰ ਅਪਣਾ ਲੈਣ। ਇਸ ਲਈ 1096 ਈ. ਵਿਚ ਰਾਮਾਨੁਜ ਨੇ ਹੋਯਸਲ ਯਾਦਵ ਰਾਜਿਆਂ ਦੀ ਸ਼ਰਣ ਲਈ ਅਤੇ ਉਨ੍ਹਾਂ ਨੇ ਉਥੇ ਆਪਣੇ ਮੱਤ ਦਾ ਜ਼ਿਆਦਾ ਪ੍ਰਸਾਰ ਕੀਤਾ।[38]

ਉੱਤਰ ਭਾਰਤ ਦੀ ਤਰ੍ਹਾਂ ਦੱਖਣ ਦੇ ਵੱਖ-ਵੱਖ ਕੇਂਦਰਾਂ ਵਿਚ ਵੀ ਰਾਮਾਨੁਜ

ਨੇ ਅਨੇਕਾਂ ਮੱਠਾਂ ਦੀ ਸਥਾਪਨਾ ਕੀਤੀ। ਵੈਸ਼ਣਵ ਭਗਤੀ ਦੇ ਪ੍ਰਚਾਰ ਵਿਚ ਇਨ੍ਹਾਂ ਮੱਠਾਂ ਦਾ ਯੋਗਦਾਨ ਬਹੁਤ ਜ਼ਿਆਦਾ ਰਿਹਾ ਹੈ। ਇਨ੍ਹਾਂ ਦੇ ਚੇਲਿਆਂ ਵਿਚ ਵੀ ਜਾਤ-ਪਾਤ ਦੇ ਵਖਰੇਵੇਂ ਦਾ ਹੀ ਖੰਡਨ ਮਿਲਦਾ ਹੈ। ਇਸ ਸੰਬੰਧ ਵਿਚ ਇਨ੍ਹਾਂ ਨੇ ਅਲਵਾਰ ਭਗਤਾਂ ਦੀ ਧਾਰਮਿਕ ਨੀਤੀ ਨੂੰ ਅਪਨਾਇਆ।[39]

ਇਸ ਪ੍ਰਕਾਰ ਰਾਮਾਨੁਜ ਨੇ ਆਪਣੇ ਸਿਧਾਂਤਾਂ ਨੂੰ ਉਪਨਿਸ਼ਦਾਂ ਅਤੇ ਵੇਦਾਂ ਤੋਂ ਹੀ ਲਿਆ ਸੀ।[40] ਰਾਮਾਨੁਜ ਦੀ ਮ੍ਰਿਤੂ ਉਪਰੰਤ ਉਨ੍ਹਾਂ ਦੇ ਸੰਪ੍ਰਦਾਇ ਵਿਚ ਫੁੱਟ ਪੈ ਜਾਣ ਦੇ ਕਾਰਨ ਵੇਦ ਅਤੇ ਤਾਮਿਲ ਪ੍ਰਬੰਧੰਮ ਨੂੰ ਰਾਮਾਨੁਜਾਚਾਰੀਆ ਜੀ ਨੇ ਜਿਨ੍ਹਾਂ ਯਤਨਾਂ ਨੂੰ ਇਕ ਕੜੀ ਵਿਚ ਬੰਨ੍ਹਿਆ ਸੀ ਉਸ ਦੀ ਰੱਖਿਆ ਉਨ੍ਹਾਂ ਦੇ ਚੇਲੇ ਨਹੀਂ ਕਰ ਸਕੇ ਕਿਉਂਕਿ ਰਾਮਾਨੁਜ ਦੀ ਮ੍ਰਿਤੂ ਉਪਰੰਤ ਆਪਸੀ ਫੁੱਟ ਪੈ ਜਾਣ ਕਰਕੇ ਉਨ੍ਹਾਂ ਦੇ ਸੰਪ੍ਰਦਾਇ ਦੇ ਕੁਝ ਲੋਕ ਵੈਦਿਕ ਧਰਮ ਨੂੰ ਪ੍ਰਧਾਨਤਾ ਦੇਣ ਲੱਗ ਪਏ ਅਤੇ ਕੁਝ ਤਾਮਿਲ ਪ੍ਰਬੰਧੰਮ ਨੂੰ।[41]

ਸ਼੍ਰੀ ਰਾਮਾਨੁਜ ਦੀ ਸਭ ਤੋਂ ਵਧੀਆ ਰਚਨਾ 'ਸ਼੍ਰੀਭਾਸ਼ਯ' ਹੀ ਹੈ ਜਿਸ ਵਿਚ ਬ੍ਰਹਮ-ਸੂਤਰਾਂ ਦੇ ਆਧਾਰ 'ਤੇ 'ਵਿਸ਼ਿਸ਼ਟਾਦਵੈਤਵਾਦੀ' ਦਰਸ਼ਨ ਦਾ ਟੀਕਾ ਹੈ। 'ਗੀਤਾਭਾਸ਼ਯ' ਸ਼੍ਰੀ ਯਮੁਨਾਚਾਰੀਆ ਦੇ ਗ੍ਰੰਥ 'ਗੀਤਾਰਥ ਸੰਗ੍ਰਹਿ' ਦਾ ਹੀ ਵਿਆਪਕ ਟੀਕਾ ਹੈ ਅਤੇ ਇਸ ਵਿਚ ਭਗਤੀ ਨੂੰ ਹੀ ਸਰਵਸ੍ਰੇਸ਼ਟ ਭਗਤੀ ਮਾਰਗ ਸਿੱਧ ਕੀਤਾ ਗਿਆ ਹੈ। 'ਸ਼ਰਣਾਗਤੀ ਗਦਯ' ਵਿਚ ਪ੍ਰਪੱਤੀ ਦੇ ਕਾਵਿਗਤ ਟੀਕੇ ਦੇ ਨਾਲ ਪ੍ਰਪੱਤੀ ਦੇ ਮਹੱਤਵ ਦੀ ਵੀ ਚਰਚਾ ਹੈ। 'ਸ਼੍ਰੀ ਰੰਗਮ ਗਦਯ' ਵਿਚ ਸ਼੍ਰੀਰੰਗਨਾਥ ਦੇ ਪ੍ਰਤੀ ਬਹੁਤ ਸ਼ਰਧਾ ਅਤੇ ਭਗਤੀ ਦਾ ਸਮਰਪਣ ਕਰਕੇ ਉਨ੍ਹਾਂ ਦੀ ਨਜ਼ਦੀਕੀ ਦੀ ਇੱਛਾ ਕੀਤੀ ਗਈ ਹੈ। 'ਬੈਕੁੰਠ ਗਦਯ' ਵਿਚ ਪਰਮਧਾਮ ਅਤੇ ਪਰਮਾਨੰਦ ਉੱਤੇ ਤੀਰਥ ਬੋਧਾਂ ਦਾ ਕਾਵਿ-ਆਤਮਕ ਪ੍ਰਗਟਾਅ ਹੋਇਆ ਹੈ। 'ਨਿੱਤ ਗ੍ਰੰਥ' ਵਿਚ ਸੱਚੇ ਵੈਸ਼ਣਵ ਭਗਤ ਦੇ ਨਿੱਤ ਆਦਰਸ਼ਾਂ ਉੱਤੇ ਰੌਸ਼ਨੀ ਪਾਈ ਗਈ ਹੈ।[42]

ਪੂਰਨ ਤੌਰ 'ਤੇ ਰਾਮਾਨੁਜ ਦੁਆਰਾ ਸਥਾਪਿਤ ਸ਼੍ਰੀ ਸੰਪ੍ਰਦਾਇ ਨੇ ਭਗਤੀ ਅੰਦੋਲਨ ਨੂੰ ਪ੍ਰਭਾਵਿਤ ਕੀਤਾ। ਰਾਮਾਨੁਜ ਦੇ ਹੀ ਨਕਸ਼ੇ-ਕਦਮ ਉੱਤੇ ਚਲਦੇ ਹੋਏ ਬਾਅਦ ਦੇ ਵੈਸ਼ਣਵ ਪ੍ਰਚਾਰਕਾਂ ਅਤੇ ਆਚਾਰੀਆਂ ਨੇ ਸ਼ੰਕਰਾਚਾਰੀਆ ਦੇ ਮਾਇਆ ਮਿਥਿਆਵਾਦ ਦੇ ਸਿਧਾਂਤ ਨੂੰ ਰੱਦ ਕੀਤਾ ਹੈ। ਪਰੰਤੂ ਸਿਧਾਂਤਿਕ ਦ੍ਰਿਸ਼ਟੀ ਤੋਂ ਰਾਮਾਨੁਜ ਦਾ 'ਵਿਸ਼ਿਸ਼ਟਾਦਵੈਤ' ਸ਼ੰਕਰ ਦੇ ਅਦ੍ਵੈਤ ਮੱਤ ਦਾ ਹੀ ਸੁਧਰਿਆ ਹੋਇਆ ਰੂਪ ਸੀ। ਇਸ ਲਈ ਇਸ ਦੀ ਪ੍ਰਤਿਕ੍ਰਿਆ ਤੋਂ ਮਾਧਵਾਚਾਰੀਆ ਦੇ ਦਵੈਤ ਸੰਪ੍ਰਦਾਇ ਦਾ ਜਨਮ ਹੋਇਆ।[43]

ਮਾਧਵਾਚਾਰੀਆ ਅਤੇ ਉਨ੍ਹਾਂ ਦਾ ਦਵੈਤ ਸੰਪ੍ਰਦਾਇ

ਰਾਮਾਨੁਜਾਚਾਰੀਆ ਤੋਂ ਬਾਅਦ ਮਾਧਵਾਚਾਰੀਆ ਨੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਦੇ ਮੂਲ ਉੱਤੇ ਕਰੜਾ ਹਮਲਾ ਕੀਤਾ। ਮਾਧਵਾਚਾਰੀਆ ਦੇ ਜਨਮ ਦੇ ਸੰਬੰਧ ਵਿਚ ਮਤਭੇਦ ਹਨ। ਉਨ੍ਹਾਂ ਦੇ ਜੀਵਨ ਚੱਕਰ ਦੇ ਬਾਰੇ ਵਿਚ ਉਨ੍ਹਾਂ ਦੇ ਚੇਲੇ ਪੰਡਤ ਤ੍ਰਿਵਿਕ੍ਰਮ ਦੇ ਪੁੱਤਰ ਨਰਾਇਣ ਪੰਡਤ ਦੇ ਗ੍ਰੰਥ 'ਮਾਧਵਵਿਜਯ' ਅਤੇ

'ਮਨਿਮੰਜਰੀ' ਤੋਂ ਪ੍ਰਾਪਤ ਹੁੰਦਾ ਹੈ। ਇਸ ਵਿਚ ਇਨ੍ਹਾਂ ਦਾ ਸਮਾਂ ਸੰਨ 1040 ਤੋਂ 1119 ਤਕ ਦੱਸਿਆ ਗਿਆ ਹੈ।[44] ਪਰੰਤੂ ਡਾ. ਭੰਡਾਰਕਰ ਦਾ ਅੰਦਾਜ਼ਾ ਹੈ ਕਿ ਉਹ ਤੇਰ੍ਹਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆਂ ਵਿਚ ਮੌਜੂਦ ਸਨ।[45] ਸਤਏਂਯਦਰ ਨੇ ਇਨ੍ਹਾਂ ਦਾ ਸਮਾਂ ਸੰਮਤ 1199 ਤੋਂ 1278 ਤਕ ਮੰਨਿਆ ਹੈ।[46] ਜ਼ਿਆਦਾਤਰ ਵਿਦਵਾਨਾਂ ਨੇ ਇਨ੍ਹਾਂ ਦਾ ਕਾਲ 12ਵੀਂ ਸਦੀ ਹੀ ਮੰਨਿਆ ਹੈ।[47] ਇਨ੍ਹਾਂ ਦੇ ਪਿਤਾ ਦਾ ਨਾਮ ਨਾਰਾਇਣ ਭੱਟ ਅਤੇ ਮਾਤਾ ਦਾ ਨਾਮ ਵੇਦਵਤੀ ਸੀ। ਇਹ 11 ਸਾਲ ਦੀ ਉਮਰ ਵਿਚ ਹੀ ਸੰਨਿਆਸੀ ਹੋ ਗਏ। ਇਨ੍ਹਾਂ ਦਾ ਪਹਿਲਾ ਨਾਮ ਆਨੰਦ ਤੀਰਥ ਸੀ।[48] ਇਸ ਤੋਂ ਉਪਰੰਤ ਇਹ ਮਾਧਵਾਚਾਰੀਆ ਦੇ ਨਾਮ ਤੋਂ ਮਸ਼ਹੂਰ ਹੋਏ। ਇਨ੍ਹਾਂ ਨੇ 'ਦਵੈਤਾਦਵੈਤਵਾਦ' ਦੀ ਸਥਾਪਨਾ ਕੀਤੀ ਸੀ। ਇਸ ਨੂੰ ਬ੍ਰਹਮ ਸੰਪ੍ਰਦਾਇ ਵੀ ਕਿਹਾ ਜਾਂਦਾ ਹੈ।[49] ਦਵੈਤ ਮੱਤ ਦੇ ਸੰਸਥਾਪਕ ਮਾਧਵਾਚਾਰੀਆ ਨੇ ਅਦਵੈਤ ਮੱਤ ਦਾ ਤੀਬਰ ਵਿਰੋਧ ਕਰਨ ਦੇ ਨਾਲ ਨਾਲ ਭਗਤੀ ਨੂੰ ਪੂਰਨ ਤੌਰ 'ਤੇ ਸਥਾਪਿਤ ਕਰਨ ਲਈ ਸ੍ਰੀ ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਮੱਤ ਨੂੰ ਵੀ ਅਪ੍ਰਵਾਨ ਕਰ ਦਿੱਤਾ।

ਮਾਧਵਾਚਾਰੀਆ ਦੇ ਅਨੁਸਾਰ ਉਪਾਸਨਾ ਦੋ ਪ੍ਰਕਾਰ ਦੀ ਹੋ ਸਕਦੀ ਹੈ—ਸ਼ਾਸਤਰਾਂ ਦੇ ਅਭਿਆਸ ਤੋਂ ਅਤੇ ਧਿਆਨ ਦੁਆਰਾ। ਸ਼ਾਸਤਰਾਂ ਦੇ ਅਭਿਆਸ ਤੋਂ ਅਪ੍ਰਤੱਖ ਗਿਆਨ ਅਤੇ ਪਰਮਾਤਮਾ ਦੇ ਅਖੰਡ ਸਿਮਰਨ ਨਾਲ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਸ਼ਾਸਤਰਾਂ ਦੇ ਅਭਿਆਸ ਨਾਲ ਅਗਿਆਤ ਦਾ ਪਰਦਾ ਹੱਟ ਕੇ ਅਸਲ ਗਿਆਨ ਦੀ ਜਾਣਕਾਰੀ ਹੁੰਦੀ ਹੈ। ਅਪ੍ਰਤੱਖ ਗਿਆਨ ਪ੍ਰਾਪਤ ਹੋਣ ਨਾਲ ਪਰਮ ਭਗਤੀ ਮਿਲਦੀ ਹੈ ਜੋ ਪਰਮਾਤਮਾ ਦੀ ਕਿਰਪਾ ਉੱਤੇ ਨਿਰਭਰ ਹੈ। ਮਾਧਵ ਮੱਤ ਵਿਚ ਮੁਕਤੀ ਦਾ ਸਭ ਤੋਂ ਸ਼੍ਰੇਸ਼ਟ ਸਾਧਨ ਅਮਲਾ ਭਗਤੀ ਹੈ ਜੋ ਦੋਸ਼ਮੁਕਤ ਅਤੇ ਨਿਰਮਲ ਹੈ। ਮਾਧਵਾਚਾਰੀਆ ਨੇ ਭਾਗਵਤ ਦੇ ਸਾਧਨ ਮਾਰਗ ਨੂੰ ਅਪਣਾਇਆ ਸੀ।

ਇਸ ਪ੍ਰਕਾਰ ਉਪਰ ਲਿਖੇ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਮਾਧਵਾਚਾਰੀਆ ਨੇ ਨਾ ਸਿਰਫ਼ ਸ਼ੰਕਰ ਦੇ ਅਦਵੈਤ ਮੱਤ ਦਾ ਵਿਰੋਧ ਕੀਤਾ ਸਗੋਂ ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਦਾ ਵੀ ਵਿਰੋਧ ਕੀਤਾ। ਸ਼ੰਕਰਾਚਾਰੀਆ ਅਤੇ ਰਾਮਾਨੁਜ ਦੀ ਤਰ੍ਹਾਂ ਮਾਧਵਾਚਾਰੀਆ ਨੇ ਵੀ ਮੱਠਾਂ ਦੀ ਸਥਾਪਨਾ ਕੀਤੀ ਅਤੇ ਸੰਨਿਆਸੀਆਂ ਦਾ ਸੰਗਠਨ ਕੀਤਾ। ਇਨ੍ਹਾਂ ਸੰਨਿਆਸੀਆਂ ਦੁਆਰਾ ਹੀ ਮਾਧਵਾਚਾਰੀਆ ਦੇ ਮੱਤ ਦਾ ਪ੍ਰਚਾਰ ਦੇਸ਼ ਦੇ ਕੋਨੇ ਕੋਨੇ ਵਿਚ ਹੋਇਆ। ਚੈਤੰਨਯ ਸੰਪ੍ਰਦਾਇ ਦਾ ਸੰਬੰਧ ਮਾਧਵ ਮੱਤ ਨਾਲ ਹੀ ਮੰਨਿਆ ਜਾਂਦਾ ਸੀ।

ਨਿੰਬਾਰਕਾਚਾਰੀਆ ਅਤੇ ਉਨ੍ਹਾਂ ਦਾ ਸਨਕ ਸੰਪ੍ਰਦਾਇ

ਦਵੈਤਾਦਵੈਤ ਨੂੰ ਭੇਦਾਭੇਦ ਵੀ ਆਖਦੇ ਹਨ। ਇਸ ਮੱਤ ਦੇ ਅਨੁਸਾਰ ਜੀਵ, ਜਗਤ ਅਤੇ ਬ੍ਰਹਮ ਵਿਚ ਵੀ ਦਵੈਤ ਵੀ ਹੈ ਅਤੇ ਅਦਵੈਤ ਵੀ। ਇਸ ਲਈ ਇਸ ਨੂੰ ਦਵੈਤ (ਭਿੰਨਤਾ ਮੰਨਣ ਵਾਲਾ ਮੱਤ) ਅਤੇ ਅਦਵੈਤ (ਅਭਿੰਨਤਾ ਮੰਨਣ ਵਾਲਾ ਮੱਤ) ਦੋਹਾਂ ਦੇ ਮੇਲ ਦਾ ਨਾਮ ਦਿੱਤਾ ਗਿਆ ਹੈ।[50]

ਸਨਕ ਸੰਪ੍ਰਦਾਇ ਦੇ ਸੰਸਥਾਪਕ ਸ਼੍ਰੀ ਨਿੰਬਾਰਕਾਚਾਰੀਆ ਦਾ ਜਨਮ ਸਮਾਂ ਅਨਿਸ਼ਚਿਤ ਸਥਿਤੀ ਵਿਚ ਹੈ। ਡਾ. ਸਤਏਂਦਰ ਨੇ ਇਨ੍ਹਾਂ ਦਾ ਸਮਾਂ 1114 ਈ. ਤੋਂ 1162 ਤੱਕ ਮੰਨਿਆ ਹੈ। ਡਾ. ਭੰਡਾਰਕਰ ਨੇ ਖਰੜਿਆਂ ਦੇ ਆਧਾਰ 'ਤੇ ਇਨ੍ਹਾਂ ਦੇ ਸਮੇਂ ਦਾ ਨਿਰਧਾਰਣ 1162 ਈ. ਤਕ ਮੰਨਿਆ ਹੈ। ਨਿੰਬਾਰਕ ਮੱਤ ਨੂੰ ਮੰਨਣ ਵਾਲੇ ਇਨ੍ਹਾਂ ਦੀ ਜਨਮ ਮਿਤੀ ਸੰਨ 1114 ਈ. ਹੀ ਮੰਨਦੇ ਹਨ। ਆਮ ਤੌਰ 'ਤੇ ਇਹ ਮਾਨਤਾ ਹੈ ਕਿ ਰਾਮਾਨੁਜ ਦੇ ਬਾਅਦ ਨਿੰਬਾਰਕ ਹੋਏ ਸਨ।

ਨਿੰਬਾਰਕ ਨੇ ਜਿਸ ਭਗਤੀ ਦੀ ਵਿਆਖਿਆ ਕੀਤੀ ਹੈ ਉਹ ਸ਼੍ਰੀ ਸੰਪ੍ਰਦਾਇ ਦੀ ਭਗਤੀ ਦੇ ਨੇੜੇ ਹੈ। ਨਿੰਬਾਰਕ ਨੇ ਵੀ ਪ੍ਰਪੱਤੀ ਜਾਂ ਸ਼ਰਣਾਗਤਿ ਤੱਤ 'ਤੇ ਬਹੁਤ ਜ਼ੋਰ ਦਿੱਤਾ। ਪਰਮਾਤਮਾ ਦੀ ਕਿਰਪਾ ਭਗਤ ਇਸੇ ਪ੍ਰਪੱਤੀ ਨਾਲ ਪ੍ਰਾਪਤ ਕਰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਆਤਮਾ ਦੇ ਅੰਦਰ ਭਗਤੀ-ਭਾਵ ਦਾ ਪ੍ਰਗਟਾਅ ਹੁੰਦਾ ਹੈ ਜਿਸ ਨਾਲ ਪਰਮਾਤਮਾ ਦੇ ਸਾਖਿਆਤਕਾਰ ਦੀ ਸਿੱਧੀ ਹੁੰਦੀ ਹੈ। ਜੀਵ ਦਾ ਜਦੋਂ ਤਕ ਸਰੀਰ ਨਾਲ ਸੰਬੰਧ ਹੈ ਉਦੋਂ ਤਕ ਭਾਵ ਦੀ ਉਤਪਤੀ ਸੰਭਵ ਨਹੀਂ ਹੈ। ਇਸ ਤਰ੍ਹਾਂ ਜੀਵਨ-ਮੁਕਤੀ ਦੀ ਸਥਿਤੀ ਵੀ ਸੰਭਵ ਨਹੀਂ ਹੈ। ਹਿੰਦੀ ਦੇ ਸਮੂਹ ਭਗਤਾਂ ਅਤੇ ਸੰਤਾਂ ਵਿਚ ਭੇਦਾਭੇਦਭਾਵ ਜਾਂ ਦਵੈਤਾਦਵੈਤਵਾਦ ਦਾ ਪ੍ਰਭਾਵ ਸਪੱਸ਼ਟ ਹੈ। ਨਿੰਬਾਰਕ ਦੇ ਅਨੁਸਾਰ ਭਗਤੀ ਵਿਚ ਕਿਸੇ ਖਾਸ ਭਾਵ ਦੀ ਲੋੜ ਨਹੀਂ ਹੁੰਦੀ ਹੈ। ਕਿਸੇ ਵੀ ਭਾਵ ਨਾਲ ਭਗਤੀ ਸੰਭਵ ਹੁੰਦੀ ਹੈ। ਪ੍ਰੇਮਾ-ਭਗਤੀ ਵਿਚ ਪੰਜ ਭਾਵਾਂ ਸ਼ਾਂਤ, ਦਾਸਯ, ਸਖਯ, ਵਾਤਸਲਿਅ ਅਤੇ ਉੱਜਲ ਦਾ ਵੇਦਾਂਤ ਪਾਰਿਜਾਤ ਦੇ ਸਿਧਾਂਤ ਰਤਨਾਂਜਲੀ ਟੀਕਾ ਵਿਚ ਪਰਿਚੈ ਦਿੱਤਾ ਗਿਆ ਹੈ। ਅੰਤਮ ਭਾਵ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਨਵਧਾ ਭਗਤੀ ਨੂੰ ਵੀ ਨਿੰਬਾਰਕ ਨੇ ਮੰਨਿਆ ਹੈ। ਨਿੰਬਾਰਕ ਦਾ ਪਰਮ ਪੂਜ ਕ੍ਰਿਸ਼ਨ ਹੈ। ਬ੍ਰਹਮ ਅਤੇ ਸ਼ਿਵ ਕ੍ਰਿਸ਼ਨ ਦੀ ਭਗਤੀ ਕਰਦੇ ਹਨ।[51]

ਨਿੰਬਾਰਕਾਚਾਰੀਆ ਤੋਂ ਪਹਿਲਾਂ ਹੋਏ ਸੰਪ੍ਰਦਾਵਾਂ ਵਿਚ ਕ੍ਰਿਸ਼ਨ ਭਗਤੀ ਕੁਝ ਫੁੱਟਦੀ ਜਿਹੀ ਦਿਖਾਈ ਦਿੰਦੀ ਹੈ ਪਰੰਤੂ ਸ਼੍ਰੀ ਕ੍ਰਿਸ਼ਨ ਦੀ ਰਸਮਈ ਸਾਧਨਾ ਪੂਰਨ ਤੌਰ 'ਤੇ ਸ਼੍ਰੀ ਨਿੰਬਾਰਕ ਜੀ ਨੇ ਪ੍ਰਚਲਿਤ ਕੀਤੀ। ਉਨ੍ਹਾਂ ਨੇ ਰਾਧਾਕ੍ਰਿਸ਼ਨ ਦੀ ਉਪਾਸਨਾ ਦਾ ਪ੍ਰਸਾਰ ਕੀਤਾ ਅਤੇ ਆਪਣਾ ਦਵੈਤਾਦਵੈਤਵਾਦ ਸਿੱਧਾਂਤ ਮਾਰਗ ਚਲਾਇਆ।[52]

ਨਿੰਬਾਰਕ ਸੰਪ੍ਰਦਾਇ ਜੋੜੇ ਭਾਵ ਰਾਧਾ ਕ੍ਰਿਸ਼ਨ ਦੇ ਕਿਸ਼ੋਰ ਰੂਪ ਦਾ ਉਪਾਸ਼ਕ ਹੈ। ਨਿੰਬਾਰਕ ਨੂੰ ਭਾਵੇਂ ਤੇਲਗੂ ਦੇਸ਼ ਦਾ ਮੰਨਿਆ ਜਾਂਦਾ ਹੈ ਪਰੰਤੂ ਉਥੇ ਉਨ੍ਹਾਂ ਦੇ ਮੱਤ ਦਾ ਕੋਈ ਪ੍ਰਚਾਰ ਨਹੀਂ ਹੋਇਆ। ਉਨ੍ਹਾਂ ਦੇ ਪ੍ਰਚਾਰ ਦਾ ਮੁੱਖ ਕੇਂਦਰ ਵ੍ਰਿੰਦਾਵਨ ਹੀ ਰਿਹਾ। ਇਸ ਪ੍ਰਕਾਰ ਨਿੰਬਾਰਕ ਸੰਪ੍ਰਦਾਇ ਵਿਚ ਹੀ ਸ਼ਾਇਦ ਸਭ ਤੋਂ ਪਹਿਲਾਂ ਰਾਧਾ ਦੀ ਉਪਾਸਨਾ ਸ਼ੁਰੂ ਹੋਈ।

ਵਿਸ਼ਣੂ ਸੁਆਮੀ ਅਤੇ ਉਨ੍ਹਾਂ ਦਾ ਰੁਦਰ ਸੰਪ੍ਰਦਾਇ

ਵਿਸ਼ਣੂ ਸੁਆਮੀ ਚੌਥੇ ਆਚਾਰੀਆ ਸਨ ਜਿਨ੍ਹਾਂ ਨੇ ਅਦਵੈਤਵਾਦ ਨੂੰ ਮਾਇਆ ਤੋਂ ਵੱਖ ਮੰਨ ਕੇ 'ਸ਼ੁੱਧਾਦਵੈਤ' ਦੀ ਨੀਂਹ ਰੱਖੀ ਜਿਸ ਵਿਚ ਸਮੇਂ ਦੇ ਬਦਲਣ 'ਤੇ ਸ਼੍ਰੀ ਵੱਲਭਾਚਾਰੀਆ ਦੇ ਯਤਨਾਂ ਨਾਲ ਬਹੁਤ ਤੇਜ਼ੀ ਆਈ। ਅਸਲ ਵਿਚ ਇਸ

ਸੰਪ੍ਰਦਾਇ ਦਾ ਪਰੰਪਰਾ ਦੁਆਰਾ ਕੋਈ ਸਾਹਿੱਤ ਅਤੇ ਦਰਸ਼ਨ ਨਹੀਂ ਮਿਲਦਾ। ਇਸ ਲਈ ਸ਼੍ਰੀ ਵੱਲਭਾਚਾਰੀਆ ਦੁਆਰਾ ਸਥਾਪਿਤ 'ਸ਼ੁੱਧਾਦਵੈਤ' ਨੂੰ ਹੀ ਇਸ ਸੰਪ੍ਰਦਾਇ ਦਾ ਦਾਰਸ਼ਨਿਕ ਮੱਤ ਸਵੀਕਾਰ ਕਰ ਲਿਆ ਜਾਂਦਾ ਹੈ।[53]

ਰੁਦਰ ਸੰਪ੍ਰਦਾਇ ਦੇ ਸੰਸਥਾਪਕ ਵਿਸ਼ਣੂ ਸੁਆਮੀ ਦੇ ਬਾਰੇ ਵਿਚ ਜੋ ਕੁਝ ਪਤਾ ਹੈ ਉਹ ਵੀ ਵਾਦ-ਵਿਵਾਦ ਦੀ ਸਥਿਤੀ ਵਿਚ ਹੈ। ਵਿਸ਼ਣੂ ਸੁਆਮੀ ਦੇ ਸਮੇਂ ਅਤੇ ਸ਼ਖ਼ਸੀਅਤ ਦੋਹਾਂ ਦਾ ਨਿਰਣਾ ਕਠਿਨ ਹੈ। ਫੇਰ ਵੀ ਭਗਤੀ ਦੇ ਸੰਦਰਭ ਵਿਚ ਦਾਰਸ਼ਨਿਕ ਸਥਾਪਨਾਵਾਂ ਕਰਨ ਵਾਲੇ ਆਚਾਰੀਆਂ ਵਿਚੋਂ ਵਿਸ਼ਣੂ ਸੁਆਮੀ ਦਾ ਸਥਾਨ ਹਮੇਸ਼ਾ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਡਾ. ਰਤਿਭਾਨੁਸਿੰਘ ਨਾਹਰ ਨੇ ਲੋਕ-ਰਾਏ ਦੇ ਆਧਾਰ 'ਤੇ ਇਸ ਸੰਪ੍ਰਦਾਇ ਉੱਤੇ ਜੋ ਰੋਸ਼ਨੀ ਪਾਈ ਹੈ ਉਹ ਇਸ ਪ੍ਰਕਾਰ ਹੈ: "ਉਹ ਦ੍ਰਾਵਿੜ ਦੇਸ਼ ਦੇ ਨਿਵਾਸੀ ਸਨ ਅਤੇ ਉਨ੍ਹਾਂ ਨੇ ਵੇਦ, ਉਪਨਿਸ਼ਦ, ਸਿਮਰਤੀਆਂ ਆਦਿ ਦਾ ਗੂੜ੍ਹ ਅਧਿਐਨ ਕੀਤਾ ਸੀ ਅਤੇ ਇਸ ਤਰ੍ਹਾਂ ਆਚਾਰੀਆ ਪਦ ਪ੍ਰਾਪਤ ਕੀਤਾ ਸੀ।"

ਵਿਸ਼ਣੂ ਸੁਆਮੀ ਦੀ ਰਾਏ ਅਨੁਸਾਰ ਪਰਮਾਤਮਾ ਸਚਿਦਾਨੰਦ ਸਰੂਪ ਹੈ। ਮਾਇਆ ਪਰਮਾਤਮਾ ਦੇ ਅਧੀਨ ਹੈ। ਜੀਵ ਆਪਣੀ ਅਨਪੜ੍ਹਤਾ ਦੇ ਕਾਰਨ ਦੁੱਖਾਂ ਦਾ ਸ਼ਿਕਾਰ ਹੁੰਦਾ ਹੈ। ਇਸ ਪ੍ਰਕਾਰ ਪਰਮਾਤਮਾ ਅਤੇ ਜੀਵ ਵਿਚ ਅੰਤਰ ਹੈ। ਸਪੱਸ਼ਟ ਹੈ ਕਿ ਇਸ ਮੱਤ ਦਾ ਦਾਰਸ਼ਨਿਕ ਸਿਧਾਂਤ ਕੁਝ ਹਿੱਸਿਆਂ ਵਿਚ ਮਾਧਵਾਚਾਰੀਆ ਦੇ ਦਵੈਤਵਾਦ ਨਾਲ ਮੇਲ ਖਾਂਦਾ ਹੈ।[54]

ਦੱਖਣ ਵਿਚ ਭਗਤੀ ਅੰਦੋਲਨ ਵਿਚ ਸਹਾਇਕ ਆਚਾਰੀਆਂ ਸੰਬੰਧੀ ਵਿਚਾਰ ਕਰਨ ਉਪਰੰਤ ਅਸੀਂ ਅਜਿਹੇ ਆਚਾਰੀਆਂ ਉੱਤੇ ਵਿਚਾਰ ਕਰਾਂਗੇ ਜਿਨ੍ਹਾਂ ਨੇ ਭਗਤੀ ਲਹਿਰ ਨੂੰ ਦੱਖਣ ਤੋਂ ਉੱਤਰ ਵਿਚ ਲਿਆਉਣ ਦਾ ਜਤਨ ਕੀਤਾ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਰਾਮਾਨੰਦ ਜੀ ਦਾ ਨਾਮ ਆਉਂਦਾ ਹੈ ਜਿਨ੍ਹਾਂ ਨੇ ਦੱਖਣ ਦੇ ਭਗਤੀ ਅੰਦੋਲਨ ਨੂੰ ਉੱਤਰ ਦੇ ਭਗਤੀ ਅੰਦੋਲਨ ਨਾਲ ਮਿਲਾਉਣ ਦਾ ਕੰਮ ਕੀਤਾ। ਇਸ ਲਈ ਉਨ੍ਹਾਂ ਨੂੰ ਦੱਖਣ ਅਤੇ ਉੱਤਰੀ ਭਾਰਤ ਦੇ ਭਗਤੀ ਅੰਦੋਲਨ ਦੇ ਵਿਚਕਾਰ ਇਕ ਪੁਲ ਦਾ ਸਥਾਨ ਦਿੱਤਾ ਜਾਂਦਾ ਹੈ।

ਸਵਾਮੀ ਰਾਮਾਨੰਦ ਜੀ

ਉੱਤਰੀ ਭਾਰਤ ਵਿਚ ਰਾਮ ਭਗਤੀ ਦੇ ਪ੍ਰਚਾਰ ਦਾ ਇਕ ਮਾਤਰ ਸਿਹਰਾ ਰਾਮਾਨੰਦ ਜੀ ਨੂੰ ਹੀ ਹੈ। ਭਾਵੇਂ ਰਾਮਾਨੰਦ ਜੀ ਤੋਂ ਪਹਿਲਾਂ ਅਨੇਕਾਂ ਵੈਸ਼ਣਵ ਆਚਾਰੀਆ ਹੋਏ ਹਨ ਪਰੰਤੂ ਰਾਮ ਭਗਤੀ ਦੇ ਸੰਸਥਾਪਕ ਰਾਮਾਨੰਦ ਜੀ ਹੀ ਮੰਨੇ ਗਏ ਹਨ। ਇਨ੍ਹਾਂ ਦੇ ਸੰਪ੍ਰਦਾਇ ਦਾ ਜਨਮ, ਰਾਮਾਨੁਜ ਦੇ ਪਰਲੋਕ ਸਿਧਾਰਨ ਉਪਰੰਤ ਉਨ੍ਹਾਂ ਦੇ ਚੇਲਿਆਂ ਵਿਚਕਾਰ ਫੁੱਟ ਪੈ ਜਾਣ ਕਰਕੇ ਹੋਇਆ। ਰਾਮਾਨੁਜਾਚਾਰੀਆ ਨੇ ਜਿਨ੍ਹਾਂ ਯਤਨਾਂ ਨਾਲ ਵੇਦ ਅਤੇ ਤਾਮਿਲ ਪ੍ਰਬੰਧ ਨੂੰ ਇਕ ਕੜੀ ਵਿਚ ਬੰਨ੍ਹਿਆ ਸੀ, ਉਨ੍ਹਾਂ ਦੇ ਚੇਲੇ ਉਸ ਦੀ ਰੱਖਿਆ ਨਾ ਕਰ ਸਕੇ। ਕੁਝ ਵੈਦਿਕ ਧਰਮ ਨੂੰ ਮੰਨਣ ਲੱਗੇ ਅਤੇ ਕੁਝ ਤਾਮਿਲ ਪ੍ਰਬੰਧ ਨੂੰ ਪ੍ਰਧਾਨਤਾ ਦੇਣ ਲੱਗੇ। ਮੁਸਲਮਾਨਾਂ ਦੇ ਹਮਲਿਆਂ ਦੇ ਕਾਰਨ ਜਨਤਾ ਪਰਮਾਤਮਾ

ਦੀ ਭਗਤੀ ਤੋਂ ਸੁੱਖ ਅਤੇ ਸ਼ਾਂਤੀ ਪ੍ਰਾਪਤ ਕਰਨਾ ਚਾਹੁੰਦੀ ਸੀ। ਇਸ ਲਈ ਵੈਦਿਕ ਧਰਮ ਨੂੰ ਮੰਨਣ ਵਾਲਿਆਂ ਨੇ ਆਪਣਾ ਸੰਪ੍ਰਦਾਇ ਉੱਤਰ ਭਾਰਤ ਵਿਚ ਚਲਾਇਆ ਜਿਸ ਦੇ ਆਚਾਰੀਆ 14ਵੀਂ ਸਦੀ ਵਿਚ ਸੁਆਮੀ ਰਾਮਾਨੰਦ ਮੰਨੇ ਗਏ।[55]

ਰਾਮਾਨੁਜ ਸੰਪ੍ਰਦਾਇ ਦੀ ਤਰ੍ਹਾਂ ਰਾਮਾਨੰਦ ਸੰਪ੍ਰਦਾਇ ਨੂੰ ਵੀ ਸ਼੍ਰੀ ਸੰਪ੍ਰਦਾਇ ਅਤੇ ਉਸ ਦੇ ਦਾਰਸ਼ਨਿਕ ਸਿਧਾਂਤ ਨੂੰ ਵਿਸ਼ਿਸ਼ਟਾਦਵੈਤ ਕਿਹਾ ਜਾਂਦਾ ਹੈ। ਦੋਹਾਂ ਵਿਚ ਅੰਤਰ ਸਿਰਫ਼ ਇੰਨਾ ਹੈ ਕਿ ਰਾਮਾਨੁਜ ਸੰਪ੍ਰਦਾਇ ਵਿਚ 'ਲੱਛਮੀ ਨਾਰਾਇਣ' ਅਤੇ ਰਾਮਾਨੰਦ ਸੰਪ੍ਰਦਾਇ ਵਿਚ 'ਸੀਤਾ ਰਾਮ' ਦੀ ਉਪਾਸਨਾ ਕੀਤੀ ਜਾਂਦੀ ਹੈ।[56]

ਰਾਮਾਨੰਦ ਜੀ ਦਾ ਜਨਮ ਸੰਨ 1299 ਵਿਚ ਮੰਨਿਆ ਜਾਂਦਾ ਹੈ।[57] ਰਾਮਾਨੰਦ ਜੀ ਨੇ ਲੋਕ-ਭਾਸ਼ਾ ਵਿਚ ਹੀ ਵੈਸ਼ਣਵ ਧਰਮ ਦਾ ਪ੍ਰਚਾਰ ਕੀਤਾ। ਸ਼੍ਰੀ ਸੰਪ੍ਰਦਾਇ ਦੀ ਦੀਖਿਆ ਉਨ੍ਹਾਂ ਨੇ ਕਾਸ਼ੀ ਵਿਚ ਸੁਆਮੀ ਰਾਘਵਾਨੰਦ ਤੋਂ ਪ੍ਰਾਪਤ ਕੀਤੀ ਸੀ ਜੋ ਰਾਮਾਨੁਜ ਪਰੰਪਰਾ ਦੀ ਚੌਥੀ ਪੀੜ੍ਹੀ ਵਿਚ ਆਉਂਦੇ ਹਨ।

ਸੁਆਮੀ ਰਾਮਾਨੰਦ ਜੀ ਨੇ ਰਾਮ ਦੇ ਉਪਾਸ਼ਕ ਵੈਰਾਗੀਆਂ ਦਾ ਸੰਗਠਨ ਇਕ ਸੁਤੰਤਰ ਸੰਪ੍ਰਦਾਇ ਦੇ ਰੂਪ ਵਿਚ ਕੀਤਾ ਅਤੇ ਉਸ ਸੰਗਠਨ ਵਿਚ ਦਾਖ਼ਲਾ ਪ੍ਰਾਪਤ ਕਰਨ ਦੇ ਅਧਿਕਾਰ ਉਨ੍ਹਾਂ ਨੇ ਜਨਮ-ਜਾਤ ਸ਼ੂਦਰਾਂ ਅਤੇ ਮੁਸਲਮਾਨਾਂ ਨੂੰ ਵੀ ਦਿੱਤਾ। ਇਸ ਸਮੇਂ ਮੁਸਲਮਾਨਾਂ ਦੇ ਹਮਲਿਆਂ ਦੇ ਕਾਰਣ ਹਿੰਦੂਆਂ ਦੇ ਦਿਲ ਬਹੁਤ ਕਮਜ਼ੋਰ ਹੋ ਗਏ ਸਨ। ਅਜਿਹੇ ਸਮੇਂ ਵਿਚ ਰਾਮਾਨੰਦ ਜੀ ਨੇ ਉੱਤਰੀ ਭਾਰਤ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਨਾਲ ਸਮਝਿਆ। ਉਨ੍ਹਾਂ ਨੇ ਛੋਟੇ ਵਰਗ ਦੇ ਲੋਕਾਂ ਦੇ ਦਿਲ ਵਿਚ ਉਤਪੰਨ ਸੱਚੀ ਲਗਨ ਦਾ ਅਨੁਭਵ ਕਰ ਕੇ ਪਰਮਾਤਮਾ ਦੀ ਭਗਤੀ ਦਾ ਦਰਵਾਜ਼ਾ ਸਾਰਿਆਂ ਲਈ ਸੁਤੰਤਰ ਤੌਰ 'ਤੇ ਖੋਲ੍ਹ ਦਿੱਤਾ।

ਇਸ ਤਰ੍ਹਾਂ ਜਾਤ-ਪਾਤ ਸੰਬੰਧੀ ਰਾਮਾਨੰਦ ਜੀ ਦਾ ਦ੍ਰਿਸ਼ਟੀਕੋਣ ਆਪਣੇ ਵਿਸ਼ਿਸ਼ਟਾ-ਦਵੈਤਵਾਦੀ ਗੁਰੂ ਰਾਘਵਾਨੰਦ ਦੀ ਤੁਲਨਾ ਵਿਚ ਵੱਧ ਉਦਾਰ ਸੀ। ਰਾਮਾਨੁਜ ਸੰਪ੍ਰਦਾਇ ਵਿਚ ਛੂਆ-ਛੂਤ, ਜਾਤ-ਪਾਤ ਦਾ ਭੇਦਭਾਵ ਕੁਝ ਜ਼ਿਆਦਾ ਸੀ। ਰਾਘਵਾਨੰਦ ਵੀ ਇਸ ਭੇਦਭਾਵ ਨੂੰ ਕਿਸੇ ਹੱਦ ਤਕ ਸਵੀਕਾਰ ਕਰਦੇ ਸਨ ਪਰੰਤੂ ਰਾਮਾਨੰਦ ਜੀ ਨੇ ਭਗਤੀ ਦੇ ਖੇਤਰ ਵਿਚ ਜਾਤ-ਪਾਤ ਦਾ ਬੰਧਨ ਨਹੀਂ ਮੰਨਿਆ। ਇਸ ਲਈ ਉਨ੍ਹਾਂ ਨੇ ਸਾਰੀਆਂ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਆਪਣੇ ਵੈਰਾਗੀ ਸੰਪ੍ਰਦਾਇ ਵਿਚ ਸ਼ਾਮਲ ਕਰ ਲਿਆ। ਜਾਤ-ਪਾਤ ਦੇ ਵੱਲ ਉਦਾਰ ਦ੍ਰਿਸ਼ਟੀਕੋਣ ਦੇ ਕਾਰਣ ਹੀ ਮੁਸਲਮਾਨਾਂ ਦੁਆਰਾ ਮਲੀਨ ਕੀਤੇ ਗਏ ਹਿੰਦੂਆਂ ਨੂੰ ਮੁੜ ਵੈਸ਼ਣਵ ਬਣਾ ਲੈਣ ਦੇ ਕਾਰਣ ਹੀ ਮੈਕਾਲਿਫ਼, ਗ੍ਰੀਅਰਸਨ ਅਤੇ ਹਿੰਦੀ ਸਾਹਿੱਤ ਦੇ ਅਨੇਕਾਂ ਇਤਿਹਾਸਕਾਰਾਂ ਨੇ ਰਾਮਾਨੰਦ ਜੀ ਨੂੰ ਇਕ ਬਹੁਤ ਵੱਡਾ ਸੁਧਾਰਕ ਮੰਨ ਲਿਆ।[58] ਡਾ. ਪੀਤਾਂਬਰ ਦੱਤ ਬੜਥਵਾਲ ਜੀ ਦੇ ਸ਼ਬਦਾਂ ਵਿਚ : "ਭਗਵਦ ਭਗਤੀ ਦੇ ਖੇਤਰ ਵਿਚ ਉਨ੍ਹਾਂ ਨੇ ਉਹ ਭਾਵਨਾ ਉਤਪੰਨ ਕਰ ਦਿੱਤੀ ਜਿਸ ਦੇ ਅਨੁਸਾਰ, "ਜਾਤਿ ਪਾਤਿ ਪੂਛੇ ਨਹੀਂ ਕੋਈ। ਹਰਿ ਕੋ ਭਜੈ ਸੋ ਹਰਿ ਕਾ ਹੋਈ।" ਭਗਤੀ ਦੇ ਖੇਤਰ ਵਿਚ ਉਨ੍ਹਾਂ ਨੇ ਵਰਣ-ਅੰਤਰ ਨੂੰ ਹੀ ਨਹੀਂ ਸਗੋਂ ਧਾਰਮਿਕ ਵੈਰ-ਭਾਵ ਨੂੰ ਵੀ ਸਥਾਨ ਨਹੀਂ ਦਿੱਤਾ ਅਤੇ ਹਿੰਦੂ ਮੁਸਲਮਾਨ ਸਾਰਿਆਂ ਨੂੰ ਚੇਲਾ ਬਣਾਇਆ।[59]

ਰਾਮਾਨੰਦ ਜੀ ਦੇ ਅਨੁਸਾਰ ਪਰਮਾਤਮਾ ਦੇ ਪ੍ਰਤੀ ਸੰਪੂਰਨ ਸ਼ਰਧਾ ਰੱਖਣਾ ਹੀ ਭਗਤੀ ਹੈ। ਤੇਲ ਦੀ ਧਾਰ ਦੀ ਤਰ੍ਹਾਂ ਹਰ ਸਮੇਂ ਸਿਮਰਨ ਕਰਨਾ ਭਗਤੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਰਾਮਾਨੰਦ ਜੀ ਨੇ ਭਾਗਵਤ ਦੁਆਰਾ ਨਿਰਧਾਰਤ ਭਗਤੀ ਮਾਰਗ ਨੂੰ ਹੀ ਮੰਨਿਆ ਹੈ। ਰਾਮਾਨੰਦ ਜੀ ਨੇ ਭਗਤੀ ਵਿਚ ਪ੍ਰਪੱਤੀ ਅਤੇ ਨਿਆਂ ਦੋਹਾਂ 'ਤੇ ਜ਼ੋਰ ਦਿੱਤਾ ਹੈ। ਪਰਮਾਤਮਾ ਦੀ ਬਗ਼ੈਰ ਕਿਸੇ ਇੱਛਾ ਵਾਲੀ ਕਿਰਪਾ ਨੂੰ ਪ੍ਰਪੱਤੀ ਅਤੇ ਸਵੈ-ਪ੍ਰਵਿਰਤੀ ਦੇ ਖ਼ਾਤਮੇ ਨੂੰ ਨਿਆਂ ਮੰਨਿਆ ਹੈ। ਰਾਮਾਨੰਦ ਜੀ ਨੇ ਰਾਮ ਦੇ ਛੇ ਅੱਖਰੀ ਮੰਤਰ 'ਸ਼੍ਰੀਰਾਮਾਯਨਮ' ਨੂੰ ਮੁਕਤੀ ਪ੍ਰਾਪਤੀ ਲਈ ਦੱਸਿਆ ਹੈ। ਰਾਮਾਨੰਦ ਜੀ ਨੇ ਭਗਤ ਅਤੇ ਭਗਵਾਨ ਦੇ ਸੰਬੰਧ ਨੂੰ ਵੀ ਸਵੀਕਾਰ ਕੀਤਾ ਹੈ। ਭਗਤ ਅਤੇ ਪਰਮਾਤਮਾ ਦੇ ਵਿਚਕਾਰ ਚਾਰ ਸੰਬੰਧ ਮੰਨੇ ਜਾਂਦੇ ਹਨ : (1) ਸੁਆਮੀ- ਸੇਵਕ ਸੰਬੰਧ, (2) ਮਿੱਤਰ ਸੰਬੰਧ, (3) ਪੁੱਤਰ-ਪਿਤਾ ਸੰਬੰਧ, (4) ਪਤੀ-ਪਤਨੀ ਸੰਬੰਧ। ਇਨ੍ਹਾਂ ਸੰਬੰਧਾਂ ਦੇ ਆਧਾਰ 'ਤੇ ਸੇਵਕ (ਦਾਸਯ) ਭਗਤੀ, ਮਿੱਤਰ (ਸੱਖਯ) ਭਗਤੀ, ਮਾਪਿਆਂ ਦਾ ਪਿਆਰ (ਵਾਤਸਲਯ) ਭਗਤੀ ਅਤੇ ਮਨਮੋਹਕ (ਮਾਧੁਰਿਆ) ਭਗਤੀ, ਇਹ ਚਾਰ ਪ੍ਰਮੁੱਖ ਭਗਤੀ ਦੀਆਂ ਕਿਸਮਾਂ ਹੋਈਆਂ। ਪੰਜਵੀਂ ਕਿਸਮ ਸਾਤਾਂ ਭਗਤੀ ਹੈ।[60] ਪਰੰਤੂ ਰਾਮਾਨੰਦ ਜੀ ਭਗਤ ਅਤੇ ਪਰਮਾਤਮਾ ਦੇ ਵਿਚਕਾਰ ਨੌਂ ਪ੍ਰਕਾਰ ਦੇ ਸੰਬੰਧ ਮੰਨਦੇ ਹਨ।

ਇਸ ਤਰ੍ਹਾਂ ਰਾਮ ਭਗਤੀ ਅਤੇ ਉਪਾਸਨਾ ਦੀ ਅਸਲ ਸਥਾਪਨਾ ਰਾਮਾਨੰਦ ਜੀ ਨੇ ਕੀਤੀ। ਇਸ ਤੋਂ ਪਹਿਲਾਂ ਵਿਸ਼ਨੂ ਅਵਤਾਰ ਕ੍ਰਿਸ਼ਨ ਭਗਤੀ ਨੂੰ ਵੱਧ ਮਾਨਤਾ ਪ੍ਰਾਪਤ ਸੀ ਅਤੇ ਜੈਦੇਵ ਜਿਹੇ ਮਹਾਨ ਭਗਤ ਸੰਗੀਤਕਾਰਾਂ ਨੇ ਰਾਧਾ ਕ੍ਰਿਸ਼ਨ ਦੀਆਂ ਪ੍ਰੇਮ ਲੀਲ੍ਹਾਵਾਂ ਨੂੰ ਪਦ ਲਿਖ ਕੇ ਉਨ੍ਹਾਂ ਨੂੰ ਵੱਖ-ਵੱਖ ਰਾਗ-ਰਾਗਨੀਆਂ ਵਿਚ ਲੈਅ-ਬੱਧ ਕਰ ਕੇ ਜਨਤਾ ਦੇ ਸਾਹਮਣੇ ਰੱਖਿਆ ਜਿਸ ਦੇ ਕਾਰਣ ਲੋਕ-ਸਮਾਜ ਦਾ ਝੁਕਾਅ ਆਪਣੇ ਆਪ ਹੀ ਉਸ ਪਾਸੇ ਹੋ ਗਿਆ। ਪਰੰਤੂ ਦੂਜੇ ਪਾਸੇ ਹਿੰਦੂ ਸਮਾਜ ਨੂੰ ਅਜਿਹੇ ਧਰਮ ਦੀ ਵੀ ਲੋੜ ਸੀ ਜੋ ਹਿੰਦੂਆਂ ਦੀ ਵੀਰਤਾ ਨੂੰ ਉਭਾਰ ਸਕੇ, ਜੋ ਉਨ੍ਹਾਂ ਨੂੰ ਤਿਆਗ, ਕਸ਼ਟ ਅਤੇ ਸਹਿਨਸ਼ੀਲਤਾ ਵੱਲ ਪ੍ਰੇਰਿਤ ਕਰ ਸਕੇ। ਇਸ ਪ੍ਰਕਾਰ ਦਾ ਧਰਮ ਮਰਿਆਦਾ ਪੁਰਸ਼ੋਤਮ ਭਗਵਾਨ ਰਾਮ ਨੂੰ ਲੈ ਕੇ ਖੜਾ ਕੀਤਾ ਜਾ ਸਕਦਾ ਸੀ ਕਿਉਂਕਿ ਹਿੰਦੂਆਂ ਦੇ ਦਿਲ ਵਿਚ ਰਾਮ ਨੂੰ ਵਿਸ਼ਨੂ ਦੇ ਅਵਤਾਰ ਦੇ ਰੂਪ ਵਿਚ ਪਹਿਲਾਂ ਤੋਂ ਹੀ ਭਗਤੀਪੂਰਣ ਸਥਾਨ ਪ੍ਰਾਪਤ ਸੀ ਪਰੰਤੂ ਫੇਰ ਵੀ ਰਾਮਾਨੰਦ ਜੀ ਤੋਂ ਪਹਿਲਾਂ ਜੋ ਸੰਗੀਤ ਧਾਰਾ ਜੈਦੇਵ ਦੀ ਧਾਰਾ ਕ੍ਰਿਸ਼ਨ ਲੀਲ੍ਹਾਵਾਂ ਦੇ ਪਦਾਂ ਦੇ ਗਾਇਨ ਤੋਂ ਅਤੇ ਕੁਝ ਸੂਫ਼ੀ ਕਵੀਆਂ ਦੀਆਂ ਰਚਨਾਵਾਂ ਦੁਆਰਾ ਪ੍ਰਵਾਹਿਤ ਹੋ ਰਹੀ ਸੀ। ਉਸ ਦੇ ਪ੍ਰਵਾਹ ਵਿਚ ਰਾਮ-ਕਾਵਿ ਦੀ ਸੰਗੀਤ ਧਾਰਾ ਬਿਲਕੁਲ ਲੁਪਤ ਹੋ ਗਈ ਕਿਉਂਕਿ ਕ੍ਰਿਸ਼ਨ-ਕਾਵਿ ਦੇ ਕਵੀਆਂ ਦੀ ਤੁਲਨਾ ਵਿਚ ਰਾਮ-ਕਾਵਿ ਦੇ ਕਵੀਆਂ ਦੀ ਗਿਣਤੀ ਘੱਟ ਸੀ। ਦੂਜੇ ਪਾਸੇ ਜ਼ਿਆਦਾਤਰ ਸੂਫ਼ੀ ਕਵੀਆਂ ਨੇ ਆਪਣੀ ਰਚਨਾਂ ਦੋਹਾਂ, ਚੌਪਈਆਂ ਵਿਚ ਕੀਤੀ ਹੈ। ਇਸ ਵਾਸਤੇ ਉਨ੍ਹਾਂ ਦਾ ਕਿਸੇ ਵਿਸ਼ੇਸ਼ ਰਾਗ ਜਾਂ ਰਾਗਨੀਆਂ ਵਿਚ ਗਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਸਮਾਨ ਆਦਿ ਇਕ ਦੋ ਕਵੀਆਂ ਨੇ ਪਦ-ਸ਼ੈਲੀ ਦੀ ਰਚਨਾ ਕਰ ਕੇ ਰਾਗ ਮੁਲਤਾਨੀ, ਤੋਡੀ, ਵਿਹਾਗੜਾ, ਸੂਹਾ ਆਦਿ ਰਾਗਾਂ ਦਾ ਪ੍ਰਯੋਗ ਆਪਣੇ ਕਾਵਿ ਵਿਚ ਕੀਤਾ।[61]

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਸੰਗੀਤ ਰਾਮ ਭਗਤੀ ਕਵੀਆਂ ਦੀ ਤੁਲਨਾ ਵਿਚ ਕ੍ਰਿਸ਼ਨ ਭਗਤ ਕਵੀਆਂ ਦੇ ਵੱਧ ਨੇੜੇ ਸੀ ਪਰੰਤੂ ਫੇਰ ਵੀ ਇਹ ਗੱਲ ਮੰਨਣਯੋਗ ਹੈ ਕਿ ਉੱਤਰ ਭਾਰਤ ਵਿਚ ਰਾਮਾਨੰਦ ਜੀ ਨੇ ਸੰਗੀਤ ਦਾ ਆਸਰਾ ਲਏ ਬਗ਼ੈਰ ਹੀ ਰਾਮ ਭਗਤੀ ਦੀ ਉਪਾਸਨਾ ਦਾ ਪ੍ਰਚਾਰ ਲੋਕ-ਸਮਾਜ ਵਿਚ ਕਰ ਕੇ ਉਨ੍ਹਾਂ ਦੇ ਦਿਲ ਨੂੰ ਸੁੱਖ ਅਤੇ ਸ਼ਾਂਤੀ ਪਹੁੰਚਾ ਕੇ ਉਨ੍ਹਾਂ ਨੂੰ ਸੰਸਾਰ ਵਿਚ ਜਿਊਂਦਾ ਰਹਿਣ ਲਈ ਇਕ ਸ਼ਕਤੀ ਪ੍ਰਦਾਨ ਕੀਤੀ।

ਭਗਤੀ ਅੰਦੋਲਨ ਦੇ ਵਿਕਾਸ ਵਿਚ ਰਾਮਾਨੰਦ ਜੀ ਦੀ ਦੇਣ ਮਹੱਤਵਪੂਰਨ ਹੈ। ਰਾਮਾਨੰਦ ਜੀ ਦੁਆਰਾ ਰਚੀ ਗਈ ਰਾਮ-ਭਗਤੀ ਧਾਰਾ ਦੀਆਂ ਅੱਗੇ ਚੱਲ ਕੇ ਦੋ ਸ਼ਾਖਾਵਾਂ ਹੋ ਗਈਆਂ। ਨਿਰਗੁਣ ਭਗਤੀ ਧਾਰਾ ਜਿਸ ਦੇ ਸੰਸਥਾਪਕ ਕਬੀਰ ਜੀ ਅਤੇ ਸਰਗੁਣ ਭਗਤੀ ਧਾਰਾ ਜਿਸ ਦੇ ਸੰਸਥਾਪਕ ਗੋਸੁਆਮੀ ਤੁਲਸੀਦਾਸ ਮੰਨੇ ਜਾਂਦੇ ਹਨ।

ਇਸ ਤਰ੍ਹਾਂ ਭਗਤੀ ਸੰਗੀਤ ਨੂੰ ਗਤੀ ਦੇਣ ਵਾਲੇ ਸੰਤਾਂ ਅਤੇ ਭਗਤਾਂ ਵਿਚ ਪੰਜਾਬ ਦੇ ਗੁਰੂਆਂ ਦੇ ਨਾਮ ਵਰਣਨਯੋਗ ਹਨ ਜਿਨ੍ਹਾਂ ਨੇ ਅਣਗਿਣਤ 'ਸ਼ਬਦਾਂ' ਦੀ ਰਚਨਾ ਕਰ ਕੇ ਭਗਤੀ ਸੰਗੀਤ ਨੂੰ ਮਹਾਨ ਯੋਗਦਾਨ ਦਿੱਤਾ ਹੈ।

ਪੰਜਾਬ ਅਤੇ ਪੰਜਾਬੀ ਸਾਹਿਤ ਵਿਚ ਭਗਤੀ ਅੰਦੋਲਨ ਦੇ ਪ੍ਰਮੁੱਖ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਮੱਧ ਕਾਲ ਵਿਚ ਇਸ ਅੰਦੋਲਨ ਵਾਸਤੇ ਉਨ੍ਹਾਂ ਦੀ ਦੇਣ ਦੀ ਚਰਚਾ ਕਰਨ ਤੋਂ ਪਹਿਲਾਂ ਵੱਲਭਾਚਾਰੀਆ ਅਤੇ ਚੈਤੰਨਯ ਮਹਾਂਪ੍ਰਭੂ ਬਾਰੇ ਜਾਣਕਾਰੀ ਪ੍ਰਾਪਤ ਕਰ ਲੈਣੀ ਜ਼ਰੂਰੀ ਹੈ ਕਿਉਂਕਿ ਇਹ ਦੋਵੇਂ ਆਚਾਰੀਆ ਗੁਰੂ ਨਾਨਕ ਦੇਵ ਜੀ ਦੇ ਲਗਪਗ ਸਮਕਾਲੀ ਸਨ।

ਵੱਲਭਾਚਾਰੀਆ

ਅਦਵੈਤਵਾਦੀਆਂ ਦੇ ਖ਼ਿਲਾਫ਼ ਵੈਸ਼ਣਵ ਆਚਾਰੀਆਂ ਨੇ ਦਵੈਤਵਾਦ ਦਾ ਜੋ ਦਰਸ਼ਨ ਸਥਾਪਿਤ ਕੀਤਾ ਉਸ ਵਿਚ ਸ਼ੁਧਾਦਵੈਤਵਾਦ ਦੇ ਸੰਸਥਾਪਕ ਵੱਲਭਾਚਾਰੀਆ ਦਾ ਨਾਮ ਵਿਸ਼ੇਸ਼ ਰੂਪ ਵਿਚ ਵਰਣਨ ਯੋਗ ਹੈ।

ਸ਼ੰਕਰਾਚਾਰੀਆ ਦੇ ਮਾਇਆਵਾਦ ਨੂੰ ਰੱਦ ਕਰਨ ਲਈ ਆਚਾਰੀਆ ਵੱਲਭ ਨੇ ਸਭ ਤੋਂ ਪਹਿਲਾਂ ਮਾਇਆ ਉੱਤੇ ਹੀ ਕਰਾਰੀ ਸੱਟ ਮਾਰੀ। ਸ਼ੰਕਰ ਨੇ ਮਾਇਆ ਦੇ ਸੰਬੰਧਾਂ ਨਾਲ ਭਰਪੂਰ ਬ੍ਰਹਮ ਨੂੰ ਹੀ ਸੰਸਾਰ ਦਾ ਕਾਰਣ ਸਵੀਕਾਰ ਕੀਤਾ ਸੀ ਪਰੰਤੂ ਵੱਲਭਾਚਾਰੀਆ ਨੇ ਜ਼ੋਰਦਾਰ ਸ਼ਬਦਾਂ ਵਿਚ ਘੋਸ਼ਣਾ ਕੀਤੀ :

> **माया सम्बन्धरहित शुद्रभित्युच्यते बुधैः।**
> **कार्य कारण रूप हि शुद्ध ब्रहम न मायिकम्।**

ਇਥੇ ਬ੍ਰਹਮ ਦੇ ਤਿੰਨ ਭਾਗ ਕੀਤੇ ਗਏ ਹਨ—(ੳ) ਆਧਿਭੌਤਿਕ, (ਅ) ਅਧਿਆਤਮਕ ਅਤੇ (ੲ) ਆਦਿਦੈਵਿਕ ਅਰਥਾਤ ਕ੍ਰਮਵਾਰ ਜਗਤ, ਅੱਖਰ, ਪਾਰਬ੍ਰਹਮ। ਅੱਖਰ ਬ੍ਰਹਮ ਵਿਚ ਵੱਲਭ ਨੇ ਸਚਿਦਾਨੰਦ ਬ੍ਰਹਮ ਦੇ ਆਨੰਦ ਅੰਸ਼ ਦਾ

ਥੋੜ੍ਹਾ ਜਿਹਾ ਝੁਕਾਅ ਸਵੀਕਾਰ ਕੀਤਾ ਹੈ ਅਤੇ ਆਨੰਦ ਨਾਲ ਸੰਪੂਰਨ ਸਿਰਫ਼ ਪਾਰਬ੍ਰਹਮ ਨੂੰ ਹੀ ਮੰਨਿਆ ਹੈ।

ਬੇਸ਼ਕ ਰਾਧਾ ਅਤੇ ਕ੍ਰਿਸ਼ਨ ਨੂੰ ਆਧਾਰ ਮੰਨ ਕੇ ਭਗਤੀ ਦਾ ਪ੍ਰਚਾਰ ਨਿੰਬਾਰਕ ਨੇ ਹੀ ਕੀਤਾ ਪਰੰਤੂ ਅਸਲ ਵਿਚ ਉੱਤਰ ਭਾਰਤ ਵਿਚ ਰਾਧਾ ਕ੍ਰਿਸ਼ਨ ਦੀ ਭਗਤੀ ਭਾਵਨਾ ਨੂੰ ਵਿਅਕਤ ਕਰਨ ਲਈ ਵੱਲਭਾਚਾਰੀਆ ਅਤੇ ਚੈਤੰਨਯ ਮਹਾਂਪ੍ਰਭੂ ਦਾ ਹੀ ਯੋਗਦਾਨ ਹੈ। ਦੱਖਣ ਤੋਂ ਜੋ ਭਗਤੀ ਅੰਦੋਲਨ ਹੌਲੀ-ਹੌਲੀ ਪ੍ਰਗਤੀ ਕਰ ਰਿਹਾ ਸੀ ਉਸ ਨੂੰ ਉੱਤਰ ਭਾਰਤ ਵਿਚ ਪੂਰਨ ਤੌਰ 'ਤੇ ਪ੍ਰਾਪਤ ਕਰਵਾਉਣ ਵਿਚ ਵੱਲਭਾਚਾਰੀਆ ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਦਾ ਪ੍ਰਭਾਵ ਬਾਅਦ ਵਾਲੀਆਂ ਅਨੇਕ ਸੰਪ੍ਰਦਾਵਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ।

ਸੰਪ੍ਰਦਾਇ ਦੀ ਪਰੰਪਰਾ ਅਨੁਸਾਰ ਵਿਸ਼ਣੂ ਸੁਆਮੀ ਸ਼ੁੱਧਾਦਵੈਤ ਮੱਤ ਦੇ ਸੰਸਥਾਪਕ ਮੰਨੇ ਜਾਂਦੇ ਹਨ ਪਰੰਤੂ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਸਿਹਰਾ ਵੱਲਭਾਚਾਰੀਆ ਦੇ ਸਿਰ ਹੀ ਹੈ।

ਆਚਾਰੀਆ ਨੇ ਕਿਸੇ ਵੀ ਭਾਵ ਨਾਲ ਪਰਮਾਤਮਾ ਦਾ ਭਜਨ ਕਰਨ ਦਾ ਉਪਦੇਸ਼ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਉਸੇ ਪਰਮਾਤਮਾ ਦੀ ਕਿਰਪਾ ਉੱਤੇ ਵੀ ਭਰੋਸਾ ਰੱਖਣ ਨੂੰ ਆਖਿਆ ਹੈ। ਨਵਧਾ ਭਗਤੀ ਨੂੰ ਸਵੀਕਾਰ ਕਰਦੇ ਹੋਏ ਵੀ ਇਨ੍ਹਾਂ ਨੇ ਇਸ ਨੂੰ ਸਾਧਨ ਭਗਤੀ ਕਿਹਾ ਹੈ ਅਤੇ ਇਸ ਨੂੰ ਮਰਿਆਦਾ-ਪੰਥੀਆਂ ਦਾ ਪੰਥ ਮੰਨਿਆ ਹੈ। ਪੁਸ਼ਟੀ-ਪੰਥੀਆਂ ਦੇ ਲਈ ਤੇ ਸਿਰਫ਼ ਪਰਮਾਤਮਾ ਦੀ ਸੇਵਾ ਹੀ ਇਕ ਮਾਤਰ ਉਪਯੋਗਤਾ ਸਵੀਕਾਰ ਕੀਤੀ ਹੈ। ਆਚਾਰੀਆ ਨੇ ਸ਼ੁੱਧ ਅਨੁਰਾਗ ਨਾਲ ਭਰਪੂਰ ਅਤੇ ਇਕ ਚਿੱਤ ਹੋ ਕੇ ਪਰਮਾਤਮਾ ਦੀ ਸੇਵਾ ਦਾ ਉਪਦੇਸ਼ ਦਿੱਤਾ ਹੈ। ਸੇਵਾ ਤਿੰਨ ਪ੍ਰਕਾਰ ਦੀ ਦੱਸੀ ਗਈ ਹੈ : (ੳ) ਤਨੁਜਾ, (ਅ) ਵਿਪ੍ਰਜਾ, (ੲ) ਮਾਨਸੀ ਅਰਥਾਤ ਤਨ, ਮਨ ਅਤੇ ਧਨ ਨਾਲ ਕੀਤੀ ਜਾਣ ਵਾਲੀ ਸੇਵਾ।[62]

ਵੱਲਭਾਚਾਰੀਆ ਨੇ ਸਾਰੇ ਵਰਗਾਂ ਅਤੇ ਵਰਣਾਂ ਲਈ ਭਗਤੀ ਮਾਰਗ ਖੋਲ੍ਹਣਾ ਚਾਹਿਆ। ਇਸੇ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਸਾਧਕ ਨੂੰ ਆਪਣੀ ਸਮਰੱਥਾ ਅਨੁਸਾਰ ਸੇਵਾ (ਤਨ, ਮਨ ਜਾਂ ਧਨ ਨਾਲ) ਦਾ ਵਿਧਾਨ ਨਿਸ਼ਚਿਤ ਕੀਤਾ। ਆਚਾਰੀਆ ਨੇ "कृष्ण सेवा सदा कार्या मानसह सा परामला" ਕਹਿ ਕੇ ਮਾਨਸੀ ਸੇਵਾ ਨੂੰ ਸਭ ਤੋਂ ਵਧੀਆ ਘੋਸ਼ਿਤ ਕੀਤਾ ਜੋ ਕਿ ਸਾਰਿਆਂ ਲਈ ਸੰਭਵ ਹੈ।

ਅਨੇਕਾਂ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਮੱਧਕਾਲ ਵਿਚ ਇਸ ਸੰਪ੍ਰਦਾਇ ਵਿਚ ਕੀਰਤਨ ਦਾ ਵਿਸ਼ੇਸ਼ ਸਥਾਨ ਸੀ ਅਤੇ ਉਹ ਪਰਮਾਤਮਾ ਦੀ ਸੇਵਾ ਵਿਚ ਲਾਜ਼ਮੀ ਮੰਨਿਆ ਜਾਂਦਾ ਸੀ। ਵੱਲਭਾਚਾਰੀਆ ਜੀ ਦੇ ਸਮੇਂ ਸੂਰਦਾਸ, ਪਰਮਾਨੰਦ ਦਾਸ ਅਤੇ ਕੁੰਭਨਦਾਸ ਸ਼੍ਰੀਨਾਥ ਜੀ ਦੀਆਂ ਸਾਰੀਆਂ ਝਾਕੀਆਂ ਵਿਚ ਕੀਰਤਨ ਕਰਦੇ ਸਨ। ਵਿੱਠਲਦਾਸ ਜੀ ਦੇ ਸਮੇਂ ਵਿਚ ਕੀਰਤਨ-ਪ੍ਰਣਾਲੀ ਨੂੰ ਸੁਵਿਵਸਥਿਤ ਅਤੇ ਵਿਆਪਕ ਰੂਪ ਦਿੱਤਾ ਗਿਆ। ਉਨ੍ਹਾਂ ਨੇ ਅੱਠਾਂ ਪਹਿਰਾਂ ਦੀਆਂ ਝਾਕੀਆਂ ਵਿਚ ਵੱਖ-ਵੱਖ ਕੀਰਤਨੀਏ ਨਿਯੁਕਤ ਕੀਤੇ।

ਉਨ੍ਹਾਂ ਦੇ ਚੇਲਿਆਂ ਵਿਚ ਕਈ ਉੱਚ-ਕੋਟੀ ਦੇ ਸੰਗੀਤਕਾਰ ਅਤੇ ਭਗਤ ਕਵੀ ਸਨ।

ਵਿੱਠਲਦਾਸ ਜੀ ਨੇ ਕੀਰਤਨ ਸੇਵਾ ਵਿਚ ਵਚਿੱਤਰ ਸਾਜ਼ਾਂ ਨੂੰ ਸੰਮਿਲਤ ਕੀਤਾ। ਉਹ ਉੱਚ-ਕੋਟੀ ਦੇ ਸੰਗੀਤਕਾਰ, ਸੰਗੀਤ ਦੇ ਮਾਹਿਰ ਅਤੇ ਕਲਾ ਦੇ ਗਿਆਤਾ ਸਨ। ਇਨ੍ਹਾਂ ਨੇ ਸੂਰਦਾਸ ਜੀ ਨੂੰ ਅਨੇਕਾਂ ਕੀਰਤਨ ਸੰਸਕ੍ਰਿਤ ਭਾਸ਼ਾ ਵਿਚ ਸਿਖਾਏ।

ਵੱਲਭਾਚਾਰੀਆ ਦਾ ਸਾਧਨ ਪੱਖ ਜੋ ਪੁਸ਼ਟੀ ਮਾਰਗ ਦੇ ਨਾਮ ਤੋਂ ਪ੍ਰਸਿੱਧ ਹੈ, ਆਪਣੀਆਂ ਵਿਸ਼ੇਸ਼ਤਾਵਾਂ ਦੇ ਕਾਰਣ ਭਗਤੀ ਅੰਦੋਲਨ ਵਿਚ ਆਪਣਾ ਵੱਖਰਾ ਅਤੇ ਮਹੱਤਵਪੂਰਨ ਸਥਾਨ ਰੱਖਦਾ ਹੈ। ਪੂਰਨ ਤੌਰ 'ਤੇ ਭਾਵੇਂ ਵੱਲਭਾਚਾਰੀਆ ਤੋਂ ਪਹਿਲਾਂ ਹੋਏ ਵੈਸ਼ਣਵ ਆਚਾਰੀਆਂ ਨੇ ਵੀ ਵੈਸ਼ਣਵ ਧਰਮ ਦੀ ਉੱਨਤੀ ਵਾਸਤੇ ਮਹੱਤਵਪੂਰਨ ਯੋਗਦਾਨ ਪਾਇਆ ਹੈ ਪਰੰਤੂ ਉਨ੍ਹਾਂ ਦਾ ਪ੍ਰਭਾਵ ਦੱਖਣ ਖੇਤਰ ਤੱਕ ਹੀ ਸੀਮਤ ਰਿਹਾ ਹੈ। ਸਿੱਟੇ ਵਜੋਂ ਉੱਤਰੀ ਭਾਰਤ ਵਿਚ ਅਨੇਕਾਂ ਵੈਸ਼ਣਵ ਸੰਪ੍ਰਦਾਇ ਅਤੇ ਵੈਸ਼ਣਵ ਮੱਤ ਹੀ ਪ੍ਰਭਾਵਸ਼ਾਲੀ ਰਹੇ। ਵੱਲਭਾਚਾਰੀਆ ਨੇ ਆਪਣੇ ਅਨੋਖੇ ਕਿਰਦਾਰ ਦੁਆਰਾ ਭਗਤੀ ਮੱਤ ਨੂੰ ਆਮ ਲੋਕਾਂ ਦੇ ਸਾਹਮਣੇ ਰੱਖਿਆ।

ਚੈਤੰਨਯ ਮਹਾਂਪ੍ਰਭੂ

ਚੈਤੰਨਯ ਮਹਾਂਪ੍ਰਭੂ ਵੱਲਭਾਚਾਰੀਆ ਦੇ ਸਮਕਾਲੀਨ ਸਨ। ਬੰਗਾਲ ਵਿਚ ਵੈਸ਼ਣਵ ਧਰਮ ਅਤੇ ਕ੍ਰਿਸ਼ਨ ਭਗਤੀ ਦੇ ਪ੍ਰਚਾਰ ਦਾ ਆਰੰਭ ਭਾਵੇਂ ਨਿੰਬਾਰਕਾਚਾਰੀਆ ਅਤੇ ਮਾਧਵਾਚਾਰੀਆ ਦੇ ਸੰਪ੍ਰਦਾਵਾਂ ਰਾਹੀਂ ਹੋਇਆ ਪਰੰਤੂ ਸ਼ਾਕਤ ਧਰਮ ਤੋਂ ਪ੍ਰਭਾਵਿਤ ਬੰਗਾਲ ਦੀ ਧਰਤੀ ਇਨ੍ਹਾਂ ਲਈ ਸ਼ੁਰੂ-ਸ਼ੁਰੂ ਵਿਚ ਯੋਗ ਸਾਬਤ ਨਹੀਂ ਹੋਈ। ਇਸ ਲਈ ਬਹੁਤ ਘੱਟ ਲੋਕ ਕ੍ਰਿਸ਼ਨ ਭਗਤੀ ਵੱਲ ਪ੍ਰੇਰਿਤ ਹੋਏ। ਉਥੋਂ ਦੇ ਵੱਖ-ਵੱਖ ਪੰਥਾਂ ਦੇ ਪ੍ਰੇਮ ਉਪਾਸਕ ਕਵੀਆਂ ਅਤੇ ਗਾਇਕਾਂ ਨੇ ਰਾਧਾ ਕ੍ਰਿਸ਼ਨ ਦੀ ਪ੍ਰੇਮ-ਲੀਲ੍ਹਾ ਦੇ ਗੀਤ ਜ਼ਰੂਰ ਗਾਏ ਪਰੰਤੂ ਉਹ ਨਾ ਕ੍ਰਿਸ਼ਨ ਭਗਤ ਸਨ ਅਤੇ ਨਾ ਹੀ ਕਿਸੇ ਵੈਸ਼ਣਵ ਸੰਪ੍ਰਦਾਇ ਵਿਚ ਵਿਸ਼ਵਾਸ ਰੱਖਦੇ ਸਨ। ਬੰਗਾਲ ਵਿਚ ਰਾਧਾ ਕ੍ਰਿਸ਼ਨ ਦੀਆਂ ਲੀਲ੍ਹਾਵਾਂ ਦੇ ਸਭ ਤੋਂ ਪਹਿਲੇ ਗਾਇਕ ਜੈਦੇਵ ਦੇ ਗੀਤ-ਕਾਵਿ ਦੇ ਨਾਲ ਕ੍ਰਿਸ਼ਨ ਭਗਤੀ ਦੇ ਅਨੇਕਾਂ ਕਵੀਆਂ ਨੂੰ ਪ੍ਰੇਰਨਾ ਅਵੱਸ਼ ਪ੍ਰਾਪਤ ਹੋਈ। ਪਰੰਤੂ ਉਹ ਆਪ ਖ਼ੁਦ ਭਗਤ ਸਨ, ਇਸ ਦਾ ਕੋਈ ਠੋਸ ਸਬੂਤ ਨਹੀਂ ਮਿਲਦਾ ਹੈ। ਇਸ ਤਰ੍ਹਾਂ ਅਸਲ ਵਿਚ ਬੰਗਾਲ ਵਿਚ ਵੈਸ਼ਣਵ ਧਰਮ ਅਤੇ ਕ੍ਰਿਸ਼ਨ ਭਗਤੀ ਦੇ ਵਿਆਪਕ ਪ੍ਰਚਾਰ ਦਾ ਕਾਰਜ ਚੈਤੰਨਯ ਮਹਾਂਪ੍ਰਭੂ ਨੇ ਅਤੇ ਉਨ੍ਹਾਂ ਦੇ ਸਹਿਯੋਗੀ ਭਗਤਾਂ ਨੇ ਕੀਤਾ।

ਬੰਗਾਲ ਵਿਚ ਉਤਪੰਨ ਹੋਣ ਦੇ ਕਾਰਨ ਚੈਤੰਨਯ ਦਾ ਸੰਪ੍ਰਦਾਇ 'ਗੌੜਿਅ ਸੰਪ੍ਰਦਾਇ' ਅਖਵਾਇਆ।[64] ਚੈਤੰਨਯ ਮਹਾਂਪ੍ਰਭੂ ਨੂੰ ਭਗਤੀ ਰਸ ਦੀ ਜੀਵੰਤ ਮੂਰਤੀ ਮੰਨਿਆ ਜਾਂਦਾ ਸੀ। ਇਨ੍ਹਾਂ ਨੇ ਮੁਕਤੀ ਲਈ ਹਰਿਨਾਮ ਸਿਮਰਨ ਅਤੇ ਕੀਰਤਨ ਨੂੰ ਇਕਮਾਤਰ ਸਾਧਨ ਦੱਸਿਆ। ਚੈਤੰਨਯ ਪ੍ਰੇਮ-ਮਈ ਕ੍ਰਿਸ਼ਨ ਦੇ ਵਾਸਤੇ ਗੂੜ੍ਹ ਸ਼ਿੰਗਾਰਕ ਭਗਤੀ ਭਾਵਨਾ ਰੱਖਦੇ ਸਨ। ਚੈਤੰਨਯ 'ਤੇ ਨਿੰਬਾਰਕ, ਬਿੰਬ ਮੰਗਲ, ਜੈਦੇਵ, ਚੰਡੀਦਾਸ, ਵਿਦਿਆਪਤੀ ਵਰਗੇ ਭਗਤਾਂ ਅਤੇ ਕਵੀਆਂ ਦਾ ਪ੍ਰਭਾਵ

ਮੰਨਿਆ ਜਾਂਦਾ ਹੈ। ਚੈਤੰਨਯ ਨੇ ਜਿਸ ਨਾਮ ਸੰਕੀਰਤਨ ਨੂੰ ਆਪਣੀ ਭਗਤੀ ਸਾਧਨਾ ਦਾ ਪ੍ਰਮੁੱਖ ਮਾਧਿਅਮ ਬਣਾਇਆ ਅਤੇ ਉਸ ਦੇ ਪਰਿਣਾਮਸਰੂਪ ਆਮ ਲੋਕ ਉਨ੍ਹਾਂ ਦੇ ਅੰਦੋਲਨ ਵੱਲ ਬੜੀ ਛੇਤੀ ਖਿੱਚੇ ਗਏ।

ਚੈਤੰਨਯ ਮਹਾਂਪ੍ਰਭੂ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਲਈ ਕਿਸੇ ਸੁਤੰਤਰ ਗ੍ਰੰਥ ਦੀ ਰਚਨਾ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਦੇ ਮੁੱਖ ਸਹਿਯੋਗੀ ਨਿਤਯਾਨੰਦ ਅਦਵੈਤਾਚਾਰੀਆ ਨੇ ਕੋਈ ਗ੍ਰੰਥ ਰਚਿਆ। ਉਨ੍ਹਾਂ ਦੀਆਂ ਸਿੱਖਿਆਵਾਂ ਦੇ ਸਾਰ-ਰੂਪ ਉਨ੍ਹਾਂ ਦੁਆਰਾ ਰਚੇ ਹੋਏ ਅੱਠ ਸ਼ਲੋਕ 'ਸ਼ਿਕਸ਼ਾਸ਼ਠਕ' ਦੇ ਨਾਮ ਤੋਂ ਪ੍ਰਸਿੱਧ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਦੀ ਭਗਤੀ ਦੇ ਸੰਬੰਧ ਵਿਚ ਆਪਣੇ ਹਾਰਦਿਕ ਵਿਚਾਰ ਪ੍ਰਗਟ ਕੀਤੇ ਹਨ।[65]

ਚੈਤੰਨਯ ਮਹਾਂਪ੍ਰਭੂ ਨੇ ਸਮੇਂ ਸਮੇਂ 'ਤੇ ਆਪਣੇ ਭਗਤਾਂ ਨੂੰ ਜੋ ਉਪਦੇਸ਼ ਦਿੱਤੇ ਉਨ੍ਹਾਂ ਤੋਂ ਵੀ ਉਨ੍ਹਾਂ ਦੇ ਸਿਧਾਂਤਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੀ ਸਿਖਿਆ ਦੇ ਆਧਾਰ 'ਤੇ ਹੀ ਰੂਪ ਸਨਾਤਨ ਗੋਸਵਾਮੀਆਂ ਨੇ ਆਪਣੇ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ ਚੈਤੰਨਯ ਮੱਤ ਦੇ ਭਗਤੀ ਸਿਧਾਂਤਾਂ ਦੀ ਸਭ ਤੋਂ ਪਹਿਲਾਂ ਪ੍ਰਮਾਣਿਕ ਤੌਰ 'ਤੇ ਚਰਚਾ ਹੋਈ। ਚੈਤੰਨਯ ਮੱਤ ਦੇ ਦਾਰਸ਼ਨਿਕ ਸਿਧਾਂਤਾਂ ਦਾ ਵਿਵੇਚਨ ਜੀਵ ਗੋਸਵਾਮੀ ਦੇ ਗ੍ਰੰਥ ਵਿਚ ਕੀਤਾ ਗਿਆ ਹੈ। ਕ੍ਰਿਸ਼ਨਦਾਸ ਕਵੀਰਾਜ ਨੇ ਆਪਣੇ "ਚੈਤੰਨਯ ਚਰਿਤਾਮ੍ਰਤ" ਵਿਚ ਚੈਤੰਨਯ ਮੱਤ ਦੇ ਭਗਤੀ ਸਿਧਾਂਤ ਦੇ ਨਾਲ-ਨਾਲ ਇਸ ਦੇ ਦਾਰਸ਼ਨਿਕ ਸਿਧਾਂਤਾਂ ਦਾ ਵੀ ਸਪੱਸ਼ਟੀਕਰਣ ਕੀਤਾ ਹੈ। ਇਨ੍ਹਾਂ ਦੋਹਾਂ ਵਿਅਕਤੀਆਂ ਨੇ ਚੈਤੰਨਯ ਦੇ ਦਾਰਸ਼ਿਨਕ ਸਿਧਾਂਤ ਦੇ ਰੂਪ ਵਿਚ "ਅਚਿੰਤਯ ਭੇਦ ਅਭੇਦ" ਦੀ ਸਥਾਪਨਾ ਕੀਤੀ। 18ਵੀਂ ਸਦੀ ਵਿਚ ਬਲਦੇਵ ਵਿਦਿਆਭੂਸ਼ਣ ਦੁਆਰਾ ਬ੍ਰਹਮ-ਸੂਤਰਾਂ ਉੱਤੇ ਲਿਖਿਆ ਗਿਆ "ਗੋਬਿੰਦ ਭਾਸ਼" ਅਚਿੰਤਯ ਭੇਦ-ਭਾਵ ਦਾ ਇਕ ਮਾਤਰ ਪ੍ਰਮਾਣਿਕ ਗ੍ਰੰਥ ਹੈ।

ਚੈਤੰਨਯ ਮਹਾਂਪ੍ਰਭੂ ਦੇ ਅਨੁਸਾਰ ਭਗਵਾਨ ਦੀ ਭਗਤੀ ਕਰਨ ਨਾਲ ਸੁਖ, ਸੌਂਦਰਯ, ਪ੍ਰੇਮ ਅਤੇ ਆਨੰਦ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੇ ਹਨ। ਭਗਤੀ ਨੂੰ ਤਿਨਕੇ ਤੋਂ ਵੀ ਵੱਧ ਤੁੱਛ ਅਤੇ ਰੁੱਖ ਨਾਲੋਂ ਵੀ ਜ਼ਿਆਦਾ ਸਹਿਣਸ਼ੀਲ ਹੋ ਕੇ ਅਤੇ ਹਉਮੈ ਦੀ ਇੱਛਾ ਨਾ ਰੱਖ ਕੇ ਦੂਜਿਆਂ ਨੂੰ ਮਾਣ ਦਿੰਦੇ ਹੋਏ ਸ਼੍ਰੀ ਹਰਿ ਦਾ ਗੁਣਗਾਨ ਕਰਨਾ ਚਾਹੀਦਾ ਹੈ।

ਚੈਤੰਨਯ ਦੀਆਂ ਸਿੱਖਿਆਵਾਂ ਦਾ ਮੂਲ ਤੱਤ ਕ੍ਰਿਸ਼ਨ ਭਗਤੀ ਹੈ ਅਤੇ ਕ੍ਰਿਸ਼ਨ ਭਗਤੀ ਨੂੰ ਹੀ ਸਭ ਤੋਂ ਵੱਧ ਮਹੱਤਵ ਦਿੱਤਾ ਗਿਆ ਹੈ। ਸ਼੍ਰੀ ਕ੍ਰਿਸ਼ਨ ਦੇ ਪ੍ਰੀਤੀ-ਭਾਵ ਉਨ੍ਹਾਂ ਨਾਲ ਨਿਸ਼ਕਾਮ ਪ੍ਰੇਮ 'ਕਿਵਾਂ' ਬਗ਼ੈਰ ਕਿਸੇ ਮੰਤਵ ਦੇ ਭਗਤੀ ਕਹਿਣਾ ਇਹੀ ਰਾਗਾਨੁਰਾਗ ਤੱਤ ਦੀ ਚਰਮ ਅਵਸਥਾ ਹੈ ਜਿਸ ਨੂੰ ਪ੍ਰਾਪਤ ਕਰਨਾ ਇਸ ਸੰਪ੍ਰਦਾਇ ਦੇ ਪਰਮ ਭਗਤਾਂ ਦਾ ਸਭ ਤੋਂ ਪਹਿਲਾ ਉਦੇਸ਼ ਹੈ।[66]

ਹਰੇਕ ਧਰਮ ਵਿਚ ਸੰਕੀਰਤਨ ਨੂੰ ਉਪਾਸਨਾ ਦੇ ਇਕ ਜ਼ੋਰਦਾਰ ਸਾਧਨ ਦੇ ਰੂਪ ਵਿਚ ਅਪਣਾਇਆ ਗਿਆ। ਅਸਲ ਵਿਚ ਸੰਕੀਤਰਨ ਵਿਚ ਤਿੰਨ ਅੰਗ ਸ਼ਾਮਲ ਹਨ : ਨਾਮ-ਕੀਰਤਨ, ਲੀਲ੍ਹਾ ਕੀਰਤਨ ਅਤੇ ਗੁਣ ਕੀਰਤਨ।

ਚੈਤੰਨਯ ਨੂੰ ਸ਼੍ਰੀ ਕ੍ਰਿਸ਼ਨ ਦਾ ਨਾਮ-ਕੀਰਤਨ ਅਤੇ ਲੀਲ੍ਹਾ ਗਾਇਨ ਅਤਿਅੰਤ ਪਿਆਰਾ ਸੀ। ਭਗਤੀ ਸਾਧਨਾ ਦੀ ਦ੍ਰਿਸ਼ਟੀ ਤੋਂ ਹਰਿਨਾਮ ਕੀਰਤਨ ਪ੍ਰਮੁੱਖ ਮੰਨਿਆ ਗਿਆ ਹੈ। ਹਰਿਨਾਮ ਕੀਰਤਨ ਸ਼੍ਰੀ ਕ੍ਰਿਸ਼ਨ ਪ੍ਰੇਮ ਦੀ ਪ੍ਰਾਪਤੀ ਦਾ ਸਹਿਜ ਉਪਾਅ ਹੈ :

कृष्णेन्द्रिय प्रीति इच्छा घटे प्रेमनाम। [67]

ਚੈਤੰਨਯ ਮਹਾਂਪ੍ਰਭੂ ਨੂੰ ਕੀਰਤਨ ਦਾ ਪਿਤਾਮਾ ਕਿਹਾ ਜਾਂਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਕੀਰਤਨ ਦੀ ਪ੍ਰਥਾ ਭਾਵੇਂ ਇਸਾਈ ਧਰਮ ਦੀ ਚੀਜ਼ ਮੰਨੀ ਜਾਵੇ (ਗ੍ਰੀਅਰਸਨ ਅਨੁਸਾਰ) ਅਤੇ ਭਾਵੇਂ ਕੁਝ ਧਰਮ ਦੇ ਮਹਾਯਾਨ ਮੱਤ ਦੀ ਦੇਣ (ਆਚਾਰੀਆ ਹਿਤੀ ਮੋਹਨ ਸੇਨ ਦੇ ਅਨੁਸਾਰ) ਪਰੰਤੂ ਇਸ ਨੂੰ ਵੈਸ਼ਣਵ ਧਰਮ ਲਈ ਉਪਯੋਗੀ ਬਣਾਉਣ ਦਾ ਸਿਹਰਾ ਚੈਤੰਨਯ ਮਹਾਂਪ੍ਰਭੂ ਦੇ ਹੀ ਸਿਰ ਹੈ।[68] ਵੈਸ਼ਣਵ ਭਗਤੀ ਸੰਪ੍ਰਦਾਵਾਂ ਦੇ ਪ੍ਰਤੀ ਉਨ੍ਹਾਂ ਦੀ ਇਹੀ ਸਭ ਤੋਂ ਵੱਡੀ ਦੇਣ ਹੈ।

ਹਵਾਲੇ ਤੇ ਟਿੱਪਣੀਆਂ

1. **ਸੰਗੀਤ**, ਪਤ੍ਰਿਕਾ, ਜਨਵਰੀ 1970, ਪੰਨਾ 31.
2. **ਭਾਰਤੀਯ ਸੰਗੀਤ ਕਾ ਇਤਿਹਾਸ**, ਉਮੇਸ਼ ਜੋਸ਼ੀ, ਪੰਨਾ 11.
3. **ਸੰਗੀਤ**, ਪਤ੍ਰਿਕਾ, ਜਨਵਰੀ 1970, ਪੰਨਾ 21.
4. **ਉਹੀ**.
5. **ਉਹੀ**.
6. **ਸੰਗੀਤ ਦਾ ਵਿਕਾਸ ਔਰ ਵਿਭੂਤੀਆਂ**, ਸ੍ਰੀ ਯਾਦਵਨਦਿਓਪਾਧਯ, ਪੰਨਾ 21.
7. **ਵੈਦਿਕ ਸਾਹਿਤਯ**, ਪੰਨਾ 12.
8. **ਭਾਰਤੀਯ ਸੰਗੀਤ ਮੇਂ ਵਿਭਿੰਨ ਧਰਮ ਔਰ ਉਨਕਾ ਯੋਗਦਾਨ**, ਲਘੂ ਸੋਧ ਨਿਬੰਧ, ਰਾਜਕੁਮਾਰ, ਪੰਨਾ 16.
9. **ਭਾਰਤੀਯ ਸੰਗੀਤ ਕਾ ਇਤਿਹਾਸ**, ਉਮੇਸ਼ ਜੋਸ਼ੀ, ਪੰਨਾ 66.
10. **ਭਾਰਤੀਯ ਸੰਗੀਤ ਕਾ ਇਤਿਹਾਸ**, ਪਰਾਜਪੇ, ਪੰਨਾ 54.
11. **ਸੰਗੀਤ ਕਲਾ ਵਿਹਾਰ**, ਜੂਨ-1980, ਵੈਦਿਕ ਯੁਗ ਮੇਂ ਸਮੂਹ ਗੀਤ, ਸ੍ਰੀ ਮਨੋਹਰ ਭਾਗਵਤ, ਗਵਾਲੀਅਰ.
12. **ਭਾਰਤੀਯ ਸੰਗੀਤ ਕਾ ਇਤਿਹਾਸ**, ਉਮੇਸ਼ ਜੋਸ਼ੀ, ਪੰਨਾ 72-73.
13. **ਸੰਗੀਤ** ਪਤ੍ਰਿਕਾ, ਜਨਵਰੀ 1970, ਪੰਨਾ 28.
14. **ਭਾਰਤੀਯ ਸੰਗੀਤ ਕਾ ਇਤਿਹਾਸ**, ਉਮੇਸ਼ ਜੋਸ਼ੀ, ਪੰਨਾ 85.
15. **ਬਾਲਮੀਕੀ ਰਾਮਾਇਣ**.
16. **ਭਾਰਤੀਯ ਸੰਗੀਤ ਕਾ ਇਤਿਹਾਸ**, ਉਮੇਸ਼ ਜੋਸ਼ੀ, ਪੰਨਾ 113.
17. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 47.
18. **ਉਹੀ**, ਪੰਨਾ 9.

19. **ਵੈਸ਼ਣਵ ਭਗਤੀ ਅੰਦੋਲਨ ਕਾ ਅਧਿਐਨ**, ਡਾ. ਮਲਿਕ ਮੁਹੰਮਦ, ਪੰਨਾ 56.
20. **ਉਹੀ**, ਪੰਨਾ 61.
21. **ਉਹੀ**, ਪੰਨਾ 54-55.
22. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 70.
23. **ਗੁਰੂ ਨਾਨਕ ਔਰ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 22.
24. **ਉਹੀ**, ਪੰਨਾ 22.
25. **ਭਗਤੀ ਦਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 74.
26. **ਸੰਸਕ੍ਰਿਤੀ ਕੇ ਚਾਰ ਅਧਿਆਇ**, ਸ੍ਰੀ ਰਾਮਧਾਰੀ ਸਿੰਘ ਦਿਨਕਰ, ਪੰਨਾ 372.
27. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 37.
28. **ਭਗਤੀ ਕਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 74.
29. **ਵੈਸ਼ਣਵ ਭਗਤੀ ਅੰਦੋਲਨ ਕਾ ਅਧਿਐਨ**, ਡਾ. ਮਲਿਕ ਮੁਹੰਮਦ, ਪੰਨਾ 235.
30. **ਸੰਪ੍ਰਦਾਇ ਔਰ ਸਾਹਿਤਕ**, ਗੋਸਵਾਮੀ ਲਲਿਤਾਚਰਣ, ਸ੍ਰੀ ਹਿਤ ਹਰਿਵੰਸ਼ ਗੋਸਵਾਮੀ, ਪੰਨਾ 61.
31. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 37.
32. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 74.
33. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 23.
34. **ਉਹੀ.**
35. **ਮਧਯੁਗੀਨ ਵੈਸ਼ਨਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 37-38.
36. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 20.
37. **ਭਗਤੀ ਸਿਧਾਂਤ**, ਆਸ਼ਾ ਗੁਪਤਾ, ਪੰਨਾ 75.
38. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 38.
39. **ਭਗਤੀ ਸਿਧਾਂਤ**, ਡਾ. ਆਸ਼ਾ ਗੁਪਤਾ, ਪੰਨਾ 75.
40. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 39.
41. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 39.
42. **ਵੈਸ਼ਣਵ ਭਗਤੀ ਅੰਦੋਲਨ ਕਾ ਅਧਿਐਨ**, ਡਾ. ਮਲਿਕ ਮੁਹੰਮਦ, ਪੰਨਾ 240.
43. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 28.
44. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 39.
45. **ਵੈਸ਼ਣਵ ਸ਼ੈਵ ਔਰ ਅਨਯ ਧਾਰਮਿਕ ਮਤ**, ਆਰ.ਜੀ. ਭੰਡਾਰਕਰ, ਪੰਨਾ 67.
46. **ਬ੍ਰਿਜ ਸਾਹਿਤ ਦਾ ਇਤਿਹਾਸ**, ਡਾ. ਸਤੇਂਦਰ, ਪੰਨਾ 297.
47. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 42.
48. **ਭਗਤੀ ਕਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 77.
49. **ਰਾਧਾ ਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ**, ਡਾ. ਵਜੇਂਦ੍ਰ ਸਨਾਤਕ, ਪੰਨਾ 25.
50. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 20.
51. **ਭਗਤੀ ਕਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 78.
52. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 42.

53. **ਰਾਧਾਵੱਲਭ ਸੰਪ੍ਰਦਾਇ ਸਿਧਾਂਤ ਔਰ ਸਾਹਿਤਯ**, ਡਾ. ਵਜੇਂਦ੍ਰ ਸਨਾਤਕ, ਪੰਨਾ 25.
54. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 34.
55. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 39.
56. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 34.
57. **ਸੰਸਕ੍ਰਿਤੀ ਕੇ ਚਾਰ ਅਧਿਆਏ**, ਡਾ. ਰਾਮਧਾਰੀ ਸਿੰਘ ਦਿਨਕਰ, ਪੰਨਾ 39.
58. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 35.
59. **ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ**, ਡਾ. ਪਿਤਾਂਬਰ ਦਤ ਬੜਥਵਾਲ, ਪੰਨਾ 86.
60. **ਭਗਤੀ ਕਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 79-80.
61. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 41.
62. **ਹਿੰਦੀ ਭਗਤੀ ਕਾਵਯ ਮੇਂ ਨਿਰਗੁਨ ਸਗੁਨ ਵਿਵਾਦ**, ਰਵਿੰਦਰ ਕੁਮਾਰ ਜੈਨ, ਪੰਨਾ 35.
63. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 63-65.
64. **ਭਗਤੀ ਕਾ ਵਿਕਾਸ**, ਡਾ. ਆਸ਼ਾ ਗੁਪਤਾ, ਪੰਨਾ 81.
65. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 243.
66. **ਉਹੀ**.
67. **ਬ੍ਰਿਜ ਸਾਹਿਤਯ ਔਰ ਸੰਸਕ੍ਰਿਤੀ**, ਡਾ. ਆਨੰਦਸਰੂਪ ਪਾਠਕ, ਪੰਨਾ 65.
68. **ਗੁਰੂ ਨਾਨਕ ਅਤੇ ਭਗਤੀ ਅੰਦੋਲਨ**, ਡਾ. ਮਨਮੋਹਨ ਸਿੰਘ, ਪੰਨਾ 42.

ਸਿੱਖ ਧਰਮ

ਮਨੁੱਖੀ ਜੀਵਨ ਦੀ ਚਰਮ ਪ੍ਰਾਪਤੀ ਦੀ ਸਿੱਧੀ ਲਈ ਮਹਾਂਪੁਰਖਾਂ ਨੇ ਜੋ ਵੱਖ-ਵੱਖ ਮਾਰਗ ਦੱਸੇ ਹਨ ਉਨ੍ਹਾਂ ਨੂੰ ਧਰਮ ਆਖਦੇ ਹਨ। ਧਰਮ ਦੇ ਅਨੇਕਾਂ ਮਾਰਗਾਂ ਵਿਚੋਂ ਇਕ ਮਹੱਤਵਪੂਰਨ ਮਾਰਗ ਇਹ ਹੈ ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਅਵਤਾਰ ਲੈਣ ਵਾਲੇ ਦੱਸ ਗੁਰੂਆਂ ਨੇ ਦੱਸਿਆ ਹੈ, ਇਸ ਦਾ ਨਾਮ ਹੈ ਸਿੱਖ ਧਰਮ।

ਸਿੱਖ ਧਰਮ ਸੰਸਾਰ ਦੇ ਪ੍ਰਚਲਿਤ ਰੀਤ-ਪ੍ਰਧਾਨ ਧਰਮਾਂ ਤੋਂ ਬਿਲਕੁਲ ਵੱਖਰਾ, ਵਿਲੱਖਣ ਅਤੇ ਮੌਲਿਕ ਹੈ। ਪੀ. ਥਾਮਸ ਆਪਣੀ ਪੁਸਤਕ "ਹਿੰਦੂ ਰਿਲੀਜਨ ਕਸਟਮਜ਼ ਐਂਡ ਮੈਨਰਜ਼" ਵਿਚ ਪੰਨਾ 56 'ਤੇ ਲਿਖਦੇ ਹਨ ਕਿ ਭਾਰਤ ਉੱਤੇ ਮੁਸਲਮਾਨਾਂ ਦੇ ਸ਼ਾਸਨ ਨੇ ਹਿੰਦੂ ਧਰਮ ਅਤੇ ਇਸਲਾਮ ਦਾ ਆਪਸੀ ਸੰਪਰਕ ਪੈਦਾ ਕੀਤਾ। ਇਸਲਾਮ ਦੀ ਸਰਲਤਾ ਅਤੇ ਪ੍ਰਭਾਵ ਨੇ ਅਨੇਕਾਂ ਹਿੰਦੂਆਂ ਨੂੰ ਆਕਰਸ਼ਿਤ ਕੀਤਾ। ਅਕਬਰ ਹਿੰਦੂ-ਮੁਸਲਮਾਨਾਂ ਦਾ ਸੰਮਿਲਤ ਧਰਮ ਸਥਾਪਿਤ ਕਰਨ ਦਾ ਚਾਹਵਾਨ ਸੀ ਪਰੰਤੂ ਉਹ ਅਸਫਲ ਰਿਹਾ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕਰ ਕੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਲਈ ਸਾਂਝੇ ਧਰਮ ਦੀ ਸਥਾਪਨਾ ਵਿਚ ਇਸ ਲਈ ਸਫਲ ਹੋਏ ਕਿ ਉਨ੍ਹਾਂ ਨੇ ਇਹ ਕਾਰਜ ਸ਼ੁੱਧ ਧਾਰਮਿਕ ਅਤੇ ਆਤਮਿਕ ਦ੍ਰਿਸ਼ਟੀਕੋਣ ਨਾਲ ਕੀਤਾ।[1]

ਇਸੇ ਤਰ੍ਹਾਂ ਡਾ. ਆਰਨਲਡ ਟਾਯਨਬੀ ਆਪਣੀ ਪੁਸਤਕ "ਸੇਕਰਿਡ ਰਾਈਟਿੰਗਜ਼ ਆਫ਼ ਦਿ ਸਿੱਖ" ਵਿਚ ਲਿਖਦੇ ਹਨ: "ਸਿੱਖ ਧਰਮ ਬੇਸ਼ਕ ਹਿੰਦੂ-ਮੁਸਲਿਮ ਆਦਰਸ਼ਾਂ ਦਾ ਸੰਧੀ ਸਥਾਨ ਕਿਹਾ ਜਾ ਸਕਦਾ ਹੈ।[2] ਇਸ ਦੀ ਸਭ ਤੋਂ ਵਿਸ਼ੇਸ਼ ਅਤੇ ਪਵਿੱਤਰ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਇਸ ਨੇ ਹਿੰਦੂ-ਮੁਸਲਿਮ ਵਿਚਾਰਧਾਰਾ ਦੀਆਂ ਸਾਂਝੀਆਂ ਗਹਿਰਾਈਆਂ ਨੂੰ ਲੱਭਿਆ ਅਤੇ ਅਪਣਾਇਆ। ਇਸ ਲਈ ਸਿੱਖ ਆਪਣੇ ਧਰਮ ਦੇ ਮੂਲ ਅਤੇ ਸਮਾਜਿਕ ਪ੍ਰਕਿਰਤੀ ਉੱਤੇ ਜਿੰਨਾ ਮਾਣ ਕਰਨ ਘੱਟ ਹੈ।"

ਭਾਰਤ ਵਿਚ ਮੁਸਲਮਾਨਾਂ ਦਾ ਆਗਮਨ ਉਨ੍ਹਾਂ ਦੀਆਂ ਸਭਿਆਚਾਰਕ, ਧਾਰਮਿਕ ਅਤੇ ਵਿਚਾਰਧਾਰਕ ਪਰੰਪਰਾਵਾਂ ਦੇ ਨਾਲ ਹੋਇਆ ਸੀ ਜੋ ਹਿੰਦੂਆਂ ਤੋਂ ਪੂਰਨ ਤੌਰ 'ਤੇ ਵੱਖਰੀਆਂ ਸਨ ਅਤੇ ਇਸੇ ਲਈ ਮੁਸਲਮਾਨਾਂ ਨੇ ਮਾਰ-ਕੁੱਟ ਕਰ ਕੇ ਹਿੰਦੂਆਂ ਨੂੰ ਆਪਣਾ ਧਰਮ ਬਦਲਣ ਲਈ ਮਜਬੂਰ ਕੀਤਾ। ਇਹ ਇਸਲਾਮ ਧਰਮ

ਦਾ ਮੁੱਖ ਸਿਧਾਂਤ ਸੀ ਜਦਕਿ ਉਨ੍ਹਾਂ ਨੇ ਇਥੋਂ ਦੀਆਂ ਗੂੜ੍ਹ ਦਾਰਸ਼ਨਿਕ ਪਰੰਪਰਾਵਾਂ ਅਤੇ ਮਾਨਤਾਵਾਂ ਨੂੰ ਸਮਝਣ ਦੀ ਕੋਸ਼ਿਸ਼ ਤਕ ਨਹੀਂ ਕੀਤੀ ਅਤੇ ਨਾ ਹੀ ਇਸ ਗੱਲ ਨੂੰ ਸਮਝਣ ਦਾ ਯਤਨ ਕੀਤਾ ਕਿ ਹਿੰਦੂਆਂ ਦੀਆਂ ਧਾਰਮਿਕ ਅਤੇ ਸਭਿਆਚਾਰਕ ਜੜ੍ਹਾਂ ਇੰਨੀਆਂ ਡੂੰਘੀਆਂ ਪਹੁੰਚੀਆਂ ਹੋਈਆਂ ਹਨ ਕਿ ਉਨ੍ਹਾਂ ਨੂੰ ਅਸਾਨੀ ਨਾਲ ਹਿਲਾਇਆ ਨਹੀਂ ਜਾ ਸਕਦਾ ਹੈ।

ਇਸ ਤਰ੍ਹਾਂ ਮੁਸਲਮਾਨਾਂ ਦਾ ਹਿੰਸਾਤਮਕ ਦਮਨ ਚੱਕਰ ਚਲਦਾ ਰਿਹਾ ਅਤੇ ਉਨ੍ਹਾਂ ਨੇ ਹਿੰਦੂਆਂ ਨੂੰ ਧਰਮ ਬਦਲਣ ਲਈ ਮਜਬੂਰ ਕੀਤਾ। ਉਨ੍ਹਾਂ ਦੀਆਂ ਧਾਰਮਿਕ ਅਤੇ ਸਭਿਆਚਾਰਕ ਵਿਰਾਸਤਾਂ ਨੂੰ ਨਸ਼ਟ ਕਰਨਾ ਆਰੰਭ ਕਰ ਦਿੱਤਾ। ਮੁਸਲਮਾਨ ਅੱਤਵਾਦੀਆਂ ਨੇ ਹਿੰਦੂਆਂ ਦੇ ਮੰਦਰ ਤੋੜ ਦਿੱਤੇ ਅਤੇ ਉਨ੍ਹਾਂ ਨੇ ਇਹ ਸਿੱਧ ਕਰਨ ਦਾ ਅਸਫਲ ਯਤਨ ਕੀਤਾ ਕਿ ਹਿੰਦੂਆਂ ਦੇ ਦੇਵੀ-ਦੇਵਤੇ ਸ਼ਕਤੀਹੀਣ ਅਤੇ ਮਹੱਤਵਹੀਣ ਹਨ। ਜਿਨ੍ਹਾਂ ਹਿੰਦੂਆਂ ਨੇ ਇਸਲਾਮ ਧਰਮ ਅਪਨਾਉਣ ਤੋਂ ਮਨ੍ਹਾਂ ਕੀਤਾ, ਉਨ੍ਹਾਂ ਨੂੰ ਮਾਰੂ ਢੰਗ ਨਾਲ ਕੁਚਲ ਦਿੱਤਾ ਗਿਆ। ਉਨ੍ਹਾਂ ਦੇ ਉੱਪਰ ਬਹੁਤ ਅੱਤਿਆਚਾਰ ਕੀਤੇ ਗਏ।

ਇਹ ਸੱਚ ਹੈ ਕਿ ਹਿੰਦੂਆਂ ਵਿਚ ਸਮਾਜਿਕ ਦ੍ਰਿਸ਼ਟੀਕੋਣ 'ਚ ਕੁਝ ਅਜਿਹੀਆਂ ਕਮਜ਼ੋਰੀਆਂ ਸਨ ਜੋ ਉਨ੍ਹਾਂ ਨੂੰ ਆਪਸੀ ਘਿਰਣਾ, ਈਰਖਾ ਅਤੇ ਵੈਰ ਕਰਨਾ ਸਿਖਾ ਰਹੀਆਂ ਸਨ। ਹਿੰਦੂਆਂ ਵਿਚ ਛੂਆ-ਛੂਤ, ਜਾਤੀਵਾਦ ਆਦਿ ਅਜਿਹੀਆਂ ਅਸਮਾਨਤਾਵਾਂ ਮੌਜੂਦ ਸਨ ਜੋ ਇਕ ਦੂਜੇ ਨੂੰ ਨੀਵਾਂ ਦਿਖਾ ਰਹੀਆਂ ਸਨ। ਅੰਧ-ਵਿਸ਼ਵਾਸ ਅਤੇ ਧਰਮ ਦੀ ਕੱਟੜਤਾ ਹਿੰਦੂ ਧਰਮ ਦੀਆਂ ਜੜ੍ਹਾਂ ਨਿਰੰਤਰ ਖੋਖਲੀਆਂ ਕਰ ਰਹੀਆਂ ਸਨ।

ਕੁਲੀਨ ਅਤੇ ਅਛੂਤ ਜਾਤੀਆਂ ਵਿਚ ਅੰਤਰ ਬਹੁਤ ਵੱਧ ਗਿਆ ਸੀ। ਅਛੂਤਾਂ ਨੇ ਜਦੋਂ ਇਹ ਵੇਖਿਆ ਕਿ ਇਸਲਾਮ ਵਿਚ ਅਜਿਹਾ ਕੋਈ ਅੰਤਰ ਨਹੀਂ ਸੀ ਤਾਂ ਉਨ੍ਹਾਂ ਦੇ ਮਨ ਦਾ ਅਸੰਤੋਖ ਹੋਰ ਵੱਧ ਗਿਆ। ਸਿੱਟੇ ਵਜੋਂ ਕਮਜ਼ੋਰ ਧਾਰਮਿਕ ਵਿਸ਼ਵਾਸ ਵਾਲੇ ਅਣਗਿਣਤ ਹਿੰਦੂਆਂ ਨੇ ਇਸਲਾਮ ਧਰਮ ਨੂੰ ਗਲੇ ਲਾ ਲਿਆ। ਹਿੰਦੂ ਜਨਤਾ ਆਪਣੇ ਵੇਦਾਂ ਦੁਆਰਾ ਨਿਰਧਾਰਤ ਸਮਾਜਿਕ ਵਿਵਸਥਾ ਨੂੰ ਆਦੇਸ਼ ਮੰਨ ਕੇ ਆਪਣੀ ਸ੍ਰੇਸ਼ਟਤਾ ਦਾ ਗਾਇਨ ਕਰਦੀ ਰਹੀ ਅਤੇ ਮੁਸਲਮਾਨ ਸ਼ਾਸਕਾਂ ਨੇ ਕੁਰਾਨ ਵਿਚ ਦੱਸੀ ਹੋਈ ਧਾਰਮਿਕ ਵਿਵਸਥਾ ਨੂੰ ਹੀ ਪਾਲਣ ਕਰਨ ਵਾਲੀ ਇਕਲੌਤੀ ਵਿਵਸਥਾ ਮੰਨਿਆ।[3]

ਇਨ੍ਹਾਂ ਭਿਆਨਕ ਹਾਲਤਾਂ ਵਿਚ ਇਕ ਮਹਾਨ ਅਲੌਕਿਕ ਜੋਤ ਨੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਭਾਰਤ ਵਿਚ ਅਵਤਾਰ ਧਾਰਿਆ। ਇਸੇ ਮਹਾਂਪੁਰਖ ਅਤੇ ਕਾਲ ਸਥਾਪਕ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ। ਇਹ ਜੋਤ ਆਪਣੀ ਸ਼ੁੱਧਤਾ ਅਤੇ ਵਿਸ਼ੇਸ਼ਤਾਈਆਂ ਦੇ ਨਾਲ-ਨਾਲ ਅਧਿਆਤਮਕ ਅਤੇ ਧਾਰਮਿਕ ਮਾਰਗ-ਦਰਸ਼ਕ ਦੇ ਰੂਪ ਵਿਚ ਅੱਗੇ ਵੱਧਦੀ ਹੋਈ ਆਮ ਲੋਕਾਂ ਵਿਚ ਨਵੇਂ ਜੀਵਨ ਦਾ ਰੂਹ ਭਰਨ ਲੱਗੀ।

ਜਦੋਂ ਅਧਿਆਤਮ ਅਤੇ ਸਨਮਾਰਗ ਤੋਂ ਮਨੁੱਖ ਭਟਕ ਜਾਂਦਾ ਹੈ ਤਾਂ ਸੰਸਾਰ

ਨੂੰ ਕਿਸੇ ਰੱਬੀ ਜੋਤ ਦੀ ਲੋੜ ਪੈਂਦੀ ਹੈ ਜੋ ਉਸ ਦਾ ਮਾਰਗ-ਦਰਸ਼ਨ ਕਰ ਸਕੇ। ਇਨ੍ਹਾਂ ਅਲੌਕਿਕ ਸ਼ਕਤੀਆਂ ਤੋਂ ਉਤਪੰਨ ਹੋਣ ਵਾਲੀਆਂ ਅਲੌਕਿਕ ਆਤਮਾਵਾਂ ਜੋ ਸੰਪੂਰਨ ਮਨੁੱਖ ਜਾਤੀ ਦਾ ਮਾਰਗ-ਦਰਸ਼ਨ ਪ੍ਰਸਤੁਤ ਕਰਦੀਆਂ ਹਨ ਉਹੀ ਸੱਚਾ ਧਰਮ ਅਖਵਾਉਂਦਾ ਹੈ। ਸਿੱਖ ਧਰਮ ਦੀ ਅਲੌਕਿਕ ਜੋਤੀ ਗੁਰੂ ਨਾਨਕ ਦੇਵ ਜੀ ਨੇ ਰੌਸ਼ਨ ਕੀਤੀ, ਜਿਸ ਨੇ ਮਨੁੱਖੀ ਹਿਰਦੇ ਨੂੰ ਪ੍ਰਕਾਸ਼ਮਾਨ ਕੀਤਾ ਅਤੇ ਮਨੁੱਖ ਨੂੰ ਖ਼ੁਦ ਮਹਿਸੂਸ ਕਰਨ ਅਤੇ ਸੱਚ ਦੀ ਪਛਾਣ ਕਰਨ ਦੀ ਬੁੱਧੀ ਪ੍ਰਦਾਨ ਕੀਤੀ। ਇਸ ਤਰ੍ਹਾਂ ਇਹ ਧਰਮ ਇਸ ਵਰਤਮਾਨ ਅਵਸਥਾ ਵਿਚ ਆਪਣੀ ਉਤਪਤੀ ਦੇ ਅਨੁਸਾਰ ਹੀ ਵਧਿਆ ਫੁਲਿਆ।

ਸਿੱਖ ਧਰਮ ਦੇ ਸੰਸਥਾਪਕ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦਾ ਉਸ ਸਮੇਂ ਦਾ ਬਚਨ, "ਨਾ ਕੋਈ ਹਿੰਦੂ ਨ ਮੁਸਲਮਾਨ" ਕਿਸੇ ਵੀ ਕਾਲ ਦੇ ਲਈ ਗ਼ਲਤ ਨਹੀਂ ਕਿਹਾ ਜਾਵੇਗਾ। ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ ਉਸ ਸਮੇਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਅੰਤਰ ਨੂੰ ਦਰਸਾਉਂਦੇ ਹਨ ਅਤੇ ਨਾਲ ਹੀ ਗੁਰੂ ਸਾਹਿਬ ਦੀ ਨਿਡਰਤਾ ਅਤੇ ਸੱਚ ਕਹਿਣ ਦੀ ਹਿੰਮਤ ਨੂੰ ਵੀ ਪ੍ਰਗਟ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਅਨੁਸਾਰ:

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥
ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ॥੬॥[4]

ਅਰਥਾਤ ਸਭ ਨੂੰ ਸੱਚਾ ਆਖਣਾ ਚਾਹੀਦਾ ਹੈ। ਕੋਈ ਨੀਚ ਨਹੀਂ ਦਿਖਾਈ ਦਿੰਦਾ ਕਿਉਂਕਿ ਸਾਰੇ ਇਕੋ ਹੀ ਮਿੱਟੀ ਦੇ ਬਣੇ ਹੋਏ ਹਨ ਅਤੇ ਸਾਰਿਆਂ ਵਿਚ ਪਰਮਾਤਮਾ ਦੀ ਹੀ ਜੋਤ ਜਗਮਗਾ ਰਹੀ ਹੈ। ਇਸ ਸੱਚ ਦਾ ਅਹਿਸਾਸ ਉਸ ਦੀ ਕਿਰਪਾ ਨਾਲ ਹੀ ਹੁੰਦਾ ਹੈ ਅਤੇ ਉਸ ਦੀ ਮਿਹਰ ਨੂੰ ਕੋਈ ਮਿਟਾ ਨਹੀਂ ਸਕਦਾ।

ਇਸ ਤੋਂ ਇਲਾਵਾ ਪਰਮਾਤਮਾ ਦੇ ਘਰ ਵਿਚ ਕੋਈ ਜਾਤ-ਪਾਤ ਨਹੀਂ ਪੁੱਛਦਾ, ਜਿਵੇਂ ਦੇ ਕਰਮ ਹੋਣਗੇ ਉਸੇ ਅਨੁਸਾਰ ਹੀ ਉਸ ਦਾ ਦਰਜਾ ਹੋਵੇਗਾ:

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

ਅਸਲ ਵਿਚ ਧਰਮ ਦਾ ਮੁੱਖ ਮੰਤਵ ਸਦਾਚਾਰੀ ਜੀਵਨ ਬਤੀਤ ਕਰਦੇ ਹੋਏ ਮੁਕਤੀ ਦੀ ਪ੍ਰਾਪਤੀ ਹੈ। ਮਨੁੱਖ ਦੇ ਮੂਲ ਰੂਪ ਤੋਂ ਸਮਾਜਿਕ ਅਤੇ ਅਧਿਆਤਮਕ ਗੁਣਾਂ ਨੂੰ ਪ੍ਰਗਟ ਕਰਨਾ ਧਰਮ ਦਾ ਉਪਦੇਸ਼ ਹੈ ਪਰੰਤੂ ਸਿੱਖ ਧਰਮ ਦੇ ਅਨੁਸਾਰ ਧਰਮ ਦਾ ਮੁੱਖ ਮੰਤਵ ਸੱਚੇ ਵਾਹਿਗੁਰੂ ਅਰਥਾਤ ਅਕਾਲ ਪੁਰਖ ਦੀ ਉਸਤਤ ਕਰਨਾ ਅਤੇ ਉਸ ਦੇ ਗੁਣਾਂ ਅਤੇ ਵਡਿਆਈਆਂ ਦੇ ਗਾਇਨ ਦੁਆਰਾ ਆਪਣੇ ਜੀਵਨ ਨੂੰ ਨਿਰਮਲ ਬਣਾਉਣਾ ਅਤੇ ਗੁਣਾਂ ਨਾਲ ਪ੍ਰਕਾਸ਼ਿਤ ਕਰਨਾ ਹੈ।

ਸੱਚ ਨਾਲ ਇਕਸਾਰਤਾ ਅਤੇ ਸਮਾਨਤਾ ਪ੍ਰਾਪਤ ਕਰਨ ਲਈ ਸਿੱਖ ਨੂੰ ਆਪਣੇ ਜੀਵਨ ਵਿਚ ਸੱਚ ਨੂੰ ਧਾਰਨ ਕਰਨਾ ਪੈਂਦਾ ਹੈ। ਆਪਣੇ ਅਸਲੀ ਜੀਵਨ ਵਿਚ ਸੱਚੇ

ਆਚਰਣ ਨੂੰ ਅਪਣਾ ਕੇ ਹੀ ਪਰਮ ਪਦ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਇਸ ਸਚਿਆਰ ਪਦ ਦੀ ਪ੍ਰਾਪਤੀ ਸਿੱਖ ਸਿਧਾਂਤ ਦਾ ਪਰਮ ਉਦੇਸ਼ ਹੈ।[6]

"ਸਿੱਖ" ਸ਼ਬਦ ਦੀ ਉਤਪਤੀ "ਸ਼ਿਸ਼" ਤੋਂ ਹੋਈ ਜਿਸ ਦਾ ਅਰਥ ਹੈ ਸਿੱਖਣ ਵਾਲਾ। ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵਜੀਵਨ ਦੀ ਪਾਠਸ਼ਾਲਾ ਆਰੰਭ ਕਰ ਦਿੱਤੀ ਜਿਸ ਤੋਂ ਜੀਵਨ ਦੇ ਤੱਤ ਗਿਆਨ ਦੀ ਪ੍ਰਾਪਤੀ ਕੀਤੀ ਜਾ ਸਕੇ। ਇਸ ਜੀਵਨ ਵਿਦਿਆਲੇ ਵਿਚ ਆਤਮਿਕ, ਮਾਨਸਿਕ ਅਤੇ ਸਰੀਰਕ ਤਿੰਨਾਂ ਪ੍ਰਕਾਰ ਦੀਆਂ ਸਿਖਿਆਵਾਂ ਆਰੰਭ ਕੀਤੀਆਂ ਗਈਆਂ ਅਤੇ ਅਜਿਹੀ ਸਿਖਿਆ ਦੇਣ ਵਾਲੇ ਸਥਾਨ ਨੂੰ ਧਰਮਸ਼ਾਲਾ ਦੇ ਨਾਂ ਨਾਲ ਸੰਬੋਧਤ ਕੀਤਾ ਜਾਣ ਲੱਗਾ। ਹੁਣ ਨਵਾਂ ਮਾਨਵ-ਆਚਾਰ ਸਿੱਖਣ ਲਈ ਜਿਨ੍ਹਾਂ ਵਿਦਿਆਰਥੀਆਂ ਨੇ ਇਸ ਵਿਦਿਆਲੇ ਵਿਚ ਪ੍ਰਵੇਸ਼ ਕੀਤਾ ਉਨ੍ਹਾਂ ਨੂੰ "ਸ਼ਿਸ਼" ਅਰਥਾਤ "ਸਿੱਖ" ਕਿਹਾ ਜਾਣ ਲੱਗਾ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖੀ ਸਿੱਖਣ ਦਾ ਮਤਲਬ ਇਕ ਆਧੁਨਿਕ ਪ੍ਰਕਾਰ ਦਾ ਜੀਵਨ ਜੀਉਣਾ ਸੀ ਜਿਸ ਕਰਤੱਵ ਮਾਰਗ 'ਤੇ ਚੱਲ ਕੇ ਮਨੁੱਖਤਾ ਸੰਪੂਰਨ ਹੋ ਸਕੇ। ਇਸ ਮਹਾਨ ਕਾਰਜ ਦੇ ਲਈ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਮਾਧਿਅਮ ਬਣਾਇਆ ਕਿਉਂਕਿ ਉਨ੍ਹਾਂ ਦੀ ਉਚ ਆਤਮਾ ਸੰਗੀਤ ਨਾਲ ਭਰਪੂਰ ਸੀ। "ਘਟਿ ਘਟਿ ਵਾਜਹਿ ਨਾਦ" ਦੇ ਬਚਨ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਸੰਪੂਰਨ ਬ੍ਰਹਿਮੰਡ ਦਾ ਸੰਗੀਤ ਸੁਣਾਈ ਦੇ ਰਿਹਾ ਸੀ। ਉਹ ਸੰਗੀਤ ਦੇ ਅਭੇਦ ਤੱਤ ਨੂੰ ਜਾਣਦੇ ਸਨ ਕਿ ਮਨੁੱਖੀ ਆਤਮਾ ਦੇ ਸਾਜ਼ ਨੂੰ ਸੁਰਮਈ ਕਰਨ ਵਿਚ ਖ਼ੁਸ਼ਕ ਆਤਮ-ਗਿਆਨ ਕਾਰਜ ਨਹੀਂ ਕਰ ਸਕਦਾ, ਇਸ ਲਈ ਉਨ੍ਹਾਂ ਨੇ ਆਪਣੀਆਂ ਸਿੱਖਿਆਵਾਂ ਥਾਂ-ਥਾਂ 'ਤੇ ਰਬਾਬ ਦੀਆਂ ਧੁਨਾਂ ਵਿਚ ਗਾ ਕੇ ਸੁਣਾਈਆਂ। ਇਸ ਤਰ੍ਹਾਂ ਇਹ ਸਿਖਿਆਮਈ ਅੰਮ੍ਰਿਤ ਲੋਕਾਂ ਨੂੰ ਆਸਾਨੀ ਨਾਲ ਛਕਾਇਆ। ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਹੀ ਸਿੱਖ ਜਾਤੀ ਦਾ ਵਿਜੈ-ਨਾਦ ਹੈ।

ਸਿੱਖ ਸ਼ਬਦ ਦੀ ਪਰਿਭਾਸ਼ਾ ਕਰਦੇ ਹੋਏ ਡਾ. ਅਜੀਤ ਸਿੰਘ ਪੇਂਟਲ ਲਿਖਦੇ ਹਨ ਕਿ "ਗੁਰੂ ਦੀ ਸਿੱਖਿਆ ਨੂੰ ਮੰਨਣ ਵਾਲਾ ਹੀ ਸ਼ਿਸ਼ਯ ਹੁੰਦਾ ਹੈ ਅਤੇ ਇਸ ਤਰ੍ਹਾਂ ਜਿਨ੍ਹਾਂ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਸਿੱਖਿਆ ਗ੍ਰਹਿਣ ਕੀਤੀ ਜਾਂ ਹੋਰਨਾਂ ਸਿੱਖ ਗੁਰੂਆਂ ਨੂੰ ਆਪਣਾ ਅਧਿਆਤਮਕ ਮਾਰਗ-ਦਰਸ਼ਕ ਮੰਨਿਆ, ਸਿੱਖ ਧਰਮ ਦੇ ਅਨੁਯਾਈ ਅਖਵਾਏ ਅਤੇ ਉਨ੍ਹਾਂ ਨੂੰ 'ਸਿੱਖ' ਕਿਹਾ ਗਿਆ।"[7]

ਸੀ.ਐਚ. ਲੋਇਹਲੀਜ਼ ਦੇ ਅਨੁਸਾਰ, "ਸਿੱਖ ਸ਼ਬਦ ਦਾ ਪ੍ਰਯੋਗ ਉਨ੍ਹਾਂ ਅਨੁਯਾਈਆਂ ਲਈ ਵੀ ਕੀਤਾ ਜਾਂਦਾ ਹੈ ਜੋ ਦਸਵੇਂ ਗੁਰੂ ਮਹਾਰਾਜ ਤਕ ਸਮੂਹ ਗੁਰੂਆਂ ਦੇ ਮਾਰਗ-ਦਰਸ਼ਨਾਂ 'ਤੇ ਚਲਦੇ ਰਹੇ।"[8]

ਇਸ ਤਰ੍ਹਾਂ ਸੰਗੀਤਮਈ ਬਾਣੀ ਦਾ ਅਨੁਸਰਣ ਗੁਰੂ ਨਾਨਕ ਦੇਵ ਜੀ ਦੇ ਬਾਅਦ ਦੇ ਗੁਰੂਆਂ ਨੇ ਵੀ ਕੀਤਾ ਅਤੇ ਇਸ ਪ੍ਰਕਾਰ ਸੰਗੀਤਮਈ ਗੁਰਬਾਣੀ ਸਿੱਖ ਧਰਮ ਦਾ ਆਧਾਰ ਬਣ ਗਈ।

ਇਸ ਨਵੀਂ ਜੀਵਨ ਸਿੱਖਿਆ ਨੂੰ ਸਮਝਣ ਲਈ ਵੱਡੇ ਪ੍ਰਚਾਰ ਦੀ ਲੋੜ ਸੀ ਜਿਸ ਨੂੰ ਇਕ ਮਨੁੱਖੀ ਕਾਲ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ

ਗੁਰੂ ਨਾਨਕ ਦੇਵ ਜੀ ਨੇ ਦਸ ਮਨੁੱਖੀ ਸਰੀਰ ਧਾਰਣ ਕੀਤੇ। ਉਹ ਆਪਣੇ ਹੱਥ ਵਿਚ ਨਵਾਂ ਜੀਵਨ ਪ੍ਰਕਾਸ਼/ਲੋਅ ਲੈ ਕੇ ਅੱਗੇ ਵਧੇ ਅਤੇ ਪੁਰਾਤਨ ਕਰਮ-ਕਾਂਡਾਂ ਦੇ ਅੰਧਕਾਰ ਨੂੰ ਦੂਰ ਕਰਦੇ ਗਏ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਦਸ ਸਰੂਪਾਂ ਵਿਚ ਨਵੀਂ ਜੀਵਨ ਪ੍ਰਣਾਲੀ ਸਿਖਾਈ। ਇਹ ਸਿੱਖਿਆ ਦਾ ਸਮਾਂ ਸੀ ਅਤੇ ਇਸ ਨਵੇਂ ਆਚਰਣ ਨੂੰ ਸਿੱਖਣ ਵਾਲੇ ਵਿਦਿਆਰਥੀਆਂ ਨੂੰ 'ਸਿੱਖ' ਨਾਮ ਤੋਂ ਬੁਲਾਇਆ ਜਾਂਦਾ ਸੀ।

ਗੁਰੂ ਜੀ ਦਾ ਬਚਨ ਹੈ:

ਸੋ ਸਿਖੁ ਸਖਾ ਬੰਧਪੁ ਹੈ ਭਾਈ
ਜਿ ਗੁਰ ਕੇ ਭਾਣੇ ਵਿਚਿ ਆਵੈ ॥[9]

ਅਰਥਾਤ ਉਹੀ ਸਿੱਖ ਸੱਚਾ ਮਿੱਤਰ ਅਤੇ ਭਰਾ ਹੋ ਸਕਦਾ ਹੈ ਜੋ ਪਰਮਾਤਮਾ ਦੀ ਰਜ਼ਾ ਵਿਚ ਖ਼ੁਸ਼ ਰਹਿੰਦਾ ਹੈ। ਇਸ ਤੋਂ ਇਲਾਵਾ ਸਿੱਖ ਧਰਮ ਵਿਚ ਇਕ ਸੱਚਾ ਸਿੱਖ ਉਹੀ ਹੈ ਜੋ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਤੋਂ ਬਾਅਦ ਨਾਮ-ਸਿਮਰਨ ਅਤੇ ਉਸ ਦੀ ਬਾਣੀ ਦਾ ਗਾਇਨ ਕਰਦਾ ਹੈ। ਅਜਿਹਾ ਸਿੱਖ ਗੁਰੂ ਦੇ ਮਨ ਨੂੰ ਭਾਉਂਦਾ ਹੈ ਅਤੇ ਉਸ ਦੀ ਕਿਰਪਾ ਦੁਆਰਾ ਸਾਰੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ।[10]

ਅੱਗੇ ਚਲ ਕੇ ਦਸਵੇਂ ਜਾਮੇ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਇਸ ਸ਼ਬਦ ਨੂੰ ਇਕ ਨਵੀਂ ਦਿਸ਼ਾ ਦਿੱਤੀ ਗਈ। ਲੋਕ ਕਲਿਆਣ ਦੇ ਲਈ ਆਪ ਜੀ ਨੇ ਬੀੜਾ ਉਠਾਇਆ ਅਤੇ ਕਿਸੇ ਧਰਮ ਜਾਂ ਵਿਅਕਤੀ ਦਾ ਨਹੀਂ ਸਗੋਂ ਅੱਤਿਆਚਾਰ ਦਾ ਸਾਹਮਣਾ ਕਰਨ ਲਈ ਗੁਰੂ ਜੀ ਨੇ ਜੀਵਨ ਤਜਰਬੇ 'ਤੇ ਆਧਾਰਿਤ ਉਪਦੇਸ਼ ਸਾਹਿੱਤ ਦੁਆਰਾ ਲੋਕ ਸਮੂਹ ਦੀ ਸੁੱਤੀ ਹੋਈ ਆਤਮਾ ਨੂੰ ਝੰਜੋੜ ਦਿੱਤਾ ਅਤੇ ਜ਼ੁਲਮ ਦਾ ਸਾਹਮਣਾ ਕਰਨ ਦੇ ਲਈ ਖ਼ਾਲਸਾ ਪੰਥ ਸਾਜਿਆ। ਆਪਣੇ ਹੱਥਾਂ ਨਾਲ ਅੰਮ੍ਰਿਤ ਛਕਾ ਕੇ ਬਹਾਦਰੀ ਅਤੇ ਵੀਰਤਾ ਦੀ ਭਾਵਨਾ ਖ਼ਾਲਸੇ ਵਿਚ ਭਰ ਕੇ "ਸਿੰਘ" ਸ਼ਬਦ ਦੀ ਉਪਾਧੀ ਦਿੱਤੀ। ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖ਼ਾਲਸੇ ਨੂੰ 'ਸਿੱਖ' ਕਿਹਾ ਜਾਂਦਾ ਹੈ। ਸਿੱਖ ਧਰਮ ਦੀ ਨੀਂਹ ਸ਼ਬਦ, ਸੰਗਤ, ਸਿਮਰਨ, ਸੇਵਾ ਅਤੇ ਸੰਗੀਤ 'ਤੇ ਆਧਾਰਿਤ ਹੈ।

ਸ਼ਬਦ ਤੋਂ ਭਾਵ ਗੁਰਬਾਣੀ ਜਾਂ ਗੁਰ ਉਪਦੇਸ਼ ਤੋਂ ਹੈ:

ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥[11]

ਅਰਥਾਤ ਜਿਸ ਨੂੰ ਸਬਦ ਦੀ ਪ੍ਰਾਪਤੀ ਹੋ ਜਾਵੇ ਉਸ ਦਾ ਮਨ ਭਟਕਦਾ ਨਹੀਂ ਅਤੇ ਭਟਕਿਆ ਹੋਇਆ ਮਨ ਸੰਭਲ ਜਾਂਦਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਇਮਾਰਤ ਨੂੰ ਥੰਮ੍ਹ ਡਿੱਗਣ ਨਹੀਂ ਦਿੰਦਾ ਹੈ।

"ਸੰਗਤ" ਤੋਂ ਭਾਵ ਹੈ:

ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥੧॥[12]

ਅਰਥਾਤ ਜੋ ਮਨੁੱਖ ਸਾਧ ਸੰਗਤ ਵਿਚ ਬਹਿ ਕੇ ਪਰਮਾਤਮਾ ਦਾ ਨਾਮ ਸਿਮਰਨ ਕਰਦੇ ਹਨ, ਉਹ ਗੁਣਾਂ ਦੇ ਮਾਲਿਕ ਬਣ ਜਾਂਦੇ ਹਨ ਅਤੇ ਗੰਭੀਰ ਸੁਭਾਅ ਦੇ ਮਾਲਿਕ ਬਣ ਜਾਂਦੇ ਹਨ।

"ਸਿਮਰਨ" ਤੋਂ ਭਾਵ ਗੁਰ ਭਗਤੀ ਹੈ:

ਸਿਮਰਤ ਸਿਮਰਤ ਪ੍ਰਭ ਕਾ ਨਾਉ ॥
ਸਗਲ ਰੋਗ ਕਾ ਬਿਨਸਿਆ ਥਾਉ ॥੨॥[13]

ਅਰਥਾਤ ਜਿਨ੍ਹਾਂ ਨੂੰ ਪਰਮਾਤਮਾ ਆਪਣੇ ਨਾਮ ਦਾ ਵਰ ਦਿੰਦਾ ਹੈ ਪਰਮਾਤਮਾ ਦਾ ਨਾਮ ਸਿਮਰ-ਸਿਮਰ ਕੇ ਉਨ੍ਹਾਂ ਦੇ ਅੰਦਰ ਦੇ ਸਾਰੇ ਰੋਗਾਂ ਦੇ ਨਿਸ਼ਾਨ ਮਿਟ ਜਾਂਦੇ ਹਨ।

"ਸੇਵਾ" ਤੋਂ ਭਾਵ ਤਨ, ਮਨ ਅਤੇ ਧਨ ਨਾਲ ਪ੍ਰਭੂ ਦੀ ਸੇਵਾ ਤੋਂ ਹੈ। ਜਿਵੇ:

ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥[14]

ਅਰਥਾਤ ਪਰਮਾਤਮਾ ਜਿਸ ਉੱਤੇ ਕਿਰਪਾ ਕਰਦਾ ਹੈ ਉਹ ਗੁਰੂ ਦੀ ਸੇਵਾ ਕਰ ਕੇ ਉਸ ਪ੍ਰਭੂ ਨੂੰ ਮਿਲ ਲੈਂਦਾ ਹੈ। ਸੰਗੀਤ ਤੋਂ ਭਾਵ ਹੈ:

ਹਰਿ ਕੀਰਤਨੁ ਸੁਣੈ ਹਰਿ ਕੀਰਤਨ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥[15]

ਅਰਥਾਤ ਪਰਮਾਤਮਾ ਦਾ ਗੁਣਗਾਨ ਕਰਨ ਅਤੇ ਸੁਣਨ ਨਾਲ ਉਸ ਮਨੁੱਖ ਦੇ ਨੇੜੇ ਕੋਈ ਦੁਖ ਨਹੀਂ ਰਹਿੰਦਾ।

ਗੁਰਮਤਿ ਵਿਚ ਇਨ੍ਹਾਂ ਪੰਜਾਂ ਗੁਣਾਂ ਨੂੰ ਧਾਰਨ ਕਰਨ ਵਾਲਾ ਜਾਗ੍ਰਿਤ ਜੋਤ ਦਾ ਧਾਰਕ ਪ੍ਰਵਾਨ ਅਤੇ ਪ੍ਰਧਾਨ ਖ਼ਾਲਸਾ ਮੰਨਿਆ ਜਾਂਦਾ ਹੈ। ਇਹ ਪੰਜ ਰੂਹਾਨੀ ਗੁਣ ਦੇਖਣ ਵਿਚ ਵੱਖ-ਵੱਖ ਹਨ ਪਰੰਤੂ ਅੰਤਰ-ਆਤਮਾ ਵਿਚ ਇਨ੍ਹਾਂ ਦਾ ਸੁੰਦਰ ਸੁਮੇਲ ਪਰਮਾਤਮਾ ਦੀ ਉਸਤਤ ਅਤੇ ਸ਼ਬਦ ਕੀਰਤਨ ਦਾ ਪ੍ਰਤੀਕ ਹੈ ਅਤੇ ਧਰਮਾਂ ਵਿਚ ਉਚਾਰਣ ਧਿਆਨ ਅਤੇ ਗਿਆਨ ਦੀ ਪੂਰਨਤਾ ਦੇ ਲਈ ਵੱਖ-ਵੱਖ ਸਾਧਨ ਹਨ ਪਰੰਤੂ ਸਿੱਖ ਧਰਮ ਵਿਚ ਸ਼ਬਦ ਦੀ ਧੁਨ ਚੁੱਕਦੇ ਹੀ ਇਕਸੁਰਤਾ ਆ ਜਾਂਦੀ ਹੈ ਅਤੇ ਉਸ ਧਿਆਨ ਵਿਚੋਂ ਰੱਬੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ।

ਸਿੱਖ ਧਰਮ ਦੀ ਸਥਿਰਤਾ ਦੇ ਕਾਰਣ

ਉਸ ਸਮੇਂ ਦੀਆ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਮੂਹ ਸ਼ਕਤੀ ਲਗਾ ਦਿੱਤੀ ਅਤੇ ਉਨ੍ਹਾਂ ਨੇ ਸਿੱਖ ਧਰਮ ਦੀ ਸਥਾਪਨਾ ਅਤੇ ਆਚਰਣ ਦੀ ਸ਼ੁੱਧਤਾ ਉੱਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ।[16] ਉਨ੍ਹਾਂ ਨੇ ਕੁਝ ਅਜਿਹੇ ਬੁਨਿਆਦੀ ਤੱਤਾਂ ਨੂੰ ਆਪਣੇ ਧਾਰਮਿਕ ਸਿਧਾਂਤਾਂ ਦੇ ਰੂਪ ਵਿਚ ਨਿਰਧਾਰਤ ਕੀਤਾ ਜਿਨ੍ਹਾਂ ਨੂੰ ਸੰਸਾਰ ਦੇ ਸਮੂਹ ਧਰਮਾਂ ਵਿਚ ਮਹੱਤਵ ਪ੍ਰਾਪਤ ਹੈ। ਮੁਸਲਮਾਨਾਂ ਵਾਸਤੇ ਆਪ ਜੀ ਦੇ ਉਪਦੇਸ਼ਾਂ ਵਿਚ ਕਿਸੇ ਪ੍ਰਕਾਰ ਦੀ ਤੀਖਣਤਾ ਨਹੀਂ

ਪਾਈ ਜਾਂਦੀ ਹੈ ਕਿਉਂਕਿ ਉਨ੍ਹਾਂ ਨੇ ਇਸ ਗੱਲ ਵੱਲ ਆਪਣਾ ਧਿਆਨ ਕੇਂਦਰਿਤ ਰੱਖਿਆ ਕਿ ਹਿੰਦੂਆਂ ਵਿਚ ਉਹ ਸ਼ਕਤੀ ਉਤਪੰਨ ਕਰ ਦਿੱਤੀ ਜਾਵੇ ਕਿ ਉਹ ਇਸ ਝਟਕੇ ਨੂੰ ਸਹਿਣ ਕਰ ਸਕਣ। ਮੁਸਲਮਾਨਾਂ ਨੂੰ ਸਹੀ ਰਾਹ ਵਿਚ ਲਿਆਉਣਾ ਔਖਾ ਕੰਮ ਸੀ, ਫੇਰ ਵੀ ਉਨ੍ਹਾਂ ਨੇ ਮੁਸਲਮਾਨਾਂ ਦੇ ਵਿਚਾਰਾਂ ਵਿਚ ਤਬਦੀਲੀ ਲਿਆਉਣ ਦਾ ਯਤਨ ਕੀਤਾ। ਉਹ ਪਹਿਲੇ ਸੰਤ ਸਨ ਜਿਨ੍ਹਾਂ ਨੇ ਅਰਬ ਦੇਸ਼ ਵਿਚ ਵੀ ਜਾ ਕੇ ਸਮੂਹ ਧਰਮਾਂ ਦੀ ਏਕਤਾ ਸਿੱਧ ਕਰਨ ਦਾ ਯਤਨ ਕੀਤਾ ਅਤੇ ਰਾਮ ਅਤੇ ਰਹੀਮ ਦੇ ਅੰਤਰ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ।

ਅਸਲ ਵਿਚ ਗੁਰੂ ਨਾਨਕ ਸਾਹਿਬ ਦਾ ਸਿੱਖ ਧਰਮ ਹਿੰਦੂ ਦਾ ਖ਼ਾਲਸਾ (ਸ਼ੁੱਧ) ਰੂਪ ਸੀ। ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਦੀਆਂ ਬੁਰਾਈਆਂ ਨੂੰ ਦੂਰ ਕਰ ਕੇ ਜਨਤਾ ਨੂੰ ਇਕ ਨਵਾਂ ਮਾਰਗ ਵਿਖਾਇਆ। ਇਸੇ ਕਾਰਣ ਹਿੰਦੂਆਂ ਅਤੇ ਮੁਸਲਮਾਨਾਂ ਨੇ ਉਨ੍ਹਾਂ ਦੀ ਗੱਲ ਆਦਰ ਨਾਲ ਸੁਣੀ।[17]

ਇਹੀ ਕਾਰਣ ਹੈ ਕਿ ਸਿੱਖ ਧਰਮ ਕੁਝ ਪ੍ਰਮੁੱਖ ਧਰਮਾਂ ਵਿਚ ਉਪਯੁਕਤ ਤੌਰ 'ਤੇ ਉੱਚ ਸਥਾਨ ਪ੍ਰਾਪਤ ਕਰਨ ਵਿਚ ਸਫਲ ਰਿਹਾ ਅਤੇ ਆਪਣੀ ਸਥਾਪਨਾ ਦੇ ਲਗਭਗ 500 ਸਾਲ ਦੇ ਬਾਅਦ ਵੀ ਇਹ ਨਿਰੰਤਰ ਗਤੀਸ਼ੀਲ ਹੈ। ਸਿੱਖ ਧਰਮ ਆਪਣੇ ਮਹਾਨ ਸਿਧਾਂਤਾਂ ਦੀ ਨੀਂਹ 'ਤੇ ਸਥਾਪਿਤ ਹੋ ਕੇ ਲਗਾਤਾਰ ਪ੍ਰਗਤੀ ਕਰ ਰਿਹਾ ਹੈ ਅਤੇ ਵਿਕਸਿਤ ਹੋ ਕੇ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ।

ਸਿੱਖ ਧਰਮ ਨੂੰ ਆਪਣੇ ਲੋਕਪ੍ਰਿਅ ਅਤੇ ਪ੍ਰਮੁੱਖ ਸਿਧਾਂਤਾਂ ਦੇ ਕਾਰਣ ਸਥਿਰਤਾ ਪ੍ਰਾਪਤ ਹੋਈ ਹੈ। ਸਿੱਖ ਧਰਮ ਦਾ ਪ੍ਰਮੁੱਖ ਸਿਧਾਂਤ ਹੈ ਕਿ ਵਾਹਿਗੁਰੂ ਦੀ ਉਪਾਸਨਾ ਕਰਦੇ ਹੋਏ ਜੀਵਨ ਬਿਤਾਉਣਾ ਅਤੇ ਪਰਮਾਤਮਾ ਜਿਸ ਸਥਿਤੀ ਵਿਚ ਰੱਖੇ ਉਸੇ ਵਿਚ ਸੰਤੁਸ਼ਟ ਰਹਿਣਾ। ਕਿਉਂਕਿ ਸਿੱਖ ਧਰਮ ਦਾ ਪ੍ਰਮੁੱਖ ਉਦੇਸ਼ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨਾ ਹੈ ਇਸ ਲਈ ਵਾਹਿਗੁਰੂ ਨੂੰ ਆਪਣਾ ਇਸ਼ਟ ਦੇਵ ਮੰਨਦੇ ਹੋਏ ਅਤੇ ਦਸਾਂ ਗੁਰੂਆਂ ਦੇ ਦੱਸੇ ਰਸਤਿਆਂ ਉੱਤੇ ਚਲਦੇ ਹੋਏ ਮੁਕਤੀ ਪ੍ਰਾਪਤ ਕਰਨਾ ਹੀ ਉਨ੍ਹਾਂ ਦਾ ਉਦੇਸ਼ ਹੈ। ਉਨ੍ਹਾਂ ਦੀ ਮਾਨਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਆਤਮਾ ਸਾਕਾਰ ਰੂਪ ਵਿਚ ਮੌਜੂਦ ਹੈ। ਇਸ ਲਈ ਸਿੱਖ ਧਰਮ ਦੇ ਅਨੁਯਾਈ "ਗੁਰੂ ਗ੍ਰੰਥ ਸਾਹਿਬ" ਨੂੰ ਹੀ ਗੁਰੂਆਂ ਦੀ ਆਤਮਾ ਮੰਨਦੇ ਹਨ।

ਸਿੱਖ ਧਰਮ ਵਿਚ ਆਚਰਣ ਦੇ ਦੋ ਰੂਪ ਪ੍ਰਚਲਿਤ ਹਨ ਜੋ ਵਿਅਕਤੀਗਤ ਅਤੇ ਪੰਥਕ ਦੇ ਨਾਮ ਨਾਲ ਜਾਣੇ ਜਾਂਦੇ ਹਨ। ਵਿਅਕਤੀਗਤ ਆਚਰਣ ਦੇ ਅਧੀਨ ਪਰਮਾਤਮਾ ਦੇ ਪ੍ਰਤੀ ਇਕਾਗਰ ਚਿੱਤ ਹੋ ਕੇ ਧਿਆਨ ਮਗਨ ਹੋਣਾ ਅਤੇ ਨਾਮ ਸਿਮਰਨ ਕਰਨਾ, ਗੁਰਬਾਣੀ ਦਾ ਨੇਮ ਨਾਲ ਪਾਠ ਕਰਨਾ, ਕੀਰਤਨ ਅਤੇ ਵਿਚਾਰ ਕਰਨਾ, ਆਪਣੇ ਦਿਲ ਵਿਚ ਸੰਸਾਰ ਮਿੱਤਰਤਾ ਦੀ ਭਾਵਨਾ ਉਤਪੰਨ ਕਰਦੇ ਹੋਏ ਮਨੁੱਖ ਜਾਤ ਨੂੰ ਆਪਣਾ ਮਿੱਤਰ ਮੰਨ ਕੇ ਜਾਤ-ਪਾਤ, ਊਚ-ਨੀਚ, ਆਦਿ ਦੇ ਅੰਤਰ ਨੂੰ ਦੂਰ ਕਰ ਕੇ ਸਭ ਦੀ ਪੂਰੀ ਸ਼ਕਤੀ ਨਾਲ ਸੇਵਾ ਕਰਨਾ, ਗ੍ਰਿਹਸਥ ਧਰਮ ਦਾ ਪਾਲਣ ਕਰਨਾ ਅਤੇ ਵੰਡ ਕੇ ਛਕਣਾ, ਭਰਮ ਗਿਆਨ ਅਤੇ ਪਾਖੰਡ ਨੂੰ ਖ਼ਤਮ ਕਰ ਕੇ ਵਿਦਿਆ ਪ੍ਰਾਪਤ ਕਰਨਾ ਅਤੇ ਗੁਰਮਤਿ ਦੇ ਅਨੁਸਾਰ ਆਚਰਣ ਕਰਨਾ ਦੱਸਿਆ ਗਿਆ ਹੈ।

ਇਸੇ ਤਰ੍ਹਾਂ ਪੰਥਕ ਆਚਰਣ ਦੇ ਵੀ ਗੁਰੂਆਂ ਦੁਆਰਾ ਨਿਯਮ ਨਿਰਧਾਰਤ ਕੀਤੇ ਗਏ ਹਨ। ਜਿਵੇਂ—ਵਿਅਕਤੀ ਦੀ ਤੁਲਨਾ ਵਿਚ ਸਿੱਖ 'ਪੰਥ' (ਸਮਾਜ) ਨੂੰ ਮਹੱਤਵ ਪ੍ਰਦਾਨ ਕਰਨਾ, ਸਿੱਖ ਧਰਮ ਦਾ ਪੂਰਨ ਤੌਰ 'ਤੇ ਆਚਰਣ ਕਰਨਾ, ਅੰਮ੍ਰਿਤ ਛਕਣਾ, ਨਿੱਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ, ਚਾਰ ਕੁਰੀਤੀਆਂ—ਹਲਾਲ (ਮਾਸ), ਪਰਾਈ ਇਸਤ੍ਰੀ ਨਾਲ ਸੰਬੰਧ, ਕੇਸਾਂ ਦੀ ਬੇਅਦਬੀ ਅਤੇ ਤੰਬਾਕੂ ਆਦਿ ਨਸ਼ੀਲੇ ਪਦਾਰਥਾਂ ਦੇ ਸੇਵਨ ਤੋਂ ਬਚਣਾ ਅਤੇ ਸਮੂਹ ਬੁਰਾਈਆਂ ਦਾ ਤਿਆਗ ਕਰਨਾ।

ਇਸ ਤੋਂ ਇਲਾਵਾ ਪੰਥ ਨੂੰ ਗੁਰੂ ਦਾ ਰੂਪ ਮੰਨ ਕੇ ਉਸ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨਾ, ਸੰਸਾਰ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ, ਆਚਰਣ ਸ਼ੁੱਧ ਰੱਖਦੇ ਹੋਏ ਕਿਰਤ ਕਮਾਈ ਕਰਨਾ ਅਤੇ ਉਸ ਦਾ ਦਸਵੰਧ ਗੁਰੂਆਂ ਦੇ ਭੇਟ ਕਰਨਾ ਆਦਿ ਇਸ ਦੇ ਹੋਰ ਧਾਰਮਿਕ ਆਧਾਰ ਹਨ।

ਸੰਸਾਰ ਦੇ ਹੋਰਨਾਂ ਪ੍ਰਮੁੱਖ ਧਰਮਾਂ ਦੀ ਤਰ੍ਹਾਂ ਸਿੱਖ ਧਰਮ ਵਿਚ ਵੀ ਉਦਾਰਤਾ, ਦਿਲ ਦੀ ਸ਼ੁੱਧਤਾ ਅਤੇ ਵਿਸ਼ਾਲਤਾ ਮੁੱਖ ਤੌਰ 'ਤੇ ਉਜਾਗਰ ਹੁੰਦੀ ਹੈ। ਇਹੀ ਕਾਰਣ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ ਫਰੀਦ ਜੀ ਅਤੇ ਭਗਤ ਕਬੀਰ ਜੀ ਦੇ ਪਦ ਵੀ ਸ਼ਾਮਲ ਹਨ। ਮੁਸਲਮਾਨਾਂ ਦੇ ਧਾਰਮਿਕ ਖੇਤਰ ਵਿਚ ਕੀਤੇ ਗਏ ਅਤਿਆਚਾਰਾਂ ਦੀ ਪ੍ਰਤੀਕ੍ਰਿਆ ਵਜੋਂ ਜਨਮ ਲੈ ਕੇ ਵੀ ਸਿੱਖਾਂ ਨੇ ਉਨ੍ਹਾਂ ਦੇ ਸੰਤਾਂ ਨੂੰ ਸੰਤ ਹੀ ਮੰਨਿਆ ਹੈ ਅਤੇ ਉਨ੍ਹਾਂ ਦੀ ਬਾਣੀ ਨੂੰ ਵੀ ਉਹੀ ਆਦਰ ਪ੍ਰਦਾਨ ਕੀਤਾ ਹੈ ਜੋ ਆਪਣੇ ਸਿੱਖ ਗੁਰੂਆਂ ਦੀ ਬਾਣੀ ਨੂੰ ਦਿੱਤਾ ਹੈ। ਸਿੱਖ ਧਰਮ ਵਿਚ ਪਰਮਾਤਮਾ ਨੂੰ ਅਨੇਕਾਂ ਨਾਵਾਂ ਨਾਲ—ਖ਼ੁਦਾ, ਰੱਬ, ਰਹੀਮ, ਅੱਲਾਹ, ਰਾਮ ਆਦਿ ਤੋਂ ਵੀ ਇਸੇ ਉਦੇਸ਼ ਨਾਲ ਸੰਬੋਧਨ ਕੀਤਾ ਗਿਆ ਹੈ।[18]

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਹਿੰਦੂ ਧਰਮ ਦੇ ਰੱਖਿਅਕ ਹੁੰਦੇ ਹੋਏ ਵੀ ਸਿੱਖ ਧਰਮ ਨੇ ਮੁਸਲਮਾਨਾਂ ਦਾ ਉਥੋਂ ਤਕ ਹੀ ਵਿਰੋਧ ਕੀਤਾ ਜਿਥੋਂ ਤਕ ਧਾਰਮਿਕ ਸੀਮਾਵਾਂ ਹੁੰਦੀਆਂ ਹਨ। ਅਧਿਆਤਮਕ ਖੇਤਰ ਵਿਚ ਉਨ੍ਹਾਂ ਦਾ ਮੁਸਲਮਾਨਾਂ ਜਾਂ ਕਿਸੇ ਹੋਰ ਧਰਮ ਨੂੰ ਮੰਨਣ ਵਾਲਿਆਂ ਨਾਲ ਕਦੇ ਵੀ ਵਿਰੋਧ ਨਹੀਂ ਰਿਹਾ। ਉਨ੍ਹਾਂ ਨੇ ਉਸੇ ਧਰਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ ਜਿਸ ਵਿਚ ਆਤਮਾ ਦੀ ਸ਼ੁੱਧਤਾ ਉੱਤੇ ਜ਼ੋਰ ਦਿੱਤਾ ਗਿਆ ਹੋਵੇ ਅਤੇ ਜਿਸ ਧਰਮ ਵਿਚ ਆਤਮਾ ਪਰਮਾਤਮਾ ਦੇ ਇਕ ਹੋਣ ਦਾ ਮਾਰਗ ਦੱਸਿਆ ਗਿਆ ਹੋਵੇ।

ਇਸ ਤਰ੍ਹਾਂ ਸਾਨੂੰ ਪਤਾ ਚਲਦਾ ਹੈ ਕਿ ਸਿੱਖ ਧਰਮ ਇਕ ਕ੍ਰਿਆਤਮਕ ਧਰਮ ਹੈ ਅਤੇ ਜੀਵਨ ਦੇ ਸਾਹਮਣੇ ਸ਼ਕਤੀਸ਼ਾਲੀ ਪਹਿਲੂਆਂ ਨੂੰ ਉਭਾਰਦਾ ਹੈ। ਅਧਿਆਤਮ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਜੀਵਨ ਨੂੰ ਸੱਚੇ ਮਾਰਗ ਵਲ ਤੋਰਿਆ ਜਾਵੇ ਅਤੇ ਉਸ ਦਾ ਆਧਾਰ ਮਹਾਂਪੁਰਖਾਂ ਦੁਆਰਾ ਦੱਸੇ ਹੋਏ ਮਾਰਗ-ਦਰਸ਼ਨ ਦਾ ਪਾਲਣ ਕਰਨਾ ਹੈ। ਇਸ ਤੋਂ ਇਲਾਵਾ ਸੰਤਾਂ ਅਤੇ ਭਗਤਾਂ ਦੇ ਸ਼ਬਦਾਂ ਦਾ ਨਿਰੰਤਰ ਅਧਿਐਨ ਕਰ ਕੇ ਉਨ੍ਹਾਂ ਨੂੰ ਮਨ ਵਿਚ ਸਮਾ ਲੈਣਾ ਵੀ ਅਤਿਅੰਤ ਜ਼ਰੂਰੀ ਹੈ। ਇਹ ਸਪੱਸ਼ਟ ਹੈ ਕਿ ਸਿੱਖ ਧਰਮ ਹਿੰਦੂ ਧਰਮ ਅਤੇ ਮੁਸਲਿਮ ਧਰਮ ਦਾ ਮਿਸ਼ਰਤ ਰੂਪ ਹੈ। ਪਰੰਤੂ ਸਿੱਖ ਧਰਮ ਦੇ ਸਿਧਾਂਤਾਂ ਅਤੇ ਮਾਨਵਤਾ ਦਾ ਗੂੜ੍ਹਾ ਅਧਿਐਨ ਉਸ ਦੀਆਂ ਵਿਸ਼ੇਸ਼ਤਾਈਆਂ ਨੂੰ ਹੋਰ ਮਹੱਤਵ ਪ੍ਰਦਾਨ ਕਰਦਾ ਹੈ। ਇਸਲਾਮ ਧਰਮ ਦਾ ਵਿਸ਼ਵਾਸ

ਹੈ ਕਿ ਮੁਹੰਮਦ ਸਾਹਿਬ ਅੱਲਾਹ ਦੇ ਫ਼ਰਿਸ਼ਤੇ ਹਨ। ਪਰੰਤੂ ਸਿੱਖ ਧਰਮ ਵਿਚ ਇਸ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਗੱਲ ਨੂੰ ਉਦੇਸ਼ ਬਣਾਇਆ ਕਿ ਇਸ ਪ੍ਰਕਾਰ ਦੇ ਅੰਤਰ ਕਿਸੇ ਵੀ ਧਰਮ ਦੇ ਲਈ, ਖਾਸ ਕਰਕੇ ਸਿੱਖ ਧਰਮ ਲਈ ਸਰਾਪ ਹਨ। ਉਨ੍ਹਾਂ ਨੇ ਇਹ ਵੀ ਵੇਖਿਆ ਕਿ ਮਸਜਿਦਾਂ ਵਿਚ ਨਮਾਜ਼ ਪੜ੍ਹਦੇ ਸਮੇਂ ਬਾਦਸ਼ਾਹ ਅਤੇ ਫ਼ਕੀਰ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਦੋਵੇਂ ਹੀ ਇਕ ਪੰਗਤ ਵਿਚ ਖੜੇ ਹੋ ਕੇ ਪਰਮਾਤਮਾ ਦਾ ਚਿੰਤਨ ਕਰਦੇ ਹਨ ਪਰੰਤੂ ਭੇਦ-ਭਾਵ ਉਨ੍ਹਾਂ ਦੇ ਧਾਰਮਿਕ ਖੇਤਰ ਤੋਂ ਸਮਾਪਤ ਹੋ ਜਾਂਦਾ ਹੈ ਅਤੇ ਆਪਣੇ ਨੂੰ ਨੀਵਾਂ ਮੰਨਣ ਵਾਲੇ ਲੋਕਾਂ ਦੇ ਦਿਲਾਂ ਵਿਚ ਵੀ ਸਵੈ-ਮਾਣ ਦੀ ਭਾਵਨਾ ਭਰਦਾ ਹੈ, ਜੋ ਕਿਸੇ ਵੀ ਜਾਤ ਨੂੰ ਉੱਨਤੀ ਦੀ ਦਿਸ਼ਾ ਵੱਲ ਲੈ ਜਾਣ ਵਿਚ ਸਹਾਇਕ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਸੂਖ਼ਮ ਦ੍ਰਿਸ਼ਟੀ ਅਤੇ ਤੀਖਣ ਬੁੱਧੀ ਨੇ ਇਨ੍ਹਾਂ ਸਾਰੀਆਂ ਗੱਲਾਂ ਦਾ ਗਹਿਨ ਅਧਿਐਨ ਕੀਤਾ ਅਤੇ ਧਾਰਮਿਕ ਖੇਤਰ ਵਿਚ ਇਸ ਤਰ੍ਹਾਂ ਦੇ ਊਚ-ਨੀਚ ਦੇ ਭੇਦ-ਭਾਵ ਨੂੰ ਨਹੀਂ ਆਉਣ ਦਿੱਤਾ।

ਇਨ੍ਹਾਂ ਵਿਰੋਧੀ ਸਥਿਤੀਆਂ ਵਿਚ ਸਿੱਖ ਧਰਮ ਦੀ ਉਤਪਤੀ ਹੋਈ ਅਤੇ ਪਤਿਤ ਅਤੇ ਦਲਿਤ ਲੋਕਾਂ ਦੇ ਅਨੁਕੂਲ ਹੋਣ ਦੇ ਕਾਰਣ ਧਰਮ ਨੂੰ ਸਮਕਾਲੀਨ ਹਾਲਤਾਂ ਵਿਚ ਚੋਖਾ ਲੋਕ ਸਮਰਥਨ ਅਤੇ ਹਮਦਰਦੀ ਪ੍ਰਾਪਤ ਹੋਈ, ਕਿਉਂਕਿ ਸਿੱਖ ਧਰਮ ਵਿਚ ਮਨੁੱਖੀ ਸੇਵਾ ਤੋਂ ਇਲਾਵਾ ਉਦਾਰਤਾ ਅਤੇ ਸਥਾਈਪਣ ਦੀ ਤਰਕਸ਼ੀਲਤਾ ਸੀ। ਇਹੀ ਕਾਰਣ ਹੈ ਕਿ ਸਿੱਖ ਧਰਮ ਨੂੰ ਸਮਕਾਲੀਨ ਸਮਾਜਿਕ ਹਾਲਤਾਂ ਵਿਚ ਕਾਫ਼ੀ ਲੋਕਾਂ ਦਾ ਸਹਿਯੋਗ ਪ੍ਰਾਪਤ ਹੋਇਆ ਅਤੇ ਆਪਣੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਅਤੇ ਉਦਾਰਤਾ ਦੇ ਕਾਰਣ ਅੱਜ ਵੀ ਸਿੱਖ ਧਰਮ ਸੰਸਾਰ ਦੇ ਹੋਰਨਾਂ ਧਰਮਾਂ ਦੀ ਤਰ੍ਹਾਂ ਆਪਣਾ ਮੱਥਾ ਉੱਚਾ ਕਰ ਕੇ ਸਥਾਪਿਤ ਹੈ।[19]

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਸਿੱਖ ਧਰਮ ਦੀ ਸਥਾਪਨਾ ਹਮੇਸ਼ਾਂ ਪ੍ਰਤੀਕੂਲ ਧਾਰਮਿਕ ਅਤੇ ਸਮਾਜਿਕ ਹਾਲਤਾਂ ਵਿਚ ਕੀਤੀ, ਉਹ ਹੋਰਨਾਂ ਸਭ ਧਰਮਾਂ ਦੇ ਪ੍ਰਤੀ ਉਦਾਰ ਹੁੰਦੇ ਹੋਏ ਅਤੇ ਸਾਰਿਆਂ ਧਰਮਾਂ ਦੇ ਨਾਲ ਤਾਲਮੇਲ ਸਥਾਪਿਤ ਕੀਤਿਆਂ ਲਗਾਤਾਰ ਉੱਨਤੀ ਕਰਦਾ ਗਿਆ ਅਤੇ ਇਹੀ ਕਾਰਣ ਹੈ ਕਿ ਉਹ ਅੱਜ ਵੀ ਸੰਸਾਰ ਦੇ ਸ੍ਰੇਸ਼ਟ ਧਰਮਾਂ ਵਿਚ ਗਿਣਿਆ ਜਾਂਦਾ ਹੈ। ਇਸ ਦੇ ਅਨੁਯਾਈ ਦੇਸ਼ ਵਿਦੇਸ਼ ਵਿਚ ਵੀ ਆਪਣੇ ਗੁਰੂਆਂ ਦੀ ਇਸ ਵਿਲੱਖਣ ਵਿਰਾਸਤ ਦੀ ਰੱਖਿਆ ਵਿਚ ਲੱਗੇ ਹੋਏ ਹਨ।

ਹੋਰਨਾਂ ਧਰਮਾਂ ਦੀ ਤਰ੍ਹਾਂ ਸਿੱਖ ਧਰਮ ਵਿਚ ਵੀ ਸੰਗੀਤ ਨੂੰ ਪ੍ਰਭੂ ਪ੍ਰਾਪਤੀ ਦਾ ਸਭ ਤੋਂ ਵਧੀਆ ਸਾਧਨ ਮੰਨਿਆ ਜਾਂਦਾ ਹੈ। ਸੰਗੀਤ ਦਾ ਮੂਲ ਤੱਤ ਨਾਦ ਹੈ ਅਤੇ ਨਾਦ ਨੂੰ ਨਾਦ ਬ੍ਰਹਮ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਇਸ ਲਈ ਪਰਮਾਤਮਾ ਨਾਲ ਨੇੜਤਾ ਪ੍ਰਾਪਤੀ ਕਰਨ ਲਈ ਸੰਗੀਤ ਦਾ ਮਾਧਿਅਮ ਸਰਬ-ਸ੍ਰੇਸ਼ਟ ਹੈ। ਸੰਸਾਰ ਦੇ ਹੋਰਨਾਂ ਸਮੂਹ ਧਰਮਾਂ ਦੀ ਤਰ੍ਹਾਂ ਸਿੱਖ ਧਰਮ ਨੇ ਅਧਿਆਤਮਕ ਉੱਨਤੀ ਅਤੇ ਪਰਮਾਤਮਾ ਪ੍ਰਾਪਤੀ ਦੇ ਲਈ ਸੰਗੀਤ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਕਾਵਿ

ਅਤੇ ਨਾਦ ਸੰਗੀਤ ਦੇ ਦੋ ਪ੍ਰਮੁੱਖ ਤੱਤ ਮੰਨੇ ਜਾਂਦੇ ਹਨ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਪ੍ਰਗਟ ਕਰਨ ਹਿੱਤ ਸੰਗੀਤ ਦਾ ਕਾਵਿਮਈ ਅਤੇ ਨਾਦਮਈ ਗੁਣ ਧਰਮ ਉਪਯੋਗੀ ਅਤੇ ਸਹਾਇਕ ਹੁੰਦਾ ਹੈ। ਪਵਿੱਤਰ ਆਤਮਾਵਾਂ, ਸਾਧੂ-ਸੰਤਾਂ ਅਤੇ ਧਰਮ-ਆਚਾਰੀਆਂ ਨੇ ਧਾਰਮਿਕ ਪ੍ਰਚਾਰ ਦੇ ਲਈ ਸੰਗੀਤ ਦਾ ਹਮੇਸ਼ਾ ਸਹਾਰਾ ਲਿਆ ਹੈ। ਇਹੀ ਕਾਰਣ ਹੈ ਕਿ ਸਾਰੇ ਸਿੱਖ ਗੁਰੂਆਂ ਨੇ ਆਪਣੀ ਬਾਣੀ ਨੂੰ ਵੱਧ ਤੋਂ ਵੱਧ ਲੋਕਪ੍ਰਿਅ ਬਣਾਉਣ ਵਾਸਤੇ ਉਸ ਦੀ ਸੰਗੀਤਮਈ ਰਚਨਾ ਕੀਤੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸੰਗੀਤ ਮਧੁਰਤਾ ਦਾ ਅਨੋਖਾ ਪ੍ਰਵਾਹ ਹੈ। ਉਹ ਖ਼ੁਦ ਸੰਗੀਤ ਦੇ ਪੂਰਨ ਗਿਆਤਾ ਸਨ। ਉਨ੍ਹਾਂ ਦੀ ਬਾਣੀ ਵਿਚ ਅਦੁੱਤੀ ਨਾਦ ਸੁੰਦਰਤਾ ਦੇ ਦਰਸ਼ਨ ਹੁੰਦੇ ਹਨ ਅਤੇ ਕਾਵਿਮਈ ਅਲੰਕਾਰ ਸਹਿਜ ਭਾਵ ਨਾਲ ਆਪਣੇ ਆਪ ਸ਼ਾਮਲ ਹੋ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਨੇ ਸ਼ੁਰੂ ਤੋਂ ਹੀ ਸੰਗੀਤ ਦਾ ਸਹਾਰਾ ਲਿਆ। ਉਨ੍ਹਾਂ ਨੇ ਇਹ ਵਿੱਦਿਆ ਕਿਸ ਪਾਸੋਂ ਪ੍ਰਾਪਤ ਕੀਤੀ ਇਸ ਗੱਲ ਦਾ ਜ਼ਿਕਰ ਨਹੀਂ ਮਿਲਦਾ ਅਤੇ ਨਾ ਹੀ ਉਨ੍ਹਾਂ ਨੇ ਆਪ ਇਸ ਵਿਸ਼ੇ ਵਿਚ ਕੁਝ ਕਿਹਾ ਅਤੇ ਨਾ ਹੀ ਹੋਰਨਾਂ ਗੁਰੂਆਂ ਨੇ। ਅਜਿਹੇ ਹਾਲਾਤ ਵਿਚ ਮਜਬੂਰ ਹੋ ਕੇ ਮੰਨਣਾ ਪੈਂਦਾ ਹੈ ਕਿ ਸੰਗੀਤ ਵਿੱਦਿਆ ਉਨ੍ਹਾਂ ਨੂੰ ਆਪਣੇ ਆਪ ਪ੍ਰਾਪਤ ਹੋਈ। ਇਹ ਵਿੱਦਿਆ ਉਨ੍ਹਾਂ ਨੂੰ ਜਨਮ ਦੇ ਨਾਲ ਹੀ ਪਰਮਾਤਮਾ ਦੀ ਕਿਰਪਾ ਵਜੋਂ ਉਸੇ ਤਰ੍ਹਾਂ ਪ੍ਰਾਪਤ ਹੋਈ ਜਿਵੇਂ ਮਨੁੱਖ ਨੂੰ ਬੋਲਣ ਜਾਂ ਚੱਲਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਇਕ ਮਹਾਨ ਸੰਤ ਲਈ ਇਸ ਤਰ੍ਹਾਂ ਦੀ ਰੱਬੀ ਕਿਰਪਾ ਬਿਨਾਂ ਸ਼ੱਕ ਸੰਭਵ ਹੈ।

ਉਨ੍ਹਾਂ ਦਾ ਜੀਵਨ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਸੰਗੀਤ ਵਿਚ ਰਚਿਆ ਹੋਇਆ ਸੀ। ਅਜਿਹਾ ਲੱਗਦਾ ਹੈ ਕਿ ਸੰਗੀਤ ਨੂੰ ਮੁੜ ਸੁਰਜੀਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਇਹ ਵੀ ਕਿਹਾ ਜਾਂਦਾ ਹੈ ਕਿ ਆਮ ਗੱਲਬਾਤ ਕਰਦੇ ਸਮੇਂ ਵੀ ਉਨ੍ਹਾਂ ਦੇ ਮੁਖਾਰ-ਬਿੰਦੂ ਤੋਂ ਸੰਗੀਤਮਈ ਕਾਵਿ ਫੁੱਟ ਪੈਂਦਾ ਸੀ।

ਸਿੱਖ ਧਰਮ ਵਿਚ ਕੀਰਤਨ ਦਾ ਮਹੱਤਵ

ਐਸਾ ਕੀਰਤਨੁ ਕਰਿ ਮਨ ਮੇਰੇ ॥
ਈਹਾ ਊਹਾ ਜੋ ਕਾਮਿ ਤੇਰੈ ॥੧॥ਰਹਾਉ॥[20]

ਅਕਾਲ ਪੁਰਖ ਵਾਹਿਗੁਰੂ ਦੇ ਨਾਮ, ਗੁਣ, ਜਸ ਆਦਿ ਰਾਗ ਦੁਆਰਾ ਸਿਫ਼ਤਿ-ਸਾਲਾਹ ਕਰਨ ਨੂੰ ਕੀਰਤਨ ਆਖਦੇ ਹਨ। ਕੀਰਤਨ ਉਸ ਗਾਇਨ ਨੂੰ ਆਖਦੇ ਹਨ ਜਿਸ ਵਿਚ ਵਾਹਿਗੁਰੂ ਦੀ ਉਸਤਤ ਕੀਤੀ ਜਾਵੇ। ਇਹ ਸਿੱਖ ਧਰਮ ਦੀ ਭਗਤੀ ਦਾ ਇਕ ਖਾਸ ਅੰਗ ਹੈ। ਗੁਰਬਾਣੀ ਅਤੇ ਰਾਗ ਨੂੰ ਸੁਰ-ਤਾਲ ਜਾਂ ਕਿਸੇ ਸਿੱਧੀ ਧਾਰਨਾ ਵਿਚ ਗਾਉਣਾ ਅਤੇ ਪਰਮਾਤਮਾ ਦਾ ਜਸ ਕਰਨਾ ਹੀ ਕੀਰਤਨ ਹੈ।[21]

ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਗੁਰਮਤਿ ਵਿਚ ਰਾਗ ਦੇ ਨਾਲ ਕਰਤਾਰ ਦੇ ਗੁਣ ਗਾਉਣ ਦਾ ਨਾਮ ਕੀਰਤਨ ਹੈ।

ਕੀਰਤਨ ਨਾਮੁ ਸਿਮਰਤ ਰਹਉ... ॥[22]

ਗੁਰੂ ਘਰ ਵਿਚ ਰਾਗ ਨਾਲ ਸੰਬੰਧਤ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ :

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਆਲਾਪ ॥[23]

ਅਰਥਾਤ ਹੇ ਹਰੀ ਦੇ ਬੰਦਿਓ! ਤੁਸੀਂ ਸਾਰੇ ਮਿਲ ਕੇ ਪ੍ਰਭੂ ਦੇ ਗੁਣ ਗਾਉਂਦੇ ਰਿਹਾ ਕਰੋ। ਰਸਨਾ ਨਾਲ ਸੁੰਦਰ ਰਾਗਾਂ ਦੁਆਰਾ ਉਸ ਪਰਮਾਤਮਾ ਦੇ ਗੁਣਾਂ ਦਾ ਉਚਾਰਣ ਕਰਦੇ ਰਿਹਾ ਕਰੋ।

ਭਾਈ ਵੀਰ ਸਿੰਘ ਲਿਖਦੇ ਹਨ ਕਿ ਗੁਰਮਤਿ ਅਤੇ ਗੁਰਸਿੱਖੀ ਵਿਚ ਕੀਰਤਨ ਦੀ ਬਹੁਤ ਮਹੱਤਤਾ ਹੈ। ਇਸ ਨੂੰ ਇਕ ਅਮੋਲਕ ਦਾਤ ਮੰਨਿਆ ਗਿਆ ਹੈ। ਇਹ ਅਮੁੱਲ ਬਖ਼ਸ਼ਿਸ਼ ਹੈ ਜੋ ਮਨਾਂ ਦੀ ਮੈਲ ਨੂੰ ਕੱਟਦਾ ਹੈ ਅਤੇ ਦੁਰਮਤਿ ਦਾ ਨਾਸ ਕਰਦਾ ਹੈ :

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥

ਹਾਂ, ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਦੇ ਹੋਏ ਇਹ ਪਰਮ ਸੁਖ ਪ੍ਰਦਾਨ ਕਰਦਾ ਹੈ :

ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥

ਕੀਰਤਨ ਕਰਨ ਅਤੇ ਸੁਣਨ ਨਾਲ ਅਵਿਦਿਆ ਰੂਪੀ ਨੀਂਦ ਵਿਚ ਸੁੱਤਾ ਹੋਇਆ ਮਨ ਜਾਗ ਉਠਦਾ ਹੈ। ਦੁੱਖ-ਕਲੇਸ਼ ਅਤੇ ਰੋਗ ਮਿਟ ਜਾਂਦੇ ਹਨ। ਛਾਤੀ ਸੀਤਲ ਅਤੇ ਮਨ ਸ਼ਾਂਤ ਹੋ ਜਾਂਦਾ ਹੈ। ਪਾਪਾਂ ਦੀ ਮੈਲ ਕੱਟੀ ਜਾਂਦੀ ਹੈ ਅਤੇ ਨਿਰੰਕਾਰ ਵਿਚ ਧਿਆਨ ਲੱਗ ਜਾਂਦਾ ਹੈ। ਹਰੀ ਨਾਮ ਦਾ ਰਸ ਪੀਣ ਲਈ ਸਭ ਤੋਂ ਵਧੀਆ ਸਾਧਨ ਕੀਰਤਨ ਹੈ। ਇਸ ਨਾਲ ਲੋਕ-ਪਰਲੋਕ ਸੰਵਰ ਜਾਂਦਾ ਹੈ। ਜਿਨ੍ਹਾਂ ਦੇ ਮਨ ਕੀਰਤਨ ਵਿਚ ਰੰਗੇ ਜਾਂਦੇ ਹਨ ਉਨ੍ਹਾਂ ਵਾਸਤੇ ਲੋਕ-ਪਰਲੋਕ ਦਾ ਕੋਈ ਵੀ ਪਦਾਰਥ ਦੁਰਲੱਭ ਨਹੀਂ ਰਹਿੰਦਾ। ਉਹ ਚਾਰੇ ਪਦਾਰਥ—ਧਰਮ, ਅਰਥ, ਕਾਮ ਅਤੇ ਮੋਕਸ਼ ਪ੍ਰਾਪਤ ਕਰ ਲੈਂਦੇ ਹਨ।[24]

ਸੰਸਾਰ ਦੇ ਸਮੂਹ ਧਰਮਾਂ ਵੱਲ ਵੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਨੇ ਸੰਗੀਤ ਨੂੰ ਬਹੁਤ ਮਾਣ ਦਿੱਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਦੀ ਰਬਾਬ ਦੁਆਰਾ ਸੰਸਾਰ ਭਰ ਵਿਚ ਸਤਿਨਾਮ ਦਾ ਚੱਕਰ ਚਲਾਉਣ ਲਈ ਲੰਮੀਆਂ ਉਦਾਸੀਆਂ ਵਲੋਂ ਅਖ਼ੀਰ ਵਿਚ ਸਿੱਖ ਧਰਮ "ਕੀਰਤਨ ਨਿਰਮੋਲਕ ਹੀਰਾ" ਦੇ ਰੂਪ ਵਿਚ ਸੰਗੀਤ ਨੂੰ ਅਨੋਖਾ ਵਰਦਾਨ ਦਿੱਤਾ। ਸਿੱਖ ਧਰਮ ਨੇ ਸੰਗੀਤ ਨੂੰ ਆਮ ਸੰਸਾਰਿਕ ਪੱਧਰ ਤੋਂ ਉੱਤੇ ਚੁੱਕ ਕੇ ਅਲੌਕਿਕ ਮੰਡਲ ਵਿਚ ਵਿਚਰਨ ਦਾ ਮਾਧਿਅਮ ਬਣਾਇਆ। ਸੰਗੀਤ ਦੁਆਰਾ ਪਰਮਾਤਮਾ ਨਾਲ ਇਕਸਾਰਤਾ ਪ੍ਰਾਪਤ ਕਰਨਾ ਹੀ ਸਿੱਖ ਧਰਮ ਦਾ ਆਦਰਸ਼ ਹੈ।

ਸਿੱਖ ਧਰਮ ਦੀ ਸਭ ਤੋਂ ਪ੍ਰਮੁੱਖ ਰਚਨਾ "ਗੁਰੂ ਗ੍ਰੰਥ ਸਾਹਿਬ" ਹੈ ਜੋ ਕਿ ਵਿਸ਼ਵ ਵਿਚ ਆਪਣੇ ਸ੍ਰੇਸ਼ਟ ਕਾਵਿ-ਰੂਪ ਅਤੇ ਸੰਗੀਤਮਈ ਰਚਨਾ ਦੇ ਕਾਰਣ ਪ੍ਰਸਿੱਧ ਹੈ।

ਇਸ ਰਚਨਾ ਨੂੰ 'ਆਦਿ ਗ੍ਰੰਥ' ਵੀ ਕਿਹਾ ਜਾਂਦਾ ਹੈ। ਇਸ ਧਾਰਮਿਕ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ (ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ) ਦੀ ਬਾਣੀ ਪਦ ਰੂਪ ਵਿਚ ਹੈ। ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਇਸ ਗ੍ਰੰਥ ਵਿਚ ਨਹੀਂ ਹੈ। ਉਨ੍ਹਾਂ ਦੀ ਸਮੂਹ ਰਚਨਾ ਉਨ੍ਹਾਂ ਦੁਆਰਾ ਰਚੇ ਇਕ ਹੋਰ ਗ੍ਰੰਥ "ਦਸਮ ਗ੍ਰੰਥ" ਵਿਚ ਸੰਕਲਿਤ ਕੀਤੀ ਗਈ ਹੈ। ਉਸ ਗ੍ਰੰਥ ਨੂੰ ਅਸੀਂ ਇਕ ਤਰ੍ਹਾਂ ਨਾਲ ਆਦਿ ਗ੍ਰੰਥ ਜਾਂ ਗੁਰੂ ਗ੍ਰੰਥ ਸਾਹਿਬ ਦਾ ਪੂਰਕ ਕਹਿ ਸਕਦੇ ਹਾਂ ਅਤੇ ਆਮ ਤੌਰ 'ਤੇ ਗੁਰਦੁਆਰਿਆਂ ਵਿਚ ਇਸ ਨੂੰ ਆਦਿ ਗ੍ਰੰਥ ਦੀ ਤੁਲਨਾ ਵਿਚ ਘੱਟ ਮਹੱਤਵ ਪ੍ਰਦਾਨ ਕਰਦੇ ਹਾਂ। ਇਨ੍ਹਾਂ ਗ੍ਰੰਥਾਂ ਵਿਚ ਜੋ ਪਦ ਸ਼ਾਮਲ ਹਨ ਉਨ੍ਹਾਂ ਨੂੰ 'ਸ਼ਬਦ' ਦੀ ਸੰਗਿਆ ਦਿੱਤੀ ਗਈ ਹੈ।

"ਸ਼ਬਦ" ਸੰਸਕ੍ਰਿਤ ਦੇ ਸ਼ਬ੍ਦ ਦਾ ਹੀ ਬਦਲਿਆ ਰੂਪ ਹੈ ਜਿਸ ਦਾ ਅਰਥ ਹੈ : ਆਵਾਜ਼, ਧੁਨੀ, ਸ਼ਬਦ ਆਦਿ। ਅਰਥਾਤ ਸ਼ਬਦ ਗੁਰੂਆਂ ਦੀ ਬਾਣੀ ਲਈ ਪ੍ਰਯੋਗ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਪਦ ਰੂਪ ਵਿਚ ਹਨ।

ਸਿੱਖ ਧਰਮ ਦੇ ਅਨੁਸਾਰ ਇਹ ਗੁਰੂਆਂ ਦੀ ਪਵਿੱਤਰ ਬਾਣੀ ਹੈ। ਇਸ ਦਾ ਉਦੇਸ਼ ਮਨੋਰੰਜਨ ਕਰਨਾ ਨਹੀਂ ਹੈ। ਮੁਕਤੀ ਪ੍ਰਾਪਤੀ ਵਾਸਤੇ ਇਨ੍ਹਾਂ ਦਾ 'ਸਿਮਰਨ' ਅਤੇ ਸੁਰ-ਤਾਲ ਵਿਚ ਗਾਇਨ ਸਿੱਖ ਧਰਮ ਵਿਚ ਲਾਜ਼ਮੀ ਦੱਸਿਆ ਗਿਆ ਹੈ। 'ਸਿੱਖ ਧਰਮ' ਵਿਚ ਅਜਿਹੀ ਮਾਨਤਾ ਹੈ ਕਿ ਸ਼ਬਦਾਂ ਦਾ ਸੁਰ ਅਤੇ ਸੰਗੀਤ ਦੇ ਨਾਲ ਸਿਮਰਨ ਕਰਨਾ ਹਰੇਕ ਸਿੱਖ ਦਾ ਪਰਮ ਕਰਤੱਵ ਹੈ। ਇਨ੍ਹਾਂ ਪਵਿੱਤਰ ਸ਼ਬਦਾਂ ਦਾ ਗਾਇਨ ਗੁਰਦੁਆਰੇ ਤੋਂ ਇਲਾਵਾ ਧਾਰਮਿਕ ਰੀਤੀ-ਰਿਵਾਜਾਂ ਵਾਸਤੇ ਵੀ ਕੀਤਾ ਜਾ ਸਕਦਾ ਹੈ। ਸ਼ਬਦ ਗਾਇਨ ਦੀ ਪਰੰਪਰਾ ਨਾਲ ਸ਼ਾਸਤਰੀ ਸੰਗੀਤ ਦਾ ਕਾਫੀ ਵਿਕਾਸ ਹੋਇਆ। ਸ਼ਬਦ ਗਾਇਨ ਸਿੱਖ ਧਰਮ ਦੇ ਸੰਗੀਤ ਅਨੁਰਾਗ ਦਾ ਹੀ ਉਦਾਹਰਣ ਹੈ।

ਗੁਰੂ ਨਾਨਕ ਦੇਵ ਜੀ ਨੇ 'ਸ਼ਬਦ-ਗੁਰੂ' ਨੂੰ ਜਿਥੇ ਪਹਿਲਾਂ ਆਪਣੇ ਸਰੀਰ ਵਿਚ ਪ੍ਰਚਾਰਿਆ ਉਥੇ ਗੁਰੂ ਜੀ ਨੇ ਆਪਣੇ ਵੱਖ-ਵੱਖ ਨੌਂ ਜਾਮਿਆਂ ਵਿਚ ਪ੍ਰਚਾਰਿਆ ਅਤੇ ਸਨਮਾਨਿਆ ਹੀ ਨਹੀਂ ਸਗੋਂ ਆਪਣੇ ਸਰੀਰ ਦੀ ਮਹਾਨਤਾ ਨੂੰ ਸ਼ਬਦ-ਗੁਰੂ ਦੀ ਮਹਾਨਤਾ ਤੋਂ ਪਿੱਛੇ ਰੱਖਿਆ ਅਤੇ ਸ਼ਬਦ ਗੁਰਬਾਣੀ ਨੂੰ ਪ੍ਰਧਾਨਤਾ ਦਿੰਦੇ ਹੋਏ ਕਿਹਾ :

ਆਪੇ ਸਤਿਗੁਰੁ ਸਬਦੁ ਹੈ ਆਪੇ ॥

ਅਰਥਾਤ ਪਰਮਾਤਮਾ ਆਪ ਹੀ ਗੁਰੂ ਹੈ ਆਪ ਹੀ ਗੁਰੂ ਦਾ ਸ਼ਬਦ ਹੈ। ਗੁਰੂ ਮੁਖ ਤੋਂ ਰੱਬੀ ਆਦੇਸ਼ ਨਿਕਲਦੇ ਹਨ ਤਾਂ ਉਹ ਸੰਸਾਰ ਤਕ ਪਹੁੰਚਦੇ ਹਨ। ਇਸੇ ਨੂੰ ਸ਼ਬਦ-ਗੁਰੂ ਕਿਹਾ ਜਾਂਦਾ ਹੈ। ਇਹ ਗੱਲ ਇਸ ਤਰ੍ਹਾਂ ਸਮਝਾਈ ਜਾ ਸਕਦੀ ਹੈ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥[25]

ਜਿਥੇ ਸ਼ਬਦ ਨਹੀਂ ਉਥੇ ਅਗਿਆਨਤਾ ਦਾ ਅੰਧੇਰਾ ਹੀ ਅੰਧੇਰਾ ਹੈ। ਜੀਵ ਆਲੇ-ਦੁਆਲੇ ਭਟਕਦਾ ਰਹਿੰਦਾ ਹੈ ਉਸ ਨੂੰ ਰਾਹ ਨਹੀਂ ਲੱਭਦਾ ਹੈ।

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥[26]

ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ :

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥[27]

ਪਰੰਤੂ ਜਿਨ੍ਹਾਂ ਦੇ ਅੰਦਰ ਗੁਰੂ ਦਾ ਸ਼ਬਦ ਨਿਵਾਸ ਕਰਦਾ ਹੈ ਉਨ੍ਹਾਂ ਦੇ ਅੰਦਰੋਂ ਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ। ਸ਼ਬਦ-ਗੁਰੂ ਹੀ ਸੱਚਾ ਅਦੇ ਸਦੀਵੀਂ ਗੁਰੂ ਹੈ, ਰੂਪ ਅਤੇ ਨਿਰਾਕਾਰ ਦੀ ਦੈਵੀ ਆਵਾਜ਼ ਹੈ।

ਸੰਸਾਰ ਦੇ ਸਮੂਹ ਧਰਮਾਂ ਵਿਚ ਸਿੱਖੀ ਹੀ ਇਕ ਅਜਿਹਾ ਮੱਤ ਹੈ ਜਿਸ ਨੂੰ ਸ਼ਬਦ ਰੂਪ ਦਾ ਵਿਲੱਖਣ ਸੰਕਲਪ ਹੀ ਨਹੀਂ ਦਿੱਤਾ ਗਿਆ ਸਗੋਂ ਸਿੱਖ ਨੇ ਸ਼ਬਦ ਨੂੰ ਮਨ ਨਾਲ ਸਵੀਕਾਰ ਵੀ ਕੀਤਾ ਹੈ ਅਤੇ ਇਹ ਉਸ ਦੇ ਜੀਵਨ ਦਾ ਸਾਧਨ ਅਤੇ ਉਦੇਸ਼ ਵੀ ਹੈ। ਗੁਰੂ ਉਹ ਹੈ ਜੋ ਅਗਿਆਨਤਾ ਦਾ ਪਰਦਾ ਹਟਾ ਕੇ ਸੱਚ ਦੇ ਪ੍ਰਕਾਸ਼ ਵਿਚ ਲੈ ਜਾਂਦਾ ਹੈ। ਇਸ ਤੋਂ ਇਲਾਵਾ ਹਰੇਕ ਜਗ੍ਹਾ ਵਿਆਪਕ ਅਤੇ ਸਰਬ-ਕਲਾ-ਸਮਰੱਥ ਵਾਹਿਗੁਰੂ ਦੀ ਪਹਿਚਾਣ ਦਾ ਇਕੋ ਹੀ ਸਾਧਨ ਹੈ ਤਾਂ ਉਹ ਕੇਵਲ ਸ਼ਬਦ ਹੈ।[28]

ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸ਼ਬਦਾਂ ਦੇ ਸਿਰਲੇਖ ਰਾਗ ਵਿਸ਼ੇਸ਼ ਦੇ ਆਧਾਰ 'ਤੇ ਰੱਖੇ ਗਏ ਹਨ ਪਰੰਤੂ ਕਿਸੇ ਸਥਾਨ 'ਤੇ ਇਹ ਨਹੀਂ ਲਿਖਿਆ ਹੋਇਆ ਹੈ ਕਿ ਕੋਈ ਨਿਸ਼ਚਿਤ ਸ਼ਬਦ ਨੂੰ ਸਾਫ਼ ਉਸੇ ਨਿਰਧਾਰਤ ਰਾਗ ਵਿਚ ਹੀ ਗਾਇਆ ਜਾਵੇ। ਸਿੱਖ ਧਰਮ ਵਿਚ ਸ਼ਬਦਾਂ ਦਾ ਗਾਇਨ ਕਰਨ ਵਾਲੇ ਨੂੰ ਰਾਗੀ ਕਿਹਾ ਜਾਂਦਾ ਹੈ।

ਸਿੱਖ ਗੁਰੂ ਅਤੇ ਰਾਗੀਆਂ ਨੇ ਬਾਣੀ ਨੂੰ ਹੋਰ ਵੱਧ ਲੋਕਪ੍ਰਿਅ ਬਣਾਉਣ ਵਾਸਤੇ ਸੁਰ-ਤਾਲਬੱਧ ਸੰਗੀਤ ਦੇ ਨਾਲ ਸਾਮੂਹਿਕ ਕੀਰਤਨ ਪ੍ਰਣਾਲੀ ਦੀ ਸਥਾਪਨਾ ਕੀਤੀ। ਵੈਸ਼ਣਵ ਭਗਤਾਂ ਨੇ ਵੀ ਮੰਦਰਾਂ ਵਿਚ ਸਵੇਰੇ ਅਤੇ ਸ਼ਾਮ ਦੀ ਪਰਮਾਤਮਾ-ਭਗਤੀ ਸਮੇਂ ਵੈਦਿਕ ਸ਼ਲੋਕਾਂ ਅਤੇ ਮੰਤਰਾਂ ਦਾ ਸੁਰ ਸਮੇਤ ਗਾਇਨ ਸਾਜ਼ ਵਾਦਨ ਅਤੇ ਨ੍ਰਿਤ ਨੂੰ ਅਪਣਾਇਆ ਪਰੰਤੂ ਹਿੰਦੂ ਧਰਮ ਵਿਚ ਆਮ ਤੌਰ 'ਤੇ ਜਾਤ-ਪਾਤ ਅਤੇ ਊਚ-ਨੀਚ ਦਾ ਬੰਧਨ ਸਮੂਹਿਕ ਕੀਰਤਨ ਅਤੇ ਗਾਇਨ ਨੂੰ ਉਨ੍ਹਾ ਲੋਕਪ੍ਰਿਅ ਨਹੀਂ ਬਣਾ ਸਕਿਆ ਜਿੰਨਾ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੇ ਕੀਰਤਨ ਹਰੇਕ ਜਨ-ਜਨ ਦਾ ਕੰਠ-ਹਾਰ ਬਣਾਇਆ। ਸਿੱਖ ਧਰਮ ਇਸ ਦ੍ਰਿਸ਼ਟੀ ਵਿਚ ਸਭ ਤੋਂ ਉਦਾਰ ਧਰਮ ਰਿਹਾ ਹੈ ਜਿਸ ਵਿਚ ਜਾਤ-ਪਾਤ ਅਤੇ ਊਚ-ਨੀਚ ਦਾ ਕੋਈ ਬੰਧਨ ਨਹੀਂ ਮੰਨਿਆ ਜਾਂਦਾ। ਇਹੀ ਕਾਰਣ ਹੈ ਕਿ ਸਿੱਖ ਧਰਮ ਅਨੁਰਾਗੀ ਕੀਰਤਨੀਆਂ ਵਿਚ ਆਮ ਤੌਰ 'ਤੇ ਸਮੂਹ ਜਾਤੀਆਂ ਦੇ ਲੋਕਾਂ ਦੀ ਪ੍ਰਤੀਨਿਧਤਾ ਰਹਿੰਦੀ ਸੀ।

ਕੀਰਤਨ ਦੀ ਉਤਪਤੀ ਦੇ ਕਾਰਣ

ਸਿੱਖ ਧਰਮ ਵਿਚ ਕੀਰਤਨ ਪ੍ਰਣਾਲੀ ਦਾ ਜਨਮ ਕਿਉਂ ਹੋਇਆ ? ਸਾਡੇ ਲਈ ਇਹ ਜਾਨਣਾ ਬਹੁਤ ਜ਼ਰੂਰੀ ਹੈ। ਸਿੱਖ ਧਰਮ ਦੇ ਜਨਮਦਾਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਤੱਥ ਵੱਲ ਨਿਸ਼ਾਨਾ ਕੀਤਾ ਕਿ ਜਾਤ-ਪਾਤ ਅਤੇ ਊਚ-ਨੀਚ ਦਾ ਬੰਧਨ

ਕਿਸੇ ਵੀ ਧਰਮ ਲਈ ਬਹੁਤ ਵੱਡਾ ਕਲੰਕ ਹੈ। ਉਨ੍ਹਾਂ ਨੇ ਇਹ ਵੀ ਵੇਖਿਆ ਕਿ ਮਸਜਿਦਾਂ ਵਿਚ ਨਮਾਜ਼ ਦੇ ਸਮੇਂ ਬਾਦਸ਼ਾਹ ਅਤੇ ਫ਼ਕੀਰ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ ਹੈ। ਸੰਸਾਰਿਕ ਭੇਦ-ਭਾਵ ਧਾਰਮਿਕ ਖੇਤਰ ਤੋਂ ਮਿਟ ਜਾਂਦਾ ਹੈ ਅਤੇ ਆਪਣੇ ਨੂੰ ਨੀਵਾਂ ਸਮਝਣ ਵਾਲੇ ਲੋਕਾਂ ਦੇ ਦਿਲ ਵਿਚ ਆਤਮ-ਸਨਮਾਨ ਦੀ ਭਾਵਨਾ ਜਾਗ੍ਰਿਤ ਕਰਦਾ ਹੈ ਜੋ ਕਿਸੇ ਵੀ ਜਾਤ ਨੂੰ ਉੱਨਤੀ ਦੀ ਦਿਸ਼ਾ ਵਿਚ ਲੈ ਜਾਣ ਲਈ ਸਹਾਇਕ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੂਖਮ ਦ੍ਰਿਸ਼ਟੀ ਅਤੇ ਤੀਖਣ ਬੁੱਧੀ ਨੇ ਇਨ੍ਹਾਂ ਸਾਰੀਆਂ ਗੱਲਾਂ ਦਾ ਗੂੜ੍ਹ ਅਧਿਐਨ ਕੀਤਾ ਅਤੇ ਧਾਰਮਿਕ ਖੇਤਰ ਵਿਚ ਇਸ ਤਰ੍ਹਾਂ ਦੇ ਊਚ-ਨੀਚ ਦੇ ਭੇਦ-ਭਾਵ ਨੂੰ ਪ੍ਰਵੇਸ਼ ਨਹੀਂ ਕਰਨ ਦਿੱਤਾ। ਉਨ੍ਹਾਂ ਦੁਆਰਾ ਕੀਰਤਨ ਨੂੰ ਸਾਮੂਹਿਕ ਬਣਾਉਣ ਦਾ ਇਹੀ ਉਦੇਸ਼ ਪ੍ਰਤੀਤ ਹੁੰਦਾ ਹੈ।[29]

ਸ਼ਿੰਗਾਰ, ਭੋਗ, ਰਾਗ-ਸੇਵਾ ਦੇ ਇਨ੍ਹਾਂ ਤਿੰਨ ਮੂਲ ਅੰਗਾਂ ਵਿਚੋਂ "ਰਾਗ" ਸ਼ਬਦ ਸੰਪ੍ਰਦਾਇ ਵਿਚ "ਕੀਰਤਨ" ਸ਼ਬਦ ਦਾ ਸੰਕੇਤਕ ਹੈ ਜਾਂ "ਕੀਰਤਨ" ਸ਼ਬਦ ਦਾ ਸੰਕੇਤਕ "ਰਾਗ" ਹੈ।[30]

ਵੱਲਭਾਚਾਰੀਆ ਜੀ ਨੇ ਭਗਵਾਨ ਦੀ ਸੇਵਾ ਵਿਚ ਕੀਰਤਨ ਤਾ ਮਹੱਤਵ ਦੱਸਦੇ ਹੋਏ ਕਿਹਾ ਹੈ ਕਿ ਆਪਣੇ ਸੁਖ ਦੇ ਲਈ ਅਨੰਦਪੂਰਵਕ ਭਗਵਾਨ ਦਾ ਕੀਰਤਨ ਕਰਨਾ ਪਰਮ ਸੁਖਦਾਈ ਹੈ ਜਦੋਂ ਤਕ ਗੁਰੂ-ਜਨਾਂ ਦੀ ਕਿਰਪਾ ਨਾਲ ਭਗਵਾਨ ਭਗਤ ਉੱਤੇ ਕਿਰਪਾ ਨਹੀਂ ਕਰਦੇ। ਇਸ ਪ੍ਰਭਾਵ ਨੂੰ ਧਿਆਨ ਵਿਚ ਰੱਖਦੇ ਹੋਏ ਵੱਲਭਾਚਾਰੀਆ ਜੀ ਨੇ ਨਿੱਤ ਅਤੇ ਸਾਲਾਨਾ ਸੇਵਾ ਵਿਚ "ਕੀਰਤਨ" ਨੂੰ ਮੁੱਖ ਸਥਾਨ ਦਿੱਤਾ ਹੈ।

ਅਨੇਕਾਂ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਮੱਧ ਕਾਲ ਵਿਚ ਕੀਰਤਨ ਦਾ ਮੁੱਖ ਸਥਾਨ ਸੀ ਅਤੇ ਉਹ ਭਗਵਾਨ ਦੀ ਸੇਵਾ ਵਿਚ ਜ਼ਰੂਰੀ ਸਮਝਿਆ ਜਾਂਦਾ ਹੈ।[31]

ਸਿੱਖ ਧਰਮ ਵਿਚ ਕੀਰਤਨ ਦਾ ਕੀ ਮਹੱਤਵ ਹੈ ? ਇਸ ਵਿਸ਼ੇ ਵਿਚ ਇੰਨਾ ਕਹਿ ਦੇਣਾ ਕਾਫ਼ੀ ਹੈ ਕਿ ਸਿਰਫ਼ ਕੀਰਤਨ ਦੁਆਰਾ ਹੀ ਮਨੁੱਖ ਬ੍ਰਹਮ ਅਰਥਾਤ ਪਰਮ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਕੀਰਤਨ ਵਿਚ ਪ੍ਰਯੋਗ ਕੀਤੇ ਸ਼ਬਦਾਂ ਦੀ ਭਾਸ਼ਾ ਇਤਨੀ ਸਰਲ ਅਤੇ ਸਪੱਸ਼ਟ ਹੈ ਕਿ ਵਿਦਵਾਨ ਅਤੇ ਆਮ ਵਿਅਕਤੀ ਦੋਹਾਂ ਦੀ ਸਮਝ ਵਿਚ ਆ ਜਾਂਦੀ ਹੈ।

ਕੀਰਤਨ ਦਾ ਅਰਥ

ਕੀਰਤਨ ਉਸ ਗਾਇਨ ਨੂੰ ਆਖਦੇ ਹਨ ਜਿਸ ਵਿਚ ਪਰਮਾਤਮਾ ਦੀ ਭਗਤੀ ਕੀਤੀ ਜਾਂਦੀ ਹੈ, ਉਸ ਦੀ ਉਸਤਤ ਕੀਤੀ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਦਾ ਆਦੇਸ਼ ਸੀ ਕਿ ਕੀਰਤਨ ਰਾਗ ਅਤੇ ਲੈਅ ਯੁਕਤ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਪ੍ਰਕਾਰ ਦੇ ਕੀਰਤਨ ਵਿਚ ਉਚ-ਕੋਟੀ ਦੀ ਲੀਨਤਾ ਦੀ ਸਥਿਤੀ ਪ੍ਰਾਪਤ ਹੁੰਦੀ ਹੈ। ਇਸ ਪ੍ਰਕਾਰ ਆਰੰਭ ਵਿਚ ਰਾਗ ਕਲਾ ਵਿਚ ਕੁਸ਼ਲ

ਮਰਾਸੀਆਂ ਦੁਆਰਾ ਹੀ ਕੀਰਤਨ ਕਰਨ ਦੀ ਪ੍ਰਥਾ ਹੋਂਦ ਵਿਚ ਆਈ ਅਤੇ ਲੋਕ-ਸਮਾਜ ਆਤਮ-ਪ੍ਰੇਰਿਤ ਹੋ ਕੇ ਇਸ ਦਾ ਸ੍ਰਵਣ ਕਰਦਾ ਸੀ। ਇਹ ਪ੍ਰਥਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਚਲਦੀ ਰਹੀ ਅਤੇ ਉਨ੍ਹਾਂ ਦੇ ਕਾਲ ਵਿਚ ਇਕ ਵਿਸ਼ੇਸ਼ ਘਟਨਾ ਪਰੀ ਜਿਸ ਦੇ ਪਰਿਣਾਮ ਸਰੂਪ ਮਰਾਸੀਆਂ ਦੇ ਹੱਥੋਂ ਉਨ੍ਹਾਂ ਦੇ ਕੀਰਤਨ ਸੰਪਾਦਨ ਦਾ ਏਕਾਧਿਕਾਰ ਖੁੱਸ ਗਿਆ ਅਤੇ ਗੁਰੂ ਜੀ ਦਾ ਆਦੇਸ਼ ਹੋਇਆ ਕਿ ਹੁਣ ਉਨ੍ਹਾਂ ਦੇ ਚੇਲੇ ਵੀ ਕੀਰਤਨ ਕਰ ਸਕਦੇ ਹਨ। ਸਿੱਟੇ ਵਜੋਂ ਸਿੱਖ ਸਮਾਜ ਵਿਚ ਸੁਰ ਅਤੇ ਤਾਲ ਦੀ ਸਿਖਿਆ ਪ੍ਰਾਪਤ ਕਰਕੇ ਕੀਰਤਨ ਕਰਨ ਦਾ ਉਤਸ਼ਾਹ ਪ੍ਰਚਲਿਤ ਹੋਇਆ ਅਤੇ ਰਾਗ-ਸੰਗੀਤ ਦੇ ਸਨਮਾਨ ਵਿਚ ਹੋਰ ਵਾਧਾ ਹੋਇਆ।[32]

ਸਿੱਖ ਧਰਮ ਨੇ ਭਾਰਤੀ ਸੰਗੀਤ ਨੂੰ ਵਿਰਾਸਤ ਦੇ ਰੂਪ ਵਿਚ ਪ੍ਰਾਪਤ ਕਰਦੇ ਹੋਏ ਕੀਰਤਨ ਦੀ ਇਸ ਨਵੀਂ ਪ੍ਰਣਾਲੀ ਨੂੰ ਜਨਮ ਦਿੱਤਾ। ਸਿੱਖ ਧਰਮ ਦੇ ਅਧੀਨ ਗੁਰਬਾਣੀ (ਕਵਿਤਾ) ਅਤੇ ਰਾਗ ਦੋਵੇਂ ਮਿਲ ਕੇ ਸ੍ਰੀ ਵਾਹਿਗੁਰੂ ਦੇ ਨਿਰਗੁਣ ਸਰੂਪ ਦੀ ਉਸਤਤ, ਉਸ ਦੀ ਪੂਜਾ ਅਤੇ ਭਗਤੀ ਦਾ ਵਿਧਾਨ ਸਤਿਗੁਰਾਂ ਨੇ ਦੱਸਿਆ ਅਤੇ ਸਿੱਖਾਂ ਨੂੰ ਧਰਮ ਦਾ ਰਾਹ ਦਿਖਾਇਆ। ਕੀਰਤਨ ਪਰਮਾਤਮਾ ਦੀ ਪ੍ਰਾਪਤੀ ਲਈ ਰੁਚੀ ਅਤੇ ਇੱਛਾ ਜਾਗ੍ਰਿਤ ਕਰਦਾ ਹੈ ਅਤੇ ਢੁਕਵਾਂ ਵਾਤਾਵਰਣ ਉਤਪੰਨ ਕਰਦਾ ਹੈ। ਕੀਰਤਨ ਮਨ ਨੂੰ ਨਿਰਮਲ ਬਣਾ ਕੇ ਪਰਮਾਤਮਾ ਦੀ ਪ੍ਰਾਪਤੀ ਦੇ ਯੋਗ ਬਣਾਉਂਦਾ ਹੈ।

ਕਿਸੇ ਵੀ ਸਤਿਸੰਗ ਵਿਚ ਹਾਜ਼ਰ ਪੂਰੇ ਸਮਾਜ ਨੇ ਸਾਮੂਹਿਕ ਰੂਪ ਵਿਚ ਇਕੱਠੇ ਕੀਰਤਨ ਕੀਤਾ ਹੋਵੇ ਅਜਿਹਾ ਕਿਤੇ ਵੀ ਉਲੇਖ ਨਹੀਂ ਮਿਲਦਾ ਹੈ। ਸਿੱਖ ਧਰਮ ਨੇ ਇਸ ਪਰੰਪਰਾ ਦੀ ਸਥਾਪਨਾ ਕੀਤੀ ਅਤੇ ਸਤਿਸੰਗ ਵਿਚ ਹਾਜ਼ਰ ਸਾਰੇ ਲੋਕ ਇਕੱਠੇ ਮਿਲ ਕੇ ਕੀਰਤਨ ਵਿਚ ਭਾਗ ਲੈਣ ਦੇ ਭਾਗੀ ਹੋਏ।

ਹਿੰਦੂ ਧਰਮ ਵਿਚ ਸਾਮੂਹਿਕ ਕੀਰਤਨ ਦੀ ਘਾਟ ਉਨ੍ਹਾਂ ਦੀ ਕਠੋਰ ਵਰਣ-ਵਿਵਸਥਾ ਕਰਕੇ ਸੀ। ਸ਼ੂਦਰ ਨਾ ਤਾਂ ਮੰਦਰ ਵਿਚ ਪ੍ਰਵੇਸ਼ ਕਰਨ ਦੇ ਅਧਿਕਾਰੀ ਸਨ, ਨਾ ਸੰਸਕ੍ਰਿਤ ਦਾ ਅਧਿਐਨ ਕਰਨ ਦੇ ਅਧਿਕਾਰੀ ਸਨ ਅਤੇ ਨਾ ਹੀ ਉਚ ਵਰਣ ਦੇ ਲੋਕਾਂ ਦੇ ਨਾਲ ਬਹਿ ਕੇ ਧਾਰਮਿਕ ਕਰਮ-ਕਾਂਡਾਂ ਵਿਚ ਭਾਗ ਲੈਣ ਦੇ ਅਧਿਕਾਰੀ ਸਨ। ਰਵਿਦਾਸ ਆਦਿ ਸ਼ੂਦਰ ਵਰਣ ਦੇ ਭਗਤਾਂ ਨੇ ਜੇਕਰ ਨਾਮ ਕੀਰਤਨ ਕੀਤਾ ਵੀ ਹੈ ਤਾਂ ਨਿਰਗੁਣ ਉਪਾਸਕ ਹੋ ਕੇ। ਸਗੁਣ ਉਪਾਸਕ ਭਗਤਾਂ ਦੇ ਸਮੁਦਾਇ ਨੇ ਉਨ੍ਹਾਂ ਨੂੰ ਸਨਮਾਨ ਨਹੀਂ ਦਿੱਤਾ।

ਸਿੱਖ ਧਰਮ ਦੇ ਲਗਪਗ ਸਾਰੇ ਸੰਸਕਾਰਾਂ ਵਿਚ ਕੀਰਤਨ ਦਾ ਮਹੱਤਵ ਹੈ। ਜਨਮ ਤੋਂ ਲੈ ਕੇ ਮ੍ਰਿਤੂ ਤਕ ਜਿੰਨੇ ਵੀ ਸ਼ੁਭ ਕਾਰਜ ਹੁੰਦੇ ਹਨ, ਕੀਰਤਨ ਦਾ ਆਯੋਜਨ ਲਾਜ਼ਮੀ ਹੈ। ਮ੍ਰਿਤੂ ਦੇ ਉਪਰੰਤ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਵਾਸਤੇ ਵੀ ਇਕੋ ਉਪਾਅ ਕੀਰਤਨ ਹੀ ਹੈ।

ਕੀਰਤਨ ਸਿੱਖ ਧਰਮ ਦੀ ਭਗਤੀ ਅਤੇ ਪੂਜਾ ਦਾ ਮੁੱਖ ਅੰਗ ਹੈ। ਗੁਰਮਤਿ ਅਨੁਸਾਰ ਰਾਗ ਵਿਚ ਪਰਮਾਤਮਾ ਦੀ ਉਸਤਤ ਕਰਨ ਦਾ ਨਾਮ ਕੀਰਤਨ ਹੈ। ਇਹ

ਉਹ ਜੋਤ ਹੈ ਜੋ ਸਖ਼ਤ ਤੋਂ ਸਖ਼ਤ ਦਿਲ ਨੂੰ ਪਿਘਲਾ ਕੇ ਪਰਮਾਤਮਾ ਦੇ ਨਾਲ ਪ੍ਰੇਮ ਸੰਬੰਧ ਸਥਾਪਤ ਕਰਨ ਦੇ ਯੋਗ ਬਣਾ ਦਿੰਦੀ ਹੈ। ਗੁਰੂ ਸਾਹਿਬ ਸਿੱਖ ਸੰਗਤ ਨੂੰ ਆਦੇਸ਼ ਦਿੰਦੇ ਹੋਏ ਕਹਿੰਦੇ ਹਨ, "ਕੀਰਤਨ ਦੁਆਰਾ ਨਾਮ ਦਾ ਸਿਮਰਨ ਕਰਦੇ ਰਹੋ।"[33]

ਕੀਰਤਨ ਤੋਂ ਹੀ ਕੀਰਤਨੀਆ ਨਾਮ ਦੇ ਸ਼ਬਦ ਦੀ ਉੱਤਪਤੀ ਹੋਈ ਹੈ, ਜਿਸ ਦੇ ਅਰਥ ਹੁੰਦੇ ਹਨ, ਕੀਰਤਨ ਕਰਨ ਵਾਲਾ। ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਕਰਨ ਵਾਲਿਆਂ ਦੀ ਬਹੁਤ ਵਡਿਆਈ ਕੀਤੀ ਗਈ ਹੈ। ਗੁਰਬਾਣੀ ਦਾ ਕੀਰਤਨ ਕਰਨ ਵਾਲੇ ਵਿਅਕਤੀ ਨੂੰ "ਰਾਗੀ" ਕਿਹਾ ਜਾਂਦਾ ਹੈ। ਸਿੱਖਾਂ ਦੇ ਕੀਰਤਨ ਵਿਚ ਰਾਗੀ ਨੂੰ ਇਕ ਮਹੱਤਵਪੂਰਨ ਸਥਾਨ ਪ੍ਰਦਾਨ ਕੀਤਾ ਗਿਆ ਹੈ। ਇਸ ਦਾ ਕਾਰਣ ਇਹ ਹੈ ਕਿ ਰਾਗੀ ਦਾ ਕੰਮ ਸਿਰਫ਼ ਰਾਗ ਵਿਚ ਹੀ ਕੀਰਤਨ ਕਰਨਾ ਹੁੰਦਾ ਹੈ। ਰਾਗ ਗਾਇਨ ਦੁਆਰਾ ਸਤਿਸੰਗ ਵਿਚ ਸਰੋਤਿਆਂ ਦਾ ਧਿਆਨ ਆਕਰਸ਼ਿਤ ਕਰ ਕੇ ਪਰਮਾਤਮਾ ਵੱਲ ਲਾਇਆ ਜਾਂਦਾ ਹੈ। ਇਸੇ ਕਾਰਨ ਸੰਗੀਤ ਦੇ ਮਹਾਨ ਆਚਾਰੀਆ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਆਪਣੇ ਹੀ ਮੁੱਖ ਤੋਂ ਕੀਰਤਨੀਆਂ ਦੀ ਪ੍ਰਸੰਸਾ ਵਿਚ "ਭਲੋ ਭਲੋ ਰੇ ਕੀਰਤਨੀਆ"[34] ਕਿਹਾ ਹੈ।

'ਗੁਰਮਤਿ ਸੰਗੀਤ' ਦੇ ਅਨੁਸਾਰ ਕੀਰਤਨ ਅਤੇ ਰਾਗ ਦਾ ਗੂੜ੍ਹਾ ਸੰਬੰਧ ਹੈ ਅਤੇ ਉਨ੍ਹਾਂ ਨੂੰ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਸਿੱਖ ਧਰਮ ਵਿਚ ਰਾਗ-ਬੱਧ ਕੀਰਤਨ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਸਿੱਖ ਸੰਪ੍ਰਦਾਇ ਦੁਆਰਾ ਰਾਗ ਗਾਇਨ ਪਰੰਪਰਾ ਦੀ ਸਥਾਪਨਾ ਅਤੇ ਉਸ ਦੇ ਵਿਕਾਸ ਵਿਚ ਕੀਤੇ ਯੋਗਦਾਨ ਨੂੰ ਧਾਰਮਿਕ ਸੰਗੀਤ ਦੇ ਖੇਤਰ ਵਿਚ ਬਹੁਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸਿੱਖ ਸੰਪ੍ਰਦਾਇ ਵਿਚ ਸਾਰੇ ਲੋਕ, ਸੰਤ ਜਾਂ ਗੁਰੂ ਨਹੀਂ ਸਨ ਅਤੇ ਨਾ ਹੀ ਭਗਤ ਕਬੀਰ ਜੀ ਦੀ ਤਰ੍ਹਾਂ ਯੁਗ ਨੂੰ ਰਚਨ ਵਾਲੇ ਸਨ, ਸਗੋਂ ਗ੍ਰਹਿਸਥ ਧਰਮ ਦਾ ਪਾਲਣ ਕਰਨ ਵਾਲੇ ਅਨੇਕਾਂ ਪੁਰਖ, ਇਸਤਰੀ ਅਤੇ ਨਿਮਨ ਵਰਣ ਦੇ ਵਿਅਕਤੀ ਵੀ ਸਨ ਜਿਨ੍ਹਾਂ ਨੇ ਰਾਗਬੱਧ ਕੀਰਤਨ ਪ੍ਰਣਾਲੀ ਨੂੰ ਅਪਣਾਇਆ। ਰਾਗਬੱਧ ਗਾਇਨ ਪ੍ਰਣਾਲੀ ਨੇ ਸੰਗੀਤ ਦੇ ਲਈ ਅੰਮ੍ਰਿਤ ਦਾ ਕੰਮ ਕੀਤਾ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਨੇ ਰਾਗ ਗਾਇਨ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਜੇਕਰ ਸਿੱਖ ਰਾਗੀਆਂ ਨੇ ਆਪਣੇ ਗੁਰੂਆਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਰਾਗਬੱਧ ਕੀਰਤਨ ਪ੍ਰਣਾਲੀ ਨਾ ਅਪਣਾਈ ਹੁੰਦੀ ਤਾਂ ਅੱਜ ਰਾਗ ਗਾਇਨ ਦੀ ਅਵਸਥਾ ਹੋਰ ਵੱਧ ਚਿੰਤਾਜਨਕ ਹੁੰਦੀ।

ਭਾਰਤੀ ਸਮਾਜ ਨੇ ਰਾਗ ਅਤੇ ਕਾਵਿ ਨੂੰ ਤੁੱਛ ਮਨ ਦੀਆਂ ਇੱਛਾਵਾਂ ਅਤੇ ਵਿਸ਼ੇ-ਵਾਸ਼ਨਾਵਾਂ ਦੀ ਪੂਰਤੀ ਦਾ ਯੰਤਰ ਬਣਾ ਦਿੱਤਾ ਉਥੇ ਗੁਰੂ ਨਾਨਕ ਦੇਵ ਜੀ ਨੇ ਰਾਗ ਅਤੇ ਕਾਵਿ ਦਾ ਗੁਰਬਾਣੀ ਵਿਚ ਉਪਯੋਗ ਕਰਕੇ ਉਸ ਨੂੰ ਉੱਚਿਤ ਸਥਾਨ ਦਿਵਾਇਆ।

ਇਸ ਪ੍ਰਕਾਰ ਸਪੱਸ਼ਟ ਹੈ ਕਿ ਸਿੱਖ ਗੁਰੂਆਂ ਨੇ ਸੰਗੀਤ ਨੂੰ ਸਹਾਰਾ ਦੇ ਕੇ ਉਸ ਨੂੰ ਧਾਰਮਿਕ ਖੇਤਰ ਵਿਚ ਮਾਣ ਦਿੱਤਾ। ਮੁਸਲਮਾਨਾਂ ਦੇ ਆਗਮਨ ਨਾਲ ਭਾਰਤੀ ਸੰਗੀਤ ਦੀ ਸਥਿਤੀ ਗੰਭੀਰ ਹੋ ਗਈ ਸੀ ਅਤੇ ਇਸ ਦਾ ਪ੍ਰਯੋਗ ਸਿਰਫ਼ ਵਾਸਨਾ

ਪੂਰਤੀ ਲਈ ਹੀ ਕੀਤਾ ਜਾਣ ਲੱਗਿਆ ਸੀ। ਸਿੱਖ ਗੁਰੂਆਂ ਨੇ ਉਸ ਨੂੰ ਗੁਰਬਾਣੀ ਸੰਗੀਤ ਲਈ ਅਪਣਾਇਆ ਅਤੇ ਉਸ ਨੂੰ ਪੂਰਨ ਗੌਰਵ ਪ੍ਰਦਾਨ ਕੀਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਬਹੁਤ ਧਾਰਮਿਕ ਪ੍ਰਵਿਰਤੀ ਦੇ ਵਿਅਕਤੀ ਸਨ ਅਤੇ ਨਿਸ਼ਠਾਵਾਨ ਸਿੱਖ ਹੋਣ ਦੇ ਕਾਰਣ ਆਪਣੇ ਆਪ ਨੂੰ ਮਹਾਰਾਜਾ ਸਾਹਿਬ ਨਾ ਅਖਵਾ ਕੇ "ਸਿੰਘ ਸਾਹਿਬ" ਅਖਵਾਉਣਾ ਪਸੰਦ ਕਰਦੇ ਸਨ। ਉਹ ਹਰ ਸਾਲ ਗੁਰੂ ਘਰ ਦੀ ਸੇਵਾ ਲਈ ਬਾਰਾਂ ਲੱਖ ਰੁਪਏ ਖ਼ਰਚ ਕਰਦੇ ਸਨ ਅਤੇ ਇਸ ਤੋਂ ਇਲਾਵਾ "ਹਰਿਮੰਦਰ ਸਾਹਿਬ" ਵਿਚ ਵੱਡਮੁੱਲੀ ਭੇਂਟਾਂ ਚੜ੍ਹਾਉਂਦੇ ਸਨ। ਗੁਰੂਆਂ ਦੁਆਰਾ ਚਲਾਈ ਗਈ ਕੀਰਤਨ ਪ੍ਰਥਾ ਨੂੰ ਬਹੁਤ ਉੱਚਾ ਰੂਪ ਪ੍ਰਦਾਨ ਕਰਨ ਦਾ ਆਪ ਨੇ ਭਰਪੂਰ ਯਤਨ ਕੀਤਾ ਅਤੇ ਯੋਗ ਰਾਗੀਆਂ ਦੀ ਸਰਪ੍ਰਸਤੀ ਕੀਤੀ।[35]

ਭਾਵੇਂ ਲੜਾਈਆਂ ਵਿਚ ਵਿਅਸਤ ਰਹਿਣ ਅਤੇ ਰਾਜ-ਪ੍ਰਬੰਧ ਦੇ ਰੁਝੇਵਿਆਂ ਦੇ ਕਾਰਨ ਆਪ ਸ਼ਾਸਤਰੀ ਸੰਗੀਤ ਦਾ ਗਿਆਨ ਪ੍ਰਾਪਤ ਕਰਨ ਵਿਚ ਅਸਮਰਥ ਰਹੇ ਪਰੰਤੂ ਕੀਰਤਨ ਪ੍ਰੇਮੀ ਹੋਣ ਦੇ ਕਾਰਨ ਆਪ ਨੇ ਗੁਰਮਤਿ ਸੰਗੀਤ ਪ੍ਰਣਾਲੀ ਨੂੰ ਸਥਿਰ ਕਰਨ ਦਾ ਪੂਰਾ ਯਤਨ ਕੀਤਾ। ਭਾਵੇਂ ਇਨ੍ਹਾਂ ਸਦੀਆਂ ਦੌਰਾਨ ਸਿੱਖ ਸੰਗੀਤ ਕੀਰਤਨ ਵਿਚ ਕੁਝ ਪਰਿਵਰਤਨ ਹੋਏ ਪਰੰਤੂ ਰਾਗੀਆਂ ਅਤੇ ਰਬਾਬੀਆਂ ਨੇ ਰਾਜਿਆਂ ਦੀ ਸ਼ਰਨ ਵਿਚ ਰਹਿੰਦੇ ਹੋਏ ਕੀਰਤਨ ਦੇ ਸਭ ਤੋਂ ਪੁਰਾਤਨ ਸਰੂਪ ਨੂੰ ਉਚਿਤ ਸੀਮਾ ਤਕ ਸੁਰੱਖਿਅਤ ਰੱਖਿਆ।

ਉਪਰੋਕਤ ਚਰਚਾ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਸੰਗੀਤ ਦਾ ਮੁੱਖ ਸਥਾਨ ਰਿਹਾ ਹੈ। ਸਿੱਖ ਧਰਮ ਵਿਚ ਸੰਗੀਤ ਉੱਤੇ ਕਿਸੇ ਦਾ ਵਿਅਕਤੀਗਤ ਅਧਿਕਾਰ ਨਹੀਂ ਸੀ, ਪਰੰਤੂ ਧਰਮ ਤੋਂ ਪ੍ਰੇਰਿਤ ਹੋ ਕੇ ਸੰਗੀਤ ਨੂੰ ਗੁਰਦੁਆਰਿਆਂ ਵਿਚ ਸਥਾਪਿਤ ਕੀਤਾ ਗਿਆ। ਸਿੱਖ ਗੁਰੂਆਂ ਨੇ ਰਾਗ-ਬੱਧ ਕੀਰਤਨ ਪ੍ਰਣਾਲੀ ਦੀ ਸਥਾਪਨਾ ਕਰ ਕੇ ਸੰਗੀਤ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਉਨ੍ਹਾਂ ਨੇ ਸੰਗੀਤ ਨੂੰ ਮੁਕਤੀ ਪ੍ਰਾਪਤੀ ਅਤੇ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਬਣਾਇਆ। ਇਸ ਪ੍ਰਕਾਰ ਨਿਰ-ਵਿਵਾਦ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਸੰਗੀਤ ਨੂੰ ਉੱਚ ਸਥਾਨ ਪ੍ਰਾਪਤ ਰਿਹਾ ਹੈ।

ਹਵਾਲੇ ਤੇ ਟਿੱਪਣੀਆਂ

1. **ਗੁਰੂ ਨਾਨਕ ਜੀਵਨ ਯੁਗ ਏਵਮ ਸਿੱਖਿਆਵਾਂ**, ਗੁਰ ਨਿਹਾਲ ਸਿੰਘ, ਪੰਨਾ 77.
2. **ਉਹੀ**, ਪੰਨਾ 78.
3. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਅ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 2.
4. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 62.
5. **ਉਹੀ**, ਪੰਨਾ 1330.
6. **ਸਿੱਖ ਧਰਮ ਸੰਖੇਪ ਜਾਣ-ਪਛਾਣ**, ਬਲਦੇਵ ਸਿੰਘ ਬਲ, ਪੰਨਾ 15.

7. **The Nature and the Place of Music in Sikh Religion and its Affinity with Hindustani Classical Music**, A.S. Paintal, p. 19.
8. *Ibid.*
9. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 601.
10. **ਉਹੀ**, ਪੰਨਾ 305-306.
11. **ਉਹੀ**, ਪੰਨਾ 282.
12. **ਉਹੀ**, ਪੰਨਾ 212.
13. **ਉਹੀ**, ਪੰਨਾ 191.
14. **ਉਹੀ**, ਪੰਨਾ 90.
15. **ਉਹੀ**, ਪੰਨਾ 190.
16. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਅਜੀਤ ਸਿੰਘ ਪੇਂਟਲ, ਪੰਨਾ 6.
17. **ਮੱਧਕਾਲੀਨ ਭਗਤੀ ਅੰਦੋਲਨ ਕਾ ਸਮਾਜਿਕ ਵਿਵੇਚਨ**, ਡਾ. ਸੁਮਨ ਸ਼ਰਮਾ, ਪੰਨਾ 107.
18. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 885.
19. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਅਜੀਤ ਸਿੰਘ ਪੇਂਟਲ, ਪੰਨਾ 42.
20. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 236.
21. **ਭਗਤੀ**, ਸੂਬੇਦਾਰ ਬਘੇਲ ਸਿੰਘ, ਪੰਨਾ 51.
22. **ਮਹਾਨਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 248.
23. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 821.
24. **ਗੁਰਬਾਣੀ ਸੰਗੀਤ**, ਸ. ਗਿਆਨ ਸਿੰਘ ਜੀ ਐਬਟਾਬਾਦ, ਭੂਮਿਕਾ.
25. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 722.
26. **ਉਹੀ**, ਪੰਨਾ 124.
27. **ਉਹੀ**, ਪੰਨਾ 601.
28. **ਸਿਮਰਨ ਵਿਧੀ**, ਸੂਬੇਦਾਰ ਬਘੇਲ ਸਿੰਘ, ਪੰਨਾ 23.
29. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਅਜੀਤ ਸਿੰਘ, ਪੰਨਾ 13.
30. **ਮੱਧਯੁਗੀਨ ਵੈਸ਼ਣਵ ਸੰਪ੍ਰਦਾਓਂ ਮੇਂ ਸੰਗੀਤ**, ਡਾ. ਰਾਕੇਸ਼ ਬਾਲਾ ਸਕਸੈਨਾ, ਪੰਨਾ 62.
31. **ਉਹੀ**, ਪੰਨਾ 62.
32. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 11.
33. **ਆਦਿ ਗੁਰੂ ਗ੍ਰੰਥ ਸਾਹਿਬ**, ਪੰਨਾ 618.
34. **ਉਹੀ**, ਪੰਨਾ 885.
35. **ਵਾਦਨ ਕਲਾ**, ਪ੍ਰੋ. ਤਾਰਾ ਸਿੰਘ ਤੇ ਗੁਰਮੀਤ ਕੌਰ, ਪੰਨਾ 314.

ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀ ਬਾਣੀ ਦੇ ਰਚਣਹਾਰ ਗੁਰੂਆਂ ਦੀ ਸੰਗੀਤ ਦੀ ਦ੍ਰਿਸ਼ਟੀ ਤੋਂ ਜਾਣ-ਪਛਾਣ

ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਦੇ ਨਾਲ ਭਗਤੀ ਸੰਗੀਤ ਦਾ ਇਕ ਨਵਾਂ ਯੁਗ ਆਰੰਭ ਹੁੰਦਾ ਹੈ। ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੀਰਤਨ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਸਾਰੀ ਉਮਰ ਆਪਣੀਆਂ ਸਿੱਖਿਆਵਾਂ ਅਤੇ ਉਪਦੇਸ਼ਾਂ ਨੂੰ ਸਾਧਾਰਣ ਲੋਕਾਂ ਤਕ ਪਹੁੰਚਾਉਣ ਲਈ ਸੰਗੀਤ ਦੇ ਜ਼ੋਰਦਾਰ ਮਾਧਿਅਮ ਦਾ ਸਹਾਰਾ ਲਿਆ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਹੀ ਸਭ ਤੋਂ ਪਹਿਲਾਂ "ਆਸਾ ਦੀ ਵਾਰ" ਬਾਣੀ ਨੂੰ ਇਕੱਤਰ ਕਰ ਕੇ ਕੀਰਤਨ ਦੇ ਰੂਪ ਵਿਚ ਉਸ ਦਾ ਗਾਇਨ ਆਰੰਭ ਕੀਤਾ।

ਇਨ੍ਹਾਂ ਦਾ ਜਨਮ 1469 ਈ. ਨੂੰ ਰਾਏ ਭੋਇ ਦੀ ਤਲਵੰਡੀ ਵਿਚ ਹੋਇਆ। ਇਨ੍ਹਾਂ ਦੇ ਪਿਤਾ ਮਹਿਤਾ ਕਾਲੂ ਬੇਦੀ ਅਤੇ ਮਾਤਾ ਤ੍ਰਿਪਤਾ ਸੀ। ਬੇਦੀ ਕੁਲ ਦਾ ਸੰਬੰਧ ਵੇਦਾਂ ਦੇ ਨਾਲ ਦੱਸਿਆ ਜਾਂਦਾ ਹੈ। ਇਸ ਵੰਸ਼ ਦੇ ਲੋਕ ਵੇਦਾਂ ਦੇ ਮਹਾਨ ਗਿਆਤਾ ਹੁੰਦੇ ਸਨ। ਗੁਰੂ ਨਾਨਕ ਦੇਵ ਜੀ ਬਾਲ ਅਵਸਥਾ ਵਿਚ ਹੀ ਬਹੁਤ ਪ੍ਰਭਾਵਸ਼ਾਲੀ ਸਨ। ਉਨ੍ਹਾਂ ਨੇ ਬਹੁਤ ਘੱਟ ਸਮੇਂ ਵਿਚ ਹੀ ਸੰਸਕ੍ਰਿਤ, ਪਰਸ਼ੀਅਨ ਅਤੇ ਸਥਾਨਕ ਭਾਸ਼ਾਵਾਂ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕਰ ਲਈ ਸੀ।

ਵਿਸ਼ਵ ਦੀਆਂ ਮਹਾਨ ਦੈਵੀ ਸ਼ਕਤੀਆਂ ਕਾਲ ਦੁਆਰਾ ਪੈਦਾ ਹੁੰਦੀਆਂ ਹਨ। ਵਰਕਲੇ ਦੇ ਇਕ ਕਥਨ ਵਿਚ ਅਜਿਹਾ ਵਿਸ਼ਵ-ਵਿਆਪੀ ਅਤੇ ਸਰਬ-ਕਾਲੀਨ ਸੱਚ ਛੁਪਿਆ ਹੈ ਜਿਸ ਦਾ ਮਹਾਂਪੁਰਖਾਂ ਦੇ ਜੀਵਨ ਨਾਲ ਅਚਾਨਕ ਹੀ ਮਣੀ-ਸੋਨੇ ਦਾ ਸੰਜੋਗ ਵੇਖਣ ਨੂੰ ਮਿਲਦਾ ਹੈ ਕਿਉਂਕਿ ਇਹੋ ਦੋ ਗੁਣ ਉਨ੍ਹਾਂ ਦੇ ਵਿਅਕਤਿਤਵ ਦੇ ਵਕਾਰ ਦੇ ਮਾਪਦੰਡ ਬਣੇ ਹੋਏ ਹਨ।[1]

ਜਿਸ ਯੁਗ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਸ ਸਮੇਂ ਧਰਮ ਅਧਰਮ ਵੱਲ ਵੱਧ ਚੁੱਕਿਆ ਸੀ ਅਤੇ ਇਸ ਅਧਰਮ ਦੀ ਅਵਸਥਾ ਦਾ ਜਨ-ਜੀਵਨ

ਅਤੇ ਸਮਾਜ ਉੱਤੇ ਇੰਨਾ ਬੁਰਾ ਅਸਰ ਪਿਆ ਕਿ ਸਾਰਾ ਵਾਤਾਵਰਣ ਹੀ ਗੰਦਾ ਹੋ ਗਿਆ। ਅਧਰਮ ਦੀ ਇਸ ਸਥਿਤੀ ਨੂੰ ਠੀਕ ਕਰਨ ਵਾਸਤੇ ਸਮਾਜ ਤੋਂ ਹੀ ਧਰਮ ਪ੍ਰਚਾਰਕਾਂ ਦਾ ਇਕ ਦਲ ਉਠ ਖੜ੍ਹੋਤਾ। ਵੈਸ਼ਣਵ ਭਗਤ ਸਾਧਕਾਂ ਨੇ ਧਰਮ ਅਤੇ ਭਗਤੀ ਦੇ ਪਰੰਪਰਾਗਤ ਰੂਪ ਨੂੰ ਮੁੜ ਸਥਾਪਿਤ ਕਰਨ ਦਾ ਯਤਨ ਕੀਤਾ ਅਤੇ ਸੰਤਾਂ ਸਾਧਕਾਂ ਨੇ ਧਰਮ ਦੇ ਖੇਤਰ ਵਿਚ ਸੰਪ੍ਰਦਾਇਕ ਭੇਦ-ਭਾਵਾਂ, ਬਾਹਰੀ ਵਿਖਾਵਿਆਂ ਅਤੇ ਪਾਖੰਡਾਂ ਦਾ ਵਿਰੋਧ ਕੀਤਾ। ਉਸ ਯੁਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਦੇ ਸਮੇਂ ਗੁਰੂ ਜੀ ਦੇ ਵਿਅਕਤਿਤਵ ਦਾ ਜੋ ਸਰੂਪ ਸਾਡੇ ਸਾਹਮਣੇ ਆਇਆ ਉਹ ਮੁੱਖ ਤੌਰ 'ਤੇ ਮਹਾਨ ਤਾਲਮੇਲ ਕਰਤਾ, ਧਰਮ ਦੇ ਬਾਹਰੀ ਵਿਖਾਵਿਆਂ ਦੇ ਵਿਰੋਧੀ ਅਤੇ ਸੱਚੀ ਧਰਮ ਸਾਧਨਾ ਦੇ ਪ੍ਰੇਰਕ ਵਾਲਾ ਸੀ।[2]

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਆਦਿ ਗੁਰੂ ਹਨ। ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਆਪ ਹੀ ਗੁਰਬਾਣੀ ਦੇ ਪਹਿਲੇ ਰਚਣਹਾਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸਾਡੇ ਦੇਸ਼ ਵਿਚ ਮਹਾਨ ਦਾਰਸ਼ਨਿਕ, ਵਿਚਾਰਕ ਦੇ ਰੂਪ ਵਿਚ ਪੂਜਨੀਕ ਹਨ। ਮੱਧਕਾਲੀ ਧਰਮ ਸੰਸਥਾਪਕਾਂ ਅਤੇ ਸੰਤਾਂ ਵਿਚ ਆਪ ਜੀ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਆਪ ਨੇ ਧਾਰਮਿਕ ਖੇਤਰ ਵਿਚ ਭਗਤੀ, ਕਰਮ ਅਤੇ ਗਿਆਨ ਦਾ ਸਮਾਯੋਜਨ ਕੀਤਾ ਅਤੇ ਉਸ ਸਮੇਂ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਮੱਸਿਆਵਾਂ ਦਾ ਸਮੇਂ ਸਿਰ ਅਧਿਐਨ ਅਤੇ ਵਿਸ਼ਲੇਸ਼ਣ ਕਰ ਕੇ ਸੰਤ ਮਾਰਗ ਦੀ ਨੀਂਹ ਰੱਖੀ। ਆਪ ਜੀ ਦੀ ਰਚਨਾ ਸ਼ੈਲੀ ਵਿਚ ਕਾਵਿ ਦੀ ਸ਼ੋਭਾ, ਮਿੱਠਾ ਵਿਚਾਰ, ਸੰਪੰਨਤਾ ਆਦਿ ਸਾਰੇ ਗੁਣ ਹਨ। ਆਪ ਜੀ ਦੀ ਭਾਸ਼ਾ ਵਿਚ ਅਦਭੁਤ ਓਜ ਅਤੇ ਪ੍ਰਸਾਦ ਗੁਣ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਅਕਤਿਤਵ ਵਿਚ ਸਾਹਿੱਤ, ਸੰਗੀਤ ਅਤੇ ਕਲਾ ਦਾ ਵਚਿੱਤਰ ਮਿਸ਼ਰਣ ਹੋਣ ਦੇ ਕਾਰਣ ਉਨ੍ਹਾਂ ਦੀ ਬਾਣੀ ਦਿਲ ਅਤੇ ਆਤਮਾ ਨੂੰ ਸਪਰਸ਼ ਕਰਦੀ ਹੈ ਅਤੇ ਨਵੇਂ ਜੀਵਨ ਦਾ ਸੰਚਾਰ ਕਰਦੀ ਹੈ।[3]

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਜੀ ਕਵੀ ਤੋਂ ਵੱਧ ਇਕ ਤਜਰਬੇਕਾਰ ਸਾਧਕ ਸਨ। ਉਹ ਆਪਣੇ ਤਜਰਬੇ ਦੇ ਅਨੰਦ ਨੂੰ ਜਦੋਂ ਵੀ ਪ੍ਰਗਟ ਕਰਨ ਲੱਗਦੇ ਤਾਂ ਰਬਾਬ ਦੀ ਤਾਨ ਦੇ ਨਾਲ ਉਨ੍ਹਾਂ ਦੇ ਅੰਦਰੋਂ "ਖਸਮ ਕੀ ਬਾਣੀ" ਦਾ ਝਰਨਾ ਫੁੱਟ ਪੈਂਦਾ। ਉਸ ਵਿਚ ਜੋ ਲੀਨ ਹੁੰਦਾ ਉਹ ਆਪਣਾ ਪਰਲੋਕ ਸੰਵਾਰ ਲੈਂਦਾ। ਇਸ ਦੇ ਫਲਸਰੂਪ ਉਨ੍ਹਾਂ ਦੁਆਰਾ ਮਹਿਸੂਸ ਕੀਤੇ ਸੱਚ ਦੇ ਪ੍ਰਗਟਾਵੇ ਦਾ ਮਾਧਿਅਮ ਉਨ੍ਹਾਂ ਦੀ ਬਾਣੀ ਸੀ। ਉਹ ਬਾਣੀ ਹੀ ਉਨ੍ਹਾਂ ਦਾ ਕਾਵਿ ਸੀ ਜਿਸ ਰਾਹੀਂ ਉਨ੍ਹਾਂ ਨੇ ਆਪਣੀ ਭਗਤੀ-ਭਾਵਨਾ ਨੂੰ ਬਹੁਤ ਸੁੰਦਰ ਢੰਗ ਨਾਲ ਪ੍ਰਗਟ ਕੀਤਾ ਹੈ। ਵਿਸ਼ੇ-ਵਸਤੂ ਦੀ ਗੰਭੀਰਤਾ ਅਤੇ ਸੱਚਾਈ ਦੇ ਕਾਰਣ ਗੁਰੂ ਜੀ ਦਾ ਪ੍ਰਗਟਾਵਾ ਵੀ ਬਹੁਤ ਵਾਸਤਵਿਕ, ਸੌਖਾ ਅਤੇ ਸਿੱਧਾ ਦਿਲ ਉੱਤੇ ਪ੍ਰਭਾਵ ਪਾਉਣ ਵਾਲਾ ਹੈ। ਉਸ ਵਿਚ ਕਥਨ ਦੀ ਤਾਕਤ ਹੈ, ਭਾਵ ਦੀ ਏਕਤਾ ਅਤੇ ਇਕ ਤੀਬਰ ਗਤੀ ਹੈ।

ਇਥੇ ਇਹ ਵਿਚਾਰ ਕਰ ਲੈਣਾ ਵੀ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਣੀ ਦੇ ਨਾਲ-ਨਾਲ ਕਵਿਤਾ ਵੀ ਹੈ। ਭਾਵੇਂ ਕਵਿਤਾ ਸ਼ਬਦ ਅਤੇ ਅਰਥ ਦੀ ਸਾਧਨਾ ਹੀ ਮੰਨੀ ਗਈ ਹੈ ਫੇਰ ਵੀ ਜਨਮ ਤੋਂ ਹੀ ਇਸ ਦਾ ਸੰਬੰਧ ਲੈਅ, ਸੁਰ, ਤਾਲ ਤੋਂ ਹੋ ਗਿਆ ਸੀ। ਡਾ. ਪੀਤਾਂਬਰ ਦੱਤ ਬੜਥਵਾਲ ਦੇ ਅਨੁਸਾਰ, "ਸੱਚ ਦੇ ਪ੍ਰਗਟਾਵੇ ਦੇ ਲਈ ਕਾਵਿ ਇਕ ਸੁਭਾਵਿਕ ਸਾਧਨ ਹੈ।" ਅੰਤਰ-ਦ੍ਰਿਸ਼ਟੀ ਦੀ ਭਾਵਨਾ ਜੇਕਰ ਵਿਅਕਤ ਹੋਣਾ ਚਾਹੇ ਤਾਂ ਉਹ ਸੰਗੀਤ ਦੀ ਧੁਨ ਦੇ ਨਾਲ ਗੂੰਜਣ ਵਾਲੇ ਕਾਵਿ ਦੇ ਰੂਪ ਵਿਚ ਹੀ ਪ੍ਰਗਟ ਹੁੰਦੀ ਹੈ। ਕਵਿਤਾ ਦਾ ਸਾਧਾਰਣ ਅਰਥ ਪਦ-ਬੱਧ ਰਚਨਾ ਜਾਂ ਪਦ ਰਚਨਾ ਸਮਝਿਆ ਜਾਂਦਾ ਹੈ। ਸੰਗੀਤ ਤੋਂ ਬਗ਼ੈਰ ਕਵਿਤਾ ਦੇ ਅਰਥ ਦੀ ਸੂਝ ਹੋਣ ਨਾਲ ਭਾਵ ਜਾਂ ਰਸ ਦਾ ਆਭਾਸ ਹੁੰਦਾ ਹੈ ਪਰੰਤੂ ਸੰਗੀਤ ਯੁਕਤ ਕਵਿਤਾ ਅਰਥ ਬੋਧ ਦੀ ਮੁਥਾਜ ਨਹੀਂ। ਉਹ ਆਪਣੇ ਨਾਦ ਦੀ ਤਾਕਤ ਨਾਲ ਹੀ ਇੱਛਤ ਰਸ ਪੈਦਾ ਕਰ ਲੈਂਦੀ ਹੈ। ਡਾ. ਮਨਮੋਹਨ ਸਿੰਘ ਗੌਤਮ ਦੇ ਅਨੁਸਾਰ ਸ਼ਿੰਗਾਰ ਦੇ ਸੰਜੋਗ, ਵਿਜੋਗ ਪੱਖਾਂ ਦਾ ਨਿੱਤ ਸੰਬੰਧ ਸੰਗੀਤ ਦੇ ਨਾਲ ਹੁੰਦਾ ਆਇਆ ਹੈ।[4]

ਅਸਲ ਵਿਚ ਕਲਾ ਜਾਂ ਕਾਵਿ ਦਾ ਸਾਰਾ ਜਾਦੂ ਉਸ ਦਾ 'ਰਾਗ ਤੱਤ' ਸੰਗੀਤ ਹੈ। ਇਹ ਉਹ ਤੱਤ ਹੈ ਜੋ ਉਸ ਨੂੰ ਹੋਰਨਾਂ ਵਿਸ਼ਿਆਂ ਤੋਂ ਵੱਖ ਕਰ ਕੇ ਉਸ ਦੀ ਸੁੰਦਰਤਾ ਸ਼ਕਤੀ ਸਥਾਪਿਤ ਕਰਦਾ ਹੈ। ਉਹ ਤੱਤ ਕਾਵਿ-ਕਲਾ ਹਰਮਨ ਪਿਆਰੀ ਸੁੰਦਰਤਾ ਪ੍ਰਦਾਨ ਕਰਦਾ ਹੈ ਜਿਸ ਦੇ ਸਾਹਮਣੇ ਮਨ ਮੋਹਿਤ ਹੋ ਕੇ ਸਿਰ ਝੁਕਾ ਦਿੰਦਾ ਹੈ। ਸਾਰੇ ਝਗੜੇ ਅਤੇ ਤਰਕ-ਵਿਤਰਕ ਨੂੰ ਭੁਲਾ ਕੇ ਇਸ ਕਾਵਿਮਈ ਰਾਗ ਤੱਤ ਨਾਲ ਭਰਪੂਰ ਸੰਗੀਤ ਧਾਰਾ ਵਿਚੋਂ ਜੀਵਨ ਰਸ ਪ੍ਰਾਪਤ ਕਰਨ ਲਈ ਚੁੱਪਚਾਪ ਆਤਮ-ਸਮਰਪਣ ਕਰ ਦਿੰਦਾ ਹੈ।[5]

ਮਨੁੱਖੀ ਮਨ ਦੀ ਸੰਗੀਤ ਵੱਲ ਖਾਸ ਖਿੱਚ ਹੈ ਕਿਉਂਕਿ ਸੰਗੀਤ ਦੀ ਵਿਆਪਕਤਾ ਦਾ ਖੇਤਰ ਸੰਪੂਰਨ ਜਗਤ, ਸੰਪੂਰਨ ਬ੍ਰਹਿਮੰਡ ਹੀ ਮੰਨਿਆ ਜਾਂਦਾ ਹੈ। ਇਸ ਲਈ ਬ੍ਰਹਿਮੰਡ ਦੀ ਪ੍ਰਕਿਰਤੀ ਵਿਚ ਆਪਣੀ ਪ੍ਰਕ੍ਰਿਤੀ ਦਾ ਮੇਲ ਸਥਾਪਿਤ ਕਰਨ ਲਈ ਮਨੁੱਖ ਦਾ ਸੁਭਾਵਿਕ ਸੰਗੀਤ ਪ੍ਰੇਮੀ ਹੋਣਾ ਸਿੱਧ ਹੈ।

ਗੁਰੂ ਨਾਨਕ ਦੇਵ ਜੀ ਦੀ ਆਤਮਾ ਸੰਗੀਤ ਨਾਲ ਭਰਪੂਰ ਸੀ। "ਘਟਿ ਘਟਿ ਵਾਜਹਿ ਨਾਦ" ਦੇ ਬਚਨ ਤੋਂ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਨੂੰ ਸਮੁੱਚੇ ਬ੍ਰਹਿਮੰਡ ਦਾ ਸੰਗੀਤ ਸੁਣਾਈ ਦੇ ਰਿਹਾ ਸੀ। ਜੇਕਰ ਉਹ ਅੰਦਰੂਨੀ ਸਮਾਧੀ ਨਾਲ ਜੁੜਦੇ ਤਾਂ ਅਨਹਦ ਦੀ ਗੂੰਜ ਉਨ੍ਹਾਂ ਨੂੰ ਮਸਤ ਕਰ ਦਿੰਦੀ ਸੀ ਅਤੇ ਜੇਕਰ ਥੋੜ੍ਹਾ ਬਾਹਰ ਧਿਆਨ ਲਗਾਉਂਦੇ ਤਾਂ ਸਾਰੀ ਕੁਦਰਤ ਗੁਣਗੁਣਾਉਂਦੀ ਹੋਈ ਨਜ਼ਰ ਆਉਂਦੀ ਸੀ।[6]

ਇਸ ਤਰ੍ਹਾਂ ਸੰਗੀਤ ਨਾਲ ਇਕ-ਮਿਕ ਹੋਏ ਗੁਰੂ ਜੀ ਇਹ ਵੀ ਜਾਣਦੇ ਸਨ ਕਿ ਮਨੁੱਖ ਰੂਪੀ ਸਾਜ਼ ਨੂੰ ਸੁਰ ਕਰਨ ਲਈ ਖ਼ੁਸ਼ਕ ਆਤਮ ਗਿਆਨ ਹੀ ਕਾਫ਼ੀ ਨਹੀਂ ਹੈ। ਇਸ ਲਈ ਉਨ੍ਹਾਂ ਨੇ ਆਪਣੇ ਸੰਦੇਸ਼ਾਂ ਨੂੰ ਆਪਣੀ ਕਾਵਿਮਈ ਭਾਸ਼ਾ ਨਾਲ ਰਬਾਬ ਸਾਜ਼ ਦੇ ਮਾਧਿਅਮ ਤੋਂ ਲੋਕ ਜੀਵਨ ਤਕ ਪਹੁੰਚਾਇਆ ਜਿਸ ਦੀ ਪੁਸ਼ਟੀ ਲੋਕ ਸਾਖੀਆਂ ਵਿਚ ਬਿਆਨ ਕੀਤੇ ਬਿਓਰੇ ਤੋਂ ਹੁੰਦੀ ਹੈ।

ਇਕ ਵਾਰ ਜਦੋਂ ਗੁਰੂ ਨਾਨਕ ਦੇਵ ਜੀ ਬੀਮਾਰ ਹੋਏ ਤਾਂ ਲੋਕਾਂ ਨੇ ਇਲਾਜ

ਲਈ ਕਿਸੇ ਵੈਦ ਨੂੰ ਬੁਲਾਇਆ। ਵੈਦ ਨੇ ਆ ਕੇ ਉਨ੍ਹਾਂ ਦੀ ਬਾਂਹ ਫੜ ਕੇ ਨਬਜ਼ ਵੇਖੀ ਪਰੰਤੂ ਉਸ ਨੂੰ ਇਹ ਨਹੀਂ ਪਤਾ ਸੀ ਕਿ ਸਾਰੀ ਪੀੜਾ ਤਾਂ ਕਲੇਜੇ ਵਿਚ ਹੈ। ਗੁਰੂ ਨਾਨਕ ਦੇਵ ਜੀ ਇਕ ਵਾਰ ਆਪਣੇ ਚੇਲੇ ਭਾਈ ਮਰਦਾਨੇ ਦੇ ਨਾਲ ਜਗਨਨਾਥ ਪੁਰੀ ਗਏ। ਉਨ੍ਹਾਂ ਦੇ ਨਾਲ ਮੁਸਲਮਾਨ ਹੋਣ ਦੇ ਕਾਰਣ ਉਨ੍ਹਾਂ ਨੂੰ ਮੰਦਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਮਿਲੀ। ਉਨ੍ਹਾਂ ਨੇ ਬਾਹਰੋਂ ਹੀ ਅਜਿਹੀ ਆਰਤੀ ਗਾਈ ਕਿ ਸਮੂਹ ਜਨਤਾ ਆਤਮ-ਵਿਭੋਰ ਹੋ ਕੇ ਉਨ੍ਹਾਂ ਦੇ ਵੱਲ ਆਕਰਸ਼ਿਤ ਹੋ ਗਈ ਅਤੇ ਉਨ੍ਹਾਂ ਦੇ ਪੈਰਾਂ ਵਿਚ ਡਿੱਗ ਪਈ।

ਇਸ ਪ੍ਰਕਾਰ ਦੇ ਅਣਗਿਣਤ ਉਦਾਹਰਣ ਮਿਲਦੇ ਹਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦਾ ਅਨੋਖਾ ਪ੍ਰਭਾਵ ਜੜ੍ਹ ਚੇਤਨ ਦੋਹਾਂ ਉੱਤੇ ਵਿਖਾਇਆ। ਅਨੇਕਾਂ ਚਮਤਕਾਰਾਂ ਵਿਚੋਂ ਇਕ ਦਾ ਉਲੇਖ ਇਥੇ ਕਰ ਦੇਣਾ ਕਾਫ਼ੀ ਹੋਵੇਗਾ। ਇਕ ਵਾਰ ਗੁਰੂ ਜੀ ਭਾਈ ਮਰਦਾਨੇ ਨੂੰ ਲੈ ਕੇ ਤੀਰਥ ਯਾਤਰਾ ਕਰਨ ਨਿਕਲੇ। ਆਧੁਨਿਕ ਪੀਲੀਭੀਤ ਦੇ ਨੇੜੇ ਭਾਈ ਮਰਦਾਨੇ ਨੂੰ ਭੁੱਖ ਲੱਗੀ ਅਤੇ ਗੁਰੂ ਜੀ ਨੂੰ ਭੋਜਨ ਲਈ ਬੇਨਤੀ ਕੀਤੀ। ਆਲੇ-ਦੁਆਲੇ ਵਿਚ ਸਿਰਫ਼ ਇਕ ਰੀਠੇ ਦਾ ਰੁੱਖ ਹੀ ਦਿਖਾਈ ਦਿੱਤਾ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਆਗਿਆ ਦਿੱਤੀ ਕਿ ਉਹ ਰੀਠੇ ਨਾਲ ਹੀ ਆਪਣੀ ਭੁੱਖ ਸ਼ਾਂਤ ਕਰੇ। ਭਾਈ ਮਰਦਾਨਾ ਰੀਠੇ ਦੇ ਫਲਾਂ ਲਈ ਰੁੱਖ ਉੱਤੇ ਚੜ੍ਹਿਆ ਅਤੇ ਗੁਰੂ ਜੀ ਨੇ ਕੀਰਤਨ ਸ਼ੁਰੂ ਕਰ ਦਿੱਤਾ। ਕੀਰਤਨ ਦੇ ਪ੍ਰਭਾਵ ਤੋਂ ਉਸ ਰੁੱਖ ਦੇ ਰੀਠੇ ਮਿੱਠੇ ਹੋ ਗਏ ਅਤੇ ਉਸ ਤੋਂ ਉਪਰੰਤ ਉਸ ਰੁੱਖ ਦੇ ਉਸ ਪਾਸੇ ਦੇ ਰੀਠੇ ਮਿੱਠੇ ਹੁੰਦੇ ਹਨ ਜਿਧਰ ਗੁਰੂ ਜੀ ਬੈਠੇ ਸਨ ਅਤੇ ਦੂਜੇ ਪਾਸੇ ਦੇ ਰੀਠੇ ਕੁਦਰਤੀ ਸੁਆਦ ਦੇ ਅਨੁਸਾਰ ਹੁੰਦੇ ਹਨ।

ਸੰਗੀਤ ਵਿਚ ਦਿਲ ਪਰਿਵਰਤਨ ਦੀ ਵੀ ਗ਼ੈਰ-ਮਾਮੂਲੀ ਸਮਰੱਥਾ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦੀ ਸ਼ਕਤੀ ਤੋਂ ਹੀ ਸੱਜਣ ਠੱਗ ਨੂੰ ਸਹੀ ਅਰਥਾਂ ਵਿਚ ਸੱਜਣ ਬਣਾ ਦਿੱਤਾ ਸੀ।

ਮੱਧ-ਕਾਲ ਵਿਚ ਸੰਗੀਤ ਗਾਇਨ-ਵਿਲਾਸ ਦਾ ਸਾਧਨ ਬਣ ਚੁੱਕਾ ਸੀ ਉਸ ਨੂੰ ਮੁੜ ਪਰਮਾਤਮਾ ਦੇ ਪ੍ਰੇਮ ਵਿਚ ਢਾਲਣ ਦਾ ਗੁਰੂ ਨਾਨਕ ਦੇਵ ਜੀ ਨੇ ਯਤਨ ਕੀਤਾ। ਆਪਣੀ ਚੌਥੀ ਉਦਾਸੀ ਦੌਰਾਨ ਗੁਰੂ ਜੀ ਜਦੋਂ ਬਗ਼ਦਾਦ ਪੁੱਜੇ ਤਾਂ ਉਥੇ ਰੋਜ਼ਾਨਾ ਰਬਾਬ ਦੇ ਨਾਲ ਸ਼ਬਦ ਗਾਇਨ ਕਰਦੇ ਸਨ। ਉਨ੍ਹਾਂ ਦਾ ਗਾਇਨ ਸੁਣਨ ਲਈ ਕਈ ਮੁਸਲਮਾਨ ਆਉਂਦੇ ਸਨ। ਕੁਝ ਸੰਗੀਤ ਵਿਰੋਧੀ ਮੁਸਲਮਾਨਾਂ ਨੇ ਆਪ ਜੀ ਨੂੰ ਸ਼ਬਦ ਗਾਇਨ ਕਰਦੇ ਵੇਖ ਕੇ ਉਨ੍ਹਾਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਪੱਥਰ ਨਾਲ ਮਾਰਨ ਦਾ ਯਤਨ ਕੀਤਾ। ਇਸ ਸਮੇਂ ਨਮਾਜ਼ ਦਾ ਸਮਾਂ ਹੋਣ ਦੇ ਕਾਰਣ ਗੁਰੂ ਜੀ ਨੇ ਆਪਣੇ ਕੰਨਾਂ 'ਤੇ ਹੱਥ ਰੱਖ ਕੇ ਇਤਨੇ ਮਿੱਠੇ ਸੁਰ 'ਚ ਉੱਚੀ ਅਜ਼ਾਨ ਦਿੱਤੀ ਕਿ ਸੁਣਨ ਵਾਲੇ ਸੁਧ-ਬੁਧ ਗੁਆ ਕੇ ਆਪਣੀ ਜਗ੍ਹਾ 'ਤੇ ਹੀ ਜੰਮ ਗਏ ਅਤੇ ਉਨ੍ਹਾਂ ਦੇ ਹੱਥਾਂ ਤੋਂ ਪੱਥਰ ਡਿੱਗ ਪਏ। ਬਗ਼ਦਾਦ ਦੇ ਪੀਰ ਨੇ ਉਨ੍ਹਾਂ ਦਾ ਇਹ ਚਮਤਕਾਰ ਵੇਖ ਕੇ ਉਨ੍ਹਾਂ ਨੂੰ ਇਕ ਮਹਾਨ ਫ਼ਕੀਰ ਸਮਝ ਕੇ ਸੀਸ ਝੁਕਾਇਆ ਅਤੇ ਉਨ੍ਹਾਂ ਦਾ ਪਰਿਚੈ ਪ੍ਰਾਪਤ ਕੀਤਾ।[7]

ਇਸੇ ਸੰਦਰਭ ਵਿਚ ਇਹ ਲਿਖਣਾ ਗ਼ਲਤ ਨਹੀਂ ਹੋਵੇਗਾ ਕਿ ਗੁਰੂ ਜੀ ਨੇ ਬਗ਼ਦਾਦ ਦੇ ਮੁਸਲਮਾਨਾਂ ਦੇ ਸੰਗੀਤ ਵਾਸਤੇ ਅਨੇਕਾਂ ਸੰਦੇਹ ਦੂਰ ਕੀਤੇ। ਮੁਸਲਮਾਨਾਂ ਦਾ ਇਹ ਮੁੱਖ ਸੰਦੇਹ ਸੀ ਕਿ ਸੰਗੀਤ ਚਿੱਤ ਨੂੰ ਚੰਚਲ ਬਣਾਉਣ ਵਾਲੀ ਵਸਤੂ ਹੈ ਅਤੇ ਮਨੁੱਖ ਨੂੰ ਪਰਮਾਤਮਾ ਦੀ ਉਪਾਸਨਾ ਤੋਂ ਬੇਮੁੱਖ ਕਰ ਕੇ ਭੋਗ ਵਿਲਾਸ ਵੱਲ ਲੈ ਜਾਂਦੀ ਹੈ। ਉਨ੍ਹਾਂ ਨੂੰ ਹੈਰਾਨੀ ਹੋਈ ਕਿ ਗੁਰੂ ਜੀ ਕਿਸ ਤਰ੍ਹਾਂ ਸੰਗੀਤ ਪ੍ਰੇਮ ਨੂੰ ਭਗਤੀ ਦਾ ਸਾਧਨ ਬਣਾ ਰਹੇ ਹਨ।

ਇਸ ਤਰ੍ਹਾਂ ਗੁਰੂ ਜੀ ਨੇ ਸੰਗੀਤ ਵਿਰੋਧੀ ਬਗ਼ਦਾਦ ਦੇ ਮੁਸਲਮਾਨਾਂ ਵਿਚ ਹੀ ਸੰਗੀਤ ਦੀ ਸਾਰਥਕਤਾ ਨੂੰ ਸਿੱਧ ਕਰ ਦਿੱਤਾ ਅਤੇ ਉਨ੍ਹਾਂ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਸੰਗੀਤ ਪਰਮਾਤਮਾ ਦੀ ਭਗਤੀ ਦਾ ਇਕ ਸੌਖਾ ਸਾਧਨ ਹੈ। ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦਾ ਪ੍ਰਯੋਗ ਆਪਣੇ ਸੰਦੇਸ਼ਾਂ ਨੂੰ ਆਮ ਲੋਕਾਂ ਤਕ ਪਹੁੰਚਾਉਣ ਦੇ ਉਦੇਸ਼ ਨਾਲ ਕੀਤਾ। ਉਨ੍ਹਾਂ ਨੇ ਸੰਗੀਤ ਨੂੰ ਮਨੋਰੰਜਨ ਦੀ ਥਾਂ 'ਤੇ ਪਰਮਾਤਮਾ ਦੀ ਭਗਤੀ ਦਾ ਸਾਧਨ ਬਣਾਇਆ।

ਗੁਰੂ ਨਾਨਕ ਦੇਵ ਜੀ ਨੇ ਨਾ ਸਿਰਫ਼ ਮੁਸਲਿਮ ਧਰਮ ਅਨੁਯਾਈਆਂ ਨੂੰ ਸੰਗੀਤ ਦੁਆਰਾ ਭਗਤੀ ਕਰਨ ਦਾ ਰਾਹ ਦਿਖਾਇਆ ਸਗੋਂ ਹਿੰਦੂ ਧਰਮ ਦੇ ਅਨੁਯਾਈਆਂ ਨੂੰ ਵੀ ਇਸ ਦੀ ਮਹੱਤਤਾ ਦਾ ਅਹਿਸਾਸ ਕਰਵਾਇਆ। ਗੁਰੂ ਜੀ ਨੇ ਆਪਣੇ ਸਮੇਂ ਦੀ ਸਮੱਸਿਆ ਨੂੰ ਹੱਲ ਕਰਨ ਦੇ ਲਈ (ਭਾਵੇਂ ਉਹ ਰਾਜਨੀਤਕ ਹੋਵੇ, ਸਮਾਜਿਕ, ਧਾਰਮਿਕ ਜਾਂ ਆਰਥਿਕ ਹੋਵੇ) ਸੰਗੀਤ ਨੂੰ ਹੀ ਸਾਧਨ ਬਣਾਇਆ। ਗੁਰੂ ਨਾਨਕ ਦੇਵ ਜੀ ਸੰਸਾਰ ਦੀ ਸਭ ਤੋਂ ਵੱਧ ਯਾਤਰਾ ਕਰਨ ਵਾਲੇ ਸੰਤ, ਤਪੱਸਵੀ, ਮਹਾਂਪੁਰਖ ਹੋਏ ਹਨ ਜਿਨ੍ਹਾਂ ਨੇ ਅਨੇਕਾਂ ਦੇਸ਼ਾਂ ਦਾ ਦੌਰਾ ਜ਼ਿਆਦਾਤਰ ਇਸ ਯਾਤਰਾ ਦੇ ਜ਼ਰੀਏ ਕੀਤਾ ਜਿਸ ਵਿਚ ਭਾਰਤ ਤੋਂ ਇਲਾਵਾ ਅਫ਼ਗਾਨਿਸਤਾਨ, ਕਾਬੁਲ, ਕੰਧਾਰ, ਮੱਕਾ-ਮਦੀਨਾ, ਸ੍ਰੀ ਲੰਕਾ ਆਦਿ ਵਰਣਨਯੋਗ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਆਮ ਜਨਤਾ ਤਕ ਪਹੁੰਚਾਉਣ ਦਾ ਮਾਰਗ ਸੰਗੀਤ ਨੂੰ ਬਣਾਇਆ। ਇਹ ਸੰਗੀਤ ਪੁਰਾਣਾ ਸੰਗੀਤ ਸੀ। ਮੱਧ ਕਾਲ ਵਿਚ ਬਾਣੀ ਲਿਖਣ ਦੀ ਲਹਿਰ ਆਈ। ਰਾਗ-ਰਾਗਨੀ ਪ੍ਰਣਾਲੀ ਲਿਖਣ ਲਈ ਬਣਾਈ ਗਈ ਸੀ ਪਰੰਤੂ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਵਿਅਕਤੀ ਨੇ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਅਤੇ ਭਗਤੀ ਨੂੰ ਸੰਗੀਤ ਦੇ ਨਾਲ ਮੁੜ ਜੋੜਿਆ ਜੋ ਅੱਜ ਸਾਡੇ ਸਾਹਮਣੇ ਗੁਰਬਾਣੀ ਸੰਗੀਤ ਦੇ ਰੂਪ ਵਿਚ ਪ੍ਰਸਤੁਤ ਹੈ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਵਿਚ ਭਗਤੀ ਸੰਗੀਤ ਅਨੇਕਾਂ ਰੂਪਾਂ ਵਿਚ ਵੱਖ-ਵੱਖ ਧਰਮ ਅਨੁਯਾਈਆਂ ਵਿਚ ਪ੍ਰਚਲਿਤ ਸੀ। ਗੁਰੂ ਨਾਨਕ ਦੇਵ ਜੀ ਦੀ ਸੰਪੂਰਨ ਬਾਣੀ ਗੇਯ ਪਦਾਂ ਵਿਚ ਰਚਿਤ ਹੈ। ਇਹੀ ਕਾਰਣ ਹੈ ਕਿ ਆਪਣੇ ਉਦੇਸ਼ ਦੀ ਪ੍ਰਾਪਤੀ ਵਿਚ ਉਨ੍ਹਾਂ ਨੇ ਸੰਗੀਤ ਦਾ ਸਹਾਰਾ ਲਿਆ ਜਿਸ ਦੁਆਰਾ ਜਨਤਾ ਨੂੰ ਉਨ੍ਹਾਂ ਦੁਆਰਾ ਕਹੀ ਹੋਈ ਗੱਲ ਆਸਾਨੀ ਨਾਲ ਸਮਝ ਆ ਸਕੇ। ਸਮਕਾਲੀਨ ਭਗਤੀ ਸੰਗੀਤ ਵਿਚ ਜੋ ਵੀ ਸ਼ੈਲੀਆਂ ਜਾਂ ਪ੍ਰਣਾਲੀਆਂ ਪ੍ਰਚਲਿਤ ਸਨ ਉਨ੍ਹਾਂ ਵਿਚ ਕੁਝ ਸੁਧਾਰ ਕਰ ਕੇ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਕੀਰਤਨ ਦੀ ਪਰੰਪਰਾ ਨੂੰ

ਸਥਾਪਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਹੋਰਨਾਂ ਸਮੂਹ ਗੁਰੂਆਂ ਨੇ ਇਸ ਦੀ ਪਾਲਣਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਨੂੰ ਰਾਗਾਂ ਵਿਚ ਰਚਿਆ ਅਤੇ ਕੀਰਤਨ ਪ੍ਰਥਾ ਦਾ ਸੰਗਤ ਵਿਚ ਪ੍ਰਚਾਰ ਕੀਤਾ ਜਿਸ ਦਾ ਆਧਾਰ ਵਿਅਕਤੀਗਤ ਅਤੇ ਸਾਮੂਹਿਕ ਦੋਵੇਂ ਸਨ।

ਵਿਅਕਤੀਗਤ ਰੂਪ ਵਿਚ ਉਨ੍ਹਾਂ ਨੇ ਮਿਰਾਸੀ ਪਰੰਪਰਾ ਦੀ ਨੀਂਹ ਰੱਖੀ ਅਤੇ ਆਪਣੀਆਂ ਯਾਤਰਾਵਾਂ ਵਿਚ ਆਪਣੇ ਨਾਲ ਭਾਈ ਮਰਦਾਨਾ ਨੂੰ ਗਾਇਨ ਕਰਨ ਲਈ ਰੱਖਿਆ ਜੋ ਹਮੇਸ਼ਾਂ ਰਬਾਬ ਨਾਮ ਦੇ ਸਾਜ਼ ਉੱਤੇ ਗੁਰੂ ਜੀ ਦੀ ਬਾਣੀ ਦਾ ਗਾਇਨ ਕਰਦੇ ਸਨ। ਸਾਮੂਹਿਕ ਰੂਪ ਵਿਚ ਉਨ੍ਹਾਂ ਨੇ ਆਮ ਜਨਤਾ (ਸੰਗਤ) ਨੂੰ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਚੇਲੇ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਦੀ ਸਿੱਖਿਆ ਭਾਈ ਫਿਰੰਦੇ ਕੋਲੋਂ ਦਿਵਾਈ। ਆਮ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਬਾਣੀ ਉਚਾਰਣ ਦੇ ਸਮੇਂ ਭਾਈ ਮਰਦਾਨਾ ਉਨ੍ਹਾਂ ਦੀ ਰਬਾਬ ਸਾਜ਼ ਉੱਤੇ ਸੰਗਤ ਕਰਦੇ ਸਨ। ਰਬਾਬ ਸਾਜ਼ ਦੀ ਮਿੱਠੀ ਧੁਨੀ ਵਿਚ ਗੁਰੂ ਨਾਨਕ ਦੇਵ ਜੀ ਆਤਮ-ਲੀਨ ਹੋ ਜਾਂਦੇ ਸਨ।

ਇਹ ਸੱਚ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਗਤੀ ਮਾਰਗ ਦੇ ਭਗਤ ਆਪਣੀ ਬਾਣੀ ਨੂੰ ਰਾਗ ਅਤੇ ਤਾਲ ਵਿਚ ਰਚ ਕੇ ਕੀਰਤਨ ਰੂਪ ਵਿਚ ਸੰਗੀਤ ਸਾਜ਼ ਯੰਤਰਾਂ ਦੇ ਨਾਲ ਗਾਇਆ ਕਰਦੇ ਸਨ ਪਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਇਕ ਨਵੀਂ ਸੇਧ ਦਿੱਤੀ ਜਿਸ ਦੁਆਰਾ ਅਧਿਆਤਮਕ ਚਿੰਤਨ ਦੇ ਭੇਦ ਨੂੰ ਪ੍ਰਗਟ ਕੀਤਾ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਪਰੰਪਰਾ ਵਿਚ ਸੰਗੀਤ ਦੇ ਮਹੱਤਵ ਨੂੰ ਦੱਸਿਆ ਜਿਸ ਦੀ ਪਾਲਣਾ ਉਨ੍ਹਾਂ ਤੋਂ ਬਾਅਦ ਆਏ ਗੁਰੂਆਂ ਨੇ ਇੰਨ-ਬਿੰਨ ਕੀਤੀ ਹੈ।

ਪਰਮਾਤਮਾ ਉਸਤਤ ਦੇ ਲਈ ਉੱਚ ਸੰਗੀਤਮਈ ਭਾਸ਼ਾ ਦਾ ਸਰੂਪ ਅਤਿ ਉੱਤਮ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੂਰਵਜ ਬੁੱਧ ਦੇ ਸਮਾਨ ਸੰਸਕ੍ਰਿਤ ਨੂੰ ਛੇਕਿਆ ਜੋ ਕਿ ਉਸ ਸਮੇਂ ਨਾ ਸਿਰਫ਼ ਲੋਕ-ਭਾਸ਼ਾ ਦੇ ਰੂਪ ਵਿਚ ਖ਼ਤਮ ਹੋ ਚੁੱਕੀ ਸੀ ਸਗੋਂ ਇਕ ਛੋਟੇ ਜਿਹੇ ਵਰਗ ਆਮ ਤੌਰ 'ਤੇ ਬ੍ਰਾਹਮਣਾਂ ਦੇ ਵਰਗ ਤੋਂ ਇਲਾਵਾ ਕਿਤੇ ਵੀ ਸਮਝੀ ਨਹੀਂ ਜਾਂਦੀ ਸੀ। ਬ੍ਰਾਹਮਣਾਂ ਦੇ ਇੱਜ਼ਤ-ਮਾਣ ਦੀ ਤੀਬਰਤਾ ਨਾਲ ਕਮੀ ਹੋ ਰਹੀ ਸੀ। ਗੁਰੂ ਨਾਨਕ ਦੇਵ ਜੀ ਆਪਣੇ ਮੱਤ ਦੀ ਪ੍ਰਵਿਰਤੀ ਦੇ ਅਨੁਕੂਲ ਹੀ ਅਜਿਹੀ ਭਾਸ਼ਾ ਦੇ ਵਿਵਹਾਰ ਦੇ ਵੱਲ ਪ੍ਰੇਰਿਤ ਹੋਏ ਜੋ ਆਮ ਜਨਤਾ ਦੇ ਨੇੜੇ ਸੀ।[8]

ਗੁਰੂ ਨਾਨਕ ਦੇਵ ਜੀ ਨੇ ਸੌਖੀ ਅਤੇ ਬੋਲਚਾਲ ਦੀ ਭਾਸ਼ਾ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ। ਸ਼ਾਇਦ ਉਨ੍ਹਾਂ ਦਾ ਮੂਲ ਉਦੇਸ਼ ਆਮ ਲੋਕਾਂ ਤਕ ਆਪਣੀਆਂ ਅਧਿਆਤਮਕ ਭਾਵਨਾਵਾਂ ਨੂੰ ਪਹੁੰਚਾਉਣਾ ਸੀ। ਉਨ੍ਹਾਂ ਨੇ ਬਹੁਤ ਸਰਲ ਅਤੇ ਸਾਹਿੱਤਕ ਭਾਸ਼ਾ ਵਿਚ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਹਰੇਕ ਵਿਅਕਤੀ ਤਕ ਪਹੁੰਚਾਇਆ। ਇਸ ਦੀ ਪਾਲਣਾ ਉਨ੍ਹਾਂ ਦੇ ਅਨੁਯਾਈਆਂ ਨੇ ਵੀ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਪ੍ਰਣਾਲੀ ਵਿਚ ਵਿਅਕਤੀਗਤ ਗਾਇਨ ਗੀਤ ਦੇ ਨਾਲ ਨਾਲ ਸਾਮੂਹਿਕ ਗਾਇਨ ਦਾ ਵੀ ਧਿਆਨ ਰੱਖਿਆ ਹੈ। ਸਮੂਹ ਸੰਗਤ ਦਾ ਮਿਲ ਕੇ ਸਾਧਾਰਣ ਧੁਨਾਂ ਵਿਚ ਗਾਇਨ ਕਰਨਾ ਸਾਮੂਹਿਕ ਗਾਇਨ ਦੀ ਮਹੱਤਤਾ ਨੂੰ ਪ੍ਰਗਟ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਇਹ ਜ਼ਰੂਰੀ ਨਹੀਂ ਕਿ ਕੀਰਤਨ ਸਭਾ ਦੇ ਰੂਪ ਵਿਚ ਹੋਵੇ। ਇਸ ਦਾ ਮੁੱਖ ਉਦੇਸ਼ ਪ੍ਰਭੂ ਦੀ ਉਸਤਤ ਕਰਨਾ ਹੈ ਭਾਵੇਂ ਉਹ ਇਕੱਲੇ ਮਨੁੱਖ ਦੁਆਰਾ ਕੀਤਾ ਜਾਵੇ ਜਾਂ ਬਹੁਤ ਸਾਰੇ ਮਨੁੱਖਾਂ ਦੁਆਰਾ ਸਾਮੂਹਿਕ ਰੂਪ ਵਿਚ ਹੋਵੇ।[9]

ਗੁਰੂ ਜੀ ਦੇ ਯੁਗ ਵਿਚ ਭੇਦ-ਭਾਵ ਅਤੇ ਛੂਆ-ਛੂਤ ਦਾ ਬੋਲਬਾਲਾ ਸੀ। ਨੀਵੀਂ ਜਾਤ ਦੇ ਲੋਕਾਂ ਨੂੰ ਪੂਜਾ-ਪਾਠ ਕਰਨਾ ਤਾਂ ਦੂਰ, ਮੰਦਰ ਵਿਚ ਪ੍ਰਵੇਸ਼ ਕਰਨ ਦੀ ਵੀ ਮਨਾਹੀ ਸੀ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਜੀ ਨੇ ਸਮੂਹਿਕ ਕੀਰਤਨ ਪ੍ਰਥਾ ਚਲਾਈ ਜਿਸ ਦੇ ਅਧੀਨ ਸਮੂਹ ਜਾਤੀਆਂ ਅਤੇ ਵਰਗਾਂ ਦੇ ਲੋਕ ਭਾਗ ਲੈ ਸਕਦੇ ਸਨ। ਇਸ ਤਰ੍ਹਾਂ ਵੱਧ ਤੋਂ ਵੱਧ ਲੋਕਾਂ ਨੇ ਕੀਰਤਨ ਸ਼ੁਰੂ ਕੀਤਾ ਜਿਸ ਨਾਲ ਗੁਰਬਾਣੀ ਸੰਗੀਤ ਦਾ ਹੋਰ ਵਿਕਾਸ ਹੋਇਆ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ ਗਾਇਨ ਉੱਨੀ (19) ਰਾਗਾਂ ਵਿਚ ਕੀਤਾ ਹੈ ਜੋ ਇਸ ਪ੍ਰਕਾਰ ਹਨ :

1. ਸਿਰੀ	2. ਮਾਝ
3. ਆਸਾ	4. ਗਉੜੀ
5. ਗੁਜਰੀ	6. ਵਡਹੰਸ
7. ਸੋਰਠਿ	8. ਬਸੰਤ
9. ਤਿਲੰਗ	10. ਧਨਾਸਰੀ
11. ਬਿਲਾਵਲ	12. ਸੂਹੀ
13. ਮਾਰੂ	14. ਰਾਮਕਲੀ
15. ਭੈਰਉ	16. ਤੁਖਾਰੀ
17. ਸਾਰੰਗ	18. ਮਲਾਰ
19. ਪ੍ਰਭਾਤੀ	

ਮੱਧ ਕਾਲ ਤੋਂ ਹੀ ਮਿਸ਼ਰਤ ਰਾਗਾਂ ਦੀ ਪਰੰਪਰਾ ਪ੍ਰਚਲਿਤ ਰਹੀ ਹੈ ਜਿਸ ਦੇ ਕੁਝ ਰੂਪ ਗੁਰੂ ਨਾਨਕ ਬਾਣੀ ਵਿਚ ਵੀ ਪ੍ਰਾਪਤ ਹੁੰਦੇ ਹਨ। ਆਧੁਨਿਕ ਕਾਲ ਵਿਚ ਤਾਂ ਅਜਿਹੇ ਅਨੇਕਾਂ ਰਾਗ ਪ੍ਰਚਲਨ ਵਿਚ ਆਏ ਹਨ ਜਿਨ੍ਹਾਂ ਦੇ ਸਰੂਪ ਦਾ ਨਿਰਮਾਣ ਦੋ ਰਾਗਾਂ ਦੇ ਮਿਸ਼ਰਣ ਦੁਆਰਾ ਸਥਾਪਿਤ ਹੋਇਆ। ਦੋ ਰਾਗਾਂ ਦੇ ਮਿਸ਼ਰਣ ਨਾਲ ਇਕ ਨਵੇਂ ਰਾਗ ਦਾ ਸਰੂਪ ਸਾਹਮਣੇ ਆਉਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਰਾਗ ਸੰਗੀਤ ਵਿਚ ਡੂੰਘੀ ਪਕੜ ਸੀ ਜਿਸ ਦੇ ਪ੍ਰਮਾਣ ਸਰੂਪ ਉਹ ਮਿਸ਼ਰਤ ਰਾਗ ਹਨ ਜਿਨ੍ਹਾਂ ਦੇ ਨਾਮ ਸ਼ਬਦਾਂ ਉੱਤੇ ਅੰਕਿਤ ਮਿਲਦੇ ਹਨ। ਮਿਸ਼ਰਤ ਰਾਗਾਂ ਦਾ ਨਿਰਮਾਣ ਕਰਨਾ ਸਾਧਾਰਣ ਸੰਗੀਤਕਾਰ ਦੇ ਵੱਸ ਦੀ

ਗੱਲ ਨਹੀਂ ਹੈ। ਇਨ੍ਹਾਂ ਮਿਸ਼ਰਤ ਰਾਗਾਂ ਦੀ ਸੰਖਿਆ 16 ਹੈ ਜੋ ਉਪਰੋਕਤ 19 ਰਾਗਾਂ ਤੋਂ ਵੱਖਰੇ ਹਨ।

ਗੁਰੂ ਜੀ ਨੇ ਸ਼ਬਦ ਗਾਇਨ ਵਿਚ ਉਪਯੋਗ ਹੋਣ ਵਾਲੇ ਰਾਗਾਂ ਦੀ ਗਿਣਤੀ ਇਸ ਕਰਕੇ ਸੀਮਤ ਕਰ ਦਿੱਤੀ ਤਾਂ ਜੋ ਕੀਰਤਨਕਾਰ ਅਨੁਸ਼ਾਸਨ ਵਿਚ ਰਹਿ ਕੇ ਇਨ੍ਹਾਂ ਨਿਰਧਾਰਤ ਰਾਗਾਂ ਵਿਚ ਹੀ ਕੀਰਤਨ ਕਰਨ ਜਿਸ ਨਾਲ ਕੀਰਤਨ ਦੀ ਇਕਸੁਰਤਾ ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤਕ ਸਮਾਨ ਰੂਪ ਨਾਲ ਵਿਆਪਤ ਹੋਵੇ।[10]

ਸੋਲ੍ਹਾਂ ਮਿਸ਼ਰਤ ਰਾਗਾਂ ਦੇ ਨਾਮ ਇਸ ਪ੍ਰਕਾਰ ਹਨ :

1. ਗਉੜੀ ਗੁਆਰੇਰੀ	2. ਗਉੜੀ ਦੱਖਣੀ
3. ਗਉੜੀ ਚੇਤੀ	4. ਗਉੜੀ ਬੈਰਾਗੜੀ
5. ਗਉੜੀ ਪੂਰਬੀ ਦੀਪਕੀ	6. ਗਉੜੀ ਦੀਪਕੀ
7. ਗਉੜੀ ਮਾਲਾ	8. ਆਸਾ ਕਾਫ਼ੀ
9. ਕਾਫ਼ੀ	10. ਵਡਹੰਸ ਦੱਖਣੀ
11. ਰਾਮਕਲੀ ਦੱਖਣੀ	12. ਮਾਰੂ ਦੱਖਣੀ
13. ਬਸੰਤ ਹਿੰਡੋਲ	14. ਵਿਭਾਸ
15. ਪ੍ਰਭਾਤੀ ਵਿਭਾਸ	16. ਪ੍ਰਭਾਤੀ ਦੱਖਣੀ

ਅਸਲ ਵਿਚ ਜਿਨ੍ਹਾਂ ਰਾਗਾਂ ਦੇ ਅੱਗੇ 'ਦੱਖਣੀ' ਸਿਰਲੇਖ ਲਿਖਿਆ ਗਿਆ ਹੈ ਉਹ ਰਾਗ ਦੱਖਣੀ ਅਰਥਾਤ ਕਰਨਾਟਕ ਸੰਗੀਤ ਵਿਚ ਉਪਲੱਬਧ ਹੀ ਨਹੀਂ ਹਨ। ਸ਼ਾਇਦ ਦੱਖਣੀ ਸ਼ਬਦ ਤੋਂ ਭਾਵ ਇਨ੍ਹਾਂ ਰਾਗਾਂ ਦੀ ਉਸ ਕਿਸਮ ਜਾਂ ਰੂਪ ਤੋਂ ਲਿਆ ਜਾਣਾ ਚਾਹੀਦਾ ਹੈ ਜੋ ਪੰਜਾਬ ਦੇ ਦੱਖਣ ਵਿਚ ਗਾਏ ਜਾਂਦੇ ਰਹੇ ਹਨ।

ਗੁਰੂ ਨਾਨਕ ਦੇਵ ਜੀ ਨਵੇਂ ਗਿਆਨ ਸਿਧਾਂਤ, ਅਧਿਆਤਮਕ ਅਤੇ ਸਮਾਜਿਕ ਮੁੱਲਾਂ ਦੇ ਜਨਮਜਾਤ ਨਿਰਮਾਤਾ ਸਨ। ਉਨ੍ਹਾਂ ਦੀ ਤੀਖਣ ਬੁੱਧੀ ਦੀ ਸਿਰਜਣਾਤਮਕ ਸ਼ਕਤੀ ਨੇ ਪੁਰਾਤਨ ਮੁੱਲਾਂ ਨੂੰ ਅਜਿਹਾ ਕ੍ਰਾਂਤੀਕਾਰੀ ਅਤੇ ਨਵਾਂ ਰੂਪ ਦਿੱਤਾ ਕਿ ਉਨ੍ਹਾਂ ਦੀ ਵਿਚਾਰਧਾਰਾ ਮਨੁੱਖ ਜਾਤੀ ਦੇ ਪੁਰਾਤਨ ਅਤੇ ਭਵਿੱਖ ਦੇ ਵਿਚਕਾਰ ਇਕ ਅਟੁੱਟ ਰਿਸ਼ਤਾ ਜੋੜਨ ਵਾਲੀ ਕੜੀ ਬਣ ਗਈ। ਉਨ੍ਹਾਂ ਦੀ ਵਿਚਾਰਧਾਰਾ ਆਪਸੀ ਵਿਰੋਧੀ ਸੱਭਿਆਚਾਰਾਂ ਦੇ ਵਿਚਕਾਰਲੀ ਖਾਈ ਨੂੰ ਦੂਰ ਕਰਨ ਵਾਲੀ ਸਹਿਯੋਗੀ ਸੰਸਕ੍ਰਿਤੀ ਬਣ ਗਈ। ਉਨ੍ਹਾਂ ਦੇ ਧਰਮ ਵਿਚ ਵੈਦਿਕ ਅਤੇ ਸਾਮਿਅਕ ਧਰਮਾਂ ਦੀਆਂ ਸ੍ਰੇਸ਼ਟ ਪਰੰਪਰਾਵਾਂ ਦੀ ਪੂਰਨਤਾ ਪ੍ਰਾਪਤ ਹੁੰਦੀ ਹੈ। ਮਨੁੱਖੀ ਤਜਰਬਿਆਂ ਦੀਆਂ ਅਟੱਲ ਸੱਚਾਈਆਂ ਦੇ ਵਿਸ਼ੇ ਵਿਚ ਸਮੂਹ ਅਲੌਕਿਕ ਅਤੇ ਹੈਰਾਨੀਜਨਕ ਆਤਮਿਕ ਤਜਰਬੇ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਬਾਣੀ ਵਿਚ ਦੈਵਿਕ ਅਤੇ ਪੂਰਨ ਰੂਪ ਵਿਚ ਪਾਏ ਜਾਂਦੇ ਹਨ। ਸੰਸਾਰ ਵਿਚ ਅਜਿਹਾ ਧਾਰਮਿਕ ਸਾਹਿਤ ਵਿਰਲਾ ਹੀ ਹੈ ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਆਤਮਿਕ ਉਤਸ਼ਾਹ, ਸਮਾਜਕ ਵਾਸਤਵਿਕ, ਰਹੱਸਵਾਦੀ ਅਤੇ ਰਸਿਕ ਗਹਿਰਾਈ, ਅਪਾਰ ਆਤਮਿਕ ਕਲਪਨਾ,

ਗੰਭੀਰ ਗਿਆਨ, ਆਤਮ ਦ੍ਰਿਸ਼ਟੀ ਅਤੇ ਦਰਸ਼ਨ ਦੀ ਕੁਸ਼ਲਤਾ ਤਕ ਪੁੱਜ ਸਕੇ।

70 ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦੇ ਕੇ ਗੁਰੂ ਅੰਗਦ ਬਣਾਇਆ। 22 ਦਸੰਬਰ ਸੰਨ 1539 ਨੂੰ ਸੱਤਰ ਸਾਲ ਚਾਰ ਮਹੀਨੇ ਤਿੰਨ ਦਿਨ ਸਰੀਰਕ ਬਸਤ੍ਰਾਂ ਵਿਚ ਰਹਿ ਕੇ ਆਪ ਕਰਤਾਰਪੁਰ ਵਿਚ ਜੋਤੀ ਜੋਤ ਸਮਾ ਗਏ। ਇਹ ਸਥਾਨ ਅੱਜ ਕਲ੍ਹ ਡੇਰਾ ਬਾਬਾ ਨਾਨਕ ਦੇ ਨਾਮ ਤੋਂ ਮਸ਼ਹੂਰ ਹੈ।

ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖ ਧਰਮ ਦੇ ਦਸ ਗੁਰੂਆਂ ਵਿਚੋਂ ਦੂਜੇ ਗੁਰੂ ਸਨ। ਧਰਮ ਸਿੱਖਿਆ ਦੇ ਕੰਮ ਨੂੰ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਚੇਲਿਆਂ ਅਤੇ ਭਗਤਾਂ ਵਿਚੋਂ ਚੁਣਿਆ ਅਤੇ ਗੁਰੂ ਦਾ ਅਹੁਦਾ ਪ੍ਰਦਾਨ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਲਹਿਣਾ ਸੀ। ਪੰਜਾਬੀ ਭਾਸ਼ਾ ਵਿਚ ਸ਼ਬਦ ਲਹਿਣਾ ਦੇ ਦੋ ਅਰਥ ਹਨ— 'ਲੈਣਾ', 'ਕਰਜ਼ਾ ਦੇਣ ਵਾਲਾ' ਅਤੇ ਲਹਿਣਾ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਉਹੀ ਵਸਤੂ ਲਈ ਜੋ ਸਿਰਫ਼ ਉਨ੍ਹਾਂ ਨੂੰ ਹੀ ਮਿਲਣੀ ਸੀ।[11]

ਭਾਈ ਲਹਿਣਾ ਜੀ ਦਾ ਜਨਮ 1504 ਈ. ਵਿਚ 31 ਮਾਰਚ ਦੇ ਦਿਨ ਮੱਤੇ ਦੀ ਸਰਾਂ ਨਾਮ ਦੇ ਪਿੰਡ ਵਿਚ ਹੋਇਆ ਸੀ। ਭਾਈ ਲਹਿਣਾ ਜੀ ਦੀ ਮਾਤਾ ਦਾ ਨਾਮ ਦਇਆ ਕੌਰ ਅਤੇ ਪਿਤਾ ਦਾ ਨਾਮ ਫੇਰੂਮਲ ਸੀ।[13] ਦੇਵੀ ਪੂਜਾ ਅਤੇ ਭਗਤੀ ਭਾਵਨਾ ਦੀ ਰੁਚੀ ਭਾਈ ਲਹਿਣਾ ਜੀ ਨੂੰ ਮਾਤਾ-ਪਿਤਾ ਪਾਸੋਂ ਵਿਰਾਸਤ ਵਿਚ ਮਿਲੀ ਸੀ।

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਅੰਗਦ ਦੇਵ ਜੀ ਨੇ ਵੀ ਧਰਮ ਪ੍ਰਚਾਰ ਦਾ ਮਾਧਿਅਮ ਗੁਰੂ ਨਾਨਕ ਸਾਹਿਬ ਦੀ ਤਰ੍ਹਾਂ ਕੀਰਤਨ ਨੂੰ ਹੀ ਬਣਾਇਆ। ਆਪ ਖ਼ੁਦ ਵੀ ਕੀਰਤਨ ਵਿਚ ਬਹੁਤ ਰੁਚੀ ਰੱਖਦੇ ਸਨ। ਕੀਰਤਨ ਦੀ ਪਰੰਪਰਾ ਨੂੰ ਜੁਗਾਂ-ਜੁਗਾਂ ਤਕ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਉਨ੍ਹਾਂ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਾਣੀ ਦੀ ਪੋਥੀ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਨੂੰ ਖਡੂਰ ਸਾਹਿਬ ਭੇਜਿਆ ਅਤੇ ਕਿਹਾ:

ਬਲਵੰਡ ਰਬਾਬੀ ਤੁਮ ਸੰਗ ਜਾਵੈ।
ਸਮੈ ਸਮੈ ਹਰਿ ਕੀਰਤਨ ਗਾਵੈ।

(ਸੂਰਦਾਸ ਭਲਾ, ਮਹਿਮਾ ਪ੍ਰਕਾਸ਼, ਛੰਦ 165)

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਭਾਵੇਂ ਸਥਾਪਿਤ ਕੀਤੀਆਂ ਧਰਮਸ਼ਾਲਾਵਾਂ ਵਿਚ ਹੀ ਕੀਰਤਨ ਹੁੰਦਾ ਸੀ, ਪਰੰਤੂ ਮੁੱਖ ਸਥਾਨ ਉਹ ਹੀ ਹੁੰਦਾ ਸੀ ਜਿਥੇ ਗੁਰੂ ਜੀ

ਦਾ ਨਿਵਾਸ ਹੁੰਦਾ ਸੀ। ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਖਡੂਰ ਆ ਗਏ ਪਰੰਤੂ ਕੀਰਤਨ ਦੀ ਉਹੀ ਮਰਿਆਦਾ ਕਾਇਮ ਰਹੀ ਜੋ ਕਿ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ। ਇਥੇ ਸਵੇਰੇ ਸ਼ਾਮ ਬਲਵੰਡ ਰਬਾਬੀ ਅਤੇ ਸੱਤਾ ਕੀਰਤਨ ਕਰਦੇ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਨੁਸਾਰ, "ਇਸ ਤਰ੍ਹਾਂ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਚ ਗੁਰੂ ਜੀ (ਅੰਗਦ ਦੇਵ) ਦੀ ਹਜ਼ੂਰੀ ਤੋਂ ਆਰੰਭ ਹੋਈ ਜਿਨ੍ਹਾਂ ਦੀ ਔਲਾਦ ਹੁਣ ਭਾਈ ਖਡੂਰੀਏ ਰਬਾਬੀ ਅਖਵਾਉਂਦੀ ਹੈ।"[13]

ਇਸ ਤੋਂ ਇਲਾਵਾ ਗੁਰੂ ਜੀ ਦੇ ਦਰਬਾਰ ਵਿਚ ਭਾਈ ਸੱਦੂ ਅਤੇ ਭਾਈ ਬੱਦੂ ਨਾਂ ਦੇ ਹੋਰ ਰਬਾਬੀ ਵੀ ਕੀਰਤਨ ਕਰਦੇ ਸਨ। ਗੁਰੂ ਅੰਗਦ ਦੇਵ ਜੀ ਰੋਜ਼ਾਨਾ ਸੂਰਜ ਨਿਕਲਣ ਤੋਂ ਤਿੰਨ ਘੰਟੇ ਪਹਿਲਾਂ ਜਾਗ ਪੈਂਦੇ ਸਨ। ਉਹ ਧਿਆਨ ਵਿਚ ਬੈਠ ਜਾਂਦੇ ਸਨ। ਉਪਰੰਤ ਗਾਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ 'ਆਸਾ ਦੀ ਵਾਰ' ਨਾਮ ਦੀ ਬਾਣੀ ਗਾਇਆ ਕਰਦੇ ਸਨ। ਦੁਪਹਿਰ ਤੋਂ ਬਾਅਦ ਦਾ ਸਮਾਂ ਬੱਚਿਆਂ ਨੂੰ ਪੜ੍ਹਾਉਣ ਲਈ ਨੀਯਤ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਆਪ ਬੱਚਿਆਂ ਨੂੰ ਗੁਰਮੁਖੀ ਲਿੱਪੀ ਸਿਖਾਇਆ ਕਰਦੇ ਸਨ।[14]

ਇਸੇ ਤਰ੍ਹਾਂ ਜਦੋਂ ਸ਼ਾਮ ਦੇ ਸਮੇਂ ਗੁਰੂ ਜੀ ਦੰਗਲ ਆਦਿ ਵੇਖਣ ਤੋਂ ਵਿਹਲ ਪਾਉਂਦੇ ਤਾਂ ਮੁੜ ਦਰਬਾਰ ਲੱਗਦਾ। ਸੱਤਾ ਬਲਵੰਡ ਦੇ ਗਾਇਨ-ਵਾਦਨ ਤੋਂ ਬਾਅਦ "ਸੋਦਰੁ ਦੀ ਚੌਂਕੀ" ਦਾ ਕੀਰਤਨ ਅਤੇ ਅਖ਼ੀਰ ਵਿਚ "ਸੋਹਿਲੇ" ਦੇ ਪਾਠ ਦੇ ਨਾਲ ਦਰਬਾਰ ਦੀ ਸਮਾਪਤੀ ਹੁੰਦੀ।

ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਸਿਰਫ਼ ਸਲੋਕਾਂ ਦੇ ਰੂਪ ਵਿਚ ਸ਼ਾਮਲ ਹੈ, ਜਿਨ੍ਹਾਂ ਦੀ ਗਿਣਤੀ 62 ਹੈ। ਗੁਰੂ ਅੰਗਦ ਦੇਵ ਜੀ ਨੇ ਸਿਰਫ਼ ਹੇਠ ਲਿਖੇ ਅੱਠ ਰਾਗਾਂ ਵਿਚ ਆਪਣੀ ਸ਼ਬਦ ਰਚਨਾ ਨੂੰ ਸੀਮਤ ਰੱਖਿਆ :

1. ਸਿਰੀ	2. ਮਾਝ
3. ਆਸਾ	4. ਸੋਰਠਿ
5. ਸੂਹੀ	6. ਰਾਮਕਲੀ
7. ਮਾਰੂ	8. ਮਲਾਰ

ਗੁਰੂ ਅੰਗਦ ਸਾਹਿਬ ਦੀ ਬਾਣੀ ਦਾ ਅਕਾਰ ਭਾਵੇਂ ਘੱਟ ਹੈ ਪਰੰਤੂ ਗੁਰੂ ਨਾਨਕ ਜੀ ਦੇ ਬਣਾਏ ਸਮੂਹ ਬੁਨਿਆਦੀ ਦਾਰਸ਼ਨਿਕ, ਧਾਰਮਿਕ ਅਤੇ ਸਮਾਜਿਕ ਵਿਚਾਰ ਉਨ੍ਹਾਂ ਦੀ ਰਚਨਾ ਵਿਚ ਆਏ ਹਨ। ਇਹ ਰਚਨਾ ਇਨ੍ਹਾਂ ਦੇ ਵਿਸ਼ੇਸ਼ ਵਿਅਕਤਿਤਵ ਦੀ ਛਾਪ ਵੀ ਰੱਖਦੀ ਹੈ ਪਰੰਤੂ ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਅਤੇ ਸ਼ੈਲੀ ਦੀ ਛਾਪ ਵੀ ਪ੍ਰਤੱਖ ਹੈ।

ਗੁਰੂ ਅੰਗਦ ਦੇਵ ਜੀ ਨੇ 1552 ਵਿਚ ਇਸ ਅਸਥਿਰ ਸੰਸਾਰ ਨੂੰ ਤਿਆਗ ਦਿੱਤਾ। ਉਹ ਬਾਰਾਂ ਸਾਲ, ਛੇ ਮਹੀਨੇ ਅਤੇ ਨੌਂ ਦਿਨ ਗੁਰੂ ਦੀ ਗੱਦੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਆਪਣੇ ਗੁਰੂ ਦੀ ਸੇਵਾ ਕਰਨ ਅਤੇ ਉਸ ਨਾਲ ਪ੍ਰੇਮ ਕਰਨ ਅਤੇ ਪਰਮਾਤਮਾ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਮੱਧਯੁਗ ਦੇ ਇਕ ਮਹੱਤਵਪੂਰਨ ਧਰਮ ਸਾਧਕ, ਭਗਤ ਅਤੇ ਸਮਾਜ ਸੁਧਾਰਕ ਸਨ। ਲਗਭਗ 72 ਸਾਲ ਦੀ ਬਿਰਧ ਅਵਸਥਾ ਵਿਚ ਜਦੋਂ ਆਮ ਤੌਰ 'ਤੇ ਮਨੁੱਖ ਆਪਣੀ ਸੁੱਧ ਬੁੱਧ ਗੁਆ ਬੈਠਦਾ ਹੈ, ਗੁਰੂ ਅਮਰਦਾਸ ਜੀ ਨੇ ਸੱਚੀ ਅਧਿਆਤਮਕ ਜਗਿਆਸਾ ਦੀ ਸੰਤੁਸ਼ਟੀ ਲਈ ਆਪਣੇ ਕਦਮ ਅੱਗੇ ਵਧਾਏ ਅਤੇ ਇੰਨੀ ਦ੍ਰਿੜ੍ਹਤਾ ਨਾਲ ਅੱਗੇ ਵਧਾਏ ਕਿ ਉਮਰ ਦੀ ਸੀਮਾ ਉਹਨਾਂ ਨੂੰ ਰੋਕ ਨਾ ਸਕੀ। ਉਹਨਾਂ ਨੇ ਸਾਧਨਾ ਦੇ ਜੋ ਕਦਮ ਭਰੇ, ਉਸ ਤੋਂ ਸਿੱਖ ਭਗਤੀ ਅੰਦੋਲਨ ਨੂੰ ਇਹੋ ਜਿਹਾ ਵਿਵਸਥਿਤ ਰੂਪ ਮਿਲਿਆ ਜਿਸ ਨਾਲ ਇਸ ਧਰਮ ਸਾਧਨਾ ਦੇ ਵਿਕਾਸ ਦੀਆਂ ਸੰਭਾਵਨਾਵਾਂ ਵਧਣ ਲੱਗੀਆਂ। ਗੁਰੂ ਜੀ ਨੇ ਆਪਣੀ ਬਾਣੀ ਦੇ ਰਾਹੀਂ ਮਨੁੱਖ ਨੂੰ ਆਪਣਾ ਅਧਿਆਤਮਕ ਭਵਿੱਖ ਉੱਜਵਲ ਕਰਨ ਦੀ ਪ੍ਰੇਰਨਾ ਦਿੱਤੀ।

ਸੇਵਾ ਦੇ ਪੁੰਜ ਅਤੇ ਮਾਨਵ ਕਲਿਆਣ ਵਿਚ ਸਦਾ ਹੀ ਲੀਨ ਰਹਿਣ ਵਾਲੇ ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਸਨ, ਜਿਨ੍ਹਾਂ ਦੀ ਉਮਰ ਸਾਰੇ ਗੁਰੂਆਂ ਤੋਂ ਜ਼ਿਆਦਾ ਸੀ। ਆਪਣੀ ਅਨੋਖੀ ਸੇਵਾ ਸਾਧਨਾ ਅਤੇ ਤੀਬਰ ਭਗਤੀ ਭਾਵ ਦੇ ਫਲਸਰੂਪ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਤੀਜੇ ਉੱਤਰਾਧਿਕਾਰੀ ਹੋਣ ਦਾ ਗੌਰਵ ਪ੍ਰਾਪਤ ਹੋਇਆ।

ਗੁਰੂ ਅਮਰਦਾਸ ਜੀ ਦਾ ਜਨਮ ਬਾਸਰਕੇ ਪਿੰਡ ਵਿਚ ਅੰਗ੍ਰੇਜ਼ੀ ਮਹੀਨੇ ਦੀ 5 ਮਈ ਸੰਨ 1479 ਈ. ਵਿਚ ਹੋਇਆ ਸੀ।[15]

ਗੁਰੂ ਅਮਰਦਾਸ ਜੀ ਦੇ ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਅਮਰਦਾਸ ਜੀ ਨੇ ਵੀ ਪਹਿਲੇ ਸਿੱਖ ਗੁਰੂਆਂ ਦੀ ਤਰ੍ਹਾਂ ਮਨੁੱਖ ਨੂੰ ਪਰਮਾਰਥ ਦੇ ਰਸਤੇ 'ਤੇ ਲਿਆਉਣ ਵਾਸਤੇ ਆਪਣੀ ਬਾਣੀ ਦੇ ਪ੍ਰਗਟਾਵੇ ਲਈ ਸੰਗੀਤ ਨੂੰ ਮਾਧਿਅਮ ਬਣਾਇਆ ਅਤੇ ਇਸ ਨੂੰ ਆਮ ਲੋਕਾਂ ਤਕ ਪਹੁੰਚਾਉਣ ਹਿੱਤ ਮਾਰਗੀ ਅਤੇ ਦੇਸੀ ਸੰਗੀਤ ਦੇ ਸੁਮੇਲ ਵਾਲੀ ਕੀਰਤਨ ਸ਼ੈਲੀ ਨੂੰ ਚੁਣਿਆ। ਆਪ ਜੀ ਦੇ ਸੰਗੀਤ ਵਿਚ ਸਿਰਫ਼ ਉਹੀ ਰਾਗ ਅਤੇ ਲੋਕ-ਧੁਨ ਹੈ ਜੋ ਮਨੁੱਖੀ ਚੇਤਨਾ ਨੂੰ ਝੰਜੋੜਨ, ਵੇਗਪੂਰਨ ਉਤਸ਼ਾਹ ਅਤੇ ਵੈਰਾਗਮਈ ਕੋਮਲਤਾ ਪ੍ਰਦਾਨ ਕਰਨ ਵਿਚ ਸਹਾਇਕ ਹੋ ਕੇ ਮਨ ਦੀਆਂ ਬਿਰਤੀਆਂ ਨੂੰ ਕਾਇਮ ਰੱਖੇ। ਗੁਰੂ ਅਮਰਦਾਸ ਜੀ ਨੇ ਰਾਗਾਂ ਦਾ ਪ੍ਰਯੋਗ ਆਪਣੀ ਸ਼ਾਸਤਰੀ ਵਿਦਵਤਾ ਲਈ ਨਹੀਂ ਕੀਤਾ, ਸਗੋਂ ਪਰਮਾਤਮਾ ਦਾ ਜੱਸ ਗਾਉਣ ਜਾਂ ਕੀਰਤਨ ਕਰਨ ਲਈ ਇਨ੍ਹਾਂ ਨੂੰ ਪ੍ਰਯੋਗ ਵਿਚ ਲਿਆਏ।

ਅਸਲ ਵਿਚ ਕੀਰਤਨ ਗੀਤ ਨਹੀਂ, ਉਸਤਤ-ਪਰਕ ਪਦਾਂ ਦਾ ਸੰਗੀਤ ਦੇ ਹਵਾਲੇ ਵਿਚ ਗਾਇਨ ਹੈ। ਇਸ ਲਈ, ਇਸ ਦਾ ਸਰੂਪ ਪ੍ਰਤੀਕ੍ਰਿਆ ਵਾਲਾ ਹੈ, ਵਸਤੂ-ਪਰਕ ਨਹੀਂ। ਗੁਰੂ ਅਮਰਦਾਸ ਜੀ ਨੇ ਪਦਾਂ ਦੀ ਇਸੇ ਸੰਗੀਤਮਈ ਪ੍ਰਕ੍ਰਿਆ ਉੱਤੇ ਹਮੇਸ਼ਾ ਜ਼ੋਰ ਦਿੱਤਾ ਹੈ :

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥

ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥[16]

ਗੁਰੂ ਜੀ ਦੀ ਸੰਪੂਰਨ ਬਾਣੀ ਸੰਗੀਤਮਈ ਹੈ। ਮੱਧਕਾਲ ਵਿਚ ਜ਼ਿਆਦਾਤਰ ਸੰਤਾਂ ਅਤੇ ਸਾਧਕਾਂ ਨੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਸਮੇਂ ਸੰਗੀਤ ਨੂੰ ਹੀ ਆਧਾਰ ਬਣਾਇਆ।

ਗੁਰੂ ਅਮਰਦਾਸ ਜੀ ਨੇ ਤੁਖਾਰੀ ਅਤੇ ਤਿਲੰਗ ਰਾਗ ਨੂੰ ਛੱਡ ਕੇ ਬਾਕੀ ਉਨ੍ਹਾਂ ਸਾਰਿਆਂ ਰਾਗਾਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ, ਜਿਨ੍ਹਾਂ ਦਾ ਪ੍ਰਯੋਗ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। 31 ਰਾਗ ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਲਿਖਿਆ ਗਿਆ ਹੈ ਉਨ੍ਹਾਂ ਵਿਚੋਂ ਸਿਰਫ਼ 19 ਜਾਂ 17 ਰਾਗਾਂ ਵਿਚ ਹੀ ਬਾਣੀ ਰਚਨ ਦਾ ਇਹ ਮਤਲਬ ਨਹੀਂ ਹੈ ਕਿ ਗੁਰੂ ਸਾਹਿਬਾਨ ਨੂੰ ਸਿਰਫ਼ ਇਤਨੇ ਹੀ ਰਾਗਾਂ ਦਾ ਗਿਆਨ ਸੀ।

ਗੁਰੂ ਨਾਨਕ ਸਾਹਿਬ ਅਤੇ ਗੁਰੂ ਅਮਰਦਾਸ ਜੀ ਨੇ ਜ਼ਿਆਦਾਤਰ ਉਨ੍ਹਾਂ ਰਾਗਾਂ ਅਤੇ ਰਾਗਨੀਆਂ ਨੂੰ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਚੁਣਿਆ ਜੋ ਉਨ੍ਹਾਂ ਤੋਂ ਪਹਿਲਾਂ ਸੰਤਾਂ ਜਾਂ ਭਗਤ ਕਵੀਆਂ ਦੁਆਰਾ ਲੋਕਪ੍ਰਿਅ ਹੋ ਚੁੱਕੇ ਸਨ।[17]

ਗੁਰੂ ਅਮਰਦਾਸ ਜੀ ਨੇ ਹੇਠ ਲਿਖੇ 17 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ :

1. ਸਿਰੀ	2. ਮਾਝ
3. ਗਉੜੀ	4. ਆਸਾ
5. ਗੁਜਰੀ	6. ਵਡਹੰਸ
7. ਸੋਰਠਿ	8. ਧਨਾਸਰੀ
9. ਸੂਹੀ	10. ਬਿਲਾਵਲ
11. ਰਾਮਕਲੀ	12. ਮਾਰੂ
13. ਭੈਰਉ	14. ਬਸੰਤ
15. ਸਾਰੰਗ	16. ਮਲਾਰ
17. ਪ੍ਰਭਾਤੀ	

ਆਪ ਜੀ ਨੇ ਹੇਠ ਲਿਖੇ ਪੰਜ ਮਿਸ਼ਰਤ ਰਾਗਾਂ ਦਾ ਵੀ ਨਿਰਮਾਣ ਕੀਤਾ—ਗਉੜੀ, ਗਉੜੀ ਬੈਰਾਗੜੀ, ਗਉੜੀ ਪੂਰਬੀ, ਬਸੰਤ ਹਿੰਡੋਲ ਅਤੇ ਪ੍ਰਭਾਤੀ ਭੈਰਉ।

ਬਸੰਤ ਹਿੰਡੋਲ ਹਮੇਸ਼ਾ ਇਕ ਨਵੀਨ ਮਿਸ਼ਰਤ ਰਾਗ ਸੀ ਜਿਸ ਦਾ ਨਿਰਮਾਣ ਆਪ ਜੀ ਨੇ ਕੀਤਾ। ਇਸ ਪ੍ਰਕਾਰ ਆਪ ਜੀ ਨੇ ਸੰਗੀਤ ਦੇ ਖੇਤਰ ਵਿਚ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੁਆਰਾ ਪ੍ਰਯੋਗ ਕੀਤੇ ਰਾਗਾਂ ਦੀ ਗਿਣਤੀ ਵਿਚ ਵਾਧਾ ਕੀਤਾ।[18]

ਆਪ ਜੀ ਦੀ ਬਾਣੀ ਦੀ ਭਾਸ਼ਾ ਬਹੁਤ ਸੁਭਾਵਿਕ ਅਤੇ ਸਪੱਸ਼ਟ ਹੈ। ਆਪ ਜੀ ਦੇ ਵਡੇਰੇ ਵਿਅਕਤਿਤਵ ਦੇ ਅਨੁਕੂਲ ਆਪ ਜੀ ਦੀ ਰਚਨਾ ਜ਼ਿਆਦਾਤਰ ਉਪਦੇਸ਼ਪੂਰਨ ਰੰਗ ਵਿਚ ਰੰਗੀ ਹੋਈ ਹੈ ਜਿਨ੍ਹਾਂ ਵਿਚ ਮਾਨਵੀ ਭਾਵਾਂ ਨੂੰ ਚਿਤਰਤ

ਕਰਨ ਦੀ ਥਾਂ 'ਤੇ ਵਿਚਾਰ ਪੱਖ ਵੱਲ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਆਪ ਜੀ ਦੀ ਰਚਨਾ ਦਾ ਵਿਸ਼ੇਸ਼ ਲੱਛਣ ਵਿਚਾਰਾਂ ਦੀ ਸਪੱਸ਼ਟਤਾ ਹੈ।

ਗੁਰੂ ਅਮਰਦਾਸ ਜੀ ਦੇ ਅਨੂਠੇ ਵਿਅਕਤਿਤਵ ਦਾ ਇਹ ਵੀ ਇਕ ਪ੍ਰਮਾਣ ਹੈ ਕਿ ਉਨ੍ਹਾਂ ਨੇ ਸਹਿਜ ਅਤੇ ਆਨੰਦ ਦੀ ਪ੍ਰਾਪਤੀ ਲਈ ਸੰਬੰਧਤ ਮਹਾਨ ਅਧਿਆਤਮਕ ਵਿਸ਼ੇ ਨੂੰ ਕਵਿਤਾ ਦਾ ਜਾਮਾ ਪਹਿਨਾ ਕੇ ਆਪਣੇ ਅਲੌਕਿਕ ਅਨੁਭਵ ਨੂੰ ਇਕ ਮਹਾਨ ਅਤੇ ਅਨੂਠਾ ਮਿਲਾਪ ਗੀਤ ਬਣਾ ਦਿੱਤਾ ਹੈ। ਜੇਕਰ ਸਿਰਫ਼ "ਰਾਮਕਲੀ ਅਨੰਦ" ਤਕ ਹੀ ਆਪਣੇ ਵਿਚਾਰ ਨੂੰ ਸੀਮਤ ਰੱਖਿਆ ਜਾਏ ਤਾਂ ਸੰਬੰਧਤ ਰਚਨਾ ਸਿਧਾਂਤਮ ਮਹੱਤਵ ਦੇ ਪੱਖ ਤੋਂ ਜਿਥੇ ਆਧੁਨਿਕ ਯੁਗ ਦਾ ਸ਼ਾਨਦਾਰ ਉਪਨਿਸ਼ਦ ਹੈ ਉਥੇ ਬਣਾਉਟੀ ਅਤੇ ਅਲੌਕਿਕ ਅਨੁਭਵ ਦੇ ਵਰਣਨ ਦੇ ਪੱਖ ਤੋਂ ਉਹ ਇਕ ਮਿਲਾਪ ਗੀਤ ਹੈ। ਗੁਰੂ ਜੀ ਨੇ ਆਪ ਉਸ ਨੂੰ 'ਸੋਹਿਲਾ' (ਸਾਚਾ ਸੋਹਿਲਾ) ਆਖਿਆ ਹੈ।

ਰੂਹਾਨੀ ਸਾਧਨਾ ਦੀਆਂ ਵੱਖ-ਵੱਖ ਪੌੜੀਆਂ ਦੁਆਰਾ ਆਤਮਿਕ ਵਿਕਾਸ ਅਤੇ ਸਰਬ-ਉੱਚ ਆਤਮਿਕ ਅਵਸਥਾ ਦੀ ਪ੍ਰਾਪਤੀ ਦਾ ਜਿਸ ਪ੍ਰਕਾਰ ਨਾਲ ਅਨੁਭਵ ਸੂਤਰਬੱਧ ਸ਼ੈਲੀ, ਸੰਜਮੀ ਪ੍ਰਗਟਾਅ ਅਤੇ ਸੰਗੀਤਮਈ ਲੈਅ ਦੁਆਰਾ "ਰਾਮਕਲੀ ਅਨੰਦ" ਬਾਣੀ ਵਿਚ ਪ੍ਰਸਤੁਤ ਕੀਤਾ ਗਿਆ ਹੈ ਉਹ ਦੁਨੀਆਂ ਦੇ ਹੋਰ ਕਿਸੇ ਆਤਮਿਕ ਸਾਹਿਤ ਵਿਚ ਨਹੀਂ ਮਿਲਦਾ। ਗੁਰੂ ਜੀ ਦੀ ਰਾਗਮਈ ਸ਼ਖ਼ਸੀਅਤ ਦੀ ਧੁਨੀ ਉਨ੍ਹਾਂ ਦੇ ਹਰੇਕ ਬੋਲ ਵਿਚ ਸੁਣੀ ਜਾ ਸਕਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ ਸ਼ਬਦਾਂ ਦੀ ਗਿਣਤੀ 907 ਹੈ। ਸਿਰਫ਼ ਸ਼ਾਸਤਰੀ ਸੰਗੀਤ ਵਿਚ ਹੀ ਨਹੀਂ ਸਗੋਂ ਲੋਕ ਧੁਨਾਂ ਵਿਚ ਵੀ ਆਪ ਜੀ ਦੀ ਬਹੁਤ ਰੁਚੀ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਆਪ ਜੀ ਦੀਆਂ ਚਾਰ ਵਾਰਾਂ, ਰਾਗ ਗੂਜਰੀ, ਮਾਰੂ, ਰਾਮਕਲੀ ਅਤੇ ਸੂਹੀ ਵਿਚ ਰਚੀਆਂ ਵੇਖੀਆਂ ਜਾਂਦੀਆਂ ਹਨ।[19]

ਗੁਰੂ ਅਮਰਦਾਸ ਜੀ ਨੇ ਗੁਰਬਾਣੀ ਕੀਰਤਨ ਦੀ ਪ੍ਰਥਾ ਜਿਸ ਦੀ ਨੀਂਹ ਪਹਿਲੇ ਗੁਰੂਆਂ ਨੇ ਰੱਖੀ ਸੀ, ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਉਸ ਨੂੰ ਹੋਰ ਵੀ ਵੱਧ ਦ੍ਰਿੜ੍ਹ ਅਤੇ ਸੁਚਾਰੂ ਰੂਪ ਨਾਲ ਅੱਗੇ ਵਧਾਇਆ। ਗੁਰੂ ਨਾਨਕ ਸੰਗੀਤ ਪ੍ਰਣਾਲੀ ਦੇ ਅਨੁਸਾਰ ਇਨ੍ਹਾਂ ਨੇ ਕੀਰਤਨ ਦੀ ਸਿੱਖਿਆ ਵੀ ਦਿੱਤੀ ਅਤੇ ਗੁਰਬਾਣੀ ਦੇ ਸ਼ਬਦ ਕੀਰਤਨ ਦਾ ਪ੍ਰਚਾਰ ਵੀ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਚ ਸੰਗੀਤ ਨੂੰ ਕਾਇਮ ਰੱਖਣ ਲਈ ਜੋ ਨਿੱਤ ਕਾਰਜ ਕਰਦੇ ਸਨ ਉਸੇ ਵਿਸ਼ੇ ਵਿਚ ਗਿਆਨੀ ਗਿਆਨ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ:

"ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ ਸਨ। ਸਾਧ-ਸੰਗਤ ਨੂੰ ਵੀ ਉਸ ਵੇਲੇ ਜਾਗ ਕੇ ਇਸ਼ਨਾਨ ਕਰਨ ਅਤੇ ਨਾਮ ਜਪਣ ਦਾ ਹੁਕਮ ਦਿੱਤਾ ਹੋਇਆ ਸੀ। ਸਵੇਰ ਹੁੰਦੇ ਹੀ ਚਿੱਟੀ ਪੁਸ਼ਾਕ ਪਹਿਨ ਕੇ ਸਿੰਘਾਸਨ 'ਤੇ ਆ ਬਿਰਾਜਦੇ ਸਨ। ਭਾਈ ਸਾਧੂ, ਬਾਦੂ ਕੀਰਤਨ ਕਰਦੇ ਅਤੇ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰਦੇ।"[20]

ਗੁਰੂ ਅਮਰਦਾਸ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਦੇ ਸਮੇਂ ਸੰਗਤ ਨੂੰ

ਇਕੱਤਰ ਕਰ ਕੇ ਕੀਰਤਨ ਕਰਨ ਦਾ ਉਪਦੇਸ਼ ਦਿੱਤਾ। ਇਸ ਸੰਬੰਧੀ ਬਾਬਾ ਸੁੰਦਰ ਜੀ 'ਰਾਮਕਲੀ ਸਦੁ' ਵਿਚ ਫਰਮਾਉਂਦੇ ਹਨ:

ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

ਇਸ ਤਰ੍ਹਾਂ ਉਨ੍ਹਾਂ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੀ ਮ੍ਰਿਤੂ ਪਿਛੋਂ ਕੋਈ ਸੋਗ ਨਾ ਮਨਾਇਆ ਜਾਵੇ, ਸਿਰਫ਼ ਪਰਮਾਤਮਾ ਦੇ ਸ਼ਬਦ ਗਾਏ ਜਾਣ।[21]

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਤੋਂ ਪਹਿਲਾਂ ਦੇ ਦੋਹਾਂ ਗੁਰੂਆਂ ਦੀ ਬਾਣੀ ਦਾ ਸੰਗ੍ਰਹਿ ਦੋ ਖੰਡਾਂ ਵਿਚ ਤਿਆਰ ਕਰਵਾਇਆ। ਇਹ ਸੰਗ੍ਰਹਿ ਉਸ ਸਿੱਖ ਧਰਮ ਦਾ ਬੀਜ ਸੀ ਜਿਸ ਨੂੰ ਅੱਗੇ ਚੱਲ ਕੇ ਪੰਜਵੇਂ ਗੁਰੂ ਜੀ ਨੇ ਤਿਆਰ ਕੀਤਾ।

ਸਰੰਦਾ

'ਗੁਰ-ਸ਼ਬਦ ਰਤਨਾਕਰ ਮਹਾਨ ਕੋਸ਼' ਦੀ ਰਚਨਾ ਕਰਨ ਵਾਲੇ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਰੰਦਾ (ਇਕ ਤੰਤਰੀ ਸਾਜ਼) ਗੁਰੂ ਅਰਜਨ ਦੇਵ ਜੀ ਨੇ ਪਹਿਲੀ ਵਾਰ ਬਣਾਇਆ, ਪਰੰਤੂ 'ਕਾਨੂੰਨੇ ਮੌਸੀਕੀ' ਦੇ ਲੇਖਕ ਅਨੁਸਾਰ ਸਰੰਦੇ ਨੂੰ ਗੁਰੂ ਅਰਜਨ ਦੇਵ ਜੀ ਤੋਂ ਕਾਫ਼ੀ ਸਮਾਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਸਿੱਖ ਜਗਤ ਵਿਚ ਪ੍ਰਚਲਿਤ ਕੀਤਾ। ਇਹ ਗੱਲ ਗੁਰੂ ਅਮਰਦਾਸ ਜੀ ਨੂੰ ਮਹਾਨ ਸੰਗੀਤਕਾਰ ਸਿੱਧ ਕਰਨ ਲਈ ਕਾਫ਼ੀ ਹੈ। ਪੁਰਾਤਨ ਸਿੱਖ ਸੰਗੀਤਕਾਰਾਂ ਅਤੇ ਰਬਾਬੀਆਂ ਵਿਚ ਰਬਾਬ ਤੋਂ ਇਲਾਵਾ ਸਰੰਦਾ ਵੀ ਲੋਕਪ੍ਰਿਅ ਸੀ।[22]

ਇਸ ਤਰ੍ਹਾਂ ਸਮਾਜ-ਸੁਧਾਰਕ ਹੋਣ ਦੇ ਨਾਲ-ਨਾਲ ਆਪ ਮਹਾਨ ਸੰਗੀਤਕਾਰ ਵੀ ਸਨ। ਆਪ ਜੀ ਨੇ ਸੰਨ 1574 ਈ. ਨੂੰ 95 ਸਾਲ ਦੀ ਉਮਰ ਵਿਚ ਮਨੁੱਖੀ ਦੇਹ ਦਾ ਤਿਆਗ ਕੀਤਾ। ਆਪ ਜੀ ਨੇ ਆਪਣੇ ਤੋਂ ਬਾਅਦ ਇਕ ਸੰਗੀਤ ਪ੍ਰੇਮੀ ਸ਼ਰਧਾਵਾਨ ਚੇਲੇ ਭਾਈ ਜੇਠਾ ਜੀ ਨੂੰ ਗੁਰਗੱਦੀ ਲਈ ਥਾਪਿਆ ਅਤੇ ਨਾਲ ਹੀ ਆਪਣੀ ਵੱਡੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਕਾਰਜ ਸੰਪੂਰਨ ਕੀਤਾ। ਭਾਈ ਜੇਠਾ ਜੀ ਹੀ ਬਾਅਦ ਵਿਚ ਗੁਰੂ ਰਾਮਦਾਸ ਜੀ ਦੇ ਨਾਮ ਤੋਂ ਪ੍ਰਸਿੱਧ ਹੋਏ।

ਗੁਰੂ ਰਾਮਦਾਸ ਜੀ

ਮੱਧਕਾਲੀਨ ਭਾਰਤੀ ਲਹਿਰ ਦੇ ਸਮੇਂ ਕਈ ਪ੍ਰਾਂਤਾਂ ਵਿਚ ਅਨੇਕਾਂ ਸੰਤ ਭਗਤ ਹੋਏ ਅਤੇ ਉਨ੍ਹਾਂ ਹੀ ਪੂਰੇ ਯਤਨ ਕਰ ਕੇ ਆਪਣੇ ਢੰਗ ਨਾਲ ਲੋਕਾਂ ਦੇ ਹਿੱਤ ਵਾਸਤੇ ਵਿਅਕਤੀਗਤ ਤੌਰ 'ਤੇ ਯਤਨ ਵੀ ਕੀਤੇ ਪਰੰਤੂ ਗੁਰੂਆਂ ਦਾ ਯੋਜਨਾਬੱਧ ਕਾਰਜ ਦੋ ਸੌ ਸਾਲ ਤਕ ਲਗਾਤਾਰ ਚਲਦਾ ਰਿਹਾ ਜਿਸ ਨੂੰ ਯੁੱਗ-ਨਿਰਮਾਤਾ ਦਸ ਮਹਾਂਪੁਰਖਾਂ ਨੇ ਸੁਚਾਰੂ ਢੰਗ ਨਾਲ ਅੱਗੇ ਵਧਾ ਕੇ ਨਵੀਨ ਯੁੱਗ ਦੀ ਸਥਾਪਨਾ ਕੀਤੀ। ਇਸੇ ਗੁਰੂ ਲੜੀ ਵਿਚ ਗੁਰੂ ਨਾਨਕ ਦੀ ਗੱਦੀ 'ਤੇ ਗੁਰੂ ਰਾਮਦਾਸ ਜੀ ਚੌਥੇ ਗੁਰੂ ਹੋਏ, ਜਿਨ੍ਹਾਂ ਦੇ ਆਦਰਸ਼ਮਈ ਉੱਚੇ ਵਿਅਕਤਿਤਵ ਅਤੇ ਪ੍ਰੇਮਮਈ ਮਿੱਠੀ ਬਾਣੀ ਨੇ ਸਿੱਖਾਂ ਨੂੰ ਸੰਤੁਸ਼ਟੀ, ਦ੍ਰਿੜ੍ਹ ਵਿਸ਼ਵਾਸ, ਪ੍ਰੇਮ ਅਤੇ ਸਹਿਯੋਗ ਦੀ ਸਿੱਖਿਆ ਪ੍ਰਦਾਨ ਕੀਤੀ।

ਆਚਾਰੀਆ ਪਰਸ਼ੁਰਾਮ ਚਤੁਰਵੇਦੀ ਲਿਖਦੇ ਹਨ ਕਿ ਗੁਰੂ ਰਾਮਦਾਸ ਜੀ ਨੇ ਸਿੱਖ ਸਮਾਜ ਨੂੰ ਵਿਵਸਥਿਤ ਕਰਨ ਦੇ ਲਈ ਇਕ ਕੇਂਦਰੀ ਸਥਾਨ ਦਾ ਨਿਰਮਾਣ ਕੀਤਾ। ਇਹ ਕੇਂਦਰੀ ਸਥਾਨ ਅੰਮ੍ਰਿਤਸਰ ਦੇ ਨਾਮ ਤੋਂ ਸੰਸਾਰ ਵਿਚ ਪ੍ਰਸਿੱਧ ਹੈ। ਉਨ੍ਹਾਂ ਨੇ ਆਪਣੇ ਮਹਾਨ ਅਤੇ ਦਿਆਲੂ ਸੁਭਾਅ ਰਾਹੀਂ ਭਾਰਤੀਆਂ ਦੇ ਦਿਲ ਵਿਚ ਥਾਂ ਬਣਾ ਲਈ। ਉਨ੍ਹਾਂ ਦੇ ਨਰਮ ਸੁਭਾਅ ਤੋਂ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਅਤੇ ਉਦਾਸੀ ਸੰਪ੍ਰਦਾਇ ਦੇ ਸੰਸਥਾਪਕ ਸ੍ਰੀ ਚੰਦ ਜੀ ਵੀ ਅਤਿਅੰਤ ਪ੍ਰਭਾਵਿਤ ਹੋਏ।[23]

ਮਹਾਂਕਵੀ ਟੈਗੋਰ ਨੇ ਇਕ ਥਾਂ 'ਤੇ ਲਿਖਿਆ ਹੈ ਕਿ ਕੋਈ ਵੀ ਵਿਅਕਤੀ ਉਸ ਸਮੇਂ ਤਕ ਮਹਾਨ ਨਹੀਂ ਹੋ ਸਕਦਾ ਜਦੋਂ ਤਕ ਕਿ ਉਹ ਨਿਮਰਤਾ ਵਿਚ ਮਹਾਨ ਨਾ ਹੋਵੇ। ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਦਾ ਰਹੱਸ ਵੀ ਇਸੇ ਤੱਥ ਵਿਚ ਛੁਪਿਆ ਹੋਇਆ ਹੈ।[24]

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਸ਼ਹਿਰ ਦੇ ਬਜ਼ਾਰ ਚੂਨਾ ਮੰਡੀ ਵਿਚ ਸੰਨ 1534 ਈ. ਅਤੇ ਸਤੰਬਰ ਦੀ 24 ਤਾਰੀਕ ਨੂੰ ਹੋਇਆ ਸੀ।[25] ਆਪ ਜੀ ਦੇ ਪਿਤਾ ਦਾ ਨਾਮ ਹਰਿਦਾਸ ਅਤੇ ਮਾਤਾ ਦਾ ਨਾਮ ਦਇਆ ਕੌਰ ਸੀ। ਆਪ ਜੀ ਖ਼ੱਤਰੀਆਂ ਦੀ ਸੋਢੀ ਗੋਤ ਵਿਚੋਂ ਸਨ। ਮਾਤਾ-ਪਿਤਾ ਨੇ ਆਪ ਜੀ ਦਾ ਨਾਮ ਰਾਮਦਾਸ ਰੱਖਿਆ ਸੀ ਪਰੰਤੂ ਪਹਿਲਾ ਪੁੱਤਰ ਹੋਣ ਕਰਕੇ ਲੋਕ ਆਪ ਜੀ ਨੂੰ ਜੇਠਾ ਕਹਿਣ ਲੱਗ ਪਏ।[26]

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਰਾਮਦਾਸ ਜੀ ਇਕ ਮਹਾਨ ਕਵੀ ਅਤੇ ਅਸਾਧਾਰਣ ਸੰਗੀਤਕਾਰ ਸਨ। ਉਨ੍ਹਾਂ ਦੀ ਬਾਣੀ ਵਿਚ ਉੱਤਮ ਅਤੇ ਉਚ-ਕੋਟੀ ਦੇ ਸਾਹਿੱਤ ਦੀਆਂ ਸਮੂਹ ਵਿਸ਼ੇਸ਼ਤਾਈਆਂ ਉਪਲਬਧ ਹਨ। ਉਨ੍ਹਾਂ ਦੀ ਬਾਣੀ ਦਾ ਭਾਵਨਾ ਪੱਖ ਜਿੰਨਾ ਮਹਾਨ ਹੈ ਉਸ ਤੋਂ ਵੀ ਵੱਧ ਲੁਭਾਉਣਾ ਉਨ੍ਹਾਂ ਦਾ ਪ੍ਰਗਟਾਉ ਪੱਖ ਹੈ। ਉਹ ਸੰਗੀਤ ਦੇ ਮਹਾਨ ਆਚਾਰੀਆ ਸਨ। ਉਨ੍ਹਾਂ ਨੇ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਇੰਨੇ ਵੱਧ ਰਾਗਾਂ ਵਿਚ ਹੋਰ ਕਿਸੇ ਵੀ ਭਾਰਤੀ ਕਵੀ ਨੇ ਰਚਨਾ ਨਹੀਂ ਕੀਤੀ ਹੈ।[27]

ਇਨ੍ਹਾਂ ਦੇ ਇਸ ਗੁਣ ਦੇ ਸੰਬੰਧ ਵਿਚ ਡਾ. ਤਾਰਨ ਸਿੰਘ ਦਾ ਕਥਨ ਸੱਚ 'ਤੇ ਆਧਾਰਿਤ ਹੈ, ਉਹ ਲਿਖਦੇ ਹਨ ਕਿ "ਗੁਰੂ ਜੀ ਦੁਆਰਾ ਤੀਹ ਰਾਗਾਂ ਵਿਚ ਸਫਲਤਾ-ਪੂਰਵਕ ਕਵਿਤਾ ਦੀ ਰਚਨਾ ਕਰਨਾ ਸੰਸਾਰ ਦੇ ਸਾਹਿਤਕ ਇਤਿਹਾਸ ਵਿਚ ਇਕ ਇਤਿਹਾਸਕ ਪ੍ਰਾਪਤੀ ਹੈ। ਜਿਸ ਕੋਮਲਤਾ, ਸੂਖਮਤਾ ਅਤੇ ਵਿਦਵਤਾ ਨਾਲ ਉਨ੍ਹਾਂ ਨੇ ਕਵਿਤਾ ਅਤੇ ਰਾਗ ਦੇ ਸੰਬੰਧ ਨੂੰ ਸਮਝ ਕੇ ਸਫਲ ਰਚਨਾ ਕੀਤੀ ਹੈ ਉਹ ਲਾਸਾਨੀ ਹੈ।"[28]

ਪ੍ਰੋ. ਪੂਰਨ ਸਿੰਘ ਜੀ ਉਨ੍ਹਾਂ ਦੀ ਬਾਣੀ ਦੀ ਸੁੰਦਰਤਾ ਨੂੰ ਵੇਖਦੇ ਹੋਏ ਲਿਖਦੇ ਹਨ ਕਿ "ਗੁਰੂ ਸਾਹਿਬ ਦੀ ਕਵਿਤਾ ਇਕ ਨਿਰੰਤਰ ਵਗਣ ਵਾਲੀ ਪ੍ਰੇਮ ਦੀ ਨਦੀ ਹੈ ਜਿਸ ਦੀ ਸ਼ਾਂਤ ਧੁਨੀ ਪ੍ਰਿਅ ਦੇ ਲਈ ਵਿਆਕੁਲ ਹੈ ਅਤੇ ਉਸ ਪ੍ਰੀਤਮ ਦੀ ਜਾਦੂ ਭਰੀ ਮਧੁਰ ਦ੍ਰਿਸ਼ਟੀ ਦੇ ਗੀਤ ਗਾਉਂਦੀ ਹੈ। ਉਨ੍ਹਾਂ ਦੀ ਕਵਿਤਾ ਪ੍ਰਭੂ-ਰੂਪੀ ਪਤੀ

ਦੇ ਦਰਸ਼ਨਾਂ ਵਾਸਤੇ ਆਤਮਾ-ਰੂਪੀ ਇਸਤਰੀ ਦੀ ਪੁਕਾਰ ਹੈ। ਉਹ ਤੀਬਰ ਵਿਛੋੜੇ ਵਿਚ ਉਸ ਪ੍ਰੀਤਮ ਦੇ ਦਰਸ਼ਨ ਦੀ ਇਕ ਝਲਕ ਦੀ ਬੇਨਤੀ ਕਰਦੀ ਹੈ।" ਗੁਰੂ ਜੀ ਦੀ ਬਾਣੀ ਦਾ ਅਲੌਕਿਕ ਸੰਗੀਤ ਹਰੇਕ ਪਾਠਕ ਦੇ ਦਿਲ ਨੂੰ ਗਿਆਨਵਾਨ ਬਣਾਉਂਦਾ ਹੈ। ਗੁਰੂ ਰਾਮਦਾਸ ਜੀ ਦੀ ਬਾਣੀ ਦਾ ਭਾਵ ਪੱਖ ਜਿੰਨਾ ਖ਼ੁਸ਼ਹਾਲ ਹੈ ਉਸ ਤੋਂ ਵੱਧ ਕਲਾ ਪੱਖੋਂ ਸੁੰਦਰ ਹੈ।

ਸ੍ਰੀ ਗੁਰੂ ਰਾਮਦਾਸ ਜੀ ਰਾਗ ਵਿੱਦਿਆ ਵਿਚ ਅਤਿਅੰਤ ਕੁਸ਼ਲ ਸਨ। ਆਪ ਜੀ ਤੋਂ ਪਹਿਲਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸ਼ਬਦਾਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਵਰਤੇ ਹੋਏ ਰਾਗਾਂ ਤਕ ਹੀ ਸੀਮਤ ਰੱਖਿਆ। ਗੁਰੂ ਰਾਮਦਾਸ ਜੀ ਨੇ 11 ਨਵੇਂ ਰਾਗਾਂ ਵਿਚ ਵੀ ਸ਼ਬਦਾਂ ਦੀ ਰਚਨਾ ਕਰ ਕੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਰਾਗਾਂ ਦੀ ਗਿਣਤੀ 30 ਤਕ ਪਹੁੰਚਾਈ ਹੈ। ਜਿਨ੍ਹਾਂ 11 ਨਵੇਂ ਰਾਗਾਂ ਵਿਚ ਆਪ ਜੀ ਨੇ ਆਪਣੀਆਂ ਰਚਨਾਵਾਂ ਨੂੰ ਲੈਅਬੱਧ ਕੀਤਾ ਹੈ ਉਹ ਇਸ ਪ੍ਰਕਾਰ ਹਨ :

1. ਬਿਹਾਗੜਾ
2. ਦੇਵਗੰਧਾਰੀ
3. ਜੈਤਸਰੀ
4. ਬੈਰਾੜੀ
5. ਗੌੜ
6. ਨਟਨਾਰਾਇਣ
7. ਮਾਲੀ ਗਉੜਾ
8. ਕੇਦਾਰਾ
9. ਕਲਿਆਣ
10. ਕਾਨੜਾ
11. ਟੋਡੀ

ਆਪ ਜੀ ਦੁਆਰਾ ਰਚੇ ਗਏ ਆਸਾ ਰਾਗ ਦੇ ਸ਼ਬਦਾਂ ਵਿਚ ਵੈਰਾਗ ਦੀ ਭਾਵਨਾ ਉਭਰੀ ਹੋਈ ਹੈ। ਆਸਾ ਰਾਗ ਵਿਚ ਕੁਝ ਅਜਿਹੇ ਸੁਰਾਂ ਦਾ ਪ੍ਰਯੋਗ ਹੁੰਦਾ ਹੈ ਜੋ ਕਰੁਣਾ ਦੀ ਭਾਵਨਾ ਨੂੰ ਦਰਸਾਉਂਦੇ ਹਨ। ਸੂਹੀ ਰਾਗ ਇਸ ਦੀ ਤੁਲਨਾ ਵਿਚ ਚੰਚਲ ਹੈ ਅਤੇ ਆਪ ਜੀ ਦੁਆਰਾ ਸੂਹੀ ਰਾਗ ਵਿਚ ਰਚੇ ਹੋਏ ਸ਼ਬਦਾਂ ਵਿਚ ਆਤਮਾ-ਪਰਮਾਤਮਾ ਦੇ ਮਿਲਣ ਦੀ ਭਾਵਨਾ ਵਿਅਕਤ ਹੋਈ ਹੈ। ਰਾਗ ਸੂਹੀ ਵਿਚ "ਲਾਵਾਂ" ਆਪ ਜੀ ਦੀ ਪ੍ਰਸਿੱਧ ਰਚਨਾ ਹੈ।

ਇਸ ਤੋਂ ਇਲਾਵਾ "ਪੜਤਾਲ" ਗਾਇਕੀ ਜਿਸ ਵਿਚ ਵਾਰ-ਵਾਰ ਤਾਲ ਪਰਿਵਰਤਨ ਕੀਤਾ ਜਾਂਦਾ ਹੈ, ਉਸ ਦੀ ਸ਼ੁਰੂਆਤ ਕਰਨ ਦਾ ਸਿਹਰਾ ਵੀ ਆਪ ਜੀ ਨੂੰ ਦਿੱਤਾ ਜਾਂਦਾ ਹੈ। ਪੜਤਾਲ ਗਾਇਕੀ ਗੁਰੂ ਜੀ ਦੀ ਗੁਰਮਤਿ ਸੰਗੀਤ ਨੂੰ ਅਨੂਠੀ ਦੇਣ ਹੈ ਜੋ ਕਿ ਕਾਨੜਾ, ਸਾਰੰਗ, ਪ੍ਰਭਾਤੀ, ਵਿਭਾਸ ਆਦਿ ਰਾਗਾਂ ਵਿਚ ਹੈ। ਇਸ ਤੋਂ ਗੁਰੂ ਜੀ ਦੀ ਸੰਗੀਤ ਸੰਬੰਧੀ ਵਿਲੱਖਣ ਬੁੱਧੀ ਅਤੇ ਤਾਲ ਦੇ ਗੂੜ੍ਹ ਗਿਆਨ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਦੇ ਕੁਝ ਸ਼ਬਦਾਂ ਵਿਚ ਸੰਗੀਤ ਦੇ ਸਾਜ਼ਾਂ ਅਤੇ ਪਰਿਭਾਸ਼ਕ ਸ਼ਬਦਾਂ ਦਾ ਵੀ ਸੁੰਦਰ ਸੁਮੇਲ ਹੈ ਜਿਵੇਂ :

ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥
ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥[29]

ਆਪ ਜੀ ਨੇ ਕੀਰਤਨ ਵਿਚ ਸ਼ਾਸਤਰੀ ਸੰਗੀਤ ਦੇ ਨਾਲ ਲੋਕ-ਧੁਨਾਂ 'ਤੇ ਆਧਾਰਿਤ ਕੀਰਤਨ ਕਰਨ ਦੀ ਮਨਜ਼ੂਰੀ ਪ੍ਰਦਾਨ ਕੀਤੀ। ਗੁਰੂ ਜੀ ਨੇ ਤਿੰਨ ਪ੍ਰਸਿੱਧ ਲੋਕ-ਧੁਨਾਂ ਵਿਚ ਵਾਰਾਂ ਰਚੀਆਂ। ਆਪ ਜੀ ਨੇ ਵਾਰ ਗਾਇਨ ਸ਼ੈਲੀ ਨੂੰ ਨਾ ਸਿਰਫ਼ ਉਤਸ਼ਾਹਿਤ ਕੀਤਾ, ਸਗੋਂ ਉਸ ਦਾ ਪ੍ਰਚਾਰ-ਪ੍ਰਸਾਰ ਵੀ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਆਪ ਜੀ ਦੀਆਂ ਵਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਗੁਰੂ ਰਾਮਦਾਸ ਜੀ ਨੇ ਵੀ ਆਪਣੇ ਪੂਰਵ ਗੁਰੂਆਂ ਦੁਆਰਾ ਚਲਾਈ ਗਈ ਕੀਰਤਨ ਪ੍ਰਥਾ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ। ਉਨ੍ਹਾਂ ਨੇ ਤਾਂ ਹਰੇਕ ਸਿੱਖ ਨੂੰ "ਰੋਜ਼ਾਨਾ ਜਿਵੇਂ ਦੂਜੇ ਕਾਰਜ ਲਾਜ਼ਮੀ ਹਨ ਉਸੇ ਪ੍ਰਕਾਰ ਕੀਰਤਨ ਕਰਨਾ ਵੀ ਜ਼ਰੂਰੀ ਹੈ" ਅਜਿਹਾ ਹੁਕਮ ਦਿੱਤਾ। ਉਨ੍ਹਾਂ ਨੇ ਆਪਣੇ ਸਿੱਖ ਦੇ ਲੱਛਣਾਂ ਨੂੰ ਇਸ ਪ੍ਰਕਾਰ ਦੱਸਿਆ ਹੈ :

> *ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
> *ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
> *ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
> *ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*[30]

ਗੁਰੂ ਰਾਮਦਾਸ ਜੀ ਪਹਿਲਾਂ ਦੇ ਗੁਰੂਆਂ ਦੀ ਤਰ੍ਹਾਂ ਨਿੱਤ ਇਸ਼ਨਾਨ ਕਰ ਕੇ ਆਤਮਾ-ਪਰਮਾਤਮਾ ਦੇ ਸਰੂਪ ਵਿਚ ਮਨ ਜੋੜ ਕੇ ਸਮਾਧੀ ਲਗਾ ਕੇ ਬਹਿੰਦੇ ਅਤੇ ਦਿਨ ਚੜ੍ਹਦੇ ਹੀ ਸੰਗਤ ਵਿਚ ਆ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਬਲਵੰਡ ਅਤੇ ਸੱਤਾ ਰਬਾਬੀ ਕਰਦੇ ਸਨ।

ਇਤਿਹਾਸ ਵਿਚ ਇਕ ਕਥਾ ਦਾ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਇਕ ਜੋਗੀ ਸ੍ਰੀ ਗੁਰੂ ਰਾਮਦਾਸ ਜੀ ਦੇ ਕੋਲ ਆਇਆ, ਉਸ ਸਮੇਂ ਸਮੂਹ ਸੰਗਤ ਧਿਆਨ ਲਗਾ ਕੇ ਕੀਰਤਨ ਵਿਚ ਲੀਨ ਸੀ। ਇਕਾਗਰ-ਚਿੱਤ ਹੋ ਕੇ ਸੰਗਤ ਆਤਮਾ ਅਤੇ ਪਰਮਾਤਮਾ ਦੇ ਮਿਲਨ ਦੀ ਅਵਸਥਾ ਵਿਚ ਪਹੁੰਚ ਗਈ ਸੀ। ਜੋਗੀ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ ਕਿ ਆਪ ਜੀ ਦੇ ਦਰਬਾਰ ਵਿਚ ਕੋਈ ਵੀ ਸਿੱਖ ਯੋਗ ਦਾ ਅਭਿਆਸ ਨਹੀਂ ਕਰ ਰਿਹਾ ਹੈ ਕਿਉਂਕਿ ਜੋਗ ਲਈ ਗਿਆਨ ਇੰਦਰੀਆਂ ਦਾ ਵੱਸ ਵਿਚ ਹੋਣਾ ਲਾਜ਼ਮੀ ਹੈ। ਗੁਰੂ ਜੀ ਨੇ ਉੱਤਰ ਦਿੱਤਾ, "ਸੰਗੀਤ ਵਿਚ ਰਚੀ ਹੋਈ ਪਰਮਾਤਮਾ ਦੀ ਉਸਤਤ ਤੋਂ ਵੱਧ ਕੇ ਕੋਈ ਦੂਜਾ ਜੋਗ ਨਹੀਂ ਹੈ। ਤੁਸੀਂ ਆਪਣਾ ਮਨ ਕੀਰਤਨ ਵਿਚ ਲਗਾਓ, ਤਾਂ ਹੀ ਉਸ ਦੇ ਮਹੱਤਵ ਨੂੰ ਸਮਝ ਸਕੋਗੇ ਅਤੇ ਸੱਚਾ ਸੁੱਖ ਪ੍ਰਾਪਤ ਹੋਵੇਗਾ।"[31]

ਇਕ ਵਾਰ ਇਕ ਸਾਧੂ ਨੇ ਗੁਰੂ ਸਾਹਿਬ ਦੇ ਪਾਸ ਆ ਕੇ ਸ਼ਿਕਾਇਤ ਕੀਤੀ ਕਿ ਆਪ ਦੇ ਸਿੱਖ ਵੇਦ-ਸਿਮਰਤੀਆਂ ਨੂੰ ਨਹੀਂ ਮੰਨਦੇ ਅਤੇ ਨਾ ਹੀ ਤੀਰਥ ਯਾਤਰਾ ਦਾ ਸਨਾਤਨ ਮਾਰਗ ਗ੍ਰਹਿਣ ਕਰਦੇ ਹਨ। ਇਸ ਲਈ ਉਹ ਸੁਰਗ ਵਿਚ ਕਿਵੇਂ ਜਾ

ਸਕਦੇ ਹਨ। ਗੁਰੂ ਜੀ ਨੇ ਹੱਸ ਕੇ ਜਵਾਬ ਦਿੱਤਾ ਕਿ ਮੇਰੇ ਸਿੱਖਾਂ ਨੂੰ ਸੁਰਗ ਦੀ ਲੋੜ ਹੀ ਨਹੀਂ ਹੈ। ਉਹ ਤਾਂ ਪਰਮਾਤਮਾ ਦੇ ਨਾਮ (ਕੀਰਤਨ) ਵਿਚ ਮਗਨ ਰਹਿੰਦੇ ਹਨ। ਨਾਮ ਦੀ ਸ਼ਕਤੀ ਨਾਲ ਉਨ੍ਹਾਂ ਦੀ ਪਵਿੱਤਰਤਾ ਇੰਨੀ ਵੱਧ ਜਾਂਦੀ ਹੈ ਕਿ ਗੰਗਾ, ਜਮਨਾ ਆਦਿ ਤੀਰਥ ਵੀ ਸੰਤ ਪੁਰਖਾਂ ਦੀ ਚਰਨ ਧੂੜ ਛੂਹਣ ਦੀ ਇੱਛਾ ਰੱਖਦੇ ਹਨ।[32]

ਗੁਰੂ-ਸ਼ਬਦ ਦੁਆਰਾ ਸੱਚਾਈ ਦਾ ਪਤਾ ਲੱਗਣ ਨਾਲ ਹੀ ਮਨੁੱਖ ਦੇ ਅੰਦਰੋਂ ਪਖੰਡ ਅਤੇ ਲਾਲਚ ਖ਼ਤਮ ਹੋ ਜਾਂਦਾ ਹੈ। ਗੁਰੂ ਜੀ ਨੇ ਹਰਿ ਨਾਮ ਦਾ ਜੋ ਅੰਮ੍ਰਿਤ ਸਰੋਵਰ ਭਰਿਆ ਹੋਇਆ ਹੈ ਉਸ ਵਿਚ ਇਸ਼ਨਾਨ ਕਰਨ ਦੇ ਨਾਲ ਹੀ ਲਾਲਚ ਅਤੇ ਪਖੰਡ ਦੀ ਮੈਲ ਉਤਰ ਜਾਂਦੀ ਹੈ।

ਇਸ ਪ੍ਰਕਾਰ ਗੁਰੂ ਰਾਮਦਾਸ ਜੀ ਨੇ ਸ਼ਬਦ ਕੀਰਤਨ ਨੂੰ ਮਹੱਤਤਾ ਦਿੰਦੇ ਹੋਏ ਆਪਣੇ ਪੂਰਵ ਗੁਰੂਆਂ ਦੀ ਤਰ੍ਹਾਂ ਇਸ ਦਾ ਪ੍ਰਚਾਰ ਅਤੇ ਪਾਸਾਰ ਕੀਤਾ। ਉਨ੍ਹਾਂ ਨੇ ਅੰਮ੍ਰਿਤਸਰ ਇਕ ਅਜਿਹਾ ਕੇਂਦਰ ਬਣਾਇਆ ਜਿਥੇ ਹਰ ਸਮੇਂ ਕੀਰਤਨ ਦਰਬਾਰ ਸਜੇ ਰਹਿੰਦੇ ਹਨ। ਉਨ੍ਹਾਂ 30 ਰਾਗਾਂ ਵਿਚ ਜੋ ਬਾਣੀ ਰਚੀ ਉਹ ਸਾਡੇ ਗੁਰਬਾਣੀ ਸੰਗੀਤ ਲਈ ਅਮੋਲ ਹੈ।

ਗੁਰੂ ਰਾਮਦਾਸ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਪ੍ਰਦਾਨ ਕਰ ਕੇ 1 ਸਤੰਬਰ, 1581 ਈ. ਨੂੰ ਗੋਇੰਦਵਾਲ ਵਿਚ ਸਰੀਰ ਤਿਆਗ ਗਏ ਪਰੰਤੂ ਉਨ੍ਹਾਂ ਦੀ ਅਮਰ ਬਾਣੀ ਅੱਜ ਵੀ ਸਾਨੂੰ ਜੀਵਨ ਦੀ ਪ੍ਰੇਮ-ਮਈ ਅਤੇ ਮਿੱਠੀ ਪ੍ਰੇਰਣਾ ਦੇ ਰਹੀ ਹੈ।

ਗੁਰੂ ਅਰਜਨ ਦੇਵ ਜੀ

ਭਾਰਤੀ ਧਰਮ ਸਾਧਨਾ ਦੇ ਇਤਿਹਾਸ ਵਿਚ ਲੀਹ ਤੋਂ ਹਟ ਕੇ ਯੋਗਦਾਨ ਪਾਉਣ ਵਾਲੇ ਸਾਧਕਾਂ ਵਿਚ ਗੁਰੂ ਅਰਜਨ ਦੇਵ ਜੀ ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਉਹ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗੁਰੂ ਪਰੰਪਰਾ ਦੇ ਪੰਜਵੇਂ ਗੁਰੂ ਸਨ ਜਿਨ੍ਹਾਂ ਨੇ ਨਾ ਸਿਰਫ਼ ਸਿੱਖ ਧਰਮ ਦੇ ਵਿਕਾਸ ਵਿਚ ਇਤਿਹਾਸਕ ਯੋਗਦਾਨ ਪਾਇਆ ਸਗੋਂ ਆਪਣਾ ਬਲੀਦਾਨ ਦੇ ਕੇ ਗੁਰੂ ਪਰੰਪਰਾ ਨੂੰ ਇਕ ਅਜਿਹੇ ਮੋੜ 'ਤੇ ਲਿਆ ਕੇ ਖੜਾ ਕਰ ਦਿੱਤਾ ਜਿਥੇ ਭਗਤੀ ਦੀ ਰੱਖਿਆ ਲਈ ਸ਼ਕਤੀ ਦੀ ਧਾਰਨਾ ਦੀ ਅਤਿਅੰਤ ਲੋੜ ਮਹਿਸੂਸ ਹੋਣ ਲੱਗੀ। ਸਿੱਖ ਧਰਮ ਵਿਚ ਵੀਰ ਰਸ ਪ੍ਰਵਿਰਤੀ ਦਾ ਵਿਕਾਸ ਹੋਇਆ ਅਤੇ ਸਿੱਖ ਸਿਰਫ਼ ਸੰਤ ਹੀ ਨਾ ਰਿਹਾ ਸਗੋਂ ਸਿਪਾਹੀ ਵੀ ਬਣ ਗਿਆ।

ਉਹ ਮਹਾਨ ਗੁਰੂ ਸਨ ਜਿਨ੍ਹਾਂ ਨੇ ਲੋਕਾਂ ਨੂੰ ਸਮਾਜਿਕ ਕਲਿਆਣ ਅਤੇ ਪਰਮਾਰਥ ਦੇ ਮਾਰਗ ਉੱਤੇ ਨਵੀਂ ਰੋਸ਼ਨੀ ਦਿੱਤੀ। ਉਹ ਮਹਾਨ ਗੁਰੂ ਸਨ ਜਿਨ੍ਹਾਂ ਦੀ ਬਾਣੀ ਦੀ ਨਿਰਮਲ ਗੰਗਾ ਨੇ ਭਾਰਤੀ ਸੰਤ ਕਾਵਿ-ਧਾਰਾ ਵਿਚ ਇਕ ਵਿਸ਼ਿਸ਼ਟ ਰਹੱਸ ਅਤੇ ਪ੍ਰਵਾਹਮਈ ਅਨੁਸ਼ਾਸਨੀ ਸ਼ੈਲੀ ਅਤੇ ਸੁੰਦਰਤਾ ਧਾਰਨ ਕੀਤੀ ਹੋਈ ਹੈ। ਕਵੀ ਹੋਣ ਤੋਂ ਇਲਾਵਾ ਉਹ ਇਕ ਮਹਾਨ ਸੰਪਾਦਕ ਵੀ ਸਨ ਜਿਨ੍ਹਾਂ ਨੇ ਆਦਿ

ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਤ ਬਾਣੀ ਦਾ ਅਨੋਖਾ ਸੰਗ੍ਰਹਿ ਕਰ ਕੇ ਭਾਰਤੀ ਸੰਸਕ੍ਰਿਤੀ ਉੱਤੇ ਇਕ ਮਹਾਨ ਉਪਕਾਰ ਕੀਤਾ ਹੈ। ਇਸ ਤੋਂ ਵਧ ਕੇ ਉਹ ਇਕ ਸੰਗੀਤਕਾਰ ਸਨ ਜਿਨ੍ਹਾਂ ਦੀਆਂ ਸੰਗੀਤਮਈ ਰਚਨਾਵਾਂ ਨਾਲ ਨਾ ਸਿਰਫ਼ ਭਗਤੀ ਸੰਗੀਤ ਸਗੋਂ ਸ਼ਾਸਤਰੀ ਸੰਗੀਤ ਵੀ ਪ੍ਰਸਿੱਧ ਹੋਇਆ।

ਗੁਰੂ ਅਰਜਨ ਦੇਵ ਜੀ ਦਾ ਜਨਮ ਸੰਨ 1563 ਨੂੰ ਅਪ੍ਰੈਲ ਦੀ 15 ਤਾਰੀਖ਼ ਨੂੰ ਗੁਰੂ ਨਾਨਕ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਰਾਮਦਾਸ ਜੀ ਦੇ ਘਰ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦਾ ਬਚਪਨ ਪ੍ਰੇਮ ਮੂਰਤ ਗੁਰੂ ਪਿਤਾ ਦੀ ਦੇਖ-ਰੇਖ ਵਿਚ ਪ੍ਰਕਿਰਤੀ ਦੇ ਖੁੱਲ੍ਹੇ ਵਿਹੜੇ ਵਿਚ ਦਰਿਆ ਬਿਆਸ ਦੇ ਕਿਨਾਰੇ ਬਤੀਤ ਹੋਇਆ ਅਤੇ ਬਾਬਾ ਬੁੱਢਾ ਜੀ ਤੋਂ ਉਥੇ ਹੀ ਆਰੰਭਿਕ ਸਿੱਖਿਆ ਪ੍ਰਾਪਤ ਕੀਤੀ। ਕਾਵਿ-ਰਚਨਾ ਦਾ ਆਪ ਜੀ ਨੂੰ ਬਚਪਨ ਤੋਂ ਹੀ ਸ਼ੌਕ ਸੀ। ਗੁਰੂ ਪਰਮੇਸ਼ਵਰ ਦੇ ਰੂਪ ਵਿਚ ਉਹ ਹਮੇਸ਼ਾ ਗੀਤ ਗਾਇਨ ਕਰਦੇ ਅਤੇ ਉਨ੍ਹਾਂ ਦੀ ਬਿਰਤੀ ਹਮੇਸ਼ਾ ਪ੍ਰਭੂ ਦੇ ਚਰਨਾਂ ਵਿਚ ਲੱਗੀ ਰਹਿੰਦੀ ਸੀ।

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਸਾਹਿਬ ਦੇ ਦਿਲ ਵਿਚ ਜੀਵਨ ਦੇ ਆਰੰਭ ਤੋਂ ਹੀ ਕਾਵਿ-ਸ੍ਰੋਤ ਫੁੱਟ ਪਿਆ ਸੀ ਅਤੇ ਇਸੇ ਕਾਵਿ-ਕਲਾ ਦੇ ਮਹਾਨ ਗੁਣ ਨੂੰ ਵੇਖਦੇ ਹੋਏ ਉਨ੍ਹਾਂ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਇਕ ਵਾਰ ਕਿਹਾ ਸੀ, "ਦੋਹਿਤਾ ਬਾਣੀ ਦਾ ਬੋਹਿਥਾ" ਅਰਥਾਤ ਮੇਰਾ ਇਹ ਦੋਹਤਾ ਅਧਿਆਤਮਕ ਕਵਿਤਾ ਜਾਂ ਬਾਣੀ ਦਾ ਜਹਾਜ਼ ਹੋਵੇਗਾ। ਉਸ ਮਹਾਂਪੁਰਖ ਦੀ ਇਹ ਬਾਣੀ ਸੱਚ ਸਾਬਤ ਹੋਈ।[33]

ਅਮਰੀਕਾ ਦੇ ਮਸ਼ਹੂਰ ਵਿਦਵਾਨ ਬੇਲੀ ਨੇ ਕਿਹਾ ਹੈ ਕਿ ਕਵਿਤਾ ਰੱਬ ਦੀ ਆਪਣੀ ਚੀਜ਼ ਹੈ, ਉਸ ਨੇ ਇਸੇ ਲਈ ਆਪਣੇ ਪੈਗੰਬਰਾਂ ਨੂੰ ਕਵੀ ਬਣਾਇਆ ਹੈ। ਜਿੰਨਾ ਹੀ ਵੱਧ ਅਸੀਂ ਕਵਿਤਾ ਨੂੰ ਸਮਝਾਂਗੇ ਉਨਾ ਹੀ ਅਸੀਂ ਪ੍ਰੇਮ ਅਤੇ ਸ਼ਕਤੀ ਨਾਲ ਪਰਮਾਤਮਾ ਦੀ ਤਰ੍ਹਾਂ ਹੁੰਦੇ ਜਾਵਾਂਗੇ।[34]

ਸਤਿਗੁਰਾਂ ਦਾ ਵੀ ਇਹੀ ਵਿਚਾਰ ਸੀ, ਤਾਂ ਹੀ ਉਨ੍ਹਾਂ ਨੇ ਕਿਹਾ, "ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਿਟਾਈ"।

ਗੁਰੂ ਅਰਜਨ ਦੇਵ ਜੀ ਨੇ ਕਵਿਤਾ ਜਾਂ ਬਾਣੀ ਦੀ ਰਚਨਾ ਹਾਲਾਤ ਦੇ ਵੱਸ ਹੋ ਕੇ ਆਰੰਭ ਕੀਤੀ। ਉਨ੍ਹਾਂ ਦੀ ਸਭ ਤੋਂ ਪਹਿਲੀ ਰਚਨਾ ਦੇ ਪਿੱਛੇ ਇਕ ਘਟਨਾ ਦਾ ਵਰਣਨ ਕਰਨਾ ਗ਼ੈਰ-ਮੁਨਾਸਬ ਨਹੀਂ ਹੋਵੇਗਾ।

ਇਕ ਵਾਰ ਉਨ੍ਹਾਂ ਦੇ ਪਿਤਾ ਗੁਰੂ ਰਾਮਦਾਸ ਜੀ ਨੇ ਆਪਣੇ ਰਿਸ਼ਤੇਦਾਰਾਂ ਦੇ ਆਨੰਦ ਕਾਰਜ ਵਿਚ ਉਨ੍ਹਾਂ ਨੂੰ ਲਾਹੌਰ ਭੇਜਿਆ ਅਤੇ ਕਿਹਾ ਕਿ ਜਦੋਂ ਤਕ ਅਸੀਂ ਨਾ ਬੁਲਾਈਏ ਵਾਪਸ ਨਹੀਂ ਆਉਣਾ। ਵਿਆਹ ਦਾ ਕਾਰਜ ਸਮਾਪਤ ਹੋ ਗਿਆ। ਬਹੁਤ ਦਿਨ ਬੀਤ ਗਏ, ਪਿਤਾ ਗੁਰੂ ਦੇ ਵਲੋਂ ਕੋਈ ਸੰਦੇਸ਼ ਨਹੀਂ ਆਇਆ, ਤਾਂ ਆਪ ਜੀ ਨੇ ਵਿਯੋਗ ਨਾਲ ਵਿਆਕੁਲ ਹੋ ਕੇ ਇਹ ਪ੍ਰੇਮ-ਪੱਤਰ ਲਿਖਿਆ :

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

ਕਹਿੰਦੇ ਹਨ ਕਿ ਇਹ ਪੱਤਰ ਆਪ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਛੁਪਾ ਲਿਆ ਅਤੇ ਗੁਰੂ ਸਾਹਿਬ ਤਕ ਨਾ ਪਹੁੰਚਣ ਦਿੱਤਾ। ਫੇਰ ਉਨ੍ਹਾਂ ਨੇ ਦੂਜਾ ਅਤੇ ਤੀਜਾ ਪੱਤਰ ਲਿਖਿਆ ਜਿਸ ਕਾਰਨ ਆਪ ਜੀ ਨੂੰ ਲਾਹੌਰ ਬੁਲਾ ਲਿਆ ਗਿਆ। ਜਦੋਂ ਆਪ ਜੀ ਆਏ ਤਾਂ ਗੁਰੂ ਪਿਤਾ ਨੇ ਕਿਹਾ ਕਿ ਚੌਥਾ ਪਦ ਰਚ ਕੇ ਇਸ ਛੰਦ ਨੂੰ ਪੂਰਨ ਕਰੋ ਤਾਂ ਆਪ ਜੀ ਨੇ ਜੋ ਉਚਾਰਣ ਕੀਤਾ ਉਹ ਇਸ ਪ੍ਰਕਾਰ ਹੈ:

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵੀ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥[35]

ਇਹ ਇਕ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਪਹਿਲੀ ਰਚਨਾ ਸੀ ਜਿਸ ਨੂੰ ਸੁਣ ਕੇ ਗੁਰੂ ਰਾਮਦਾਸ ਜੀ ਅਤਿਅੰਤ ਖ਼ੁਸ਼ ਹੋਏ। ਇਨ੍ਹਾਂ ਦੀ ਯੋਗਤਾ ਅਤੇ ਜੀਵਨ-ਉਚਤਾ ਵੇਖ ਕੇ ਗੁਰਗੱਦੀ ਇਨ੍ਹਾਂ ਨੂੰ ਸੌਂਪ ਦਿੱਤੀ ਗਈ। ਆਪ ਜਿੰਨੇ ਵੱਡੇ ਮਹਾਨ ਸੰਤ ਸਨ ਉਤਨੇ ਹੀ ਵੱਡੇ ਕਲਾਕਾਰ ਵੀ ਸਨ। ਆਪ ਦੀ ਅਨੁਪਮ ਪ੍ਰਤਿਭਾ, ਅਲੌਕਿਕ ਅਨੁਭਵ, ਵਿਚਾਰਾਂ ਦੀ ਸੂਖਮਤਾ, ਸੰਗੀਤਮਈ ਮਿਠਾਸ ਅਤੇ ਸਿੱਧਾ-ਸਾਦਾ ਸੰਵੇਦਨਸ਼ੀਲ ਵਰਣਨ ਔਲਕਿਕ ਕਿਸਮ ਦਾ ਹੈ।[36]

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਰਚਨਾਵਾਂ ਨੂੰ ਵੇਖਦੇ ਹੋਏ ਉਨ੍ਹਾਂ ਦਾ ਸੰਗੀਤ ਸੰਬੰਧੀ ਗਿਆਨ ਪੂਰਨ ਤੌਰ 'ਤੇ ਪ੍ਰਮਾਣਿਕ ਸਿੱਧ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਸੰਗੀਤ ਦੇ ਚੰਗੇ ਜਾਣਕਾਰ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਸਮੇਂ ਹਰੇਕ ਬਾਣੀ ਸੰਗੀਤ ਦੀਆਂ ਸੀਮਾਵਾਂ ਵਿਚ ਬੰਨ੍ਹ ਕੇ ਬੀੜ ਵਿਚ ਚੜ੍ਹਾਇਆ ਹੈ। ਬਾਣੀ ਰਚਦੇ ਸਮੇਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਸਮੇਂ ਗੁਰੂ ਜੀ ਦੁਆਰਾ ਅਨੇਕ ਪ੍ਰਕਾਰ ਦੀਆਂ ਸੰਗੀਤਕ ਸ਼ੈਲੀਆਂ ਦਾ ਤਾਲਮੇਲ, ਸਮੇਂ ਅਤੇ ਰਿਤੂਆਂ ਦੀ ਪਾਬੰਦੀ, ਜਾਤੀਆਂ, ਪ੍ਰਦੇਸ਼ਾਂ ਅਤੇ ਸੰਸਕ੍ਰਿਤੀਆਂ ਦੇ ਵਿਚ ਤਾਲਮੇਲ ਕਾਇਮ ਰੱਖਣ ਦੀ ਪ੍ਰਵਿਰਤੀ, ਰਹਾਉ ਦਾ ਪ੍ਰਯੋਗ, ਧੁਨਾਂ, ਘਰਾਂ ਦੀ ਵਿਸ਼ੇਸ਼ ਵਿਧੀ ਆਦਿ ਅਨੇਕ ਵਿਸ਼ੇਸ਼ਤਾਈਆਂ ਉਨ੍ਹਾਂ ਦੀ ਸੰਗੀਤ ਪ੍ਰਬੀਨਤਾ ਦਾ ਪ੍ਰਮਾਣ ਹਨ।[37]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਸੰਗੀਤ-ਸ਼ਰਧਾ ਕਲਾਤਮਕ ਦ੍ਰਿਸ਼ਟੀ ਤੋਂ ਨਿਪੁੰਨ ਹੈ ਅਤੇ ਸਮਕਾਲੀਨ ਭਗਤਾਂ, ਸੰਤਾਂ ਨਾਲ ਇਸ ਖੇਤਰ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

ਉਨ੍ਹਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ ਅਨੁਸਾਰ ਕੀਤਾ ਸੰਪਾਦਨ ਹੀ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਸੰਗੀਤ ਨੂੰ ਉਨ੍ਹਾਂ ਦੀ ਕਾਵਿ-ਭੂਮੀ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਸੀ। ਗੁਰੂ ਅਰਜਨ ਦੇਵ ਜੀ ਦੇ ਵਲੋਂ ਕੁਝ ਵਾਰਾਂ ਦੇ

ਉੱਤੇ ਧੁਨੀਆਂ ਦਾ ਚੜ੍ਹਾਇਆ ਜਾਣਾ ਉਨ੍ਹਾਂ ਦਾ ਲੋਕ-ਧਾਰਨਾ ਨਾਲ ਗੂੜ੍ਹਾ ਸੰਬੰਧ ਸਥਾਪਿਤ ਕਰਦਾ ਹੈ। ਗੁਰਮਤਿ ਸੰਗੀਤ ਦਾ ਸ਼ਾਸਤਰੀ ਅਤੇ ਦੇਸੀ ਸੰਗੀਤ ਨਾਲ ਸੁਮੇਲ ਹੈ ਅਤੇ ਇਸ ਦਾ ਮੂੰਹ ਲੋਕ-ਧਾਰਨਾ ਵੱਲ ਹੈ।

ਗੁਰੂ ਅਰਜਨ ਦੇਵ ਜੀ ਦੀ ਸੰਗੀਤ ਨਿਪੁੰਨਤਾ ਦੇ ਵਿਸ਼ੇ ਬਾਰੇ ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਉਨ੍ਹਾਂ ਦੀ ਸੰਗੀਤ ਵਿੱਦਿਆ ਦੀ ਜਾਣਕਾਰੀ ਦਾ ਇਸ ਤੱਥ ਤੋਂ ਵੀ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਲਗਪਗ ਤੀਹ ਰਾਗਾਂ ਵਿਚ ਆਪਣੀ ਰਚਨਾ ਕੀਤੀ ਹੈ। ਫਿਰ ਇਨ੍ਹਾਂ ਰਾਗਾਂ ਵਿਚ ਉਚਾਰਣ ਕੀਤੇ ਗਏ ਗੀਤਾਂ ਅਤੇ ਭਜਨਾਂ ਉੱਤੇ ਇਕ ਤੋਂ ਲੈ ਕੇ 17 ਤਾਲ ਜਾਂ ਘਰ ਦਾ ਵੀ ਸੰਕੇਤ ਮਿਲਦਾ ਹੈ। ਇਸ ਤੋਂ ਭਾਵ ਹੈ ਕਿ ਇਹ ਭਜਨ ਜਾਂ ਛੰਦ ਕਿਸ ਤਾਲ ਵਿਚ ਗਾਇਆ ਜਾਣਾ ਹੈ। ਸੰਗੀਤਕਾਰ ਜਾਣਦੇ ਹਨ ਕਿ ਤਿੰਨ ਜਾਂ ਚਾਰ ਤਾਲ ਤੋਂ ਉੱਤੇ ਦਾ ਗਾਇਨ ਕਿੰਨਾ ਔਖਾ, ਨਿਰੰਤਰ ਅਤੇ ਦੀਰਘ ਅਭਿਆਸ ਦਾ ਕੰਮ ਹੈ। ਗੁਰੂ ਸਾਹਿਬ ਕਲਾ ਦੀਆਂ ਇਨ੍ਹਾਂ ਗਹਿਰਾਈਆਂ ਨਾਲ ਚੰਗੀ ਤਰ੍ਹਾਂ ਜਾਣੂ ਸਨ ਅਤੇ ਇਸ ਦਾ ਪ੍ਰਭਾਵ ਉਨ੍ਹਾਂ ਦੀ ਬਾਣੀ ਵਿਚ ਮਿਲਦਾ ਹੈ। ਜੇਕਰ ਅਸੀਂ ਗੁਰੂ ਜੀ ਦੀ ਬਾਣੀ ਨੂੰ ਇਸ ਦ੍ਰਿਸ਼ਟੀ ਨਾਲ ਵੇਖੀਏ ਤਾਂ ਨਿਰਸੰਦੇਹ ਇਸ ਨੂੰ "ਗੀਤ ਕਾਵਿ" ਆਖ ਸਕਦੇ ਹਾਂ ਜਿਸ ਵਿਚ ਡੂੰਘੀ ਭਾਵੁਕਤਾ ਆਪਣਾ ਰੰਗ ਲੈ ਕੇ ਅਨੂਠੀ ਵੀਣਾ ਨੂੰ ਗੁੰਜਾਊ ਕੀਤਾ ਹੋਇਆ ਹੈ।[38]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਸੰਗੀਤ ਕਲਾ ਦੇ ਬਹੁਪੱਖੀ ਪਾਰਖੂ ਗਿਆਤਾ ਸਨ। ਉਹ ਨਾ ਸਿਰਫ਼ ਇਕ ਸੰਗੀਤ ਗਿਆਤਾ ਸਨ ਸਗੋਂ ਕੁਸ਼ਲ ਗਾਇਕ ਵੀ ਸਨ। ਉਨ੍ਹਾਂ ਨੇ ਆਪ ਖ਼ੁਦ ਬਾਣੀ ਦਾ ਗਾਇਨ ਕਰ ਕੇ ਅਤੇ ਸਿੱਖਾਂ ਨੂੰ ਗਾਇਨ ਲਈ ਉਤਸ਼ਾਹਿਤ ਕਰ ਕੇ ਕੀਰਤਨ ਦੀ ਇਕ ਨਵੀਂ ਰੀਤ ਦਾ ਆਰੰਭ ਕੀਤਾ।

ਗੁਰਬਾਣੀ ਨੂੰ ਸਭ ਤੋਂ ਪਹਿਲੇ ਉਚਾਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗਾਇਕ ਭਾਈ ਮਰਦਾਨਾ ਜੀ ਸਨ। ਉਸ ਤੋਂ ਉਪਰੰਤ ਬਾਣੀ ਗਾਇਨ ਦਾ ਕਾਰਜ ਭਾਈ ਮਰਦਾਨਾ ਜੀ ਦੇ ਵੰਸ਼ਜ ਸੱਤਾ ਬਲਵੰਡ ਹੀ ਕਰਦੇ ਸਨ। ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਤਕ ਇਨ੍ਹਾਂ ਦੇ ਦੁਆਰਾ ਕੀਰਤਨ ਸ੍ਰਵਣ ਕੀਤਾ ਜਾਂਦਾ ਸੀ ਪਰੰਤੂ ਗੁਰੂ ਅਰਜਨ ਦੇਵ ਜੀ ਦੇ ਸਮੇਂ ਇਨ੍ਹਾਂ ਦੀ ਗੁਰੂ ਜੀ ਨਾਲ ਕਿਸੇ ਗੱਲ ਤੋਂ ਨਾਰਾਜ਼ਗੀ ਹੋ ਗਈ ਜਿਸ ਕਰਕੇ ਇਨ੍ਹਾਂ ਨੇ ਗੁਰੂ ਦਰਬਾਰ ਵਿਚ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨੇ ਆਪ ਜਾ ਕੇ ਇਨ੍ਹਾਂ ਨੂੰ ਮਨਾਉਣਾ ਚਾਹਿਆ ਪਰੰਤੂ ਉਨ੍ਹਾਂ ਨੇ ਕੌੜੇ ਸ਼ਬਦ ਬੋਲਣੇ ਸ਼ੁਰੂ ਕਰ ਦਿੱਤੇ। ਇਥੋਂ ਤਕ ਕਿ ਉਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਦੀ ਸ਼ਾਨ ਵਿਚ ਬੁਰੇ ਬੋਲ ਬੋਲੇ ਕਿ ਜੇਕਰ ਸਾਡਾ ਬਜ਼ੁਰਗ ਭਾਈ ਮਰਦਾਨਾ ਕੀਰਤਨ ਨਾ ਕਰਦਾ ਤਾਂ ਗੁਰੂ ਨਾਨਕ ਸਾਹਿਬ ਨੂੰ ਕੌਣ ਜਾਣਦਾ।[39]

ਜਦੋਂ ਗੁਰੂ ਜੀ ਦੇ ਮਨਾਉਣ 'ਤੇ ਵੀ ਸੱਤਾ ਅਤੇ ਬਲਵੰਡ ਨਾ ਮੰਨੇ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਹ ਖ਼ੁਦ ਹੀ ਕੀਰਤਨ ਕਰਿਆ ਕਰਨ। ਗੁਰੂ ਨਾਨਕ ਪਾਤਸਾਹ ਦੀ ਸ਼ਾਨ ਵਿਚ ਬੁਰੇ ਬੋਲ ਬੋਲਣ ਦੇ ਕਾਰਣ ਸਤਿਗੁਰੂ ਜੀ ਨੇ ਸਿੱਖਾਂ ਨੂੰ ਸੱਤੇ ਬਲਵੰਡ ਤੋਂ ਕੀਰਤਨ ਸੁਣਨ 'ਤੇ ਵੀ ਰੋਕ ਲਾ ਦਿੱਤੀ। ਕੀਰਤਨ

ਕਿਵੇਂ ਕੀਤਾ ਜਾਵੇ ਇਸ ਲਈ ਉਨ੍ਹਾਂ ਨੇ ਖ਼ੁਦ ਸਿੱਖਾਂ ਦਾ ਮਾਰਗ-ਦਰਸ਼ਨ ਕੀਤਾ ਕਿਉਂਕਿ ਕੀਰਤਨ ਮਾਹੌਲ ਵਿਚ ਪਲੇ ਹੋਏ ਗੁਰੂ ਅਰਜਨ ਦੇਵ ਜੀ ਰਾਗ ਵਿੱਦਿਆ ਵਿਚ ਕਾਫ਼ੀ ਨਿਪੁੰਨ ਹੋ ਚੁੱਕੇ ਸਨ। ਇਸ ਤਰ੍ਹਾਂ ਜੋ ਕੀਰਤਨ ਕਰਨ ਦੀ ਪ੍ਰਥਾ ਸਿਰਫ਼ ਭੱਟਾਂ ਦੇ ਕੋਲ ਸੀ ਹੁਣ ਗੁਰੂ ਜੀ ਦੀ ਕਿਰਪਾ ਸਦਕਾ ਉਹ ਅਧਿਕਾਰ ਸਿੱਖਾਂ ਨੂੰ ਮਿਲ ਗਿਆ ਅਤੇ ਸਿੱਖਾਂ ਨੇ ਖ਼ੁਦ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ ਜਿਸ ਨਾਲ ਭਗਤੀ ਸੰਗੀਤ ਦਾ ਹੋਰ ਵੱਧ ਪ੍ਰਚਾਰ ਹੋ ਸਕਿਆ। ਗੁਰਦੁਆਰਿਆਂ ਵਿਚ ਵੀ ਕੀਰਤਨ ਹੁੰਦਾ ਸੀ। ਹੁਣ ਹਰੇਕ ਅਵਸਰ ਭਾਵੇਂ ਉਹ ਵਿਆਹ ਸ਼ਾਦੀ ਦਾ ਹੋਵੇ ਜਾਂ ਜੀਵਨ-ਮ੍ਰਿਤੂ ਦਾ, ਹਰੇਕ ਸੰਸਕਾਰ ਵਿਚ ਬਾਣੀ ਦਾ ਕੀਰਤਨ ਕੀਤਾ ਜਾਂਦਾ ਹੈ ਜਿਸ ਦਾ ਆਰੰਭ ਗੁਰੂ ਅਮਰਦਾਸ ਜੀ ਕਰ ਗਏ ਸਨ। ਅੰਤਰ ਸਿਰਫ਼ ਇੰਨਾ ਸੀ ਕਿ ਉਸ ਸਮੇਂ ਸਿਰਫ਼ ਭੱਟ ਹੀ ਕੀਰਤਨ ਕਰਿਆ ਕਰਦੇ ਸਨ ਹੁਣ ਸਾਰੇ ਸਿੱਖ ਆਪ ਕੀਰਤਨ ਕਰਨ ਲੱਗ ਪਏ ਅਤੇ ਕੀਰਤਨ ਕਰਨ ਲਈ ਰਾਗ ਵਿੱਦਿਆ ਦਾ ਗਿਆਨ ਵੀ ਪ੍ਰਾਪਤ ਕਰਨ ਲੱਗੇ ਜਿਸ ਕਾਰਣ ਨਾ ਸਿਰਫ਼ ਭਗਤੀ ਸੰਗੀਤ ਨੂੰ ਉਤਸ਼ਾਹ ਮਿਲਿਆ ਸਗੋਂ ਸ਼ਾਸਤਰੀ ਸੰਗੀਤ ਦਾ ਵੀ ਵਿਕਾਸ ਹੋਇਆ।

ਗੁਰੂ ਜੀ ਦੁਆਰਾ ਜਾਰੀ ਕੀਤੇ ਇਸ ਹੁਕਮ ਨਾਲ ਕਿ ਹੁਣ ਸਿੱਖ ਖ਼ੁਦ ਕੀਰਤਨ ਕਰਨਗੇ, ਇਹ ਲਾਭ ਹੋਇਆ ਕਿ ਹੁਣ ਸੰਗੀਤ (ਕੀਰਤਨ) ਸੁਣਨ ਵਾਸਤੇ ਲੋਕਾਂ ਨੂੰ ਮਿਰਾਸੀਆਂ ਜਾਂ ਢਾਡੀਆਂ ਦੇ ਕੋਲ ਜਾਣ ਦੀ ਮੁਥਾਜੀ ਨਾ ਰਹੀ। ਭਾਰਤ ਵਿਚ ਵਰਣ-ਵੰਡ ਅਤੇ ਕੰਮ ਵੰਡ ਦੀ ਚਲੀ ਆ ਰਹੀ ਰੀਤੀ ਅਨੁਸਾਰ ਰਾਗ ਦਾ ਕੰਮ ਮਿਰਾਸੀਆਂ ਨੂੰ ਹੀ ਸੌਂਪ ਦਿੱਤਾ ਗਿਆ ਸੀ। ਗੁਰੂ ਜੀ ਨੇ ਸੰਗੀਤ ਵਿਦਿਆ ਨੂੰ ਸੀਮਤ ਘੇਰੇ ਵਿਚੋਂ ਕੱਢ ਕੇ ਲੋਕਾਂ ਦੇ ਵਿਸ਼ਾਲ ਸਮੂਹ ਨੂੰ ਸੌਂਪ ਦਿੱਤਾ।

ਗੁਰੂ ਅਰਜਨ ਦੇਵ ਜੀ ਦਾ ਕਹਿਣਾ ਹੈ ਕਿ ਜੋ ਧੁਨ ਜਾਂ ਰਾਗ ਗਾਇਆ ਜਾਏ ਉਸ ਵਿਚ ਓਅੰਕਾਰ ਦੇ ਵਾਸਤੇ ਪ੍ਰੀਤੀ ਪ੍ਰਦਰਸ਼ਿਤ ਹੋਣੀ ਚਾਹੀਦੀ ਹੈ। ਉਹ ਸਰਬ-ਵਿਆਪੀ ਹੈ ਅਤੇ ਉਸ ਦੇ ਦਰਸ਼ਨ ਗੁਰੂ ਦੇ ਮਾਧਿਅਮ ਤੋਂ ਹੀ ਕੀਤੇ ਜਾ ਸਕਦੇ ਹਨ :

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥

ਗੁਰੂ ਅਰਜਨ ਦੇਵ ਜੀ ਨੇ ਕੀਰਤਨ ਨੂੰ ਇੰਨਾ ਮਹੱਤਵ ਦਿੱਤਾ ਕਿ ਉਨ੍ਹਾਂ ਦੇ ਅਨੁਸਾਰ ਉਹ ਝੌਂਪੜੀ ਵੀ ਰਾਜ ਮਹੱਲ ਤੋਂ ਘੱਟ ਸੋਹਣੀ ਨਹੀਂ ਜਿਥੇ ਪ੍ਰਭੂ ਦੇ ਗੁਣਾਂ ਦਾ ਗਾਇਨ ਹੁੰਦਾ ਹੈ ਅਤੇ ਉਹ ਰਾਜ ਮਹੱਲ ਕਿਸੇ ਕੰਮ ਦਾ ਨਹੀਂ ਜਿਸ ਵਿਚ ਰਹਿਣ ਵਾਲੇ ਲੋਕਾਂ ਨੇ ਪ੍ਰਭੂ ਨੂੰ ਭੁਲਾ ਦਿੱਤਾ ਹੈ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥

ਗੁਰੂ ਅਰਜਨ ਦੇਵ ਜੀ ਨੇ ਤਾਂ ਮੁਕਤੀ ਦਾ ਸਾਧਨ ਕੀਰਤਨ ਨੂੰ ਮੰਨਿਆ ਹੈ। ਜਦੋਂ ਭਾਈ ਝਾਤੂ, ਭਾਈ ਮੁੰਦਕਾ, ਭਾਈ ਕੇਦਾਰਾ ਅਤੇ ਭਾਈ ਕਲਿਆਣਾ ਜੀ

ਨੇ ਗੁਰੂ ਜੀ ਤੋਂ ਪੁੱਛਿਆ ਕਿ ਉਨ੍ਹਾਂ ਦਾ ਉੱਧਾਰ ਕਿਸ ਤਰ੍ਹਾਂ ਹੋਵੇਗਾ ਤਾਂ ਮਹਾਰਾਜ ਨੇ ਫ਼ੁਰਮਾਇਆ :

ਰਾਗਾਂ ਦੀ ਤੁਹਾਨੂੰ ਸੂਝ ਹੈ। ਕੀਰਤਨ ਕਰਨਾ :

ਗੁਰਬਾਣੀ ਰਾਗਨ ਮਹਿ ਗਾਓ
ਨੀਕੇ ਪ੍ਰਭੂ ਕੋ ਸੁਜਸ ਬਸਾਓ।[40]

ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਇਸ ਸੰਸਾਰ ਵਿਚ ਉਸੇ ਮਨੁੱਖ ਦਾ ਆਉਣਾ ਸਫਲ ਹੈ ਜੋ ਪਰਮਾਤਮਾ ਦੀ ਨੇੜਤਾ ਨੂੰ ਮਹਿਸੂਸ ਕਰਦਾ ਹੋਇਆ ਉਸ ਦੇ ਪ੍ਰੇਮ ਵਿਚ ਲੀਨ ਹੋ ਕੇ ਉਸ ਦੀ ਭਗਤੀ ਕਰਦਾ ਹੈ। ਅਜਿਹੀ ਹਾਰਦਿਕ ਪ੍ਰੇਮ ਭਗਤੀ ਵਿਚ ਉਹ ਪੂਰਨ ਰੂਪ ਵਿਚ ਲੀਨ ਹੋ ਕੇ ਜੋ ਕੀਰਤਨ ਕਰਦਾ ਹੈ ਉਹ ਉਸ ਦੀ ਆਤਮਾ ਦੀਆਂ ਗਹਿਰਾਈਆਂ ਤਕ ਪ੍ਰਭਾਵ ਪਾਉਂਦਾ ਹੈ :

ਸਫਲੁ ਜਨਮੁ ਤਾਂ ਕਾ ਪਰਵਾਣੁ ॥ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ॥
ਜਨਮ ਜਨਮ ਕਾ ਸੋਇਆ ਜਾਗੈ ॥੩॥

ਕੀਰਤਨ ਨੂੰ ਗੁਰੂ ਅਰਜਨ ਦੇਵ ਜੀ ਨੇ ਭਗਤੀ ਦੇ ਸਮੁੱਚੇ ਸਾਧਨਾਂ ਤੋਂ ਸ੍ਰੇਸ਼ਟ ਮੰਨਿਆ ਹੈ। ਕਲਯੁੱਗ ਵਿਚ ਭਗਤੀ ਦਾ ਇਕ ਇਹੀ ਪ੍ਰਮੁੱਖ ਸਾਧਨ ਹੈ ਜਿਸ ਦੁਆਰਾ ਜੀਵ ਨਾ ਸਿਰਫ਼ ਆਪ ਹੀ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ ਸਗੋਂ ਸਾਰੀ ਕੁਲ ਨੂੰ ਤਾਰਨ ਦੀ ਯੋਗਤਾ ਪ੍ਰਾਪਤ ਕਰ ਸਕਦਾ ਹੈ। ਅਜਿਹਾ ਮਨੁੱਖ ਹੀ ਪ੍ਰਭੂ ਦੀ ਦਰਗਾਹ ਵਿਚ ਮਾਣ ਅਤੇ ਇੱਜ਼ਤ ਨਾਲ ਪ੍ਰਵੇਸ਼ ਕਰਦਾ ਹੈ :

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥

ਗੁਰੂ ਜੀ ਦੇ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ ਕੀਰਤਨ ਕਰਨਾ ਚਾਹੀਦਾ ਹੈ। ਪਰੰਤੂ ਪ੍ਰਭੂ ਦਾ ਕੀਰਤਨ ਗਾਇਨ ਕਰਨਾ ਸਿਰਫ਼ ਉਨ੍ਹਾਂ ਮਨੁੱਖਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਉੱਤੇ ਪ੍ਰਭੂ ਆਪ ਕਿਰਪਾ ਕਰਦੇ ਹਨ। ਸੋ ਗੁਰੂ ਜੀ ਉਨ੍ਹਾਂ ਲੋਕਾਂ ਦੇ ਭਾਗ ਦੀ ਪ੍ਰਸੰਸਾ ਕਰਦੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਗੁਣਗਾਨ ਕਰਨਾ ਨਸੀਬ ਹੁੰਦਾ ਹੈ ਅਤੇ ਜਿਨ੍ਹਾਂ ਨੇ ਸੰਤਾਂ ਦੀ ਸੰਗਤ ਦੁਆਰਾ ਪ੍ਰਭੂ ਦੀ ਨੇੜਤਾ ਨੂੰ ਮਹਿਸੂਸ ਕਰ ਲਿਆ ਹੈ :

ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥
ਸੰਤਸੰਗਿ ਨਾਨਕ ਪ੍ਰਭੁ ਪਾਇਆ ॥੪॥

ਜਿਥੇ ਕੀਰਤਨ ਕਰਨ ਦੇ ਵਧੀਆ ਫਲ ਮਨੁੱਖ ਨੂੰ ਪ੍ਰਾਪਤ ਹੁੰਦੇ ਹਨ ਉਥੇ ਕੀਰਤਨ ਸੁਣਨ ਦੇ ਫਲਾਂ ਦਾ ਵੀ ਗੁਰੂ ਸਾਹਿਬ ਨੇ ਵਰਣਨ ਕੀਤਾ ਹੈ। ਆਪ ਫ਼ਰਮਾਉਂਦੇ ਹਨ ਕਿ ਜੋ ਗੁਰਮੁਖ ਹਰਿ ਦਾ ਕੀਰਤਨ ਸੁਣਦੇ ਹਨ ਉਨ੍ਹਾਂ ਦੇ ਮਨ ਤੋਂ ਹਰੇਕ ਪ੍ਰਕਾਰ ਦੇ ਵੈਰ-ਵਿਰੋਧ ਮਿਟ ਜਾਂਦੇ ਹਨ :

ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥[41]

ਹਰਿ ਦਾ ਕੀਰਤਨ ਕਰਨ ਵਾਲਾ ਅਤੇ ਸੁਣਨ ਵਾਲਾ ਦੋਵੇਂ ਹੀ ਪ੍ਰਭੂ ਦੇ ਪ੍ਰੇਮ-ਪਾਤਰ ਬਣਦੇ ਹਨ।

ਕੀਰਤਨ ਦਾ ਅਸਲੀ ਰਸ ਸੁਣਨ ਦੇ ਲਈ ਗੁਰਦੁਆਰੇ ਜਾਣ ਦੀ ਲੋੜ ਹੈ। ਸਤਿਗੁਰੂ ਦੇ ਦਰਸ਼ਨ ਕਰ ਕੇ ਸੁਖ ਨਾਲ ਹਰਿ ਜਸ ਗਾਇਨ ਕਰਨ ਦੇ ਨਾਲ ਅਤੇ ਸੁਣਨ ਦੇ ਨਾਲ ਇਕ ਅਨੋਖੀ ਅਤੇ ਅਗੰਮੀ ਰਸ ਦੀ ਝੁਨਕਾਰ ਛਿੜਦੀ ਹੈ—ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਆਤਮਾ ਖਿੜ ਉੱਠਦੀ ਹੈ। ਹਰ ਪ੍ਰਕਾਰ ਦੇ ਦੁਖ-ਕਲੇਸ਼ ਮਿੱਟ ਜਾਂਦੇ ਹਨ। ਮਨੁੱਖ ਇਸ ਯੋਗ ਹੋ ਜਾਂਦਾ ਹੈ ਕਿ ਉਸ ਪ੍ਰਭੂ ਦੀ ਸ਼ਰਨ ਵਿਚ ਸਨਮਾਨ ਮਿਲ ਸਕੇ :

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥੪॥[42]

ਪੁਰਾਤਨ ਸਮੇਂ ਵਿਚ ਗਾਉਣ ਵਾਲੇ ਨੂੰ 'ਗਾਂਧਰਵ' ਅਤੇ ਸਾਜ਼ ਵਜਾਉਣ ਵਾਲੇ ਨੂੰ 'ਕਿੰਨਰ' ਕਿਹਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਚ ਗਾਂਧਰਵ ਨੂੰ ਗਾਵਣਹਾਰਾ ਅਤੇ ਕਿੰਨਰ ਨੂੰ ਬਾਵਣਹਾਰਾ ਕਿਹਾ ਹੈ ਜਿਨ੍ਹਾਂ ਨੂੰ ਅੱਜ ਅਸੀਂ ਗਵੈਯਾ ਜਾਂ ਵਾਦਕ ਆਖਦੇ ਹਾਂ।[43]

ਉਹ ਆਪ ਖ਼ੁਦ ਇਕ ਗਾਇਕ ਸਨ। ਗਾਇਕ ਹੀ ਨਹੀਂ, ਵਾਦਕ ਵੀ ਸਨ। ਉਨ੍ਹਾਂ ਦੀ ਵਾਦਨ ਸਮਰੱਥਾ ਦਾ ਸਬੂਤ ਇਸ ਘਟਨਾ ਤੋਂ ਚੰਗੀ ਤਰ੍ਹਾਂ ਮਿਲ ਜਾਂਦਾ ਹੈ।

ਜਦੋਂ ਸੱਤਾ ਅਤੇ ਬਲਵੰਡ ਗੁਰੂ ਜੀ ਦੇ ਮਨਾਉਣ 'ਤੇ ਵੀ ਨਾ ਮੰਨੇ ਤਾਂ ਗੁਰੂ ਮਹਾਰਾਜ ਨੇ ਆਪ ਸਾਜ਼ ਫੜ ਕੇ ਰੱਬੀ ਕੀਰਤਨ ਸ਼ੁਰੂ ਕਰ ਦਿੱਤਾ।[44]

ਗੁਰੂ ਜੀ ਦੀ ਗਾਇਨ-ਵਾਦਨ ਸਮਰੱਥਾ ਦੀ ਇਕ ਹੋਰ ਉਦਾਹਰਣ ਮਿਲਦੀ ਹੈ—ਜਦੋਂ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਜੀ ਤੋਂ ਗੁਰੂ ਅਮਰਦਾਸ ਜੀ ਹੋਰਨਾਂ ਗੁਰੂਆਂ ਦੀਆਂ ਰਚਨਾਵਾਂ ਲੈਣ ਗਏ ਤਾਂ ਬਾਬਾ ਮੋਹਨ ਜੀ ਨੇ ਗੁਰੂ ਜੀ ਨੂੰ ਉਹ ਰਚਨਾਵਾਂ ਦੇਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਸਾਰੰਦਾ ਸੁਰ ਕੀਤਾ ਅਤੇ ਬਾਬਾ ਮੋਹਨ ਜੀ ਦੇ ਚੁਬਾਰੇ ਦੇ ਹੇਠਾਂ ਗਲੀ ਵਿਚ ਖੜੇ ਹੋ ਕੇ ਸ਼ਬਦ ਗਾਇਨ ਸ਼ੁਰੂ ਕੀਤਾ :

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥[45]

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਸ਼ਾਮਲ 31 ਰਾਗਾਂ ਵਿਚੋਂ 30 ਰਾਗਾਂ ਵਿਚ ਆਪਣੀਆਂ ਰਚਨਾਵਾਂ ਦਾ ਗਾਇਨ ਕੀਤਾ। ਗੁਰੂ ਜੀ ਆਪ ਵੀ ਭਾਰਤੀ ਸੰਗੀਤ ਦੇ ਗਿਆਤਾ ਸਨ। ਆਦਿ ਗ੍ਰੰਥ ਦਾ ਸੰਪਾਦਨ ਕਰਦੇ ਸਮੇਂ ਗੁਰੂ ਜੀ ਨੂੰ ਪਤਾ ਸੀ ਕਿ ਉਹ ਸੰਗੀਤ ਦੀ ਪੁਸਤਕ ਨਹੀਂ ਲਿਖ ਰਹੇ, ਸਗੋਂ ਉਹ ਇਕ ਅਤਿਅੰਤ

ਪਵਿੱਤਰ ਅਤੇ ਧਾਰਮਿਕ ਕਾਰਜ ਕਰ ਰਹੇ ਸਨ। ਇਸ ਲਈ ਉਨ੍ਹਾਂ ਨੇ ਸਮੂਹ ਰਾਗਾਂ ਨੂੰ ਆਦਿ ਗੁਰੂ ਗ੍ਰੰਥ ਵਿਚ ਸਥਾਨ ਨਹੀਂ ਦਿੱਤਾ ਜਿਨ੍ਹਾਂ ਨੂੰ ਉਸ ਸਮੇਂ ਉਨ੍ਹਾਂ ਨੇ ਗ੍ਰਹਿਣ ਕੀਤਾ। ਉਨ੍ਹਾਂ ਨੇ ਵੀ ਹੋਰਨਾਂ ਗੁਰੂਆਂ ਦੀ ਤਰ੍ਹਾਂ ਉਨ੍ਹਾਂ ਰਾਗਾਂ ਨੂੰ ਬਾਣੀ ਰਚਣ ਲਈ ਚੁਣਿਆ ਹੋਵੇਗਾ ਜੋ ਉਸ ਸਮੇਂ ਹਰਮਨ ਪਿਆਰੇ ਰਹੇ ਹੋਣਗੇ। ਗੁਰੂ ਅਰਜਨ ਦੇਵ ਜੀ ਨੇ ਜੈਜੈਵੰਤੀ ਰਾਗ ਨੂੰ ਛੱਡ ਕੇ ਗੁਰੂ ਗ੍ਰੰਥ ਸਾਹਿਬ ਦੇ ਸਮੂਹ ਰਾਗਾਂ ਵਿਚ ਬਾਣੀ ਦਾ ਸੰਪਾਦਨ ਕੀਤਾ। ਗੁਰੂ ਜੀ ਨੇ ਜਿਨ੍ਹਾਂ 12 ਰਾਗਾਂ ਦਾ ਵੱਧ ਪ੍ਰਯੋਗ ਕੀਤਾ ਉਨ੍ਹਾਂ ਦੀ ਸਾਰਣੀ ਇਥੇ ਪ੍ਰਸਤੁਤ ਹੈ :

1. ਗਉੜੀ	2. ਆਸਾ
3. ਦੇਵਗੰਧਾਰੀ	4. ਸੋਰਠਿ
5. ਧਨਾਸਰੀ	6. ਸੂਹੀ
7. ਬਿਲਾਵਲ	8. ਰਾਮਕਲੀ
9. ਮਾਰੂ	10. ਭੈਰਉ
11. ਸਾਰੰਗ	12. ਕਾਨੜਾ

ਆਦਿ ਗ੍ਰੰਥ ਦੇ ਰਾਗਾਂ ਨੂੰ ਉਨ੍ਹਾਂ ਦੀ ਪਰੰਪਰਾ ਅਨੁਸਾਰ ਗੁਰੂ ਜੀ ਨੇ ਪੰਜ ਭਾਗਾਂ ਵਿਚ ਵੰਡਿਆ ਅਤੇ ਇਨ੍ਹਾਂ ਨੂੰ "ਕੀਰਤਨ ਦੀ ਚੌਕੀ" ਦਾ ਨਾਮ ਦਿੱਤਾ। ਕੀਰਤਨ ਦੀ ਚੌਕੀ ਦੇ ਵੱਲ ਧਿਆਨ ਦੇਣ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਗਾਂ ਦੇ ਸਮੇਂ ਅਨੁਸਾਰ ਹੀ ਇਹ ਪਰੰਪਰਾ ਆਰੰਭ ਹੋਈ। ਸਿੱਖ ਧਾਰਮਿਕ ਸੰਗੀਤ ਦੇ ਕੁਸ਼ਲ ਅਤੇ ਅਧਿਕਾਰੀ ਵਿਦਵਾਨ ਡਾ. ਅਜੀਤ ਸਿੰਘ ਪੇਂਟਲ ਨੇ ਵੀ ਗੁਰੂ ਗ੍ਰੰਥ ਸਾਹਿਬ ਉੱਤੇ ਆਪਣੇ ਲਾਸਾਨੀ ਸ਼ੋਧ ਕਾਰਜ ਤੋਂ ਉਪਰੰਤ ਇਹ ਸਿੱਟਾ ਕੱਢਿਆ ਹੈ। ਉਨ੍ਹਾਂ ਦਾ ਕਥਨ ਹੈ ਕਿ :

> The Ragas of Guru Granth Sahib were classified under five groups according to the traditional time of the Ragas and the name 'Chowki of Kirtan' was given by the Gurus.[46]

ਕੁਝ ਖੋਜਾਰਥੀਆਂ ਦੀ ਰਾਏ ਅਨੁਸਾਰ ਇਹ ਨਿਰਵਿਵਾਦ ਸੱਚਾਈ ਹੈ ਕਿ ਕੀਰਤਨ ਦੀਆਂ ਦੋ ਚੌਕੀਆਂ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਚੁੱਕੀ ਸੀ। ਇਨ੍ਹਾਂ ਵਿਚੋਂ ਪਹਿਲੀ ਚੌਕੀ "ਆਸਾ ਦੀ ਵਾਰ" ਦੀ ਸੀ, ਜਿਸ ਦੇ ਆਰੰਭ ਹੋਣ ਦਾ ਸਮਾਂ ਸੂਰਜ ਉੱਗਣ ਦੇ ਪਹਿਲਾਂ ਦਾ ਹੁੰਦਾ ਸੀ ਅਤੇ ਦੂਜੀ ਚੌਕੀ "ਸੋਦਰੁ ਦੀ ਚੌਕੀ" ਸੀ ਜਿਸ ਦਾ ਆਰੰਭ ਸੂਰਜ ਡੁੱਬਣ ਦੇ ਬਾਅਦ ਨਿਸ਼ਚਿਤ ਕੀਤਾ ਗਿਆ ਸੀ। ਡਾ. ਅਜੀਤ ਸਿੰਘ ਪੇਂਟਲ ਨੇ ਵੀ ਇਸ ਰਾਏ ਦੀ ਪੁਸ਼ਟੀ ਕਰਦੇ ਹੋਏ ਲਿਖਿਆ ਹੈ :

> The services of 'Asa di Vaar' before sunrise and second of 'Sodar' after sunset used to be held at Kartarpur during the time of Guru Nanak.[47]

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਆਪਣੀ ਸਾਧਨਾ ਦਾ ਕੇਂਦਰ ਕਰਤਾਰਪੁਰ ਨੂੰ ਬਣਾਇਆ ਸੀ ਉਥੇ ਰੋਜ਼ਾਨਾ ਸਵੇਰੇ ਅਤੇ ਸ਼ਾਮ ਨੂੰ ਕੀਰਤਨ ਹੁੰਦਾ ਸੀ। "ਆਸਾ ਦੀ ਵਾਰ" ਦੀ ਕੀਰਤਨ ਪਰੰਪਰਾ ਇਥੋਂ ਹੀ ਆਰੰਭ ਹੋਈ ਜੋ ਅੱਜ ਤਕ ਚਲੀ ਆ ਰਹੀ ਹੈ। ਉਸ ਦਾ ਸਮਾਂ ਸੂਰਜ ਉੱਗਣ ਤੋਂ ਪਹਿਲੇ ਸੀ।

ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਤਕ ਕੀਰਤਨ ਦੀਆਂ ਇਹ ਦੋਵੇਂ ਚੌਕੀਆਂ ਹੀ ਪ੍ਰਚਾਰ ਵਿਚ ਰਹੀਆਂ। ਪਰੰਤੂ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਕਰਨ ਉਪਰੰਤ ਪਹਿਲੀ ਵਾਰ ਕੀਰਤਨ ਦੀ ਮਰਿਆਦਾ ਹਰਿਮੰਦਰ ਸਾਹਿਬ ਵਿਚ ਆਰੰਭ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਆਸਾ ਦੀ ਵਾਰ ਦੀ ਚੌਕੀ, ਚਰਨ ਕਮਲ ਦੀ ਚੌਕੀ, ਸੋਦਰੁ ਦੀ ਚੌਕੀ, ਕਲਿਆਣ ਦੀ ਚੌਕੀ, ਇਨ੍ਹਾਂ ਚਾਰ ਚੌਕੀਆਂ ਦਾ ਪ੍ਰਚਲਨ ਕੀਤਾ ਦੱਸਿਆ ਹੈ।[48] ਪਰੰਤੂ ਭਾਈ ਵੀਰ ਸਿੰਘ ਦੇ ਅਨੁਸਾਰ ਕੀਰਤਨ ਦੀਆਂ ਪੰਜ ਚੌਕੀਆਂ ਗੁਰਮਤਿ ਵਿਚ ਨੀਯਤ ਹਨ।[49]

ਡਾ. ਅਜੀਤ ਸਿੰਘ ਪੋਂਟਲ ਦੇ ਅਨੁਸਾਰ ਵੀ ਕੀਰਤਨ ਦੀਆਂ ਪੰਜ ਚੌਕੀਆਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਸ਼ੁਰੂ ਸਨ।

> After the installation of the Guru Granth Sahib in Golden Temple, Guru Arjan Dev added three more chowkies.[50]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦੋ ਚੌਕੀਆਂ ਪਹਿਲਾਂ ਪ੍ਰਚਲਿਤ ਸਨ ਅਤੇ ਤਿੰਨ ਚੌਕੀਆਂ ਗੁਰੂ ਅਰਜਨ ਦੇਵ ਜੀ ਨੇ ਹੋਰ ਸ਼ਾਮਲ ਕਰ ਦਿੱਤੀਆਂ ਜੋ ਕੁਲ ਮਿਲਾ ਕੇ ਪੰਜ ਚੌਕੀਆਂ ਹੋ ਗਈਆਂ ਜੋ ਇਸ ਪ੍ਰਕਾਰ ਹਨ :

(1) ਆਸਾ ਦੀ ਵਾਰ ਦੀ ਚੌਕੀ

ਇਸ ਦਾ ਸਮਾਂ ਅੰਮ੍ਰਿਤ ਵੇਲਾ ਹੈ ਜੋ ਰਾਤ ਦੇ ਕਰੀਬ ਦੋ ਵਜੇ ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਅਧੀਨ ਹੇਠ ਲਿਖੇ ਰਾਗ ਆਉਂਦੇ ਹਨ, ਆਸਾ, ਸੋਰਠਿ, ਰਾਮਕਲੀ, ਭੈਰਉ, ਪ੍ਰਭਾਤੀ, ਗਉੜੀ, ਦੇਵਗੰਧਾਰੀ ਆਦਿ। ਰਾਗ ਸੋਰਠਿ ਆਮ ਤੌਰ 'ਤੇ ਰਾਤ ਨੂੰ ਗਾਇਆ ਜਾਂਦਾ ਹੈ, ਪਰੰਤੂ ਆਸਾ ਦੀ ਵਾਰ ਦੀ ਚੌਕੀ ਵਿਚ ਇਸ ਰਾਗ ਵਿਚ ਕੁਝ ਸ਼ਬਦ ਗਾਏ ਜਾਣ ਦੀ ਰੀਤ ਹੈ।[51]

(2) ਅਨੰਦ ਦੀ ਚੌਕੀ

"ਆਸਾ ਦੀ ਵਾਰ" ਦੇ ਕੀਰਤਨ ਉਪਰੰਤ ਇਕ ਲੰਮਾ ਸ਼ਬਦ "ਰਾਗ ਰਾਮਕਲੀ" ਵਿਚ ਗਾਇਆ ਜਾਂਦਾ ਹੈ ਜੋ ਕਿ ਅਨੰਦ ਸਾਹਿਬ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਇਸ ਦਾ ਸਮਾਂ ਸਵੇਰ ਦੇ ਛੇ ਵਜੇ ਤੋਂ ਨੌਂ ਵਜੇ ਤਕ ਹੈ। ਰਾਗ ਰਾਮਕਲੀ ਤੋਂ ਇਲਾਵਾ ਇਸ ਨੂੰ ਹੇਠ ਲਿਖੇ ਰਾਗਾਂ ਵਿਚ ਵੀ ਗਾਇਆ ਜਾ ਸਕਦਾ ਹੈ—ਗੁਜਰੀ, ਟੋਡੀ, ਸੂਹੀ, ਤੁਖਾਰੀ, ਬਿਲਾਵਲ, ਆਦਿ।

(3) ਚਰਨ ਕਮਲ ਦੀ ਚੌਕੀ

ਇਸ ਨੂੰ ਬਿਲਾਵਲ ਦੀ ਚੌਕੀ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਸ ਵਿਚ ਪੰਜ ਸ਼ਬਦ ਰਾਗ ਬਿਲਾਵਲ ਵਿਚ ਗਾਏ ਜਾਂਦੇ ਹਨ। ਇਸ ਦਾ ਸਮਾਂ ਦਿਨ ਦੇ ਦਸ ਵਜੇ ਤੋਂ ਦੁਪਹਿਰ ਦੇ ਤਿੰਨ ਵਜੇ ਤਕ ਹੈ। ਇਸ ਦੇ ਅਧੀਨ ਹੇਠ ਲਿਖੇ ਰਾਗ ਆਉਂਦੇ ਹਨ—ਬਿਲਾਵਲ, ਟੋਡੀ, ਗੁਜਰੀ, ਦੇਵਗੰਧਾਰੀ, ਸੂਹੀ, ਸਾਰੰਗ, ਵਡਹੰਸ, ਬਸੰਤ, ਮਾਲੀ ਗਉੜਾ ਤੇ ਮਾਝ ਆਦਿ।

ਰਾਗ ਬਸੰਤ, ਬਸੰਤ ਰੁੱਤ ਵਿਚ ਦੁਪਹਿਰ ਜਾਂ ਰਾਤ ਦੇ ਕਿਸੇ ਪਹਿਰ ਵਿਚ ਗਾਇਆ ਜਾ ਸਕਦਾ ਹੈ।

(4) ਸੋਦਰੁ ਦੀ ਚੌਕੀ

ਇਸ ਦਾ ਗਾਇਨ ਸਮਾਂ ਸੂਰਜ ਡੁੱਬਣ ਉਪਰੰਤ ਹੈ ਜਾਂ ਸ਼ਾਮ ਦੇ ਚਾਰ ਵਜੇ ਤੋਂ ਸੱਤ ਵਜੇ ਤਕ ਦਾ ਸਮਾਂ ਜਿਸ ਨੂੰ ਹਿੰਦੁਸਤਾਨੀ ਸੰਗੀਤ ਵਿਚ ਸੰਧਿਆ ਪ੍ਰਕਾਸ਼ ਕਿਹਾ ਜਾਂਦਾ ਹੈ। ਇਸ ਲਈ ਨਿਮਨ ਲਿਖਤ ਰਾਗ ਨਿਰਧਾਰਤ ਹਨ—ਧਨਾਸਰੀ, ਜੈਤਸਰੀ, ਬੈਰਾੜੀ, ਮਾਰੂ, ਆਸਾ ਆਦਿ। ਰਾਗ ਮਾਰੂ ਜ਼ਿਆਦਾਤਰ ਮਰਨ ਸੰਸਕਾਰ ਦੇ ਮੌਕੇ 'ਤੇ ਗਾਇਆ ਜਾਂਦਾ ਹੈ।

(5) ਸੁਖ ਆਸਣ ਜਾਂ ਕਲਿਆਣ ਦੀ ਚੌਕੀ

ਇਸ ਦਾ ਸਮਾਂ ਸੂਰਜ ਡੁੱਬਣ ਉਪਰੰਤ ਆਮ ਤੌਰ 'ਤੇ ਸੱਤ ਵਜੇ ਸ਼ਾਮ ਤੋਂ ਆਰੰਭ ਹੁੰਦਾ ਹੈ। ਇਸ ਵਿਚ ਸਭ ਤੋਂ ਪਹਿਲਾਂ ਰਾਗ ਕਲਿਆਣ ਅਤੇ ਰਾਗ ਕਾਨੜਾ ਦੇ ਸ਼ਬਦ ਗਾਏ ਜਾਂਦੇ ਹਨ। ਉਸ ਉਪਰੰਤ ਹੋਰਨਾਂ ਰਾਗਾਂ ਦੇ ਸ਼ਬਦ ਗਾਏ ਜਾਂਦੇ ਹਨ ਅਤੇ ਅਖ਼ੀਰ ਵਿਚ 'ਸੋਹਿਲਾ' ਦਾ ਪਾਠ ਕੀਤਾ ਜਾਂਦਾ ਹੈ। ਇਸ ਚੌਕੀ ਵਿਚ ਹੇਠਾਂ ਲਿਖੇ ਰਾਗ ਨਿਰਧਾਰਤ ਹਨ:

ਕਲਿਆਣ, ਕਾਨੜਾ, ਬਿਹਾਗੜਾ, ਸੋਰਠਿ, ਤਿਲੰਗ, ਨਟ ਨਾਰਾਇਣ ਕੇਦਾਰਾ, ਮਲਾਰ, ਜੈਜੈਵੰਤੀ, ਆਸਾ ਆਦਿ।

ਰਾਗ ਮਲਾਰ ਨੂੰ ਵਰਖਾ ਰੁੱਤ ਵਿਚ ਦਿਨ ਦੇ ਸਮੇਂ ਵੀ ਬਿਨਾਂ ਪਹਿਰ ਬੰਧਨ ਦੇ ਗਾਏ ਜਾਣ ਦਾ ਹੁਕਮ ਕੀਤਾ ਗਿਆ ਹੈ।

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂਆਂ ਦੀ ਚਲਾਈ ਰੀਤ ਜਿਸ ਵਿਚ ਹਠ, ਤਪ ਦੀ ਤਰ੍ਹਾਂ ਰਾਗਾਂ ਦੇ ਦੁਆਰਾ ਪ੍ਰੇਮਾ-ਭਗਤੀ (ਕਲਿਜੁਗ ਮਹਿ ਕੀਰਤਨ ਪਰਧਾਨਾ) ਦੇ ਕਲਿਆਣਕਾਰੀ ਮਾਰਗ ਨੂੰ ਆਪਣੇ ਜੀਵਨ ਵਿਚ ਮੁੱਖ ਸਥਾਨ ਦਿੱਤਾ। ਗੁਰੂ ਅਰਜਨ ਦੇਵ ਜੀ ਦਾ ਵਿਅਕਤਿਤਵ ਤਾਂ ਵਿਸ਼ਵ ਪ੍ਰੇਮ ਨਾਲ ਓਤ-ਪੋਤ ਸੀ। ਉਹ ਸਰਬ-ਵਿਆਪਕ ਪਰਮਾਤਮਾ ਦੇ ਭਗਤ ਤਾਂ ਸਨ, ਨਾਲ ਹੀ ਲੋਕ ਨੇਤਾ ਹੋਣ ਦੇ ਨਾਤੇ ਉਨ੍ਹਾਂ ਜੀਵਨ ਸੰਘਰਸ਼ ਦੀਆਂ ਅਨੇਕਾਂ ਹੋਰ ਜ਼ਿੰਮੇਵਾਰੀਆਂ ਵੀ ਚੁੱਕੀਆਂ ਹੋਈਆਂ ਸਨ। ਉਨ੍ਹਾਂ ਦੀ ਬਾਣੀ ਇਸ ਸਮਾਜਕ ਕਾਰਜਸ਼ੀਲਤਾ ਦਾ ਪ੍ਰਤੱਖ ਪ੍ਰਮਾਣ ਪੇਸ਼ ਕਰਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਹੋਰਨਾਂ ਸਾਰੇ ਗੁਰੂਆਂ ਨਾਲੋਂ ਸਭ ਤੋਂ ਜ਼ਿਆਦਾ ਹੈ। ਉਨ੍ਹਾਂ ਨੇ 2218 ਸ਼ਬਦਾਂ ਦੀ ਰਚਨਾ ਕੀਤੀ। ਜਿਥੋਂ ਤਕ ਭਾਸ਼ਾ ਦੀ ਵਚਿੱਤਰਤਾ ਦਾ ਸੰਬੰਧ ਹੈ ਉਹ ਤਾਂ ਇਕ ਹੈਰਾਨੀਜਨਕ ਸੱਚਾਈ ਹੈ। ਇਵੇਂ ਲੱਗਦਾ ਹੈ ਕਿ ਦਿਲ ਵਿਚ ਇਸ ਲਈ ਕੁਝ ਵਿਸ਼ੇਸ਼ ਤਰ੍ਹਾਂ ਦਾ ਮੋਹ ਸੀ। ਉਨ੍ਹਾਂ ਨੇ ਆਪਣੀ ਬਾਣੀ ਦੁਆਰਾ ਆਪਣੇ ਸਮੇਂ ਵਿਚ ਪ੍ਰਚਲਿਤ ਵੱਧ ਤੋਂ ਵੱਧ ਭਾਸ਼ਾ ਰੂਪਾਂ ਨੂੰ ਸੁਰੱਖਿਅਤ ਰੱਖਣ ਦਾ ਯਤਨ ਕੀਤਾ ਹੈ।

ਆਪ ਜੀ ਦੀ ਬਹੁਤੀ ਰਚਨਾ ਸੰਤ-ਭਾਸ਼ਾ ਵਿਚ ਤਾਂ ਹੈ ਹੀ, ਇਸ ਤੋਂ ਇਲਾਵਾ ਬ੍ਰਿਜ ਭਾਸ਼ਾ, ਸਹਸਕ੍ਰਿਤੀ ਗਾਥਾ (ਸੰਸਕ੍ਰਿਤ ਦਾ ਵਿਗੜਿਆ ਰੂਪ), ਸ਼ਵੇਤਾ, ਪੰਜਾਬੀ, ਲਹਿੰਦੀ (ਪੱਛਮੀ ਪੰਜਾਬੀ) ਆਦਿ ਵਿਚ ਵੀ ਇਸ ਦੇ ਬਹੁਤ ਸੁੰਦਰ ਉਦਾਹਰਣ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਪੰਜਾਬ ਦੇ ਮੁੱਖ ਸੰਤ ਕਵੀ ਹਨ ਜਿਨ੍ਹਾਂ ਨੇ ਜ਼ਿਆਦਾਤਰ ਸੰਤ-ਭਾਸ਼ਾ ਵਿਚ ਅਤੇ ਕੁਝ ਕੁ ਪੰਜਾਬੀ ਭਾਸ਼ਾ ਵਿਚ ਬਾਣੀ ਰਚ ਕੇ ਸਾਡੇ ਸਾਹਿੱਤ ਦੀ ਹੀ ਨਹੀਂ ਸਗੋਂ ਭਗਤੀ ਸੰਗੀਤ ਦਾ ਵਿਕਾਸ ਅਤੇ ਖ਼ੁਸ਼ਹਾਲੀ ਕੀਤੀ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਗਿਆਨ, ਪ੍ਰੇਮ ਅਤੇ ਵੈਰਾਗ ਭਰਪੂਰ ਹਨ। ਛੰਦਾਂ ਦੇ ਅਨੇਕਾਂ ਨਮੂਨੇ ਵੱਖ ਵੱਖ ਰਾਗਾਂ ਅਤੇ ਲੈਆਂ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਵਲਵਲੇ ਸਮੇਤ ਅੰਕਿਤ ਹਨ।

ਇਸ ਤਰ੍ਹਾਂ ਆਪਣੇ ਪਿਤਾ ਦੁਆਰਾ ਅਧੂਰੇ ਛੱਡੇ ਗਏ ਕਾਰਜਾਂ ਨੂੰ ਪੂਰਾ ਕਰਦੇ ਹੋਏ ਗੁਰੂ ਜੀ ਆਪਣਾ ਜੀਵਨ ਬਤੀਤ ਕਰ ਰਹੇ ਸਨ ਕਿ ਈਰਖਾ ਦੇ ਕਾਰਣ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਉੱਤੇ ਵਿਦਰੋਹੀ ਸ਼ਹਿਜ਼ਾਦੇ ਖੁਸਰੋ ਨੂੰ ਆਸਰਾ ਦੇਣ ਦਾ ਇਲਜ਼ਾਮ ਲਗਾ ਕੇ ਬੰਦੀ ਬਣਾ ਲਿਆ।

ਸ਼ਾਹੀ ਹੁਕਮ ਤੋਂ ਲੋਕਾਂ ਦੀ ਭਲਾਈ ਲਈ ਜੀਵਨ ਭਰ ਕੰਮ ਕਰਨ ਵਾਲੇ ਅਤੇ ਕੋਮਲ ਦਿਲ ਵਾਲੇ ਧਰਮ ਗੁਰੂ ਨੂੰ ਕੈਦ ਕਰ ਕੇ ਲਾਹੌਰ ਲਿਜਾਇਆ ਗਿਆ ਅਤੇ ਪੰਜ ਦਿਨ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਉਨ੍ਹਾਂ ਨੂੰ ਇਸਲਾਮ ਵਿਚ ਲਿਆਉਣ ਦਾ ਯਤਨ ਕੀਤਾ ਗਿਆ। ਉਨ੍ਹਾਂ ਦੇ ਸਿਰ 'ਤੇ ਗਰਮ ਰੇਤਾ ਪਾਈ ਗਈ, ਬਦਨ ਨੂੰ ਗਰਮ ਪਾਣੀ ਵਿਚ ਉਬਾਲਿਆ ਗਿਆ। ਉਹ 'ਤੇਰਾ ਕੀਆ ਮੀਠਾ ਲਾਗੈ ਹਰਿ ਨਾਮ ਪਦਾਰਥੁ ਨਾਨਕ ਮਾਗੈ" ਦਾ ਸ਼ਬਦ ਹੀ ਗਾਇਨ ਕਰਦੇ ਰਹੇ। ਉਨ੍ਹਾਂ ਦੇ ਚਿਹਰੇ 'ਤੇ ਕੋਈ ਵੀ ਮਲਾਲ ਨਾ ਆਇਆ ਅਤੇ ਨਾ ਹੀ ਉਹ ਇਨ੍ਹਾਂ ਤਸੀਹਿਆਂ ਤੋਂ ਰੱਤੀ ਭਰ ਵੀ ਘਬਰਾਏ। ਆਖ਼ਿਰਕਾਰ ਰਾਵੀ ਦੇ ਕਿਨਾਰੇ ਲਿਜਾ ਕੇ ਉਨ੍ਹਾਂ ਦੇ ਪੰਜ ਤੱਤਾਂ ਵਾਲੇ ਸਰੀਰ ਨੂੰ ਦਰਿਆ ਦੀ ਭੇਟ ਕਰ ਦਿੱਤਾ ਗਿਆ। ਇਹ ਗੱਲ 30 ਮਈ, 1606 ਈ ਦੀ ਹੈ। ਇਹ ਬਲੀਦਾਨ ਦੀ ਵਚਿੱਤਰ ਘਟਨਾ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਦੇਣ ਅਤੇ ਈਸਾ ਨੂੰ ਸੂਲੀ 'ਤੇ ਲਟਕਾਉਣ ਦੇ ਸਮਾਨ ਹੈ।

ਗੁਰੂ ਤੇਗ਼ ਬਹਾਦਰ ਜੀ

ਕਿਸੇ ਮਹਾਂਪੁਰਖ ਦਾ ਕਥਨ ਹੈ ਕਿ ਧਰਮ ਮੰਦਰ ਦੀ ਨੀਂਹ ਧਰਮ ਦੇ ਲਈ ਬਲੀਦਾਨ ਵਾਲੇ ਸ਼ਹੀਦਾਂ ਦੇ ਸਿਰ 'ਤੇ ਨਹੀਂ ਸਥਾਪਿਤ ਕੀਤੀ ਜਾ ਸਕਦੀ ਹੈ। ਕੋਈ

ਧਰਮ ਉਸ ਸਮੇਂ ਤੱਕ ਸੰਪੂਰਨ ਨਹੀਂ ਕਿਹਾ ਜਾ ਸਕਦਾ ਜਦੋਂ ਤਕ ਉਹ ਜੀਉਣ ਦੇ ਨਾਲ ਮਰਨ ਦੀ ਕਲਾ ਜਗਿਆਸੂਆਂ ਨੂੰ ਨਾ ਸਿਖਾਏ। ਕਿਉਂਕਿ ਸਾਡੇ ਜੀਵਨ ਦਾ ਆਦਿ ਅਤੇ ਅੰਤਮ ਸਿਰਾ ਜਨਮ ਅਤੇ ਮਰਨ ਹੀ ਹੈ। ਜਿਸ ਪੁਰਸ਼ ਨੇ ਇਨ੍ਹਾਂ ਦੋਹਾਂ ਭੇਦਾਂ ਨੂੰ ਪਾ ਲਿਆ ਉਹੀ ਪੂਰਨ ਹੈ, ਉਹ ਹੀ ਸੱਚਾ ਬ੍ਰਹਮ ਗਿਆਨੀ ਜਾਂ ਕਾਮਿਲ ਫ਼ਕੀਰ ਹੈ।

ਗੁਰੂ ਤੇਗ਼ ਬਹਾਦਰ ਜੀ ਅਜਿਹੇ ਮਹਾਨ ਵਿਅਕਤੀਆਂ ਵਿਚੋਂ ਹੀ ਇਕ ਸਨ ਜਿਨ੍ਹਾਂ ਨੇ ਆਪਣੇ ਬਲੀਦਾਨ ਨਾਲ ਅਤਿਆਚਾਰਾਂ ਨਾਲ ਨਪੀੜੇ ਧਰਮ ਨੂੰ ਮੁੜ ਅਬਚਲ ਅਤੇ ਸਥਿਰ ਕਰ ਦਿੱਤਾ। ਜਿਊਂਦੇ ਜੀਅ ਸੀਸ ਨੂੰ ਤਲੀ 'ਤੇ ਰੱਖ ਕੇ ਤੋਲ ਲੈਣ ਦੀ ਸਿੱਖਿਆ ਸਿੱਖਾਂ ਨੇ ਉਨ੍ਹਾਂ ਪਾਸੋਂ ਗ੍ਰਹਿਣ ਕੀਤੀ ਸੀ। ਉਨ੍ਹਾਂ ਦੇ ਇਸ ਬਲੀਦਾਨ ਨੇ ਧਰਮ ਅਤੇ ਹਿੰਦ ਦੋਹਾਂ ਦੀ ਲਾਜ ਰੱਖੀ। ਇਸੇ ਲਈ ਆਪ ਜੀ ਨੂੰ 'ਧਰਮ ਦੀ ਚਾਦਰ' ਜਾਂ 'ਹਿੰਦ ਦੀ ਚਾਦਰ' ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਇਨ੍ਹਾਂ ਦਾ ਜਨਮ ਅੰਮ੍ਰਿਤਸਰ ਵਿਚ 1 ਅਪ੍ਰੈਲ, 1621 ਈ. ਨੂੰ ਗੁਰੂ ਬਾਜ਼ਾਰ ਵਿਚ ਸਥਿਤ 'ਗੁਰੂ ਕੇ ਮਹਿਲ' ਨਾਮ ਦੇ ਗੁਰਦੁਆਰੇ ਵਿਚ ਹੋਇਆ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਕਾਰ ਵਿਚ ਥੋੜ੍ਹੀ ਹੈ। ਉਨ੍ਹਾਂ ਦੇ ਇਕ ਇਕ ਅੱਖਰ 'ਤੇ ਉਨ੍ਹਾਂ ਦੀ ਵਿਚਾਰਧਾਰਾ, ਵਿਅਕਤਿਤਵ ਅਤੇ ਕਲਾ-ਕੁਸ਼ਲਤਾ ਦੀ ਮੁਹਰ ਹੈ।

ਜਿਸ ਤਰ੍ਹਾਂ ਜਪੁ, ਅਨੰਦੁ ਅਤੇ ਸੁਖਮਨੀ ਲੜੀਵਾਰ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਾਹਕਾਰ ਹਨ ਉਸੇ ਤਰ੍ਹਾਂ 'ਸਲੋਕ ਮਹਲਾ ੯' ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਉਤਕ੍ਰਿਸ਼ਟ ਰਚਨਾ ਹੈ ਜਿਸ ਵਿਚ ਆਪ ਜੀ ਨੇ ਆਪਣਾ ਸਾਰਾ ਦਰਸ਼ਨ ਅਤਿ ਸਰਲ ਅਤੇ ਸੰਖਿਪਤ ਢੰਗ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਸਲੋਕਾਂ ਵਿਚ ਜਿਥੇ ਉਪਰਾਮਤਾ ਹੈ ਉਥੇ ਕਹਿਰਾਂ ਦਾ ਜ਼ੋਰ ਵੀ ਹੈ। ਜਿਥੇ ਗੂੜ੍ਹ ਨਿਰਾਸ਼ਾਵਾਦ ਹੈ ਉਥੇ ਵਾਸਤਵਿਕ ਆਸ਼ਾਵਾਦ ਵੀ ਹੈ। ਇਨ੍ਹਾਂ ਸਲੋਕਾਂ ਦਾ ਸੰਪੂਰਨ ਭਾਵ ਇਹ ਹੈ ਕਿ ਸੰਸਾਰ ਨਾਸ਼ਵਾਨ ਹੈ, ਮਾਇਆ ਨਿਰੰਤਰ ਨਹੀਂ ਹੈ, ਇਸ ਲਈ ਜੀਵਨ ਦੇ ਸਹੀ ਉਦੇਸ਼ ਨੂੰ ਸਮਝਣਾ ਚਾਹੀਦਾ ਹੈ ਅਤੇ ਉਹ ਹੈ ਭਜਨ ਅਤੇ ਗ਼ੈਰਤ ਦਾ ਜੀਵਨ।[52]

ਗੁਰੂ ਤੇਗ਼ ਬਹਾਦਰ ਜੀ ਨੇ 116 ਸ਼ਬਦਾਂ ਤੇ ਸਲੋਕਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੀ ਰਚਨਾ ਪਰਿਣਾਮ ਦੀ ਦ੍ਰਿਸ਼ਟੀ ਤੋਂ ਬਹੁਤ ਘੱਟ ਹੈ ਪਰੰਤੂ ਉਹ ਘੱਟ ਮਹੱਤਵ ਦੀ ਨਹੀਂ ਹੈ। ਗੁਰੂ ਤੇਗ਼ ਬਹਾਦਰ ਜੀ ਗੁਰਬਾਣੀ ਪਰੰਪਰਾ ਦੇ ਲਗਪਗ ਅਖ਼ੀਰਲੇ ਬਿੰਦੂ ਦੀ ਸੰਰਚਨਾ ਹੈ ਫਿਰ ਵੀ ਉਨ੍ਹਾਂ ਦੀ ਬਾਣੀ ਵਿਚ ਉਹ ਸਾਰੇ ਤੱਤ ਮੌਜੂਦ ਹਨ ਜੋ ਗੁਰਬਾਣੀ ਪਰੰਪਰਾ ਵਿਚ ਸ਼ੁਰੂ ਤੋਂ ਅਖ਼ੀਰ ਤਕ ਪ੍ਰਵਾਹਿਤ ਰਹੇ ਹਨ। ਉਨ੍ਹਾਂ ਵਿਚ ਵੈਰਾਗ ਅਤੇ ਆਨੰਦ ਦੀ ਸ਼ੁੱਧ ਸੁੰਦਰਤਾ ਵਿਆਪਤ ਹੈ। ਉਹ ਬਿਰਤੀਆਂ ਦੀ ਸ਼ੁੱਧਤਾ ਅਤੇ ਉਦਾਰੀਕਰਣ ਦਾ ਮਹਾਨ ਉਦੇਸ਼ ਦੇ ਕੇ ਲਿਖੀਆਂ ਗਈਆਂ ਹਨ। ਉਹ ਸ਼ੁਭ ਮਾਨਵ, ਮੰਗਲਕਾਰੀ ਭਾਵਨਾਵਾਂ ਨੂੰ ਜਾਗ੍ਰਿਤ ਕਰਦੀਆਂ ਹਨ। ਸਰਲਤਾ ਅਤੇ

ਸਹਿਜਤਾ ਉਸ ਦੇ ਪ੍ਰਮੁੱਖ ਗੁਣ ਹਨ। ਉਸ ਵਿਚ ਸੰਗੀਤਾਤਮਿਕਤਾ, ਮਧੁਰਤਾ ਅਤੇ ਸਰਲਤਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਮੁਖ ਸੁਰ ਭਗਤੀ ਹੈ। ਭਗਤੀ ਨੂੰ ਇਥੇ ਪੂਰਨ ਜੀਵਨ-ਦ੍ਰਿਸ਼ਟੀ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ।

ਜੀਵਨ ਵਿਚ ਸੰਗੀਤ ਦਾ ਮਹੱਤਵ

ਸਿੱਖ ਧਰਮ ਵਿਚ ਸੰਗੀਤ ਦਾ ਲੜੀਵਾਰ ਵਿਕਾਸ ਗੁਰਬਾਣੀ ਸੰਗੀਤ ਦੁਆਰਾ ਪਰੰਪਰਾਗਤ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਇਆ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਸੰਗੀਤਾਤਮਿਕਤਾ ਦਾ ਕਾਰਣ ਵੀ ਪਰੰਪਰਾਗਤ ਅਤੀਤ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਇਕ ਮਹਾਨ ਸੰਗੀਤਕਾਰ ਸਨ। ਜਿਸ ਤਰ੍ਹਾਂ ਉਨ੍ਹਾਂ ਨੇ ਹਰੇਕ ਰਚਨਾ ਰਾਗਾਂ ਦੇ ਅਧੀਨ ਰਚੀ, ਉਸੇ ਤਰ੍ਹਾਂ ਹਰੇਕ ਗੁਰੂ ਨੇ ਵੀ ਉਨ੍ਹਾਂ ਦੀ ਨਕਲ ਕੀਤੀ। ਗੁਰੂ ਤੇਗ਼ ਬਹਾਦਰ ਜੀ ਨੇ 15 ਰਾਗਾਂ ਵਿਚ ਸਿਰਫ਼ 59 ਸ਼ਬਦ ਅਤੇ 57 ਸਲੋਕ ਰਚੇ।

ਉਨ੍ਹਾਂ ਰਾਗਾਂ ਵਿਚੋਂ ਰਾਗ ਜੈਜੈਵੰਤੀ ਸਿਰਫ਼ ਗੁਰੂ ਤੇਗ਼ ਬਹਾਦਰ ਜੀ ਨੇ ਹੀ ਪ੍ਰਯੋਗ ਕੀਤਾ ਹੈ। ਇਹ ਰਾਗ ਹੋਰ ਕਿਸੇ ਗੁਰੂ ਵਿਅਕਤੀ ਦੀ ਆਪਣੀ ਬਾਣੀ ਵਿਚ ਨਹੀਂ ਹੈ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਿਖਵਾਈ ਆਦਿ ਬੀੜ ਵਿਚ 30 ਰਾਗ ਹਨ ਅਤੇ ਇਹ 31ਵਾਂ ਰਾਗ ਜੈਜੈਵੰਤੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸਮੇਂ ਤੋਂ ਬਾਅਦ ਦੇ ਉਤਾਰੇ ਵਿਚ ਹੀ ਦਰਜ ਹੋਣਾ ਸ਼ੁਰੂ ਹੋਇਆ ਹੈ। ਜਿਨ੍ਹਾਂ ਰਾਗਾਂ ਵਿਚ ਗੁਰੂ ਤੇਗ਼ ਬਹਾਦਰ ਜੀ ਨੇ ਬਾਣੀ ਰਚੀ ਹੈ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :

1. ਗਉੜੀ	2. ਆਸਾ
3. ਦੇਵ-ਗੰਧਾਰੀ	4. ਬਿਹਾਗੜਾ
5. ਸੋਰਠਿ	6. ਜੈਤਸਰੀ
7. ਧਨਾਸਰੀ	8. ਟੋਡੀ
9. ਤਿਲੰਗ	10. ਬਿਲਾਵਲ
11. ਰਾਮਕਲੀ	12. ਮਾਰੂ
13. ਬਸੰਤ	14. ਸਾਰੰਗ
15. ਜੈਜੈਵੰਤੀ	

ਵਰਤਮਾਨ ਸਮੇਂ ਵਿਚ ਵੀ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਦੇ ਸਮੇਂ ਦੋ ਜਾਂ ਤਿੰਨ ਪਾਠੀ ਮਿਲ ਕੇ ਹੇਕ ਲਗਾ ਕੇ ਸੁਰਮਈ ਅਤੇ ਲੈਅਬੱਧ ਰੂਪ ਵਿਚ ਇਨ੍ਹਾਂ ਦੁਆਰਾ ਰਚਿਤ ਸਲੋਕਾਂ ਦਾ ਗਾਇਨ ਕਰਦੇ ਹਨ। ਇਨ੍ਹਾਂ ਦੀ ਗਾਇਨ-ਸ਼ੈਲੀ ਵਾਰ-ਸ਼ੈਲੀ 'ਤੇ ਆਧਾਰਿਤ਼ ਹੈ, ਫ਼ਰਕ ਸਿਰਫ਼ ਇੰਨਾ ਹੈ ਕਿ ਵਾਰ-ਸ਼ੈਲੀ ਵਿਚ ਵੀਰ ਰਸ ਦੀ ਪ੍ਰਧਾਨਤਾ ਹੁੰਦੀ ਹੈ ਪਰੰਤੂ ਇਨ੍ਹਾਂ ਸਲੋਕਾਂ ਵਿਚ ਕਰੁਣਾ-ਰਸ ਦੀ ਝੁਨਕਾਰ ਹੈ। ਕਿਉਂ ਜੋ ਇਨ੍ਹਾਂ ਸਲੋਕਾਂ ਦਾ ਵਿਸ਼ਾ ਬਹੁਤ ਹੀ ਸੋਗਮਈ ਹੈ ਜੋ ਸਾਰੇ ਸੰਸਾਰ ਨੂੰ ਸੁਪਨੇ ਵਾਂਗ ਦਰਸਾਉਂਦਾ ਹੈ ਅਤੇ ਸੰਸਾਰ ਦੀ ਮੋਹ ਮਾਇਆ ਨੂੰ ਅਸਥਾਈ, ਨੀਰਸ

ਅਤੇ ਦੁਖਮਈ ਭਾਵ ਵਿਚ ਪ੍ਰਗਟ ਕਰਦਾ ਹੈ। ਪਰੰਤੂ ਨਾਲ ਹੀ ਪਰਮਾਤਮਾ ਦੀ ਉਸਤਤਿ (ਗਾਇਨ) ਵਿਚ ਸੁਖ, ਖੇੜੇ ਅਤੇ ਆਨੰਦ ਦੀ ਪ੍ਰੇਰਨਾ ਵੀ ਮਿਲਦੀ ਹੈ। ਸਲੋਕਾਂ ਵਿਚ ਗਾਇਨ ਕਰਨ ਦੀ ਅਤੇ ਸੁਣਨ ਦੀ ਸਪੱਸ਼ਟ ਹਿਦਾਇਤ ਵੀ ਦਿੱਤੀ ਹੈ। ਇਨ੍ਹਾਂ ਸਲੋਕਾਂ ਵਿਚ ਗਾਇਨ ਸਮੇਂ ਇੰਨਾ ਸਮਾਂ ਬੱਝ ਜਾਂਦਾ ਹੈ ਕਿ ਸੁਣਨ ਵਾਲੇ (ਸੰਗਤ) ਲੀਨਤਾ ਅਤੇ ਆਨੰਦ ਵਿਚ ਭਰਪੂਰ ਹੋ ਕੇ ਸਮੂਹ ਗਾਇਨ ਦੇ ਰੂਪ ਵਿਚ ਅਕਾਲ ਪੁਰਖ 'ਚ ਲੀਨ ਹੋ ਜਾਂਦੇ ਹਨ। ਇਸ ਪ੍ਰਕਾਰ ਸਲੋਕਾਂ ਦਾ ਰਸਮਈ ਅਤੇ ਕਰੁਣਾਮਈ ਪ੍ਰਭਾਵ ਇਨ੍ਹਾਂ ਦੀ ਸੰਗੀਤਕ ਰਚਨਾ ਦੇ ਕਾਰਣ ਹੀ ਹੈ।[53]

ਸੰਗੀਤ ਦਾ ਮਾਨਵੀ ਜੀਵਨ ਨਾਲ ਡੂੰਘਾ ਸੰਬੰਧ ਹੈ। ਸੰਗੀਤ ਵਿਚ ਇਕ ਅਜਿਹਾ ਜਾਦੂ ਹੈ ਜੋ ਸਾਨੂੰ ਪਰਮਾਤਮਾ ਨਾਲ ਜੋੜਦਾ ਹੈ। ਉਹ ਮਨੁੱਖ ਜਿਸ ਵਿਚ ਥੋੜੀ ਜਿਹੀ ਵੀ ਸੰਗੀਤ ਦੀ ਮਾਤਰਾ ਪਾਈ ਜਾਵੇ, ਮਹਾਨ ਮੰਨਿਆ ਜਾਂਦਾ ਹੈ ਪਰੰਤੂ ਉਸ ਦੇ ਉਲਟ ਜੋ ਮਨੁੱਖ ਸੰਗੀਤ ਤੋਂ ਵਾਂਝਾ ਰਹਿ ਜਾਂਦਾ ਹੈ ਉਸ ਦਾ ਜੀਵਨ ਨੀਰਸ ਮੰਨਿਆ ਜਾਂਦਾ ਹੈ। ਸ਼ੈਕਸਪੀਅਰ ਨੇ ਲਿਖਿਆ ਹੈ ਕਿ ਜਿਸ ਮਨੁੱਖ ਦੀ ਸ਼ਖ਼ਸੀਅਤ ਵਿਚ ਸੰਗੀਤ ਦੀ ਭਾਵਨਾ ਨਹੀਂ ਜਾਂ ਜਿਸ ਮਨੁੱਖ ਦੇ ਮਨ ਵਿਚ ਸੰਗੀਤ ਦੀਆਂ ਧੁਨਾਂ ਅਸਰ ਨਹੀਂ ਕਰਦੀਆਂ ਇਸ ਤਰ੍ਹਾਂ ਦੇ ਵਿਅਕਤੀ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਹੈ।[54]

ਨੌਂਵੇਂ ਪਾਤਸ਼ਾਹ ਸੰਗੀਤ ਦੀ ਇਸ ਮਹਾਨਤਾ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਹ ਸਮਝਦੇ ਸਨ ਕਿ ਸੰਗੀਤ ਵਿਚ ਇਕ ਅਜਿਹੀ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਦਾ ਸੁਭਾਅ ਇਕਦਮ ਬਦਲ ਜਾਂਦਾ ਹੈ। ਇਸੇ ਕਾਰਣ ਆਪ ਜੀ ਨੇ ਕਵਿਤਾ ਨੂੰ ਸੰਗੀਤ ਦੇ ਨਾਲ ਜੋੜਿਆ, ਆਪਣੀਆਂ ਭਾਵਨਾਵਾਂ ਨੂੰ ਸੰਗੀਤ ਦੁਆਰਾ ਦਰਸਾਇਆ ਅਤੇ ਸੰਗੀਤ ਨੂੰ ਚਾਰ ਚੰਨ ਲਾ ਦਿੱਤੇ।

ਗੁਰੂ ਪਰੰਪਰਾ ਦੀ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਵੀ ਕੀਰਤਨ ਨੂੰ ਆਪਣੇ ਦਰਬਾਰ ਵਿਚ ਮੁੱਖ ਸਥਾਨ ਦਿੰਦੇ ਸਨ। ਕੀਰਤਨ ਵਿਚ ਕਈ ਤਰ੍ਹਾਂ ਦੇ ਸੰਗੀਤਮਈ ਸਾਜ਼ ਪ੍ਰਯੋਗ ਕੀਤੇ ਜਾਂਦੇ ਸਨ ਜਿਨ੍ਹਾਂ ਵਿਚੋਂ ਰਬਾਬ, ਤਬਲਾ, ਤਾਨਪੂਰਾ, ਤਾਊਸ ਅਤੇ ਦਿਲਰੁਬਾ ਬਹੁਤ ਲੋਕਪ੍ਰਿਅ ਮੰਨੇ ਜਾਂਦੇ ਸਨ।

ਗੁਰੂ ਤੇਗ਼ ਬਹਾਦਰ ਜੀ ਨੇ ਭਾਰਤ ਦੇ ਅਨੇਕਾਂ ਸਥਾਨਾਂ ਦਾ ਦੌਰਾ ਕੀਤਾ। ਉਹ ਆਮ ਤੌਰ 'ਤੇ ਉਨ੍ਹਾਂ ਸਾਰਿਆਂ ਸਥਾਨਾਂ 'ਤੇ ਗਏ ਜਿਥੇ ਜਿਥੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਗਏ ਸਨ। ਇਨ੍ਹਾਂ ਸਥਾਨਾਂ ਵਿਚ ਦੂਬੜੀ ਸਾਹਿਬ ਆਦਿ ਵਰਣਨਯੋਗ ਸਥਾਨ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਦਾ ਸਮਾਂ-ਕਾਲ ਅਨੇਕਾਂ ਪਰੇਸ਼ਾਨੀਆਂ ਦੇ ਵਿਚਕਾਰ ਬੀਤਿਆ। ਸ਼ਾਇਦ ਇਹੀ ਕਾਰਣ ਹੈ ਕਿ ਉਨ੍ਹਾਂ ਦੁਆਰਾ ਰਚੇ ਪਦਾਂ ਵਿਚ ਵੈਰਾਗ ਭਰਿਆ ਹੈ। ਉਨ੍ਹਾਂ ਨੇ ਆਪਣੇ ਤਨ ਦੇ ਵਿਸ਼ੇ ਵਿਚ ਵੀ ਕਿਹਾ ਹੈ। ਇਸ ਤਨ ਨੂੰ ਉਨ੍ਹਾਂ ਨੇ ਰੇਤ ਦੀ ਦੀਵਾਰ ਦੇ ਸਮਾਨ ਮੰਨਿਆ ਹੈ। ਇਹੀ ਕਾਰਣ ਹੈ ਕਿ ਉਨ੍ਹਾਂ ਨੇ ਬਾਰ-ਬਾਰ ਇਹੀ ਕਿਹਾ ਹੈ ਕਿ ਮਨੁੱਖ ਰਾਮ ਸਿਮਰ ਅਰਥਾਤ ਰਾਮ ਦਾ ਸਿਮਰਨ ਕਰ।

ਗੁਰਬਾਣੀ ਸੰਗੀਤ ਪਰੰਪਰਾਗਤ ਰੂਪ ਵਿਚ ਹਰੇਕ ਗੁਰੂ ਵਿਅਕਤੀ ਨੂੰ ਵਿਰਾਸਤ ਵਿਚ ਪ੍ਰਾਪਤ ਹੋਇਆ। ਇਸੇ ਕਾਰਣ ਸਿੱਖ ਧਰਮ ਵਿਚ ਅਤੇ ਗੁਰਬਾਣੀ ਵਿਚ ਵੀ ਕੀਰਤਨ ਸੰਗੀਤ ਨੂੰ ਉੱਚਾ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਵੀ ਕੀਰਤਨ ਕਰਨ ਉੱਤੇ ਜ਼ੋਰ ਦਿੱਤਾ ਹੈ। ਉਹ ਆਪਣੇ ਸਭ ਤੋਂ ਪਹਿਲੇ ਸਲੋਕ ਵਿਚ ਫਰਮਾਉਂਦੇ ਹਨ ਕਿ:

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥

ਜਿਥੋਂ ਤਕ ਭਾਸ਼ਾ ਦਾ ਸਵਾਲ ਹੈ ਗੁਰੂ ਤੇਗ਼ ਬਹਾਦਰ ਜੀ ਦੀ ਭਾਸ਼ਾ ਪਹਿਲੇ ਗੁਰੂਆਂ ਦੀ ਭਾਸ਼ਾ ਤੋਂ ਵੱਖਰੀ ਹੈ।

ਸਮੁੱਚੇ ਤੌਰ 'ਤੇ ਇਹ ਵਿਚਾਰ ਠੀਕ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਰਚਨਾ ਦੀ ਸ਼ਬਦਾਵਲੀ ਬ੍ਰਿਜ ਭਾਸ਼ਾ ਦੇ ਵੱਲ ਵਧਦੀ ਗਈ ਅਤੇ ਬਾਣੀ ਵਿਚੋਂ ਪੰਜਾਬੀ ਦੀ ਸ਼ੁੱਧ ਸ਼ਬਦਾਵਲੀ ਘੱਟਦੀ ਗਈ ਹੈ। ਗੁਰੂ ਨਾਨਕ ਸਾਹਿਬ ਦੀ ਸ਼ਬਦਾਵਲੀ ਬਹੁਤ ਹੱਦ ਤਕ ਸ਼ੁੱਧ ਪੰਜਾਬੀ ਹੈ—ਸਿਧਾਂਤਕ ਸ਼ਬਦਾਂ ਨੂੰ ਛੱਡ ਕੇ। ਗੁਰੂ ਅਮਰਦਾਸ ਜੀ ਤਕ ਪੰਜਾਬੀ ਭਾਸ਼ਾ ਬਹੁਤ ਹੱਦ ਤਕ ਕਾਇਮ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਬ੍ਰਿਜ ਅਤੇ ਹਿੰਦੀ ਦਾ ਜ਼ੋਰ ਵੱਧਦਾ ਹੈ ਭਾਵੇਂ ਆਪ ਜੀ ਨੇ ਪੰਜਾਬੀ ਅਤੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਅਤੇ ਸੰਸਕ੍ਰਿਤ ਨੂੰ ਵੀ ਪੂਰੀ ਯੋਗਤਾ ਨਾਲ ਪ੍ਰਯੋਗ ਕੀਤਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਰਚਨਾ ਵਿਚ ਪੰਜਾਬੀ ਤੋਂ ਵੱਧ ਬ੍ਰਿਜ-ਹਿੰਦੀ ਦੀ ਮਾਤਰਾ ਬਹੁਤ ਜ਼ਿਆਦਾ ਹੋ ਗਈ ਹੈ।[55]

ਕੁਝ ਵੀ ਹੋਵੇ ਗੁਰੂ ਤੇਗ਼ ਬਹਾਦਰ ਜੀ ਨੇ ਲੋਕ-ਰੁਚੀ ਅਤੇ ਸਮਕਾਲੀਨ ਸਮਾਜ ਦੀ ਲੋੜ ਨੂੰ ਮੁੱਖ ਰੱਖ ਕੇ ਆਪਣੀਆਂ ਰਚਨਾਵਾਂ ਬ੍ਰਿਜ ਭਾਸ਼ਾ ਵਿਚ ਲਿਖੀਆਂ। ਇਹ ਉਹ ਸਮਾਂ ਸੀ ਜਦੋਂ ਪੰਜਾਬ ਤੋਂ ਲੈ ਕੇ ਬੰਗਾਲ ਤਕ ਬ੍ਰਿਜ ਭਾਸ਼ਾ ਦਾ ਇਕ ਛੱਤਰ ਸਾਮਰਾਜ ਸੀ।

ਆਖਿਰ "ਸਾਧੋ ਇਹੁ ਤਨੁ ਮਿਥਿਆ ਜਾਨਉ" ਜਾਂ "ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ" ਦੇ ਗਾਇਕ ਮਹਾਂਪੁਰਖ ਭਾਰਤ ਦੀ ਧਾਰਮਿਕ ਸੁਤੰਤਰਤਾ ਨੂੰ ਕਾਇਮ ਰੱਖਣ ਵਾਸਤੇ ਆਪਣੇ ਤਨ ਦਾ ਠੀਕਰ 11 ਨਵੰਬਰ, 1675 ਈ. ਨੂੰ ਦਿੱਲੀ ਦੇ ਚਾਂਦਨੀ ਚੌਕ ਬਾਜ਼ਾਰ ਵਿਚ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਮੱਥੇ ਤੋੜ ਕੇ ਪਰਮਾਤਮਾ ਵਿਚ ਸਮਾ ਗਏ।[56]

ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦਾ ਯੋਗਦਾਨ

ਭਾਰਤ ਹਮੇਸ਼ਾ ਤੋਂ ਦਾਰਸ਼ਨਿਕਾਂ, ਸੰਤਾਂ ਆਦਿ ਦਾ ਦੇਸ਼ ਰਿਹਾ ਹੈ। ਇਥੋਂ ਦੇ ਮਨੁੱਖਾਂ ਨੂੰ ਚਿੰਤਨਧਾਰਾ ਨੇ ਬਹੁਮੁਖੀ ਹੋ ਕੇ ਜੀਵਨ ਦੇ ਵੱਖ-ਵੱਖ ਖੇਤਰਾਂ ਦੀ ਲੋੜ ਅਨੁਸਾਰ ਸ਼ੁੱਧੀ ਅਤੇ ਉਨ੍ਹਾਂ ਨੂੰ ਉਪਯੋਗੀ ਬਣਾਉਣ ਦਾ ਯਤਨ ਕੀਤਾ ਹੈ। ਇਸ

ਦੇਸ਼ ਦੀ ਖ਼ੁਸ਼ਹਾਲ ਕੁਦਰਤੀ ਸਥਿਤੀ ਨੇ ਵੀ ਪਰਾਲੌਕਿਕ ਚਿੰਤਨਧਾਰਾ ਨੂੰ ਉਤਸ਼ਾਹਿਤ ਕਰਨ ਵਿਚ ਵਿਸ਼ੇਸ਼ ਮਦਦ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਅਜਿਹੀ ਹੀ ਸੰਤ ਪਰੰਪਰਾ ਦੇ ਵਿਸ਼ਿਸ਼ਟ ਵਿਅਕਤੀ ਸਨ। ਦਸਮੇਸ਼ ਪਿਤਾ ਦਾ ਜੀਵਨ ਪੂਰਨ ਤੌਰ 'ਤੇ ਇਕ ਧਾਰਮਿਕ, ਆਗਿਆਕਾਰੀ, ਅਸਲ ਸੰਤ ਦਾ ਜੀਵਨ ਸੀ। ਜਿਸ ਸੰਪ੍ਰਦਾਇ ਨਾਲ ਦਸਮੇਸ਼ ਜੀ ਦਾ ਸੰਬੰਧ ਸੀ ਉਹ ਪੂਰਨ ਤੌਰ 'ਤੇ ਈਸ਼ਵਰਵਾਦੀ ਸੀ। ਭਗਤ ਕਬੀਰ ਜੀ, ਗੁਰੂ ਨਾਨਕ ਸਾਹਿਬ ਆਦਿ ਸਮੂਹ ਵਿਚਾਰਕ ਜਨਤਾ ਦੇ ਸਾਧਾਰਣ ਵਰਗ ਨਾਲ ਸੰਬੰਧਿਤ ਸਨ। ਇਹੀ ਕਾਰਣ ਹੈ ਕਿ ਇਹ ਦਾਰਸ਼ਨਿਕਾਂ ਦਾ ਮੱਤਵਾਦ ਨਾ ਹੋ ਕੇ ਸਮੂਹ ਲੋਕਾਈ ਦੇ ਲਈ ਪ੍ਰਸਤੁਤ ਕੀਤਾ ਗਿਆ ਇਕ ਸ਼ੁਧ, ਵਿਵਹਾਰਕ ਧਰਮ ਸੀ ਜਿਸ ਦਾ ਪੂਰਨ ਅਨੁਸਰਣ ਸਮਾਜ ਵਿਚ ਰਹਿ ਕੇ ਹੀ ਕੀਤਾ ਜਾ ਸਕਦਾ ਸੀ। ਇਸੇ ਕਾਰਣ ਗੁਰੂਆਂ ਨੇ ਸੰਸਾਰਿਕ ਜੀਵਨ ਵਿਚ ਰਹਿੰਦੇ ਹੋਏ ਵੀ ਆਪਣੇ ਉਪਦੇਸ਼ ਦਿੱਤੇ ਅਤੇ ਨਾਲ ਹੀ ਆਪਣੇ ਵਿਅਕਤੀਗਤ ਜੀਵਨ ਦਾ ਆਦਰਸ਼ ਵੀ ਸਾਰਿਆਂ ਦੇ ਸਾਹਮਣੇ ਰੱਖਿਆ।[57]

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 26 ਦਸੰਬਰ ਸੰਨ 1666 ਈ. ਨੂੰ ਪਟਨਾ ਨਗਰ ਵਿਚ ਹੋਇਆ ਸੀ। ਇਨ੍ਹਾਂ ਦਾ ਜਨਮ ਸੋਢੀ ਵੰਸ਼ ਵਿਚ ਹੋਇਆ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਗੁਰੂ ਤੇਗ਼ ਬਹਾਦਰ ਜੀ ਅਤੇ ਮਾਤਾ ਦਾ ਨਾਮ ਗੁਜਰੀ ਜੀ ਸੀ। ਗੁਰੂ ਜੀ ਦੇ ਬਚਪਨ ਦਾ ਨਾਮ 'ਗੋਬਿੰਦ ਰਾਏ' ਸੀ। ਬਾਅਦ ਵਿਚ ਖ਼ਾਲਸਾ ਪੰਥ ਵਿਚ ਦੀਖਿਆ ਹੋਣ 'ਤੇ ਉਨ੍ਹਾਂ ਨੇ ਆਪਣਾ ਨਾਮ ਗੋਬਿੰਦ ਸਿੰਘ ਰੱਖ ਲਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚੇ ਵੀਰ ਰਸ ਦੀ ਕਵਿਤਾ ਪੰਜਾਬੀ ਸਾਹਿਤ ਵਿਚ ਬਹੁਤ ਵਧੀਆ ਨਮੂਨਾ ਹੈ। ਇਨ੍ਹਾਂ ਦੇ ਦਰਬਾਰ ਵਿਚ 52 ਕਵੀ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਾਈਆਂ ਲੀਹਾਂ ਅਨੁਸਾਰ ਹੀ ਕਵਿਤਾ ਰਚਦੇ ਸਨ। ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ 52 ਕਵੀਆਂ ਦੀਆਂ ਰਚਨਾਵਾਂ ਦਾ "ਦਸਮ ਗ੍ਰੰਥ" ਦੇ ਰੂਪ ਵਿਚ ਸੰਕਲਨ ਕੀਤਾ।

ਆਪ ਜੀ ਦੁਆਰਾ ਰਚਿਆ ਜ਼ਿਆਦਾਤਰ ਸਾਹਿਤ ਲੜਾਈਆਂ ਵਿਚ ਵਿਅਸਤ ਰਹਿਣ ਦੇ ਕਾਰਣ ਸੁਰੱਖਿਅਤ ਨਹੀਂ ਰਹਿ ਸਕਿਆ। ਜੋ ਕੁਝ ਬਚ ਸਕਿਆ ਉਹ "ਦਸਮ ਗ੍ਰੰਥ" ਵਿਚ ਸ਼ਾਮਲ ਹੈ। ਇਸ ਗ੍ਰੰਥ ਦੀ ਰਚਨਾ ਇਨ੍ਹਾਂ ਦੀ ਮ੍ਰਿਤੂ ਤੋਂ ਬਾਅਦ ਹੋਈ ਸੀ। ਇਸ ਗ੍ਰੰਥ ਵਿਚ ਚੰਡੀ, ਕ੍ਰਿਸ਼ਨ, ਸ਼ਿਵ ਆਦਿ ਦੇਵਤਾਵਾਂ ਦੀ ਉਸਤਤ ਅਤਿਅੰਤ ਭਾਵਪੂਰਨ ਅਤੇ ਸ਼ਰਧਾ ਨਾਲ ਕੀਤੀ ਗਈ ਹੈ। ਇਸ ਗ੍ਰੰਥ ਵਿਚ ਬ੍ਰਿਜ ਭਾਸ਼ਾ ਤੋਂ ਇਲਾਵਾ ਕੁਝ ਰਚਨਾਵਾਂ ਹਿੰਦੀ ਦੀਆਂ ਹੋਰ ਬੋਲੀਆਂ ਅਤੇ ਫ਼ਾਰਸੀ ਭਾਸ਼ਾ ਵਿਚ ਵੀ ਹਨ। ਅਨੇਕਾਂ ਭਾਸ਼ਾਵਾਂ ਉੱਤੇ ਆਪ ਜੀ ਦਾ ਵਿਲੱਖਣ ਅਧਿਕਾਰ ਅਤੇ ਕਾਵਿ-ਰਚਨਾ ਦੀ ਸਮਰੱਥਾ ਹੈਰਾਨ ਕਰ ਦਿੰਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਤੋਂ ਸਿੰਘ ਬਣਾਏ। ਉਨ੍ਹਾਂ ਨੇ ਸਿਰਫ਼ ਮੁਰਦਾ ਹੋਈ ਹਿੰਦੂ ਜਾਤੀ ਦੇ ਅੰਦਰੂਨੀ ਵਿਚਾਰਾਂ ਨੂੰ ਹੀ ਨਹੀਂ ਬਦਲਿਆ ਸਗੋਂ ਉਪਰ ਦੀ ਸ਼ਕਲ ਸੂਰਤ "ਸਾਬਤ ਸੂਰਤ ਦਸਤਾਰ ਸਿਰਾ" ਵਿਚ ਬਦਲ ਕੇ ਖ਼ਾਲਸੇ ਨੂੰ ਵਿਲੱਖਣ ਸ਼ਖ਼ਸੀਅਤ ਦਾ ਮਾਲਿਕ ਬਣਾਇਆ।

ਦਮਦਮਾ ਸਾਹਿਬ ਵਿਚ ਕੁਝ ਸਮਾਂ ਰਹਿ ਕੇ ਇਨ੍ਹਾਂ ਨੇ ਆਪਣੇ ਸਾਹਮਣੇ ਭਾਈ ਮਨੀ ਸਿੰਘ ਜੀ ਤੋਂ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਈ।

ਜੀਵਨ ਵਿਚ ਸੰਗੀਤ ਦਾ ਮਹੱਤਵ

ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਸਾਹਿਤਕਾਰ, ਮਹਾਨ ਜੋਧੇ ਅਤੇ ਸੰਗੀਤ ਕੁਸ਼ਲ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੇ ਹਨ। ਇਨ੍ਹਾਂ ਦੀ ਕੋਈ ਵੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਹੈ। ਇਨ੍ਹਾਂ ਦੀ ਕਾਵਿ-ਰਚਨਾ ਦਾ ਖੇਤਰ ਇੰਨਾ ਵਿਆਪਕ ਅਤੇ ਆਕਾਰ ਇੰਨਾ ਵੱਡਾ ਹੈ ਕਿ ਉਸ ਨੂੰ ਇਕ ਵੱਖਰੇ ਗ੍ਰੰਥ ਦਾ ਰੂਪ ਦਿੱਤਾ ਗਿਆ ਜਿਸ ਨੂੰ 'ਦਸਮ ਗ੍ਰੰਥ' ਦੇ ਨਾਮ ਤੋਂ ਜਾਣਿਆ ਜਾਂਦਾ ਹੈ। 'ਦਸਮ ਗ੍ਰੰਥ' ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਨੇਕਾਂ ਵਿਸ਼ਿਆਂ ਨਾਲ ਸੰਬੰਧਤ ਬਾਣੀਆਂ ਸ਼ਾਮਲ ਹਨ ਪਰੰਤੂ ਗੁਰਦੁਆਰਿਆਂ ਵਿਚ ਜਾਪੁ, ਵਾਰ ਭਗਉਤੀ ਜੀ ਦੀ ਅਤੇ ਸ਼ਬਦ ਹਜ਼ਾਰੇ ਦਾ ਨਿੱਤ ਪਾਠ ਹੁੰਦਾ ਹੈ।[59]

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੇ ਅਧੀਨ ਆਪਣੇ ਕਾਲ ਦੀ ਰਾਜਨੀਤਕ ਹਾਲਤ ਤੋਂ ਪ੍ਰੇਰਿਤ ਹੋ ਕੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੇ ਆਪਣੇ ਧਰਮ ਨੂੰ ਰਜੋਗੁਣੀ ਦੱਸਿਆ ਹੈ ਪਰੰਤੂ ਉਨ੍ਹਾਂ ਦੇ ਧਾਰਮਿਕ ਸੰਸਕਾਰ ਬਹੁਤ ਜ਼ੋਰਦਾਰ ਸਨ। ਧਰਮ ਉਨ੍ਹਾਂ ਲਈ ਸਭ ਤੋਂ ਉੱਤੇ ਸੀ। ਇਸ ਲਈ ਪਰਮਾਤਮਾ ਦਾ ਨਾਮ ਸਿਮਰਨ, ਉਸਤਤ ਅਤੇ ਅਰਦਾਸ ਨਾਲ ਸੰਬੰਧਤ ਇਹ ਰਚਨਾ (ਜਾਪੁ ਸਾਹਿਬ) ਸਭ ਤੋਂ ਪਹਿਲਾਂ ਲਿਖੀ ਗਈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਰਚਨਾ ਦੇ ਆਰੰਭ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੇ ਨਿਰਾਕਾਰ ਰੂਪ ਨੂੰ ਵੱਖ-ਵੱਖ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਹੋਏ ਉਸ ਨੂੰ ਨਮਸਕਾਰ ਕੀਤਾ ਹੈ। ਉਸ ਦੇ ਅਦ੍ਰਿਸ਼, ਅਨਾਮ, ਅਨਾਦਿ, ਅਪਾਰ ਰੂਪਾਂ ਦੀ ਬਾਰ-ਬਾਰ ਅਰਦਾਸ ਕੀਤੀ ਹੈ।[60]

ਛੰਦ ਯੋਜਨਾ

ਗੁਰੂ ਗੋਬਿੰਦ ਸਿੰਘ ਜੀ ਆਪਣੇ ਯੁਗ ਵਿਚ ਪ੍ਰਚਲਿਤ ਹਿੰਦੀ ਦੀਆਂ ਸਮੂਹ ਕਾਵਿ-ਸ਼ੈਲੀਆਂ ਤੋਂ ਪੂਰੀ ਤਰ੍ਹਾਂ ਜਾਣੂ ਸਨ। ਵੀਰ-ਗਾਥਾ ਕਾਲੀਨ ਪ੍ਰਣਾਲੀ ਦੀ ਸ਼ੈਲੀ, ਭਗਤੀ ਕਾਲੀਨ ਗੇਯਪਦ ਸ਼ੈਲੀ ਅਤੇ ਰੀਤ ਕਾਲੀਨ ਸਵੱਈਆ ਕਬਿੱਤ ਸ਼ੈਲੀ ਅਤੇ ਸਮੂਹ ਕਾਵਿ-ਸ਼ੈਲੀਆਂ ਦਾ ਪ੍ਰਯੋਗ ਅਨੋਖੀ ਸਫਲਤਾ ਨਾਲ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਛੰਦ ਸ਼ਾਸਤਰ ਦੇ ਵਿਦਵਾਨ ਸਨ। ਉਨ੍ਹਾਂ ਨੇ ਪਰੰਪਰਾਗਤ ਛੰਦਾਂ ਦਾ ਪ੍ਰਯੋਗ ਤਾਂ ਕੀਤਾ ਹੀ, ਨਾਲ ਹੀ ਛੰਦ ਖੇਤਰ ਵਿਚ ਅਨੇਕਾਂ ਪ੍ਰਯੋਗ ਵੀ ਕੀਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਵਿਚ ਸੰਸਕ੍ਰਿਤ ਅਤੇ ਪ੍ਰਾਕ੍ਰਿਤ, ਵਰਣਿਕ ਅਤੇ ਮਾਤਰਿਕ ਸਾਰੇ ਪ੍ਰਕਾਰ ਦੇ ਇਕ ਸੌ ਤੋਂ ਵੱਧ ਛੰਦਾਂ ਦਾ ਪ੍ਰਯੋਗ

ਕੀਤਾ ਹੈ। ਇਹ ਸਾਰੇ ਛੰਦ ਉਨ੍ਹਾਂ ਦੀਆਂ ਵਿਭਿੰਨ ਰਚਨਾਵਾਂ ਵਿਚ ਬਿਖਰੇ ਹੋਏ ਹਨ। ਸਮੂਹ ਦਸਮ ਗ੍ਰੰਥ ਵਿਚ ਲਗਪਗ ਅਠਾਰਾਂ ਹਜ਼ਾਰ ਛੰਦ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਵਿਚ ਵੀਰ-ਗਾਥਾ ਕਾਲੀਨ ਅਤੇ ਗੀਤ ਕਾਲੀਨ ਪ੍ਰਵਿਰਤੀਆਂ ਦਾ ਅਨੋਖਾ ਸੰਜੋਗ ਹੈ। ਇਸ ਲਈ ਦਸਮ ਗ੍ਰੰਥ ਵਿਚ ਵੀਰ-ਕਾਵਿ ਉਚਿਤ ਚੌਪਈ, ਦੋਹਾ, ਅੜਿਲ ਪੱਧਰੀ ਆਦਿ ਮਾਤਰਿਕ ਅਤੇ ਗੀਤ-ਕਾਵਿ ਵਿਚ ਬਹੁ ਪ੍ਰਚਲਿਤ, ਸਵੱਈਆ, ਭੁਜੰਗ ਪ੍ਰਯਾਤ, ਰਸਾਵਲ ਆਦਿ ਵਰਣਿਕ ਛੰਦਾਂ ਦਾ ਪ੍ਰਯੋਗ ਹੋਇਆ ਹੈ।[61]

ਇਹ ਸਾਰੇ ਛੰਦ ਸੰਗੀਤ ਦੀ ਦ੍ਰਿਸ਼ਟੀ ਤੋਂ ਗਾਇਨ ਦੇ ਲਈ ਉਤਨੇ ਉਪਯੁਕਤ ਨਹੀਂ ਹਨ ਜਿੰਨੇ ਗੇਯ ਪਦ ਹੁੰਦੇ ਹਨ। ਗੁਰੂ ਜੀ ਦੀ ਰਚਨਾ ਵਿਚ "ਸ਼ਬਦ ਹਜ਼ਾਰੇ" ਅਤੇ ਪਾਰਸਨਾਥ ਅਵਤਾਰ ਦੇ ਕੁਝ ਪਦ ਹੀ ਗਾਇਨ ਦੀ ਦ੍ਰਿਸ਼ਟੀ ਤੋਂ ਉੱਚਿਤ ਹਨ ਅਤੇ ਇਨ੍ਹਾਂ 'ਤੇ ਹੀ ਰਾਗਾਂ ਦਾ ਨਾਮ ਪਾਇਆ ਜਾਂਦਾ ਹੈ।[62]

ਪਾਰਸਨਾਥ ਅਵਤਾਰ

ਇਸ ਦੇ ਅਧੀਨ ਗੁਰੂ ਗੋਬਿੰਦ ਸਿੰਘ ਜੀ ਨੇ ਵਿਵੇਕ ਅਤੇ ਅਵਿਵੇਕ ਦੀ ਸੈਨਾ ਵਿਚ ਹੋਏ ਘੋਰ ਯੁੱਧ ਦਾ ਵਰਣਨ ਵਿਸਤਾਰ ਪੂਰਵਕ ਕੀਤਾ ਹੈ। ਇਸ ਰਚਨਾ ਵਿਚ ਵੀਰ ਰਸ ਦੀ ਪ੍ਰਧਾਨਤਾ ਹੈ। ਸ਼ਿੰਗਾਰ ਅਤੇ ਸ਼ਾਂਤੀ ਰਸ ਦਾ ਵੀ ਉੱਚਿਤ ਸਥਾਨ 'ਤੇ ਪ੍ਰਯੋਗ ਹੋਇਆ ਹੈ। ਦਸ ਅਵਤਾਰਾਂ ਦੇ ਸਮਾਨ ਹੀ ਇਸ ਦੀ ਬ੍ਰਿਜ ਭਾਸ਼ਾ ਵੀ ਓਜ ਅਤੇ ਮਧੁਰਤਾ ਦੇ ਗੁਣ ਨਾਲ ਮਿਸ਼ਰਤ ਹੈ। ਇਸ ਵਿਚ 16 ਪ੍ਰਕਾਰ ਦੇ ਛੰਦਾਂ ਦਾ ਪ੍ਰਯੋਗ ਹੋਇਆ ਹੈ।[63]

ਇਸ ਵਿਚ ਵਿਸ਼ਣੂ ਪਦ ਦਾ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਵਿਚ ਚਾਰ ਜਾਂ ਅੱਠ ਲਾਈਨਾਂ ਹਨ। ਇਹ ਪਦ 16 ਰਾਗਾਂ ਵਿਚ ਰਚੇ ਗਏ ਹਨ :

1. ਪਰਜ	2. ਸੋਰਠ
3. ਸੂਹੀ	4. ਰਾਮਕਲੀ
5. ਧਨਾਸਰੀ	6. ਸਾਰੰਗ
7. ਤਿਲੰਗ	8. ਕੇਦਾਰਾ
9. ਦੇਵਗੰਧਾਰੀ	10. ਕਲਿਆਣ
11. ਮਾਰੂ	12. ਭੈਰਵ
13. ਗੌਰੀ	14. ਕਾਫੀ
15. ਅਡਾਨਾ	16. ਬਸੰਤ

ਸ਼ਬਦ ਹਜ਼ਾਰੇ

ਗੁਰੂ ਰਾਮਦਾਸ ਲਾਇਬ੍ਰੇਰੀ, ਅੰਮ੍ਰਿਤਸਰ ਅਤੇ ਸੈਂਟਰਲ ਲਾਇਬ੍ਰੇਰੀ, ਪਟਿਆਲਾ ਦੀਆਂ ਜ਼ਿਆਦਾਤਰ ਕਾਪੀਆਂ ਵਿਚ ਇਹ ਸ਼ਬਦ ਅੰਕਿਤ ਮਿਲਦੇ ਹਨ। ਇਨ੍ਹਾਂ ਸਲੋਕਾਂ ਦੀ ਕੁਲ ਗਿਣਤੀ 10 ਹੈ।[64]

ਗੁਰੂ ਗੋਬਿੰਦ ਸਿੰਘ ਜੀ ਦੀਆਂ ਫੁਟਕਲ ਰਚਨਾਵਾਂ ਵਿਚ ਸ਼ਬਦਾਂ ਦਾ ਵਿਸ਼ੇਸ਼ ਸਾਹਿਤਕ ਮਹੱਤਵ ਹੈ ਕਿਉਂਕਿ ਇਨ੍ਹਾਂ ਦੀ ਰਚਨਾ ਰਾਗਾਂ ਦੇ ਆਧਾਰ 'ਤੇ ਹੋਈ ਹੈ। ਇਨ੍ਹਾਂ ਨੂੰ ਸੰਗੀਤਕ ਪਦਾਂ ਦੇ ਅਧੀਨ ਰੱਖਿਆ ਗਿਆ ਹੈ ਜਿਨ੍ਹਾਂ ਵਿਚ ਰਾਮਕਲੀ, ਸੋਰਠ, ਕਲਿਆਣ, ਬਿਲਾਵਲ, ਦੇਵਗੰਧਾਰ, ਖ਼ਿਆਲ, ਤਿਲੰਗ, ਕਾਫੀ ਰਾਗਾਂ ਦਾ ਪ੍ਰਯੋਗ ਹੋਇਆ ਹੈ। ਆਮ ਤੌਰ 'ਤੇ ਸਿੱਧ ਸੰਤਾਂ ਵਿਚ ਇਹ ਪਰੰਪਰਾ ਮਿਲਦੀ ਹੈ ਕਿ ਉਨ੍ਹਾਂ ਨੇ ਭਗਤੀ ਦਾ ਗਾਇਨ ਰਾਗਬੱਧ ਰੂਪ ਵਿਚ ਕੀਤਾ ਹੈ।[65]

ਡਾ. ਅਜੀਤ ਸਿੰਘ ਪੇਂਟਲ ਦਾ ਉਪਰ ਲਿਖੇ ਰਾਗਾਂ ਦੇ ਨਾਮਾਂ ਦੇ ਸੰਦਰਭ ਵਿਚ ਵਿਚਾਰ ਹੈ ਕਿ 'ਖਿਆਲ' ਰਾਗ ਦੀ ਕਿਸਮ ਨਾ ਹੋ ਕੇ ਉਸ ਕਾਲ ਵਿਚ ਪ੍ਰਚਲਿਤ ਰੂਪ ਜਾਂ ਲੋਕ-ਗੀਤ ਪ੍ਰਕਾਰ ਹੈ ਜੋ ਅੱਜ ਵੀ ਹਰਿਆਣਾ ਅਤੇ ਰਾਜਸਥਾਨ ਦੇ ਲੋਕ ਗੀਤਾਂ ਵਿਚ ਅਜਿਹੇ ਅਨੇਕਾਂ ਖਿਆਲ ਰਚੇ ਹੋਏ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਉਥੋਂ ਦੇ ਲੋਕ ਗਾਇਕ ਇਕ ਵਿਸ਼ੇਸ਼ ਧੁਨ ਵਿਚ ਗਾਇਆ ਕਰਦੇ ਹਨ।

ਇਹਨਾਂ ਖਿਆਲਾਂ ਦੀਆਂ ਪੁਸਤਕਾਂ ਦੀ ਗਿਣਤੀ ਤਿੰਨ ਸੌ ਤਕ ਹੈ। ਖੇਡ ਤਮਾਸ਼ਾ ਜਾਂ ਮਨੋਰੰਜਨ ਦੇ ਕਾਰਣ ਇਸ ਦਾ ਨਾਮ ਖਿਆਲ ਪਿਆ। ਇਸ ਵਿਚ ਗਾਇਕੀ ਅਤੇ ਸੁਰ ਲੈਅ ਦੀ ਪ੍ਰਧਾਨਤਾ ਹੈ। ਰਾਗਾਂ ਨੂੰ ਵੀ ਕਾਇਮ ਰੱਖਿਆ ਜਾਂਦਾ ਹੈ, ਇਸ ਲਈ ਇਹ ਸ਼ਾਸਤਰੀ ਸੰਗੀਤ ਦੇ ਨੇੜੇ ਹੈ।[66]

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚੇ ਸ਼ਬਦ ਹਜ਼ਾਰੇ ਵਿਚੋਂ ਛੇਵਾਂ ਸ਼ਬਦ ਵਿਸ਼ੇਸ਼ ਮਹੱਤਵ ਦਾ ਹੈ। ਹੋਰਨਾਂ ਸ਼ਬਦਾਂ ਦੀ ਭਾਸ਼ਾ ਬ੍ਰਿਜ ਹੈ। ਪਰੰਤੂ ਇਸ ਦੀ ਭਾਸ਼ਾ ਪੰਜਾਬੀ ਹੈ। ਇਸ ਦੀ ਰਚਨਾ ਖਿਆਲ ਵਿਚ ਹੋਈ ਹੈ। ਜਿਸ ਵਿਚ ਭਾਸ਼ਾ ਅਤੇ ਭਾਵ ਦੋਵਾਂ ਦਾ ਸੁੰਦਰ ਸੁਮੇਲ ਮਿਲਦਾ ਹੈ। ਇਸ ਸ਼ਬਦ (ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ) ਦੇ ਦੁਆਰਾ ਗੁਰੂ ਜੀ ਨੇ ਆਪਣੀ ਗੂੜ੍ਹ-ਬਿਰਥਾ ਨੂੰ ਪ੍ਰਗਟ ਕੀਤਾ ਹੈ। ਧਰਮ ਦੀ ਖ਼ਾਤਿਰ ਜਿਸ ਦੇ ਚਾਰੋਂ ਪੁੱਤਰਾਂ ਦਾ ਇਕੱਠੇ ਬਲੀਦਾਨ ਹੋ ਗਿਆ ਹੋਵੇ ਅਤੇ ਪਰਮ ਮਿੱਤਰ ਮੌਤ ਦੇ ਘਾਟ ਉਤਾਰ ਦਿੱਤੇ ਗਏ ਹੋਣ, ਉਸ ਦੀ ਅੰਦਰੂਨੀ ਬਿਰਥਾ ਅਕਥਨੀ ਹੈ। ਉਸ ਦੇ ਖਿਆਲ ਤੋਂ ਹੀ ਦਿਲ ਦਹਿਲ ਉਠਦਾ ਹੈ। ਗੁਰੂ ਜੀ ਨੇ ਸ਼ਾਇਦ ਅਜਿਹੀਆਂ ਹੀ ਕਠਿਨ ਪਰਿਸਥਿਤੀਆਂ ਵਿਚ ਇਸ ਸ਼ਬਦ ਦੇ ਦੁਆਰਾ ਆਪਣਾ ਸੰਦੇਸ਼ ਪਰਮਾਤਮਾ ਦੇ ਕੋਲ ਭੇਜਿਆ ਹੈ। ਇਸ ਸ਼ਬਦ ਦੀ ਭਾਸ਼ਾ ਵਿਚ ਸ਼ਾਂਤ ਦੇ ਨਾਲ ਕਰੁਣ ਦੀ ਵੀ ਝਾਕੀ ਦ੍ਰਿਸ਼ਟਮਾਨ ਹੈ। ਦਸਮੇਸ਼ ਜੀ ਨੇ ਇਸ ਵਿਚ ਅਨੁਪਮ ਛੰਦ ਯੋਜਨਾ ਦਾ ਸੁੰਦਰ ਵਿਧਾਨ ਕੀਤਾ ਹੈ। ਇਸ ਵਿਚ ਸ਼ੱਕ ਨਹੀਂ ਕਿ ਇਹਨਾਂ ਸ਼ਬਦਾਂ ਦੀ ਗਿਣਤੀ ਬਹੁਤ ਜ਼ਿਆਦਾ ਨਹੀਂ ਹੈ, ਪਰੰਤੂ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਉਹਨਾਂ ਦਾ ਮਹੱਤਵ ਬਹੁਤ ਜ਼ਿਆਦਾ ਹੈ। ਸੰਗੀਤ ਭਾਵ ਗੰਭੀਰ ਅਤੇ ਰਚਨਾ ਕੌਸ਼ਲ ਦੀ ਦ੍ਰਿਸ਼ਟੀ ਤੋਂ ਇਹ ਅਨੂਠੇ ਹਨ ਅਤੇ ਹਿੰਦੀ ਸੰਤ ਕਾਵਿ ਦੇ ਉਤਕ੍ਰਿਸ਼ਟ ਉਦਾਹਰਣ ਹਨ।[67]

ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਪਦਾਂ ਵਿਚ ਸਿਰਫ਼ ਅਠਾਰਾਂ ਰਾਗਾਂ ਦੇ ਨਾਮ ਮਿਲਦੇ ਹਨ, ਜੋ ਇਸ ਪ੍ਰਕਾਰ ਹਨ :

1. ਰਾਮਕਲੀ	2. ਸੋਰਠ
3. ਕਲਿਆਣ	4. ਬਿਲਾਵਲ
5. ਤਿਲੰਗ ਕਾਫ਼ੀ	6. ਦੇਵਗੰਧਾਰੀ
7. ਕਾਫੀ	8. ਪਰਜ
9. ਮਾਰੂ	10. ਸੂਹੀ
11. ਗੌਰੀ	12. ਸਾਰੰਗ
13. ਕੇਦਾਰਾ	14. ਧਨਾਸਰੀ
15. ਅਡਾਨਾ	16. ਭੈਰਵ
17. ਤਿਲੰਗ	18. ਬਸੰਤ

ਉਪਰੋਕਤ ਰਾਗਾਂ ਵਿਚ ਕੁਝ ਰਾਗ ਅਜਿਹੇ ਵੀ ਹਨ, ਜਿਨ੍ਹਾਂ ਦਾ ਉਲੇਖ 'ਗੁਰੂ ਗ੍ਰੰਥ ਸਾਹਿਬ ਵਿਚ ਨਹੀਂ' ਮਿਲਦਾ। ਗੁਰੂ ਜੀ ਆਪ ਇਕ ਮਹਾਨ ਸੰਗੀਤਕਾਰ ਸਨ। ਇਸ ਵਿਚ ਕੋਈ ਸ਼ੱਕ ਨਹੀਂ ਪਰੰਤੂ ਜਿਵੇਂ ਗੁਰੂ ਨਾਨਕ ਦੇਵ ਜੀ ਦੇ ਸੰਦਰਭ ਵਿਚ ਕਿਹਾ ਜਾ ਚੁੱਕਿਆ ਹੈ, ਆਪ ਜੀ ਨੇ ਵੀ ਆਪਣੀਆਂ ਰਚਨਾਵਾਂ ਨੂੰ 19 ਰਾਗਾਂ ਵਿਚ ਸੀਮਤ ਰੱਖਣ ਦਾ ਯਤਨ ਸ਼ਾਇਦ ਭਗਤਾਂ ਦੇ ਲਈ ਕੀਰਤਨ ਗਾਇਨ ਨੂੰ ਆਸਾਨ ਬਣਾਉਣ ਲਈ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸੰਗੀਤ ਪ੍ਰੇਮ ਦਾ ਪ੍ਰਮਾਣ ਉਹਨਾਂ ਦੁਆਰਾ ਰਚੀਆਂ ਅਜਿਹੀਆਂ ਅਨੇਕਾਂ ਰਚਨਾਵਾਂ ਹਨ, ਜੋ ਉਹਨਾਂ ਨੇ ਸ੍ਰੀ ਕ੍ਰਿਸ਼ਨ ਦੀ ਮੁਰਲੀ ਸੰਬੰਧੀ ਰਚੀਆਂ ਹਨ। ਸ੍ਰੀ ਕ੍ਰਿਸ਼ਨ ਦਾ ਮੁਰਲੀਧਰ ਰੂਪ ਉਹਨਾਂ ਨੂੰ ਬਹੁਤ ਪਿਆਰਾ ਸੀ। ਮੁਰਲੀ ਕਿਉਂਕਿ ਇਕ ਸੁਰੀਲਾ ਸੰਗੀਤ ਸਾਜ਼ ਹੈ। ਸ੍ਰੀ ਕ੍ਰਿਸ਼ਨ ਜੀ ਦੀ ਬਾਂਸੁਰੀ ਉੱਤੇ ਲਿਖੀਆਂ ਗਈਆਂ ਅਨੇਕਾਂ ਰਚਨਾਵਾਂ ਜਿਹਨਾਂ ਵਿਚੋਂ ਕੁਝ ਦੇ ਉਪਰ ਰਾਗਾਂ ਦੇ ਨਾਮ ਵੀ ਦਿੱਤੇ ਗਏ ਹਨ, ਕਈ ਅਜਿਹੇ ਰਾਗ ਵੀ ਹਨ, ਜਿਨ੍ਹਾਂ ਦੀ ਸ਼ਮੂਲੀਅਤ ਨਾ ਤਾਂ ਦਸਮ ਗ੍ਰੰਥ ਵਿਚ ਦਿੱਤੇ ਗਏ ਰਾਗਾਂ ਦੀ ਸੂਚੀ ਵਿਚ ਹੈ ਅਤੇ ਨਾ ਆਦਿ ਗ੍ਰੰਥ ਵਿਚ ਅਤੇ ਨਾ ਹੀ ਆਦਿ ਗ੍ਰੰਥ ਦੀ ਸੂਚੀ ਵਿਚ। ਉਦਾਹਰਣ ਸਰੂਪ ਮਾਲਵੀ, ਗੌੜੀ, ਮਲਹਾਰ, ਮਾਲਕੌਂਸ, ਹਿੰਡੋਲ, ਲਲਿਤਾ, ਮਾਲਵਾ ਆਦਿ।[68]

ਜੈਤਸਰੀ ਦਸਮ ਗ੍ਰੰਥ ਵਿਚ ਨਹੀਂ ਪਾਇਆ ਜਾਂਦਾ ਪਰੰਤੂ 'ਆਦਿ ਗ੍ਰੰਥ' ਵਿਚ ਪਾਇਆ ਜਾਂਦਾ ਹੈ। ਆਪ ਜੀ ਦੀਆਂ ਰਚਨਾਵਾਂ ਵਿਚ ਰਾਗਾਂ ਦਾ ਨਾਮ ਇਸ ਤਰ੍ਹਾਂ ਵਿਵਸਥਿਤ ਰੂਪ ਵਿਚ ਲਿਖਿਆ ਗਿਆ ਹੈ ਕਿ ਇਹਨਾਂ ਨੂੰ "ਰਾਗ ਸਾਗਰ" ਦੇ ਰੂਪ ਵਿਚ ਗਾਇਆ ਜਾ ਸਕਦਾ ਹੈ।

ਬਾਜਤ ਬਸੰਤ ਅਰ ਭੈਰਵ ਹਿੰਡੋਲ ਰਾਗ
ਬਾਜਤ ਹੈ ਲਲਿਤਾ ਕੇ ਸਾਥ ਧਨਾਸਰੀ॥
ਮਾਲਵਾ ਕਲਿਆਣ ਅਰ ਮਾਲਕੌਸ ਮਾਰੂ ਰਾਗ
ਵਨ ਮੇ ਬਜਾਵੇ ਕਾਨਹ ਮੰਗਲ ਨਿਵਾਸਰੀ॥
ਸੁਰੀ ਅਰ ਆਸੁਰੀ ਅਓ ਪਨੰਗੀ ਜੇਤੁਹੀ ਤਹਾਂ
ਧੁਨ ਕੇ ਸੁਨਤ ਪੈਨ ਰਹੀ ਸੁਧ ਜਾਸਰੀ॥

ਕਹੈ ਇਓ ਦਾਸਰੀ ਸੁ ਏਸੀ ਬਾਜੀ ਬਾਂਸੁਰੀ
ਸੁ ਮੇਰੇ ਜਾਨੇ ਧਾਮੈ ਸਮ ਰਾਗ ਕੋ ਨਿਵਾਸਰੀ ॥[69]

ਗੁਰੂ ਗੋਬਿੰਦ ਸਿੰਘ ਜੀ ਮਹਾਨ ਸੰਗੀਤਕਾਰ ਸਨ। ਉਹਨਾਂ ਦੀ ਬਾਣੀ ਵਿਚ ਸੰਗੀਤ ਦੇ ਅਨੇਕਾਂ ਪਰਿਭਾਸ਼ਿਕ ਸ਼ਬਦ ਇਸ ਗੱਲ ਨੂੰ ਸੰਕੇਤ ਕਰਦੇ ਹਨ ਕਿ ਉਹਨਾਂ ਨੂੰ ਸੰਗੀਤ ਦਾ ਸਿਰਫ਼ ਗਿਆਨ ਹੀ ਨਹੀਂ ਸਗੋਂ ਸੰਗੀਤ ਦਾ ਗੂੜ੍ਹਾ (ਗਹਿਨ) ਅਧਿਐਨ ਵੀ ਸੀ।

ਛੰਦ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਯੋਗ ਦੀ ਮੌਲਿਕਤਾ ਸੰਗੀਤ ਛੰਦਾਂ ਵਿਚ ਦਿਖਾਈ ਦੇਂਦੀ ਹੈ। ਜੰਗ ਵਿਚ ਉਤਸ਼ਾਹ ਵਧਾਉਣ ਦੇ ਲਈ ਵਿਸ਼ੇਸ਼ ਤਰ੍ਹਾਂ ਦੀਆਂ ਧੁਨੀਆਂ ਦਾ ਬਹੁਤ ਮਹੱਤਵ ਹੈ। ਜੰਗ ਵਿਚ ਢੋਲ, ਨਗਾਰਿਆਂ ਅਤੇ ਹੋਰਨਾਂ ਸਾਜ਼ ਯੰਤਰਾਂ ਤੋਂ ਵੱਖ ਧੁਨੀਆਂ ਨੂੰ ਪੈਦਾ ਕਰ ਕੇ ਸੈਨਿਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਧੁਨੀ ਪ੍ਰਯੋਗ ਆਪਣੇ ਜੰਗ ਚਿੱਤਰਾਂ ਵਿਚ ਬਹੁਤ ਕੀਤਾ ਹੈ।[70]

ਗੁਰੂ ਜੀ ਨੇ ਇਹਨਾਂ ਰਚਨਾਵਾਂ ਵਿਚ ਜੰਗ ਦੇ ਸਮੇਂ ਵੱਜਦੇ ਹੋਏ ਮਾਰੂ ਵਾਜੇ ਦੇ ਗੰਭੀਰ ਨਾਦ ਅਤੇ ਅਸਤਰਾਂ ਸ਼ਸਤਰਾਂ ਦੀ ਝੁਨਕਾਰ ਆਦਿ ਨੂੰ ਪ੍ਰਗਟ ਕਰਨ ਲਈ ਅਜਿਹੇ ਧੁਨੀ ਪ੍ਰਧਾਨ ਸ਼ਬਦਾਂ ਨੂੰ ਚੁਣਿਆ, ਜਿਸ ਵਿਚ ਵੰਗਾਰ ਦੀ ਝੁਨਕਾਰ ਅਤੇ ਮ੍ਰਿਦੰਗ ਦੀ ਧੁਨੀ ਦੀ ਗੰਭੀਰਤਾ ਪ੍ਰਗਟ ਹੁੰਦੀ ਹੈ।[71]

ਵੀਰ ਰਸ ਦੇ ਉਪਰੋਕਤ ਛੰਦਾਂ, ਛਪਾਂ, ਨਰਾਜ, ਪਧਤਿਕਾ, ਕਾਥਰੀ, ਬਾਹੜ, ਭੁਜੰਗ, ਪਰਿਆਤ ਅਤੇ ਮਧੁਮਾਰ ਛੰਦਾਂ ਨੂੰ ਉਹਨਾਂ ਦੇ ਲੱਛਣਾਂ ਦੇ ਅਧੀਨ ਉਹਨਾਂ ਨੇ ਸੰਗੀਤ ਧੁਨੀਆਂ ਦਿੱਤੀਆਂ, ਜੋ ਮ੍ਰਿਦੰਗ ਦੇ ਬੋਲ ਦੇ ਅਨੁਰੂਪ ਸਨ। ਅਜਿਹੇ ਛੰਦਾਂ ਵਿਚ ਪ੍ਰਯੋਗ ਕੀਤੀ ਸ਼ਬਦਾਵਲੀ ਦੇ ਅਰਥ ਦਾ ਨਹੀਂ, ਸਿਰਫ਼ ਧੁਨੀ ਦਾ ਹੀ ਮਹੱਤਵ ਹੁੰਦਾ ਹੈ।[72]

ਸੰਗੀਤ ਛੰਦਾਂ ਦੇ ਕੁਝ ਕੁ ਉਦਾਹਰਣ ਦੇਣਾ ਉੱਚਿਤ ਹੋਵੇਗਾ :

ਤਾਗੜਤੰਗ ਤਾਲ ਬਾਜਤ ਮੁਚੰਗ, ਬੀਨਾ ਸੁਵੈਣ ਬੰਸੀ ਮ੍ਰਿਦੰਗ
ਡਫ਼ ਤਾਲ ਤੁਰੀ ਸ਼ਹਿਨਾਈ ਰਾਗ, ਬਾਂਜਤ ਜਾਨ ਉਪਨਤ ਸੁਹਾਗ।[73]
ਨਾਗੜਦੰਗ ਨਿਸਾਣ, ਜਾਗੜਦੰਗ ਜੁਆਣ।
ਨਾਗੜਦੀ ਨਿਹੰਗ, ਪਾਗੜਦੀ ਪਲੰਗ।[74]
ਨਾਗੜਦੰਗ ਨਾਦੰ ਵਾਗੜਦੰਗ ਬਾਜੇ
ਸਾਗੜਦੰਗ ਸੂਰ ਰਾਗੜਦੰਗ ਰਾਜੇ।[75]

ਇਸ ਤਰ੍ਹਾਂ ਗੁਰੂ ਜੀ ਨੇ ਯੋਧੇ ਹੋਣ ਦੇ ਨਾਤੇ ਵੀਰ ਰਸ, ਸੰਤ ਹੋਣ ਦੇ ਨਾਤੇ ਸ਼ਾਂਤ ਰਸ ਅਤੇ ਭਗਤ ਹੋਣ ਦੇ ਨਾਤੇ ਸ਼ਿੰਗਾਰ ਰਸ ਦੇ ਭਾਵਾਂ ਨੂੰ ਪ੍ਰਗਟਾਉਣ ਵਾਲੇ ਕਾਵਿ ਦੀ ਰਚਨਾ ਕੀਤੀ ਅਤੇ ਉਹਨਾਂ ਨੂੰ ਇਹਨਾਂ ਭਾਵਾਂ ਦੇ ਅਨੁਕੂਲ ਰਾਗਾਂ ਵਿਚ ਬੱਧ ਕੀਤਾ ਜੋ ਉਹਨਾਂ ਦੀ ਅਨੋਖੀ ਕਾਵਿ-ਸ਼ਕਤੀ ਅਤੇ ਸੰਗੀਤਕ ਨਿਪੁੰਨਤਾ ਦੇ ਸੰਕੇਤ ਹਨ।[76]

ਗੁਰੂ ਗੋਬਿੰਦ ਸਿੰਘ ਜੀ ਲਲਿਤ ਕਲਾਵਾਂ ਵਿਚ ਬਹੁਤ ਰੁਚੀ ਰੱਖਦੇ ਸਨ। ਆਪ ਜੀ ਦੇ ਦਰਬਾਰ ਵਿਚ 52 ਕਵੀਆਂ ਅਤੇ ਅਨੇਕਾਂ ਸੰਗੀਤਕਾਰਾਂ ਨੂੰ ਆਸਰਾ ਪ੍ਰਾਪਤ ਸੀ। ਇਹਨਾਂ ਸੰਗੀਤਕਾਰਾਂ ਵਿਚ ਅਨੇਕ ਵਾਦਕ ਕਲਾਕਾਰ ਵੀ ਸਨ, ਜੋ 'ਰਬਾਬ' ਅਤੇ 'ਤਾਊਸ' ਨਾਂਅ ਦੇ ਸਾਜ਼ ਯੰਤਰਾਂ ਉੱਤੇ ਕੀਰਤਨ ਕਰਦੇ ਸਨ।[77]

'ਸੂਰਜ ਪ੍ਰਕਾਸ਼' ਗ੍ਰੰਥ ਵਿਚ ਲਿਖਿਆ ਹੈ ਕਿ ਤਾਊਸ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਮਿਤ ਸਾਜ਼ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਰਿਆਸਤ ਮੰਡੀ ਵਿਚ ਦਰਿਆ ਬਿਆਸਾ ਕਿਨਾਰੇ ਗੁਰਦੁਆਰੇ ਵਿਚ ਇਕ ਰਬਾਬ ਪਿਆ ਹੈ। ਆਨੰਦਪੁਰ ਸਾਹਿਬ ਦੀ ਮਹਾਨ ਜੰਗ ਦੇ ਸਮੇਂ 10 ਲੱਖ ਮੁਗ਼ਲਾਂ ਦੀ ਸੈਨਾ ਤੋਂ ਘਿਰੇ ਰਹਿਣ ਦੇ ਬਾਵਜੂਦ ਵੀ ਅੰਮ੍ਰਿਤ ਵੇਲੇ "ਆਸਾ ਦੀ ਵਾਰ" ਦਾ ਕੀਰਤਨ ਕਰਦੇ ਸਨ।

ਗੁਰੂ ਜੀ ਕੀਰਤਨ ਵਿਚ ਇੰਨਾ ਰੁਝਾਨ ਰੱਖਦੇ ਸਨ, ਜੋ ਹੇਠਾਂ ਦਿੱਤੇ ਉਦਾਹਰਣ ਤੋਂ ਹੋਰ ਵੀ ਸਪੱਸ਼ਟ ਹੋ ਜਾਵੇਗਾ : ਇਕ ਦਿਨ ਆਨੰਦਪੁਰ ਸਾਹਿਬ ਦੇ ਦਰਬਾਰ ਵਿਚ ਇਕ ਸਿੱਖ 'ਸੁਖਮਨੀ ਸਾਹਿਬ' ਦਾ ਪਾਠ ਕਰ ਰਿਹਾ ਸੀ। ਇਸੇ ਸਮੇਂ ਦੀਵਾਨ ਵਿਚ ਰਾਗੀ ਆ ਗਏ ਅਤੇ ਉਹਨਾਂ ਨੇ 'ਆਸਾ ਦੀ ਵਾਰ' ਦਾ ਕੀਰਤਨ ਸ਼ੁਰੂ ਕਰ ਦਿੱਤਾ। ਪਾਠ ਕਰਨ ਵਾਲੇ ਸਿੱਖ ਨੂੰ ਇਸ ਤੋਂ ਕੁਝ ਮੁਸ਼ਕਿਲ ਹੋਈ। ਜਦੋਂ ਕੀਰਤਨ ਦਾ ਭੋਗ (ਸਮਾਪਤੀ) ਪੈ ਗਿਆ ਤਾਂ ਉਸ ਨੇ ਗੁਰੂ ਜੀ ਪਾਸ ਉਹਨਾਂ ਰਾਗੀਆਂ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਕਿ "ਹੇ ਸੱਚੇ ਪਾਤਸ਼ਾਹ! ਇਹਨਾਂ ਰਾਗੀਆਂ ਨੇ ਆਪਣੇ ਕੀਰਤਨ ਦੁਆਰਾ ਪਾਠ ਵਿਚ ਵਿਘਨ ਪਾਇਆ ਹੈ। ਜਿਸ ਤੋਂ ਇਹ ਬੜੀ ਮੁਸ਼ਕਲ ਨਾਲ ਪੂਰਨ ਹੋ ਸਕਿਆ ਹੈ। ਇਸ ਦੋਸ਼ ਲਈ ਰਾਗੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।" ਇਹ ਸੁਣ ਕੇ ਗੁਰੂ ਜੀ ਬੋਲੇ, "ਤੇਰੇ ਪਾਠ ਦਾ ਗਿਆਨ ਰੂਪੀ ਪ੍ਰਸ਼ਾਦ ਇੰਨਾ ਥੋੜਾ ਸੀ ਕਿ ਉਸ ਤੋਂ ਸਾਧ ਸੰਗਤ ਦੀ ਭੁੱਖ ਨਹੀਂ ਮਿਟਦੀ। ਰਾਗੀਆਂ ਨੇ ਆ ਕੇ ਆਪਣੇ ਕੀਰਤਨ ਰੂਪੀ ਪ੍ਰਸ਼ਾਦ ਨਾਲ ਸੰਗਤ ਦੀ ਭੁੱਖ ਮਿਟਾ ਦਿੱਤੀ। ਇਹਨਾਂ ਉੱਤੇ ਗੁਰੂ ਜੀ ਦੀ ਅਪਾਰ ਕ੍ਰਿਪਾ ਹੈ। ਕਿਉਂ ਜੋ ਕਲਯੁਗ ਵਿਚ ਕੀਰਤਨ ਹੀ ਨਾਮ ਸਿਮਰਨ ਦਾ ਆਧਾਰ ਹੈ।"[78]

ਹਵਾਲੇ ਤੇ ਟਿੱਪਣੀਆਂ

1. **ਗੁਰੂ ਨਾਨਕ ਦੇਵ ਕ੍ਰਿਤ ਆਸਾ ਕੀ ਵਾਰ ਦਾ ਬਹੁਪਾਸਾਰੀ ਅਧਿਐਨ**, ਪੂਨਮ ਦੇਵਸਰ, ਪੰਨਾ 110.
2. **ਗੁਰੂ ਨਾਨਕ ਬਾਣੀ ਮੇਂ ਪ੍ਰੇਮ ਭਗਤੀ ਕਾ ਸਰੂਪ**, ਡਾ. ਗੁਰਸ਼ਰਨ ਕੌਰ, ਪੰਨਾ 96.
3. **ਸਿੱਖ ਗੁਰਦੁਆਰੋਂ ਕੇ ਹਰਿ ਕੀਰਤਨ ਮੇਂ ਸ਼ਾਸਤਰੀਅ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 28.
4. **ਗੁਰੂ ਨਾਨਕ ਬਾਣੀ ਮੇਂ ਪ੍ਰੇਮ ਭਗਤੀ ਕਾ ਸਰੂਪ**, ਗੁਰਸ਼ਰਨ ਕੌਰ, ਪੰਨਾ 322.
5. **ਗੁਰੂ ਨਾਨਕ ਕਾਵਯ ਕਲਾ**, ਕਾਲਾ ਸਿੰਘ ਬੇਦੀ, ਪੰਨਾ 363.
6. **ਜਪੁਜੀ ਸਾਹਿਬ**, ਪਉੜੀ 27.
7. **ਹੈਰੀਟੇਜ ਆਫ਼ ਸਿੱਖ ਕਲਚਰ**, ਪ੍ਰੀਤਮ ਸਿੰਘ ਗਿੱਲ, ਪੰਨਾ 230.

8. **ਗੁਰੂ ਨਾਨਕ—ਜੀਵਨੀ ਯੁਗ ਏਵਮ ਸਿਖਿਆਏਂ**, ਗੁਰਮੁਖ ਨਿਹਾਲ, ਪੰਨਾ 236.
9. **ਉਹੀ**, ਪੰਨਾ 249.
10. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 114.
12. **ਮਨੁੱਖਤਾ ਦੇ ਗੁਰੂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ**, ਸੋਹਣ ਸਿੰਘ ਸੀਤਲ, ਪੰਨਾ 10.
13. **ਭਗਤੀ**, ਸੂਬੇਦਾਰ ਬਘੇਲ ਸਿੰਘ, ਪੰਨਾ 58.
14. **ਭਾਰਤੀਯ ਧਰਮੋਂ ਕਾ ਪਰਿਚਯ**, ਹਰਬੰਸ ਸਿੰਘ ਲਾਲ ਜੋਸ਼ੀ, ਪੰਨਾ 152.
15. **ਜਨਮ ਬਿਰਤਾਂਤ ਗੁਰੂ ਅਮਰਦਾਸ ਜੀ**, ਪ੍ਰੋ. ਸਾਹਿਬ ਸਿੰਘ, ਪੰਨਾ 5.
16. **ਆਦਿ ਗ੍ਰੰਥ**, ਪੰਨਾ 920.
17. **ਅਮਰ ਕਵੀ ਗੁਰੂ ਅਮਰਦਾਸ**, ਬਲਬੀਰ ਸਿੰਘ ਦਿੱਲ, ਪੰਨਾ 77.
18. **ਪੰਦਰ੍ਹਵੀਂ ਸ਼ਤਾਬਦੀ ਸੇ ਆਧੁਨਿਕ ਕਾਲ ਤਕ ਪੰਜਾਬ ਮੇਂ ਸ਼ਾਸਤਰੀਯ ਸੰਗੀਤ ਕਾ ਪ੍ਰਾਦੁਰ ਭਾਵ ਤਥਾ ਵਿਕਾਸ**, ਡਾ. ਜੋਗਿੰਦਰ ਸਿੰਘ ਬਾਵਰਾ, ਪੰਨਾ 44.
19. **ਉਹੀ**, ਪੰਨਾ 45.
20. **ਭਗਤੀ**, ਸੂਬੇਦਾਰ ਬਘੇਲ ਸਿੰਘ, ਪੰਨਾ 251.
21. **ਸਿੱਖ ਧਰਮ ਦੇ ਦਸ ਗੁਰੂ**, ਬਲਵੰਤ ਗੁਜਰਾਤੀ, ਪੰਨਾ 32.
22. **ਅਮਰ ਕਵੀ ਗੁਰੂ ਅਮਰਦਾਸ**, ਡਾ. ਬਲਬੀਰ ਸਿੰਘ ਦਿੱਲ, ਪੰਨਾ 80.
23. **ਉੱਤਰੀ ਭਾਰਤ ਕੀ ਸੰਤ ਪਰੰਪਰਾ**, ਆਚਾਰੀਆ ਪਰਸ਼ੂਰਾਮ ਚਤੁਰਵੇਦੀ, ਪੰਨਾ 374.
24. **ਗੁਰੂ ਰਾਮਦਾਸ ਕੀ ਬਾਣੀ**, ਗੁਰਚਰਨ ਸਿੰਘ ਪਦਮ, ਪੰਨਾ 1.
25. **ਜੀਵਨ ਬਿਰਤਾਂਤ ਗੁਰੂ ਅਮਰਦਾਸ ਜੀ**, ਪ੍ਰੋ. ਸਾਹਿਬ ਸਿੰਘ, ਪੰਨਾ 5.
26. **ਮਨੁੱਖਤਾ ਦੇ ਗੁਰੂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ**, ਸੋਹਣ ਸਿੰਘ ਸੀਤਲ, ਪੰਨਾ 108.
27. **ਗੁਰੂ ਰਾਮਦਾਸ ਔਰ ਉਨਕਾ ਕਾਵਯ**, ਗੁਰਚਰਨ ਸਿੰਘ ਪਦਮ, ਪੰਨਾ 272.
28. **ਉਹੀ**, ਪੰਨਾ 290.
29. **ਆਦਿ ਗ੍ਰੰਥ**, ਪੰਨਾ 308.
30. **ਆਦਿ ਗ੍ਰੰਥ**, ਰਾਗ ਗਉੜੀ ਦੀ ਵਾਰ, ਮਹਲਾ ਚੌਥਾ।
31. **ਸਿੱਖ ਗੁਰਦੁਆਰੋਂ ਮੇਂ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 38.
32. **ਗੁਰੂ ਰਾਮਦਾਸ ਕੀ ਬਾਣੀ**, ਗੁਰਚਰਨ ਸਿੰਘ ਪਦਮ, ਪੰਨਾ 10.
33. **ਬਾਣੀ ਗੁਰੂ ਅਰਜਨ ਦੇਵ**, ਪਿਆਰਾ ਸਿੰਘ ਪਦਮ, ਪੰਨਾ 12.
34. **ਗੁਰੂ ਅਰਜਨ ਜੀਵਨ ਤੇ ਰਚਨਾ**, ਭਾਸ਼ਾ ਵਿਭਾਗ, ਪੰਜਾਬ, ਪੰਨਾ 144.
35. **ਅਦਿ ਗ੍ਰੰਥ**, (ਰਾਗ ਮਾਝ), ਪੰਨਾ 20.
36. **ਬਾਣੀ ਗੁਰੂ ਅਰਜਨ ਦੇਵ**, ਪਿਆਰਾ ਸਿੰਘ ਪਦਮ, ਪੰਨਾ 12-13.
37. **ਗੁਰੂ ਅਰਜਨ ਦੇਵ ਜੀਵਨ ਤੇ ਰਚਨਾ**, ਗੁਰਸ਼ਰਨ ਕੌਰ ਜੱਗੀ, ਪੰਨਾ 110.
38. **ਬਾਣੀ ਗੁਰੂ ਅਰਜਨ ਦੇਵ**, ਪਿਆਰਾ ਸਿੰਘ ਪਦਮ, ਪੰਨਾ 24.
39. **ਜੀਵਨ ਬ੍ਰਿਤਾਂਤ ਗੁਰੂ ਅਰਜਨ ਦੇਵ ਜੀ**, ਪ੍ਰੋ. ਸਾਹਿਬ ਸਿੰਘ, ਪੰਨਾ 19.
40. **ਪ੍ਰਤੱਖ ਹਰੀ ਜੀਵਨੀ—ਗੁਰੂ ਅਰਜਨ ਦੇਵ ਜੀ**, ਸਤਿਬੀਰ ਸਿੰਘ, ਪੰਨਾ 75.

41. **ਗਉੜੀ ਬਾਵਨ ਅਖਰੀ**, ਮਹਲਾ ਪੰਜਵਾਂ.
42. **ਮਾਰੂ ਮਹਲਾ ਪੰਜਵਾਂ** (੫), ਸੋਲਹੇ.
43. **ਗੁਰੂ ਅਰਜਨ ਦੇਵ ਜੀਵਨ ਤੇ ਬਾਣੀ**, ਮਹਿੰਦਰ ਕੌਰ ਗਿੱਲ, ਪੰਨਾ 79.
44. **ਮਨੁੱਖਤਾ ਦੇ ਗੁਰੂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ਤਕ**, ਸੋਹਣ ਸਿੰਘ ਸੀਤਲ, ਪੰਨਾ 179-180.
45. **ਉਹੀ**, ਪੰਨਾ 55.
46. **The Nature and the Placement,** Dr. A.S. Paintal, pp. 106-107.
47. **ਉਹੀ**, ਪੰਨਾ 106.
48. **ਮਹਾਨ ਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 449.
49. **ਗੁਰੂ ਗ੍ਰੰਥ ਕੋਸ਼**, ਭਾਈ ਵੀਰ ਸਿੰਘ, ਪੰਨਾ 882.
50. **The Nature and the Placement,** Dr. A.S. Paintal, p. 106.
51. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 124.
52. **ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ**, ਡਾ. ਤਾਰਨ ਸਿੰਘ, ਪੰਨਾ 441.
53. **ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ**, ਸੀ.ਐਲ. ਨਾਰੰਗ, ਪੰਨਾ 149.
54. **ਉਹੀ**, ਪੰਨਾ 145.
55. **ਗੁਰੂ ਗ੍ਰੰਥ ਸਾਹਿਬ ਕਾ ਸਾਹਿਤਿਕ ਇਤਿਹਾਸ**, ਡਾ. ਤਾਰਨ ਸਿੰਘ, ਪੰਨਾ 446.
56. **ਬਾਣੀ ਗੁਰੂ ਤੇਗ਼ ਬਹਾਦਰ**, ਪਿਆਰਾ ਸਿੰਘ ਪਦਮ, ਪੰਨਾ ਝ.
57. **ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ**, ਪ੍ਰੋ. ਪ੍ਰਸੰਨੀ ਸਹਿਗਲ, ਪੰਨਾ 288-289.
58. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 129.
59. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਦੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 42.
60. **ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ**, ਪ੍ਰੋ. ਪ੍ਰਸੰਨੀ ਸਹਿਗਲ, ਪੰਨਾ 117.
61. **ਗੁਰੂ ਗੋਬਿੰਦ ਸਿੰਘ ਔਰ ਉਨਕੀ ਹਿੰਦੀ ਕਵਿਤਾ**, ਡਾ. ਮਹੀਪ ਸਿੰਘ, ਪੰਨਾ 319-320.
62. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 43.
63. **ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ**, ਪ੍ਰੋ. ਪ੍ਰਸੰਨੀ ਸਹਿਗਲ, ਪੰਨਾ 156.
64. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 130.
65. **ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ**, ਪ੍ਰੋ. ਪ੍ਰਸੰਨੀ ਸਹਿਗਲ, ਪੰਨਾ 182.
66. **ਰਾਜਸਥਾਨ ਕਾ ਲੋਕ ਸੰਗੀਤ**, ਦੇਵੀਲਾਲ ਸਾਗਰ, ਪੰਨਾ 293.
67. **ਗੁਰੂ ਗੋਬਿੰਦ ਸਿੰਘ ਔਰ ਉਨਕਾ ਕਾਵਯ**, ਪ੍ਰੋ. ਪ੍ਰਸੰਨੀ ਸਹਿਗਲ, ਪੰਨਾ 182-183.
68. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 43.
69. **ਦਸਮ ਗ੍ਰੰਥ**, ਕ੍ਰਿਸ਼ਨ ਅਵਤਾਰ ਕਵਿਤਾ, ਪੰਨਾ 296.
70. **ਗੁਰੂ ਗੋਬਿੰਦ ਸਿੰਘ ਔਰ ਉਨਕੀ ਹਿੰਦੀ ਕਵਿਤਾ**, ਡਾ. ਮਹੀਪ ਸਿੰਘ, ਪੰਨਾ 322.
71. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 132.
72. **ਗੁਰੂ ਗੋਬਿੰਦ ਸਿੰਘ ਔਰ ਉਨਕੀ ਹਿੰਦੀ ਕਵਿਤਾ**, ਡਾ. ਮਹੀਪ ਸਿੰਘ, ਪੰਨਾ 322.

73. **ਬ੍ਰਹਮ ਅਵਤਾਰ।**
74. **ਚੰਡੀ ਚਰਿਤ੍ਰ**, ਦੂਜੀ, ਪੰਨਾ 53.
75. **ਉਹੀ।**
76. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 44.
77. **ਪੰਜਾਬ ਕੀ ਸੰਗੀਤ ਪਰੰਪਰਾ**, ਡਾ. ਗੀਤਾ ਪੇਂਟਲ, ਪੰਨਾ 132.
78. **ਸੂਰਜ ਪ੍ਰਕਾਸ਼**, ਪੰਨਾ 3-34.

ਭਾਰਤ ਦੇ ਵੱਖ-ਵੱਖ ਧਰਮਾਂ ਵਿਚ ਪ੍ਰਚਲਿਤ ਕੀਰਤਨ ਦੀ ਪਰੰਪਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਕੀਰਤਨ ਦਾ ਅਥਾਹ ਭੰਡਾਰ ਹਨ। ਸੰਗੀਤ ਅਤੇ ਗੁਰਬਾਣੀ ਦੇ ਸੁੰਦਰ ਸੁਮੇਲ ਦੇ ਕਾਰਨ ਇਸ ਤੋਂ ਕੀਰਤਨ ਦਾ ਸਹੀ ਰੂਪ ਪ੍ਰਗਟ ਹੁੰਦਾ ਹੈ। ਸੰਗੀਤ ਹੀ ਕੀਰਤਨ ਦਰਬਾਰਾਂ ਦੀ ਸ਼ੋਭਾ ਅਤੇ ਮਾਣ ਨੂੰ ਵਧਾਉਣ ਦਾ ਇਕ ਮਾਤਰ ਸਾਧਨ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਦੇ ਮਹੱਤਵ ਨੂੰ ਸਪੱਸ਼ਟ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਇਸ ਪ੍ਰਕਾਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਗੁਰਦੁਆਰਿਆਂ ਵਿਚ ਕੀਰਤਨ ਗਾਇਨ ਨੂੰ ਪ੍ਰਵਾਨਿਤ ਸ਼ੈਲੀਆਂ ਵਿਚ ਹੀ ਕੀਤਾ ਜਾਵੇ। ਪੰਜਾਬ ਵਿਚ ਸ਼ੁਰੂ ਤੋਂ ਹੀ ਵੱਖ ਵੱਖ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਜਿਵੇਂ ਧਰੁਵਪਦ, ਧਮਾਰ, ਖਿਆਲ ਆਦਿ ਦਾ ਪ੍ਰਚਲਣ ਰਿਹਾ ਹੈ। ਸ਼ੁਰੂ ਤੋਂ ਹੀ ਕੀਰਤਨ ਧਰੁਵਪਦ-ਧਮਾਰ ਸ਼ੈਲੀਆਂ ਵਿਚ ਕੀਤਾ ਜਾਂਦਾ ਸੀ। ਬਾਅਦ ਵਿਚ ਜਦੋਂ ਖਿਆਲ ਗਾਇਕੀ ਨੂੰ ਅਪਣਾਇਆ ਗਿਆ, ਤਾਂ ਸਿੱਖ ਧਰਮ ਵਿਚ ਵੀ ਇਸ ਤਬਦੀਲੀ ਦਾ ਪ੍ਰਭਾਵ ਪਿਆ। ਇਸ ਤੋਂ ਇਲਾਵਾ ਸ਼ਬਦ ਗਾਇਨ, ਲੋਕ ਧੁਨਾਂ ਦੇ ਆਧਾਰ 'ਤੇ ਵੀ ਕੀਤਾ ਜਾਂਦਾ ਹੈ।

ਇਸ ਅਧਿਆਇ ਵਿਚ ਭਾਰਤ ਦੇ ਵੱਖ-ਵੱਖ ਧਰਮਾਂ ਵਿਚ ਪ੍ਰਚਲਿਤ ਕੀਰਤਨ ਪ੍ਰਣਾਲੀ ਦੇ ਸੰਖਿਪਤ ਅਧਿਐਨ ਦੇ ਨਾਲ ਨਾਲ ਪੁਰਾਤਨ ਕਾਲ ਅਤੇ ਮੱਧਕਾਲੀਨ ਭਗਤੀ ਦੀਆਂ ਕੀਰਤਨ ਪ੍ਰਣਾਲੀਆਂ ਦਾ ਵੀ ਵਰਣਨ ਕੀਤਾ ਗਿਆ ਹੈ।

ਪ੍ਰਾਚੀਨ ਕਾਲ ਤੋਂ ਮੱਧ ਕਾਲ ਤਕ ਭਗਤੀ ਸੰਗੀਤ ਦੇ ਲਈ ਪ੍ਰਯੋਗ ਕੀਤੀਆਂ ਗਾਇਨ ਸ਼ੈਲੀਆਂ

ਪ੍ਰਾਚੀਨ ਕਾਲ ਵਿਚ ਭਗਤੀ ਦੇ ਲਈ ਸਾਮ ਗਾਨ ਦੀ ਪ੍ਰਥਾ ਪ੍ਰਚਲਿਤ ਸੀ। ਵੈਦਿਕ ਯੁੱਗ ਵਿਚ ਧਾਰਮਿਕ ਕਰਮਕਾਂਡਾਂ ਅਤੇ ਯੱਗ ਆਦਿ ਦੇ ਸਮੇਂ ਵੱਖ-ਵੱਖ ਦੇਵਤਾਵਾਂ ਦੇ ਲਈ ਜੋ ਸੁਰ-ਲੈਅ-ਬੱਧ ਮੰਤਰ ਗਾਏ ਜਾਂਦੇ ਸਨ, ਉਹ ਭਗਤੀ ਸੰਗੀਤ ਦਾ ਰੂਪ ਹਨ। ਸਾਮ ਗਾਨ ਆਧੁਨਿਕ ਸ਼ਾਸਤਰੀ ਸੰਗੀਤ ਦੀ ਤਰ੍ਹਾਂ ਅਲਾਪ-ਯੁਕਤ ਹੁੰਦਾ ਹੈ ਜਿਸ ਵਿਚ ਰਿਗਵੇਦ ਦੀਆਂ ਰਿਚਾਵਾਂ ਦਾ ਹੀ ਗਾਇਨ ਹੁੰਦਾ ਸੀ। ਸਾਮ ਦੀਆਂ ਪੰਚ ਵਿਧ ਅਤੇ ਸਪਤ ਵਿਧ ਉਪਾਸਨਾਵਾਂ ਵਿਚ ਦੇਵਤਿਆਂ ਦੀ ਉਸਤਤ ਵੱਖ-ਵੱਖ ਪ੍ਰਕਾਰ ਦੀਆਂ ਗਾਇਨ ਵਿਧੀਆਂ (ਹਿੰਕਾਰ, ਪ੍ਰਸਤਾਵ, ਉਦਗੀਧ,

ਪ੍ਰਤਿਹਰਤਾ, ਨਿਧਨ) ਦੇ ਗਾਇਕ ਕਲਾਕਾਰਾਂ (ਪ੍ਰਸਤੋਤਾ, ਉਦਗਾਤਾ ਆਦਿ) ਦੁਆਰਾ ਪਰਮਾਤਮਾ ਦੇ ਸਾਹਮਣੇ ਉਸ ਦੀ ਸ਼ਰਣ ਵਿਚ ਗਾਈਆਂ ਜਾਂਦੀਆਂ ਸਨ।[1]

ਪ੍ਰਾਚੀਨ ਕਾਲ ਵਿਚ ਸਾਮ ਗਾਨ ਤੋਂ ਇਲਾਵਾ ਜਾਤੀ ਗਾਇਨ ਨੂੰ ਵੀ ਆਮ ਤੌਰ 'ਤੇ ਪਵਿੱਤਰ ਮੰਨਿਆ ਜਾਂਦਾ ਸੀ। ਜਿਵੇਂ ਜਾਤੀ ਪ੍ਰਯੋਗ ਪਦਾਂ ਤੋਂ ਇਹੀ ਗਿਆਤ ਹੁੰਦਾ ਹੈ ਕਿ ਜਾਤੀ ਗਾਇਨ ਦੁਆਰਾ ਪਰਮਾਤਮਾ ਦੀ ਉਸਤਤ ਕੀਤੀ ਜਾਂਦੀ ਸੀ। ਇਹ ਜਾਤੀ ਗਾਨ ਨਿਯਮਾਂ ਨਾਲ ਪਾਬੰਦ ਹੁੰਦੇ ਸਨ ਅਰਥਾਤ ਜਾਤੀ ਗਾਨ ਸ਼ਾਸਤਰੀ ਸੰਗੀਤ ਦਾ ਵਿਕਸਿਤ ਰੂਪ ਸੀ। ਇਨ੍ਹਾਂ ਜਾਤੀ ਗਾਨਾਂ ਦੇ ਆਧਾਰ 'ਤੇ ਹੀ ਆਧੁਨਿਕ ਰਾਗਾਂ ਦਾ ਵਿਕਾਸ ਹੋਇਆ। ਜਾਤੀ ਵਿਚ ਪ੍ਰਯੋਗ ਹੋਏ ਪਦਾਂ ਨੂੰ ਬ੍ਰਹਮ ਪ੍ਰੋਕਤ ਕਿਹਾ ਜਾਂਦਾ ਹੈ। ਬ੍ਰਹਮ ਪ੍ਰੋਕਤ ਦਾ ਅਰਥ ਹੈ ਬ੍ਰਹਮਾ ਦੁਆਰਾ ਕਥਿਤ ਅਤੇ ਨਿਰਮਿਤ। ਇਨ੍ਹਾਂ ਵਿਚ ਸ਼ੰਕਰ ਭਗਵਾਨ ਦੀ ਉਸਤਤਿ ਕੀਤੀ ਗਈ ਹੈ।[2]

ਜਾਤੀਆਂ ਬ੍ਰਹਮ ਹਤਿਆ ਦੇ ਪਾਤਕ ਤੋਂ ਵੀ ਮੁਕਤੀ ਦੁਆਉਣ ਵਾਲੀਆਂ ਹਨ। ਜਿਸ ਪ੍ਰਕਾਰ ਅਰਿਗ, ਯਜੁਰ, ਸਾਮ ਵਿਚ ਪਰਿਵਰਤਨ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਸਾਮ ਤੋਂ ਉਤਪੰਨ ਜਾਤੀਆਂ ਵਿਚ ਵੀ ਤਬਦੀਲੀ ਨਹੀਂ ਕੀਤੀ ਜਾ ਸਕਦੀ। ਇਸ ਵਿਚ ਗ੍ਰਹਿ, ਅੰਸ਼, ਨਿਆਸ, ਤਾਰ, ਮੰਦਰ, ਉਪਨਿਆਸ, ਅਲਪਤਵ, ਬਹੁਤਵ, ਸ਼ਾਡਵ ਅਤੇ ਔਡਵ ਇਹ ਦਸ ਲੱਛਣ ਸੀ।

ਜਾਤੀ ਗੀਤ ਦੇ ਬਾਅਦ ਪ੍ਰਬੰਧ ਦਾ ਵਰਣਨ ਮਿਲਦਾ ਹੈ। ਗੀਤ ਨੂੰ ਨਿਸ਼ਚਿਤ ਆਕਾਰ ਅਤੇ ਪਰਿਸ਼ਕ੍ਰਿਤ ਰੂਪ ਦੇਣ 'ਚ ਪ੍ਰਬੰਧ ਦੀ ਰਚਨਾ ਹੁੰਦੀ ਹੈ।[3] ਸੰਗੀਤ ਰਤਨਾਕਰ ਵਿਚ ਗੀਤ ਦੇ ਦੋ ਰੂਪ 'ਗਾਂਧਰਵ' ਅਤੇ 'ਗਾਨ' ਦਿੱਤੇ ਗਏ ਹਨ ਅਤੇ 'ਗਾਂਧਰਵ' ਨੂੰ ਮਾਰਗ ਦੇ ਅਤੇ 'ਗਾਨ' ਨੂੰ 'ਦੇਸੀ' ਦੇ ਸਮਾਨ ਸਮਝਿਆ ਗਿਆ ਹੈ। 'ਗਾਨ' ਦੋ ਪ੍ਰਕਾਰ ਦਾ ਕਿਹਾ ਗਿਆ ਹੈ—'ਨਿਬਧ', 'ਅਨਿਬਧ'। ਨਿਬਧ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ, "ਧਾਤੂ ਅਤੇ ਅੰਗਾਂ ਵਿਚ ਬੰਨ੍ਹਿਆ ਹੋਇਆ 'ਨਿਬਧ' ਕਿਹਾ ਜਾਂਦਾ ਹੈ। ਨਿਬਧ ਦੇ ਤਿੰਨ ਨਾਉਂ ਹਨ—ਪ੍ਰਬੰਧ, ਵਸਤੂ ਅਤੇ ਰੂਪਕ। ਇਨ੍ਹਾਂ ਤਿੰਨਾਂ ਸ਼ਬਦਾਂ ਦੀ ਪ੍ਰਵਿਰਤੀ ਦਾ ਉਲੇਖ ਪਾਰਸ਼ਵਦੇਵ ਨੇ 'ਸੰਗੀਤਸਮੇਸਾਰ' ਵਿਚ ਇਹ ਦਿੱਤਾ ਹੈ।

ਚਾਰਾਂ ਧਾਤੂਆਂ ਅਤੇ ਛੇ ਅੰਗਾਂ ਵਿਚ ਬੰਨ੍ਹਿਆ ਹੋਣ ਦੇ ਕਾਰਨ 'ਪ੍ਰਬੰਧ' ਪ੍ਰ=ਵਿਸ਼ੇਸ਼ ਰੂਪ ਵਿਚ, ਬੰਧ=ਬੰਨ੍ਹਿਆ ਹੋਇਆ ਕਹਿਲਾਉਂਦਾ ਹੈ। ਰਾਮ ਆਦਿ ਅਨੁਕਾਰਿਆ, ਜਿਸਦਾ ਅਨੁਕਰਣ ਕੀਤਾ ਜਾਵੇ, ਦਾ ਨੇਤਾ, ਪਾਤਰ ਜਾਂ ਅਭਿਨੇਤਾ। ਪਰ ਆਰੋਪ ਹੋਣ ਦੇ ਕਾਰਨ 'ਰੂਪਕ' ਕਹਿਲਾਉਂਦਾ ਹੈ। 'ਉਦਗ੍ਰਹ' ਆਦਿ ਚਾਰ ਧਾਤੂਆਂ ਅਤੇ 'ਸਵਰ' ਆਦਿ ਛੇ ਧਾਤੂਆਂ ਇਸ ਵਿਚ ਰਹਿੰਦੀਆਂ ਹਨ। (ਵੰਸਤੀ) ਇਸ ਲਈ 'ਵਸਤੂ' ਸੰਗਿਆ ਹੁੰਦੀ ਹੈ।

ਪ੍ਰਬੰਧ ਦਾ ਅਵਯਵ 'ਧਾਤੂ' ਹੈ, ਜੋ ਚਾਰ ਤਰ੍ਹਾਂ ਦੀ ਹੁੰਦੀ ਹੈ—ਉਦਗ੍ਰਹ, ਮੇਲਾਪਕ, ਧਰੁਵ, ਆਭੋਗ। ਪ੍ਰਬੰਧ ਯੁੱਗ ਦਾ ਸ੍ਰੇਸ਼ਟ ਉਦਾਹਰਣ ਰਸਿਕ ਸ਼੍ਰੋਮਣੀ ਕਵੀ ਜੈਦੇਵ ਕ੍ਰਿਤ 'ਗੀਤ ਗੋਵਿੰਦ' ਦੇ ਪਦਾਂ ਨੂੰ ਬੜੇ ਸਨਮਾਨ ਭਗਤੀ ਨਾਲ ਗਾਉਂਦੇ ਹਨ। ਜਗਨਨਾਥ ਪੁਰੀ ਵਿਚ ਦੇਵਦਾਸੀਆਂ ਹੁਣ ਵੀ 'ਗੀਤ ਗੋਵਿੰਦ' ਦੇ ਪਦਾਂ ਦਾ

ਗਾਨ ਪਰਮਾਤਮਾ ਦੀ ਸ਼ਯਨ ਆਰਤੀ ਦੇ ਬਾਅਦ ਵਿਚ ਕਰਦੀਆਂ ਹਨ।

'ਗੀਤ ਗੋਵਿੰਦ' ਬਾਰਹ ਸਰਗਾਂ ਵਿਚ ਵੰਡਿਆ ਹੈ। ਇਨ੍ਹਾਂ ਸਰਗਾਂ ਵਿਚ ਕੁਲ ਮਿਲਾ ਕੇ ਚੌਵੀ ਗੀਤ ਹਨ। ਹਰੇਕ ਗੀਤ ਵਿਚ ਅੱਠ ਕੜੀਆਂ ਅਰਥਾਤ ਪਦ ਹਨ। ਅੱਠ ਪਦ ਹੋਣ ਕਰਕੇ ਹੀ ਹਰੇਕ ਗੀਤ 'ਅਸ਼ਟਪਦੀ' ਕਹਿਲਾਉਂਦਾ ਹੈ। ਇਨ੍ਹਾਂ ਗੀਤਾਂ ਵਿਚ ਸ੍ਰੀ ਕ੍ਰਿਸ਼ਨ ਅਤੇ ਰਾਧਾ ਦੀ ਪ੍ਰੇਮ ਲੀਲ੍ਹਾ ਦਾ ਚਿਤਰਨ ਹੋਇਆ ਹੈ।

ਪਰਵ੍ਰਤੀ ਕਾਲ ਦੇ ਪ੍ਰਬੰਧਾਂ 'ਤੇ 'ਗੀਤ ਗੋਵਿੰਦ' ਦਾ ਪ੍ਰਭਾਵ ਦੋ ਰੂਪਾਂ ਵਿਚ ਪਿਆ—(1) ਵੈਸ਼ਨਵ ਪਦ ਸਾਹਿਤ ਦੀ ਪਦ ਸ਼ੈਲੀ ਦੇ ਰੂਪ ਵਿਚ ਅਤੇ (2) 'ਗੀਤ ਗੋਵਿੰਦ' ਦੇ ਹੀ ਨਮੂਨੇ 'ਤੇ ਲਿਖੇ ਗਏ ਪ੍ਰਬੰਧਾਂ ਦੇ ਰੂਪ ਵਿਚ। ਧਰੁਵਪਦ ਸਾਹਿਤਕ ਦੇ ਇਲਾਵਾ ਇਸ ਵਿਚ ਸਾਹਿਤ ਦਾ ਨਿਰਮਾਣ ਹੋਇਆ। ਇਸ ਵਿਚ ਵਿਦਿਆ ਵਤੀ, ਚੰਡੀ ਦਾਸ, ਸੂਰ ਦਾਸ, ਨੰਦ ਦਾਸ ਆਦਿ ਅਸ਼ਟਛਾਪ ਦੇ ਕਵੀਆਂ ਦੀਆਂ ਅਤੇ ਹੋਰਨਾਂ ਭਗਤ ਗਾਇਕ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਉਹਨਾਂ ਸਾਰੀਆਂ ਵਿਚ 'ਗੀਤ ਗੋਵਿੰਦ' ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਕ ਟੇਕ ਅਤੇ ਅਖ਼ੀਰ ਵਿਚ ਤੁਕ ਮਿਲਦੀ ਹੋਈ, ਕੜੀਆਂ ਨਾਲ ਯੁਕਤ ਗੀਤਾਂ ਜਾਂ ਪਦਾਂ ਦੀ ਰਚਨਾ ਵਿਚ 'ਗੀਤ ਗੋਵਿੰਦ' ਦਾ ਹੀ ਰੂਪ ਮਿਲਦਾ ਹੈ। ਸੰਸਕ੍ਰਿਤ ਦੇ ਵੈਸ਼ਨਵ ਕਵੀਆਂ ਨੇ ਵੀ ਸੰਸਕ੍ਰਿਤ ਵਿਚ ਇਸੇ ਤਰ੍ਹਾਂ ਦੇ ਪਦ ਲਿਖੇ। 15ਵੀਂ ਅਤੇ 16ਵੀਂ ਸ਼ਤਾਬਦੀ ਵਿਚ ਤਾਂ ਅਜਿਹੇ ਪਦਾਂ ਦਾ ਹੜ੍ਹ ਹੀ ਆ ਗਿਆ। ਬੰਗਾਲ ਦੇ ਚੈਤਨੰਯ ਸੰਪ੍ਰਦਾਇ, ਬ੍ਰਿਜ ਅਤੇ ਰਾਜਸਥਾਨ ਦੇ ਵੈਸ਼ਨੋ ਸੰਪ੍ਰਦਾਇ ਦੱਖਣ ਦੇ ਅਲਵਾਰ ਸੰਪ੍ਰਦਾਇ। ਸਾਰਿਆਂ ਨੇ ਇਸੇ ਵਿਚ ਪਦਾਂ ਦੀ ਰਚਨਾ ਕੀਤੀ।[4]

ਇਸ ਤਰ੍ਹਾਂ ਸੰਖਿਪਤ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਾਧਾ ਕ੍ਰਿਸ਼ਨ ਦੇ ਪ੍ਰੇਮ-ਵਰਣਨ ਵਿਚ ਵਾਸਨਾ ਦਾ ਬੇਕਾਬੂ ਵੇਗ ਅਤੇ ਨੈਤਿਕਤਾ ਦਾ ਤਿਆਗ ਹੁੰਦੇ ਹੋਏ ਵੀ ਪਦ-ਲਲਿਤ ਪਦ-ਸੁਰ ਤਾਲ ਦੇ ਅਨੋਖੇ ਸੁਮੇਲ ਅਤੇ ਪੁਰਾਤਨ ਪ੍ਰਬੰਧਾਂ ਦੀ ਗਾਇਨ ਪਰੰਪਰਾ ਦੇ ਨਮੂਨੇ ਦੇ ਰੂਪ ਵਿਚ ਜੈਦੇਵ ਦਾ 'ਗੀਤ ਗੋਵਿੰਦ', ਸੰਸਕ੍ਰਿਤ ਸਾਹਿਤ ਵਿਚ ਸਿੱਧੇ ਅਤੇ ਹਿੰਦੀ ਸਾਹਿਤ ਵਿਚ ਵੀ ਆਪਣੇ ਉਤਕ੍ਰਿਸ਼ਟ ਪ੍ਰਭਾਵ ਦੇ ਕਾਰਨ ਅਨੂਠਾ ਸਥਾਨ ਰੱਖਦਾ ਹੈ।

ਪ੍ਰਬੰਧ ਗਾਇਨ ਦੇ ਸਰਵੋਤਮ ਉਦਾਹਰਣ ਜੈਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਕਾਵਿ ਗ੍ਰੰਥ ਦੇ ਉਪਰੰਤ ਮੱਧ ਯੁਗ-ਧ੍ਰੁਪਦ ਦਾ ਕਾਲ ਅਖਵਾਇਆ। ਮੱਧ ਕਾਲ ਵਿਚ ਭਗਤੀ ਸੰਗੀਤ ਅਤਿਅੰਤ ਤੀਬਰ ਗਤੀ ਨਾਲ ਵਿਕਸਿਤ ਅਤੇ ਵਿਸਤ੍ਰਿਤ ਹੋਇਆ, ਕਿਉਂਕਿ ਇਸ ਸਮੇਂ ਭਗਤੀ ਸੰਗੀਤ ਦਾ ਆਧਾਰ ਸ਼ਾਸਤਰੀ ਸੰਗੀਤ ਸੀ। ਧਰੁਵਪਦ ਨੂੰ ਭਗਤੀ ਸੰਗੀਤ ਦੀ ਧਾਰਾ ਦਾ ਇਕ ਪ੍ਰਮੁੱਖ ਸੋਮਾ ਕਿਹਾ ਜਾ ਸਕਦਾ ਹੈ ਅਤੇ ਮੱਧ ਕਾਲੀ ਵੈਸ਼ਨੋ ਸੰਪਰਦਾਵਾਂ ਦੇ ਸੰਗੀਤ ਦਾ ਅਧਿਐਨ ਕਰਨ 'ਤੇ ਇਹੀ ਰੂਪ ਸਾਡੇ ਸਾਹਮਣੇ ਆਉਂਦਾ ਹੈ। ਜਿਥੇ ਵੈਸ਼ਨੋ ਭਗਤਾਂ ਦੁਆਰਾ ਕੁਦਰਤੀ ਭਗਤੀ ਦੀ ਪ੍ਰੇਰਨਾ ਅਤੇ ਉਤਸ਼ਾਹ ਤੋਂ ਇਸ਼ਟ ਦਾ ਗੁਣਗਾਨ ਧਰੁਵਪਦ, ਧਮਾਰ ਆਦਿ ਗੇਯ ਵਿਧਾਵਾਂ ਉੱਤੇ ਆਧਾਰਿਤ ਸੁਰ ਲਹਿਰੀਆਂ ਵਿਚ ਕੀਤਾ ਗਿਆ, ਪ੍ਰੰਤੂ ਫੇਰ ਵੀ ਸੰਗੀਤ ਸੰਬੰਧੀ ਸਵੀਕ੍ਰਿਤ ਵਿਧਾਨ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਗੌਣ ਰਿਹਾ।

ਧਰੁਵਪਦ ਦੀ ਰਚਨਾ ਵੀ ਪ੍ਰਬੰਧ ਦੇ ਅੰਗਾਂ ਦੇ ਆਧਾਰ 'ਤੇ ਕੀਤੀ ਗਈ ਹੈ। ਧਰੁਵਪਦ ਦਾ ਵਿਸ਼ਾ—ਵਿਸ਼ਨੂੰ, ਸ਼ਿਵ, ਰਾਮ, ਕ੍ਰਿਸ਼ਨ ਆਦਿ ਦੀ ਭਗਤੀ ਅਤੇ ਚਰਿੱਤਰ ਵੀ ਰਿਹਾ ਹੈ। ਤਾਨਸੈਨ, ਬੈਜੂ ਬਾਵਰਾ, ਰਾਮ ਦਾਸ, ਸੁਆਮੀ ਹਰੀ ਦਾਸ, ਗੋਬਿੰਦ ਸੁਆਮੀ ਆਦਿ ਮਹਾਨ ਧਰੁਵਪਦ ਗਾਇਕਾਂ ਦੀਆਂ ਰਚਨਾਵਾਂ ਭਗਤੀ ਭਾਵਨਾ ਨਾਲ ਭਰੀਆਂ ਹਨ। ਇਨ੍ਹਾਂ ਵਿਚ ਭਾਰਤੀ ਦਰਸ਼ਨ ਦੇ ਦਵੈਤ-ਅਦਵੈਦ ਸਿਧਾਂਤ ਪੂਰਨ ਤੌਰ 'ਤੇ ਉਜਾਗਰ ਹੁੰਦੇ ਹਨ ਜਿਸ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਧਰੁਵਪਦ ਗਾਇਨ ਭਗਤੀ ਸੰਗੀਤ ਦੀ ਬਹੁਤ ਪ੍ਰਬਲਧਾਰਾ ਹੈ। ਇਹ ਭਗਤੀਧਾਰਾ ਪੁਸ਼ਟੀ ਮਾਰਗ ਦੇ ਸੰਸਥਾਪਕ ਸ੍ਰੀ ਵੱਲਭਾਚਾਰੀਆ ਦੀ ਪਰੰਪਰਾ ਵਿਚ ਪੁਸ਼ਟ ਹੋਈ ਹੈ। ਵੱਲਭਾਚਾਰੀਆ ਅਤੇ ਉਨ੍ਹਾਂ ਦੇ ਅਸ਼ਟਛਾਪ ਸੰਪ੍ਰਦਾਇ ਨੇ ਨਵੇਂ ਨਵੇਂ ਪਦਾਂ ਦੀ ਰਚਨਾ ਕੀਤੀ ਅਤੇ ਸਮਕਾਲੀਨ ਰਾਗ-ਰਾਗਨੀਆਂ ਵਿਚ ਉਨ੍ਹਾਂ ਨੂੰ ਨਿਬੱਧ ਕੀਤਾ। ਭਾਰਤੀ ਸੰਗੀਤ ਦੀ ਧਰੁਪਦ ਸ਼ੈਲੀ ਨੂੰ ਸਾਹਿਤ ਨਾਲ ਸਮਰਿਧ ਕਰਨ ਦਾ ਸਿਹਰਾ ਇਨ੍ਹਾਂ ਪਦਾਵਲਿਆਂ ਦੇ ਸਿਰ ਹੈ। ਭਗਤੀ ਰਸ ਤੋਂ ਭਰਪੂਰ ਇਹ ਪਦ ਸਦੀਆਂ ਤੋਂ ਭਾਰਤੀ ਜਨਤਾ ਨੂੰ ਰਸ ਵਿਚ ਲੀਨ ਕਰਦੇ ਰਹੇ ਹਨ। ਮਥੁਰਾ, ਬ੍ਰਿੰਦਾਵਨ ਵਿਚ ਭਗਤਾਂ ਦੀ ਇਹ ਧਰੁਪਦ ਰਚਨਾ ਪਰੰਪਰਾਗਤ ਰੂਪ ਤੋਂ ਅੱਜ ਵੀ ਉਨ੍ਹਾਂ ਰਾਗਾਂ ਅਤੇ ਤਾਲਾਂ ਵਿਚ ਗਾਈਆਂ ਜਾਂਦੀਆਂ ਹਨ। ਇਸ ਅਸ਼ਟਛਾਪ ਸੰਪ੍ਰਦਾਇ ਦੇ ਸਾਹਿਤ ਸੰਗੀਤ ਦੀਆਂ ਅਨੇਕਾਂ ਰਾਗ-ਰਾਗਨੀਆਂ ਦਾ ਅਮੁੱਲ ਖ਼ਜ਼ਾਨਾ ਹਨ ਅਤੇ ਭਾਰਤੀ ਰਾਗ ਪਰੰਪਰਾ ਦੇ ਇਤਿਹਾਸ ਵਿਚ ਮਹੱਤਵਪੂਰਨ ਕਾਲਖੰਡ ਦਾ ਪ੍ਰਤੀਨਿਧ ਕਰਦਾ ਹੈ।

"The Kirtan used to be performed at the time in the temples of Kashi, Mathura, Ayodha and Brindavan by traditional musicians (Kirtankars). They used to set the devotional compositions of the Vaishnava Baktas to the prevalent Drupad and Dhamar Styles of Hindustan music."[5]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਮੱਧਕਾਲ ਵਿਚ ਜਦੋਂ ਪ੍ਰਬੰਧ ਗਾਇਨ ਸਮਾਪਤ ਹੋ ਚੁੱਕਿਆ ਸੀ, ਸੰਸਕ੍ਰਿਤ ਭਾਸ਼ਾ ਭ੍ਰਿਸ਼ਟ ਹੋ ਚੁੱਕੀ ਸੀ, ਅਸ਼ਟਪਦੀ ਅਤੇ ਮੰਤਰਾਂ ਦਾ ਗਾਇਨ ਬੰਦ ਹੋ ਗਿਆ ਸੀ, ਮੰਦਰਾਂ ਦੇ ਸਥਾਨ 'ਤੇ ਸੁਲਤਾਨਾਂ ਦੇ ਦਰਬਾਰ ਸੰਗੀਤ ਦਾ ਕੇਂਦਰ ਬਣ ਗਏ, ਫਿਰ ਵੀ ਭਾਰਤ ਵਿਚ ਇਕ ਹੋਰ ਸ਼ੈਲੀ ਹੌਲੀ ਹੌਲੀ ਉੱਭਰ ਰਹੀ ਸੀ, ਉਹ ਸੀ 'ਧਰੁਵਪਦ ਸ਼ੈਲੀ' ਜਿਸ ਦਾ ਨਿਰਮਾਣ ਗੋਪਾਲ ਨਾਇਕ ਨੇ ਕੀਤਾ। ਇਸ ਸ਼ੈਲੀ ਦੇ ਸਿਰਜਨਹਾਰ ਜੇਕਰ ਗੋਪਾਲ ਨਾਇਕ ਸਨ ਤਾਂ ਧਰੁਪਦ ਦੇ ਪਾਲਣਹਾਰ ਮਾਨ ਸਿੰਘ ਤੋਮਰ ਸਨ।[6]

ਧਰੁਵਪਦ ਸ਼ੈਲੀ ਵਿਚ ਪੁਰਾਤਨ ਗਾਇਕੀ ਦੇ ਸਮੂਹ ਤੱਤਾਂ ਦੀ ਉਚਿਤ ਰੂਪ ਨਾਲ ਸ਼ਮੂਲੀਅਤ ਕੀਤੀ ਗਈ। ਇਸ ਸ਼ੈਲੀ ਵਿਚ ਪ੍ਰਬੰਧ ਦੀਆਂ ਚਾਰੇ ਧਾਤੂਆਂ (ਉਦਗਰਾਹ, ਮੇਲਾਪਕ, ਧਰੁਵ, ਆਭੋਗ) ਘੱਟ ਵੱਧ ਤੌਰ 'ਤੇ ਰੱਖੀਆਂ ਗਈਆਂ, ਸਿਰਫ਼ ਉਨ੍ਹਾਂ ਦੇ ਨਾਵਾਂ ਵਿਚ ਅੰਤਰ ਆ ਗਿਆ।

ਪੰਦਰ੍ਹਵੀਂ ਜਾਂ ਸੋਲ੍ਹਵੀਂ ਸ਼ਤਾਬਦੀ ਵਿਚ ਹੀ ਧਰੁਪਦ ਨਾਲ ਸਮਾਨਤਾ ਰੱਖਣ ਵਾਲੀ ਇਕ ਹੋਰ ਸ਼ੈਲੀ 'ਧਮਾਰ' ਗਾਇਨ ਨੇ ਜਨਮ ਲਿਆ। ਇਸ ਦਾ ਵਰਣਨਯੋਗ ਵਿਸ਼ਾ ਰਾਧਾ ਕ੍ਰਿਸ਼ਨ ਦੀ ਹੋਲੀ ਲੀਲ੍ਹਾ ਦਾ ਸ਼ਿੰਗਾਰ ਰਸਮਈ ਗਾਇਨ ਕਰਨਾ ਸੀ। ਇਸ ਦੀ ਭਾਸ਼ਾ ਬ੍ਰਿਜ ਸੀ। ਧਮਾਰ ਸ਼ੈਲੀ ਧਰੁਪਦ ਦੇ ਹੀ ਅੰਗਾਂ ਨਾਲ ਯੁਕਤ ਹੈ। ਪ੍ਰੰਤੂ ਮੁੱਖ ਅੰਤਰ ਸਿਰਫ਼ ਇੰਨਾ ਹੈ ਕਿ ਧਰੁਪਦ ਚਾਰ ਤਾਲ, ਸੂਲ ਤਾਲ ਆਦਿ ਵਿਚ ਗਾਇਆ ਜਾਂਦਾ ਹੈ ਜਦਕਿ ਧਮਾਰ ਗਾਇਨ ਵਿਚ ਧਮਾਰ ਤਾਲ ਹੀ ਵਜਾਇਆ ਜਾਂਦਾ ਹੈ।

ਭਗਤੀ ਸੰਗੀਤ ਦੇ ਲਈ ਪ੍ਰਯੋਗ ਕੀਤੀ ਗਾਇਨ ਪ੍ਰਣਾਲੀ ਦੇ ਅਧੀਨ ਧਰੁਪਦ ਧਮਾਰ ਸ਼ੈਲੀ ਦਾ ਮੁੱਖ ਸਥਾਨ ਰਿਹਾ ਹੈ। ਸਾਧਾਰਣ ਤੌਰ 'ਤੇ ਧਰੁਪਦ ਗਾਉਣ ਵਾਲੇ ਸੰਗੀਤਕਾਰ ਧਮਾਰ ਗਾਇਣ ਵਿਚ ਵੀ ਨਿਪੁੰਨ ਹੁੰਦੇ ਸਨ ਅਤੇ ਇਸ ਲਈ ਉਸ ਸਮੇਂ ਵੀ ਧਰੁਪਦ ਦੇ ਨਾਲ ਨਾਲ ਗਾਇਕ ਧਮਾਰ ਗਾਉਣ ਵਿਚ ਵੀ ਕੁਸ਼ਲ ਜ਼ਰੂਰ ਹੁੰਦੇ ਹੋਣਗੇ, ਜੋ ਧਮਾਰ ਤਾਲ ਵਿਚ ਗਾਇਨ ਤੋਂ ਇਲਾਵਾ ਫੱਗਣ ਦੇ ਹੋਲੀ ਗੀਤਾਂ ਦੇ ਰੂਪ ਵੀ ਮੌਜੂਦ ਸੀ।

ਕੀਰਤਨ ਪ੍ਰਣਾਲੀ ਅੱਖਰ ਅਤੇ ਸੁਰ ਪ੍ਰਧਾਨ ਹੋਣ ਦੇ ਕਾਰਨ ਉਸ ਵਿਚ ਸਮੇਂ ਉਪਰੰਤ ਕੁਝ ਸਥਾਨ ਆਲਾਪਾਚਾਰੀ, ਸਰਗਮ, ਬੋਲ ਤਾਨਾਂ ਅਤੇ ਲੈਅਕਾਰੀ ਆਦਿ ਨੂੰ ਵੀ ਆਪਣੇ ਆਪ ਹੀ ਮਿਲ ਜਾਂਦਾ ਹੈ। ਇਸ ਲਈ ਧਰੁਪਦ ਅਤੇ ਧਮਾਰ ਸ਼ੈਲੀ ਦੇ ਨਾਲ ਨਾਲ ਕੁਝ ਸਥਾਨ ਖਿਆਲ ਸ਼ੈਲੀ ਨੂੰ ਵੀ ਮਿਲ ਗਿਆ ਹੈ।

ਕਿਸੇ ਵੀ ਸ਼ੈਲੀ ਦੀ ਉਤਪਤੀ ਲਈ ਇਕ ਵਿਸ਼ੇਸ਼ ਤੱਥ ਦੇ ਵੱਲ ਧਿਆਨ ਦਿੱਤਾ ਜਾ ਸਕਦਾ ਹੈ ਕਿ ਸ੍ਰਿਸ਼ਟੀ ਦੇ ਨਿਯਮ ਅਨੁਸਾਰ ਹੀ ਹਰੇਕ ਨਵੀਂ ਵਸਤੂ ਜਾਂ ਸ਼ੈਲੀ ਦੀ ਉਤਪਤੀ ਕਿਸੇ ਪੁਰਾਤਨ ਵਸਤੂ, ਪ੍ਰਣਾਲੀ ਜਾਂ ਸ਼ੈਲੀ ਦੇ ਆਧਾਰ 'ਤੇ ਹੀ ਸੰਭਵ ਹੈ ਅਤੇ ਉਸ ਦੀ ਲੋਕਪ੍ਰਿਯਤਾ ਸੰਗੀਤਕਾਰਾਂ, ਸ਼ਾਸਤਰੀਆਂ, ਸ੍ਰੋਤਿਆਂ ਅਤੇ ਸਮਕਾਲੀਨ ਹਾਲਤਾਂ 'ਤੇ ਨਿਰਭਰ ਕਰਦੀ ਹੈ।

ਭਾਵੇਂ ਆਰੰਭ ਤੋਂ ਹੀ ਸੰਸਾਰ ਦੇ ਸਮੁੱਚੇ ਦੇਸਾਂ ਵਿਚ ਹੀ ਸੰਗੀਤ ਧਰਮ ਅਤੇ ਧਰਮ ਕਰਮ-ਕਾਂਡਾਂ ਦੇ ਨਾਲ ਜੁੜਿਆ ਹੋਇਆ ਸੀ, ਪ੍ਰੰਤੂ ਲੋਕ-ਰੁਚੀ, ਸਮਾਜ, ਜਲਵਾਯੂ ਆਦਿ ਦੇ ਅਨੁਸਾਰ ਹੌਲੀ-ਹੌਲੀ ਉਸ ਦੇ ਰੂਪ ਵਿਚ ਪਰਿਵਰਤਨ ਹੋਣ ਲੱਗਾ, ਪ੍ਰੰਤੂ ਭਾਰਤੀ ਸੰਗੀਤ ਹਮੇਸ਼ਾਂ ਤੋਂ ਹੀ ਧਰਮ ਭਾਵਨਾ ਦੇ ਅਨੁਕੂਲ ਰਿਹਾ। ਧਰਮ ਸਮਰਪਿਤ ਹਿੰਦੂ ਹਮੇਸ਼ਾਂ ਸਾਧਨਾ ਦੇ ਮਾਧਿਅਮ ਤੋਂ ਪਰਮਾਤਮਾ ਪ੍ਰਾਪਤੀ ਦਾ ਯਤਨ ਕਰਦੇ ਰਹੇ ਹਨ। ਸਾਧਨਾ ਮਾਰਗ ਦਾ ਪ੍ਰਧਾਨ ਮਾਧਿਅਮ ਸੰਗੀਤ ਹੀ ਹੈ। ਸਾਧਨਾ ਅਤੇ ਸੰਗੀਤ ਦੇ ਲਈ ਸ਼ਰਧਾ, ਭਗਤੀ, ਸਬਰ ਅਤੇ ਤਪੱਸਿਆ ਜ਼ਰੂਰੀ ਹੁੰਦੀ ਹੈ।

ਸੰਗੀਤ ਕਲਾ ਵਿਚ ਗਾਇਨ, ਵਾਦਨ ਅਤੇ ਨ੍ਰਿਤ ਤਿੰਨਾਂ ਦਾ ਸੁਮੇਲ ਹੁੰਦਾ ਹੈ ਪ੍ਰੰਤੂ ਕੀਰਤਨ ਅਸਾਨ ਸੰਗੀਤ 'ਤੇ ਅਧਾਰਤ ਹੈ। ਇਸ ਦੇ ਅਧੀਨ ਭਗਤੀ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਇਸ ਵਿਚ ਪ੍ਰਭੂ-ਭਗਤੀ, ਪ੍ਰਭੂ-ਗੁਣਗਾਨ, ਪ੍ਰਭੂ-ਪ੍ਰੇਮ, ਬ੍ਰਹਮ ਨਾਦ ਆਦਿ ਦੀ ਉਸਤਤ ਦੇ ਗੀਤ ਹੁੰਦੇ ਹਨ। ਸਨਾਤਨ ਧਰਮ ਅਤੇ ਉਸ

ਤੋਂ ਉਤਪੰਨ ਹੋਰ ਮੱਤ ਜਿਵੇਂ ਕ੍ਰਿਸ਼ਨ ਮਤ, ਦੇਵ ਸਮਾਜ, ਆਰੀਆ ਸਮਾਜ, ਰਾਮ ਭਗਤੀ, ਦੈਵੀ ਭਗਤੀ ਜਾਂ ਵੈਸ਼ਨੋ ਸੰਪ੍ਰਦਾਇ ਆਦਿ ਸਾਰਿਆਂ ਵਿਚ ਕੀਰਤਨ ਦੀ ਪਰੰਪਰਾ ਪੁਰਾਤਨ ਕਾਲ ਤੋਂ ਹੀ ਚੱਲੀ ਆ ਰਹੀ ਹੈ।

ਹਰੇਕ ਧਰਮ ਅਤੇ ਸੰਪ੍ਰਦਾਇ ਵਿਚ ਭਗਤੀ ਸੰਗੀਤ ਜਾਂ ਕੀਰਤਨ ਦਾ ਬੜਾ ਮਹੱਤਵ ਹੁੰਦਾ ਹੈ। ਭਗਤ ਰਾਮਾਨੰਦ ਜੀ ਨੇ ਇਸ ਪਰੰਪਰਾ ਨੂੰ ਬਨਾਰਸ ਵਿਚ ਆਰੰਭ ਕੀਤਾ ਸੀ। ਉਸ ਤੋਂ ਉਪਰੰਤ ਵੈਸ਼ਨੋ ਭਗਤਾਂ ਨੇ ਵੀ ਇਸੇ ਧਰਮ ਦੇ ਪ੍ਰਚਾਰ ਅਤੇ ਭਗਤੀ ਸਾਧਨਾ ਦਾ ਆਧਾਰ ਬਣਾਇਆ। ਬੰਗਾਲ ਵਿਚ ਚੈਤੰਨਯ ਮਹਾਂਪ੍ਰਭੂ ਨੇ ਇਸ ਨੂੰ ਉਤਸ਼ਾਹਿਤ ਕੀਤਾ ਅਤੇ ਮੀਰਾ ਬਾਈ ਅਤੇ ਭਗਤ ਪ੍ਰਵਰ ਸੂਰਦਾਸ ਨੇ ਵੀ ਜੋ ਭਗਤੀ ਸੰਗੀਤ ਦੀਆਂ ਰਚਨਾਵਾਂ ਲਿਖੀਆਂ ਉਨ੍ਹਾਂ ਨੂੰ ਲੋਕਾਂ ਨੇ ਆਪਣੇ ਢੰਗ ਨਾਲ ਗਾਇਆ। ਇਸ ਤਰ੍ਹਾਂ ਸਿੱਖ ਧਰਮ ਤੋਂ ਉਤਪੰਨ ਹੋਰ ਮਤ-ਮਤਾਂਤਰ ਜਿਵੇਂ—ਨਿਰੰਕਾਰੀ, ਰਾਧਾ ਸੁਆਮੀ, ਨਾਮਧਾਰੀ ਅਤੇ ਨਿਹੰਗਾਂ ਵਿਚ ਵੀ ਕੀਰਤਨ ਬਹੁਤ ਲੋਕਪ੍ਰਿਅ ਅਤੇ ਪ੍ਰਚਲਿਤ ਹੈ। ਇਸ ਦੇ ਪਿੱਛੇ ਇਹੀ ਧਾਰਨਾ ਰਹਿੰਦੀ ਹੈ ਕਿ ਕੀਰਤਨ ਦਾ ਸ੍ਰਵਨ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ, ਦੁਖ ਅਤੇ ਕਲੇਸ਼ ਦਾ ਨਾਸ਼ ਹੁੰਦਾ ਹੈ। ਸਿੱਖ ਧਰਮ ਵਿਚ ਕੀਰਤਨ ਨੂੰ ਅਤਿਅੰਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

ਅਸਲ ਵਿਚ ਚੌਦਵੀਂ, ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀ ਵਿਚ ਸੰਗੀਤ ਜਗਤ ਵਿਚ ਅਨੇਕਾਂ ਤਬਦੀਲੀਆਂ ਅਤੇ ਪ੍ਰਯੋਗ ਹੋਏ। ਇਸ ਦੇ ਫਲਸਰੂਪ ਸੰਗੀਤ ਦੀ ਧਾਰਾ ਵਿਚ ਭਜਨ ਅਤੇ ਕੀਰਤਨ; ਸ਼ੈਲੀਆਂ ਦਾ ਵਿਲੱਖਣ ਵਿਕਾਸ ਹੋਇਆ। ਵੈਸ਼ਨੋ ਭਗਤਾਂ ਵਿਚ ਭਜਨ, ਕੀਰਤਨ, ਸੂਫ਼ੀਆਂ ਵਿਚ ਕੱਵਾਲੀ ਅਤੇ ਸਿੱਖਾਂ ਵਿਚ ਸ਼ਬਦ ਕੀਰਤਨ ਸ਼ੈਲੀ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ।

ਕੀਰਤਨ ਦਾ ਇਤਿਹਾਸ ਬਹੁਤ ਪ੍ਰਾਚੀਨ ਅਤੇ ਵਿਸਤ੍ਰਿਤ ਹੈ। ਇਹ ਭਾਰਤ ਵਿਚ ਸਾਰੀਆਂ ਥਾਵਾਂ 'ਤੇ ਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਹੈ। 'ਨਾਟ ਸ਼ਾਸਤਰ' ਵਿਚ ਸੂਰਬੀਰ, ਗੁਣ-ਗਾਥਾ, ਉਸਤਤ ਆਦਿ ਸੁਮੇਲ ਵਾਲੇ ਗੀਤਾਂ ਨੂੰ 'ਸੰਕੀਰਤਨ' ਕਿਹਾ ਗਿਆ ਹੈ। ਬੰਗਾਲ ਦੇ ਅਤਿ ਪੁਰਾਤਨ ਅਤੇ ਮਹੱਤਵਪੂਰਨ ਧਾਰਮਿਕ ਨ੍ਰਿਤ-ਗੀਤ ਉਤਸਵ 'ਕੀਰਤਨ' ਹੈ। ਖੋਲ ਅਤੇ ਖੜਤਾਲ ਦੇ ਨਾਲ ਇਹ ਭਾਵਮਈ ਨ੍ਰਿਤ-ਗੀਤ ਉਤਸਵ ਆਧਾਰਿਤ ਹੁੰਦਾ ਹੈ। ਮੁੱਖ ਤੌਰ 'ਤੇ ਰਚਨਹਾਰਾਂ ਨੇ ਇਸ ਦੀ ਪੁਸ਼ਟੀ ਕੀਤੀ। ਉਸ ਤੋਂ ਉਪਰੰਤ ਗੋਵਿੰਦ ਦਾਸ, ਗਿਆਨ ਦਾਸ, ਘਨਸ਼ਿਆਮ, ਰਾਏ ਸ਼ੇਖਰ ਆਦਿ ਨੇ ਇਸ ਨੂੰ ਹੋਰ ਪ੍ਰਸਿੱਧ ਕੀਤਾ। ਆਧੁਨਿਕ ਕਾਲ ਵਿਚ ਪ੍ਰਚਲਿਤ ਕੀਰਤਨ ਦੇ ਸਿਰਜਨਹਾਰ ਸ੍ਰੀ ਚੈਤੰਨਯ ਦੇਵ ਸਨ। ਕੀਰਤਨ ਮੁਖ ਤੌਰ 'ਤੇ ਦੋ ਪ੍ਰਕਾਰ ਦੇ ਹੁੰਦੇ ਹਨ, ਜਿਵੇਂ ਨਾਮ ਕੀਰਤਨ ਅਤੇ ਰਸ ਕੀਰਤਨ। ਵੱਖ-ਵੱਖ ਪ੍ਰਾਂਤਾਂ ਵਿਚ ਪ੍ਰਤਿਭਾਸ਼ਾਲੀ ਗਾਇਕ ਕਲਾਕਾਰਾਂ ਦੇ ਪ੍ਰਭਾਵ ਨਾਲ ਕੀਰਤਨ ਦੀਆਂ ਅਨੇਕਾਂ ਪ੍ਰਕਾਰ ਦੀਆਂ ਗਾਇਨ-ਸ਼ੈਲੀਆਂ ਦਾ ਵਿਕਾਸ ਹੋਇਆ। ਇਸ ਦੀ ਹਰੇਕ ਸ਼ੈਲੀ ਵਿਚ ਤਾਲਾਂ ਦੀ ਸੰਖਿਆ ਅਤੇ ਪ੍ਰਯੋਗ ਵਿਧੀ ਵੱਖ ਵੱਖ ਹੈ। ਭਾਵੇਂ ਇਹ ਰਾਗ ਸੰਗੀਤ 'ਤੇ ਆਧਾਰਿਤ ਹੈ, ਪ੍ਰੰਤੂ ਫੇਰ ਵੀ ਇਸ ਦੀ ਗਾਇਨ ਸ਼ੈਲੀ ਵੱਖਰੀ

ਹੈ ਅਤੇ ਇਸ ਵਿਚ ਰਾਗ ਗੀਤ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ। ਫੇਰ ਵੀ ਇਸ ਦੀ ਤਾਲ ਪ੍ਰਣਾਲੀ ਅਤਿਅੰਤ ਮਹੱਤਵਪੂਰਨ ਹੈ।[7]

ਕਵੀ-ਗੁਰੂ ਕੀਰਤਨ ਨਾਲ ਅਤਿਅੰਤ ਪ੍ਰਭਾਵਿਤ ਸਨ। ਅਨੇਕਾਂ ਸਥਾਨਾਂ ਵਿਚ ਉਨ੍ਹਾਂ ਨੇ ਇਸ ਦਾ ਉਲੇਖ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੀਰਤਨ ਵਿਚ ਭਾਵ ਪ੍ਰਗਟ ਕਰਨ ਦੀ ਜੋ ਅਸਾਧਾਰਣ ਸ਼ਕਤੀ ਹੈ ਉਹ ਭਾਰਤ ਦੇ ਹੋਰ ਕਿਸੇ ਸੰਗੀਤ ਵਿਚ ਨਹੀਂ ਪਾਈ ਜਾਂਦੀ। ਭਾਵੇਂ ਰਾਗ ਸੰਗੀਤ ਹੀ ਇਸ ਦਾ ਮੂਲ ਹੈ ਪ੍ਰੰਤੂ ਇਸ ਦਾ ਧਿਆਨ ਸਿਰਫ਼ ਰਸ ਸਿਰਜਨਾ ਦੇ ਵੱਲ ਹੀ ਰਹਿੰਦਾ ਹੈ। ਸਿੱਖ ਸੰਪ੍ਰਦਾਇ ਦੇ ਗੁਰੂਆਂ ਨੇ ਵੀ ਹੋਰਨਾਂ ਧਰਮਾਂ ਦੀ ਤਰ੍ਹਾਂ ਕੀਰਤਨ ਨੂੰ ਮਹੱਤਵਪੂਰਨ ਸਥਾਨ ਦਿੱਤਾ ਹੈ। ਸਿੱਖ ਧਰਮ ਵਿਚ ਭਗਤੀ ਭਾਵ ਤੋਂ ਕੀਰਤਨ ਸੰਗੀਤ ਦਾ ਪ੍ਰਯੋਗ ਪਰੰਪਰਾਗਤ ਰੂਪ ਵਿਚ ਚਲਿਆ ਆ ਰਿਹਾ ਹੈ। ਸਿੱਖ ਧਰਮ ਦੇ ਮੋਢੀ ਗੁਰੂਆਂ ਨੇ ਜਿਸ ਕੀਰਤਨ ਸੰਗੀਤ ਦੀ ਪਰੰਪਰਾ ਦੀ ਸਥਾਪਨਾ ਕੀਤੀ ਸੀ ਉਸ ਨੂੰ ਹੋਰਨਾਂ ਬਾਅਦ ਦੇ ਸੰਤ ਭਗਤਾਂ ਨੇ ਨਿਰੰਤਰ ਬਣਾਈ ਰੱਖਿਆ। ਸੰਗੀਤ ਅਤੇ ਗੁਰਬਾਣੀ ਦੇ ਮੇਲ ਤੋਂ ਹੀ ਕੀਰਤਨ ਦਾ ਸਹੀ ਰੂਪ ਪ੍ਰਗਟ ਹੁੰਦਾ ਹੈ। ਕੀਰਤਨ ਹੀ ਗੁਰੂ ਸਿੱਖਿਆ ਦਾ ਮੁੱਖ ਆਧਾਰ ਹੈ। ਰਵਿੰਦਰ ਸੰਗੀਤ ਦੇ ਸੰਸਥਾਪਕ ਗੁਰੂ ਰਵਿੰਦਰ ਨਾਥ ਟੈਗੋਰ ਕੀਰਤਨ ਪ੍ਰਣਾਲੀ ਤੋਂ ਅਤਿਅੰਤ ਪ੍ਰਭਾਵਿਤ ਸਨ। ਸਿੱਖ ਧਰਮ ਦੀ ਕੀਰਤਨ ਪਰੰਪਰਾ ਦਾ ਅਧਿਐਨ ਕਰਨ ਵਾਸਤੇ ਉਹ ਸਵਰਨ ਮੰਦਰ (ਦਰਬਾਰ ਸਾਹਿਬ) ਵਿਚ ਲਗਪਗ ਇਕ ਮਹੀਨੇ ਤਕ ਰਹੇ ਸਨ। ਨਿੱਤ ਦੇ ਕੀਰਤਨ ਦਾ ਸ੍ਰਵਨ ਕਰਦੇ ਸਨ ਅਤੇ ਉਸ ਉਪਰੰਤ ਉਹ ਆਪਣਾ ਲਿਖਣ ਦਾ ਕੰਮ ਕਰਦੇ ਸਨ।

ਸਿੱਖ ਧਰਮ ਵਿਚ ਪ੍ਰਯੋਗ ਕੀਤੀਆਂ ਕੀਰਤਨ ਦੀਆਂ ਵੱਖ-ਵੱਖ ਸ਼ੈਲੀਆਂ ਦਾ ਅਧਿਐਨ ਕਰਨ ਤੋਂ ਪਹਿਲਾਂ ਅਸੀਂ ਭਾਰਤ ਦੇ ਵੱਖ-ਵੱਖ ਧਰਮਾਂ ਦੀਆਂ ਕੀਰਤਨ ਪ੍ਰਣਾਲੀਆਂ ਦਾ ਅਧਿਐਨ ਕਰਾਂਗੇ।

ਭਾਰਤ ਦੇ ਵੱਖ-ਵੱਖ ਧਰਮਾਂ ਦੀਆਂ ਕੀਰਤਨ ਪ੍ਰਣਾਲੀਆਂ

ਭਾਰਤ ਵਿਚ ਪੁਰਾਤਨ ਕਾਲ ਤੋਂ ਧਰਮ ਸਾਧਨਾ ਦੇ ਤਿੰਨ ਮਾਰਗ ਪ੍ਰਚਲਿਤ ਰਹੇ ਹਨ—ਕਰਮ, ਗਿਆਨ ਅਤੇ ਉਪਾਸਨਾ। ਸਮੇਂ ਸਮੇਂ 'ਤੇ ਇਨ੍ਹਾਂ ਵਿੱਚੋਂ ਕਦੇ ਕਰਮ ਦੀ, ਕਦੇ ਗਿਆਨ ਦੀ ਅਤੇ ਕਦੇ ਉਪਾਸਨਾ-ਮਾਰਗ ਦੀ ਪ੍ਰਧਾਨਤਾ ਰਹੀ। ਸਮੂਹ ਧਰਮਾਂ ਵਿਚ ਸੰਗੀਤ ਦੇ ਮਾਧਿਅਮ ਤੋਂ ਭਗਵਦ ਅਰਾਧਨਾ ਕੀਤੀ ਗਈ। ਭਗਤੀ ਅੰਦੋਲਨ ਦੇ ਸਮੇਂ ਸੰਗੀਤ ਨੇ ਭਜਨ ਕੀਰਤਨ ਦਾ ਰੂਪ ਗ੍ਰਹਿਣ ਕੀਤਾ ਅਤੇ ਅਧਿਆਤਮਿਕ ਤੌਰ 'ਤੇ ਭਾਰਤੀ ਸੰਗੀਤ ਵਿਚ ਦ੍ਰਿੜ੍ਹਤਾ ਆਈ। ਸਭ ਤੋਂ ਪਹਿਲਾਂ ਅਸੀਂ ਵੈਸ਼ਨੋ ਸੰਪ੍ਰਦਾਇ ਦੀ ਕੀਰਤਨ ਪ੍ਰਣਾਲੀ ਦਾ ਅਧਿਐਨ ਕਰਾਂਗੇ।

1. ਵੈਸ਼ਨੋ ਸੰਪ੍ਰਦਾਇ

ਵੈਸ਼ਨੋ ਸੰਪ੍ਰਦਾਇ ਦੇ ਅਧੀਨ ਕੀਰਤਨ ਪ੍ਰਣਾਲੀ ਲਈ ਸਭ ਤੋਂ ਪੁਰਾਤਨ

ਗਾਇਨ ਸ਼ੈਲੀ ਧਰੁਪਦ-ਧਮਾਰ ਸ਼ੈਲੀ ਦਾ ਮੁੱਖ ਸਥਾਨ ਰਿਹਾ। ਕੀਰਤਨ ਵਿਚ ਗਾਏ ਜਾਣ ਵਾਲੇ ਪਦ ਧਰੁਪਦ-ਧਮਾਰ ਸ਼ੈਲੀ 'ਤੇ ਹੀ ਆਧਾਰਿਤ ਹੁੰਦੇ ਸਨ। ਵੱਲਭਾਚਾਰੀਆ ਜੀ ਦੇ ਸਮੇਂ ਸੂਰਦਾਸ, ਪਰਮਾਨੰਦ ਅਤੇ ਕੁੰਭਨਦਾਸ ਸ੍ਰੀਨਾਥ ਜੀ ਦੀਆਂ ਸਮੂਹ ਝਾਕੀਆਂ ਵਿਚ ਕੀਰਤਨ ਕੀਤਾ ਜਾਂਦਾ ਸੀ। ਵਿੱਠਲਦਾਸ ਜੀ ਦੇ ਸਮੇਂ ਵਿਚ ਕੀਰਤਨ-ਪ੍ਰਣਾਲੀ ਨੂੰ ਵਿਵਸਥਿਤ ਅਤੇ ਵਿਸਤ੍ਰਿਤ ਰੂਪ ਦਿੱਤਾ ਗਿਆ। ਉਨ੍ਹਾਂ ਨੇ ਅੱਠਾਂ ਸਮੇਂ (ਪਹਿਰਾਂ) ਦੀਆਂ ਝਾਕੀਆਂ ਵਿਚ ਵੱਖ-ਵੱਖ ਕੀਰਤਨਕਾਰ ਨਿਯੁਕਤ ਕੀਤੇ। ਉਨ੍ਹਾਂ ਦੇ ਚੇਲਿਆਂ ਵਿੱਚੋਂ ਅਨੇਕਾਂ ਉਚ-ਕੋਟੀ ਦੇ ਸੰਗੀਤ ਅਤੇ ਭਗਤ ਕਵੀ ਸਨ। ਸ੍ਰੀ ਵਿੱਠਲਦਾਸ ਜੀ ਨੇ ਆਪਣੇ ਪਿਤਾ ਦੇ ਚਾਰ ਕੀਰਤਨੀਆਂ ਦੇ ਨਾਲ ਆਪਣੇ ਚਾਰ ਚੇਲਿਆਂ ਨੂੰ ਸ਼ਾਮਲ ਕਰ ਕੇ 'ਅਸ਼ਟਛਾਪ' ਦੀ ਸਥਾਪਨਾ ਕੀਤੀ ਅਤੇ ਅਸ਼ਟਛਾਪ ਦੁਆਰਾ ਕੀਰਤਨ ਪ੍ਰਣਾਲੀ ਦਾ ਪ੍ਰਚਲਨ ਕੀਤਾ। ਅਸ਼ਟਛਾਪ ਦੇ ਅੱਠੋ ਕੀਰਤਨੀਏ ਅੱਠਾਂ ਝਾਕੀਆਂ ਦੇ ਕੀਰਤਨ ਵਿਚ ਵਿਸ਼ੇਸ਼ ਰੁੱਤ ਅਤੇ ਕਾਲ ਦੇ ਅਨੁਸਾਰ ਅਨੇਕਾਂ ਰਾਗ-ਰਾਗਨੀਆਂ ਵਿਚ ਭਗਵਤ ਕੀਰਤਨ ਕਰਦੇ ਸਨ।

ਵਿੱਠਲਦਾਸ ਜੀ ਨੇ ਕੀਰਤਨ ਸੇਵਾ ਵਿਚ ਵਚਿੱਤਰ ਸਾਜ਼ਾਂ ਨੂੰ ਸ਼ਾਮਲ ਕੀਤਾ। ਧਰੁਪਦ ਦੇ ਅੰਤਰਗਤ ਸੰਗੀਤਕਾਰਾਂ ਨੇ ਕੁਝ ਤਾਲਾਂ ਦਾ ਵੀ ਪਦਾਂ ਦੇ ਸਿਰਲੇਖ 'ਤੇ, ਪਦਾਂ ਦੇ ਅੰਤਰਗਤ ਨਿਰਦੇਸ਼ ਦਿੱਤਾ ਹੈ ਜਿਵੇਂ ਅੱਠ ਤਾਲ, ਚੌਤਾਲ, ਤੀਵਰਾ ਤਾਲ ਆਦਿ।

ਅਸਲ ਵਿਚ ਧਰੁਪਦ ਦੀ ਸਾਹਿੱਤਕ ਬੰਦਿਸ਼ ਸੁਭਾਵਕ ਤੌਰ 'ਤੇ ਸੁੰਦਰ, ਪ੍ਰਭਾਵਸ਼ਾਲੀ ਅਤੇ ਵਿਸ਼ੇਸ਼ ਦੇਵੀ-ਦੇਵਤਾਵਾਂ ਦੀ ਉਸਤਤਿ ਅਤੇ ਅਰਾਧਨਾ ਤੋਂ ਯੁਕਤ ਬੰਦਿਸ਼ ਦੇ ਰੂਪ ਵਿਚ ਸੀ। ਪ੍ਰੰਤੂ ਬਾਅਦ ਵਿਚ ਧਰੁਪਦ ਰੁੱਤ ਅਤੇ ਪ੍ਰਕਿਰਤੀ ਦੇ ਵਰਣਨ ਤੋਂ ਯੁਕਤ, ਰਾਜਿਆਂ, ਮਹਾਰਾਜਿਆਂ ਆਦਿ ਦੀ ਪ੍ਰਸੰਸਾ ਦੀਆਂ ਬੰਦਿਸ਼ਾਂ ਦੇ ਰੂਪ ਵਿਚ ਬਣਨ ਲੱਗੀਆਂ।

ਰਾਜਾ ਵੱਲਭ ਸੰਪ੍ਰਦਾਇ ਵਿਚ ਕੀਰਤਨ ਗਾਇਨ ਪ੍ਰਣਾਲੀ ਦੇ ਅਧੀਨ ਜੋ ਸੰਗੀਤ ਆਉਂਦਾ ਸੀ ਉਸ ਨੂੰ 'ਸਮਾਜ ਗਾਨ' ਦੇ ਨਾਂ ਤੋਂ ਜਾਣਿਆ ਜਾਂਦਾ ਸੀ। ਨਿੱਤ ਸੇਵਾ ਨੂੰ ਅਸ਼ਟਾਯਾਮ ਸੇਵਾ ਕਿਹਾ ਜਾਂਦਾ ਹੈ ਅਰਥਾਤ ਅੱਠੋ ਪਹਿਰ ਜੋ ਪ੍ਰਭੂ ਦੀ ਸੇਵਾ ਕੀਤੀ ਜਾਂਦੀ ਸੀ ਉਨ੍ਹਾਂ ਸਾਰੀਆਂ ਸੇਵਾਵਾਂ ਵਿਚ ਸਮਾਜਗਾਨ ਹੋਣਾ ਜ਼ਰੂਰੀ ਸੀ। ਇਸ ਸਮਾਜਗਾਨ ਪ੍ਰਣਾਲੀ ਦੇ ਸੰਸਥਾਪਕ ਸ੍ਰੀ ਹਿਤਹਰਿਵੰਸ਼ ਜੀ ਮੰਨੇ ਗਏ ਹਨ।

ਹਿਤਹਰਿਵੰਸ਼ ਜੀ ਨੇ ਸਾਮ ਵੈਦਿਕ ਸਵਰ ਪ੍ਰਧਾਨ ਸੰਗੀਤ ਨੂੰ ਅੱਖਰ ਪ੍ਰਧਾਨ ਬਣਾ ਕੇ ਇਕ ਨਵੀਨ ਗਾਇਨ ਪ੍ਰਣਾਲੀ 'ਸਮਾਜਗਾਨ' ਨੂੰ ਜਨਮ ਦਿੱਤਾ।

ਰਾਜਾ ਬੱਲਭ ਸੰਪ੍ਰਦਾਇ ਵਿਚ ਬਾਣੀ ਗਾਇਕਾਂ ਨੂੰ 'ਸਮਾਜੀ' ਅਤੇ ਉਨ੍ਹਾਂ ਦੇ ਗਾਇਨ ਨੂੰ 'ਸਮਾਜ' ਕਿਹਾ ਜਾਂਦਾ ਸੀ ਅਤੇ ਉਹੀ ਪਰੰਪਰਾ ਅੱਜ ਵੀ ਸੁਰੱਖਿਅਤ ਹੈ।

ਸਮਾਜਗਾਨ ਦੇ ਮੁੱਖ ਗਾਇਕ ਨੂੰ ਮੁਖੀਆ ਕਿਹਾ ਜਾਂਦਾ ਹੈ ਅਤੇ ਮੁਖ ਗਾਇਕ ਮੁਖੀਆ ਦਾ ਬਾਕੀ ਸਮਾਜੀ ਅਨੁਸਰਣ ਕਰਦੇ ਹਨ। ਸਮਾਜ ਵਿਚ ਗਾਇਨ ਕਰਨ ਹਿੱਤ ਸਮੂਹ ਸਮਾਗਮਾਂ ਦੇ ਅਨੁਸਾਰ ਪਦਾਂ ਦੀ ਚੋਣ ਕੀਤੀ ਹੋਈ ਹੈ। ਅੱਜ ਵੀ ਉਹ

ਹੀ ਪੱਦ ਸਮਾਗਮਾਂ ਦੇ ਸਮੇਂ ਗੇਯ ਸਮਝੇ ਜਾਂਦੇ ਹਨ ਜੋ ਪ੍ਰਾਚੀਨ ਪਰੰਪਰਾ ਤੋਂ ਚਲੇ ਆ ਰਹੇ ਹਨ ਅਰਥਾਤ ਪ੍ਰਾਚੀਨ ਪ੍ਰੇਮੀਆਂ ਦੁਆਰਾ ਰਚੇ ਗਏ ਪਦ ਹੀ ਵਿਸ਼ੇਸ਼ ਸਮੇਂ 'ਤੇ ਗਾਏ ਜਾਂਦੇ ਹਨ।[9]

ਇਹ ਬਾਣੀ ਸਮਾਜੀਆਂ ਦੇ ਵਿਚਕਾਰ ਇਕ ਉੱਚੀ ਚੌਕੀ 'ਤੇ ਬਿਰਾਜਮਾਨ ਕੀਤੀ ਜਾਂਦੀ ਹੈ ਅਤੇ ਸਮਾਜ ਨੂੰ ਆਰੰਭ ਕਰਨ ਤੋਂ ਪਹਿਲਾਂ ਬਾਣੀ ਦੀ ਚੰਦਨ ਮਾਲਾ ਆਦਿ ਨਾਲ ਪੂਜਾ ਕੀਤੀ ਜਾਂਦੀ ਹੈ। ਬਾਣੀ ਦੀ ਪੂਜਾ ਦੇ ਉਪਰੰਤ ਸਮਾਜੀਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਸਮਾਜੀਆਂ ਦੀ ਗਿਣਤੀ ਸਮਾਜ-ਗਾਨ ਵਿਚ ਘੱਟ ਤੋਂ ਘੱਟ ਚਾਰ ਅਤੇ ਵੱਧ ਜਿੰਨੀ ਮਰਜ਼ੀ ਹੋ ਸਕਦੀ ਹੈ। ਇਸ ਸੰਪ੍ਰਦਾਇ ਵਿਚ ਸੇਵਾ-ਪ੍ਰਧਾਨ ਸੰਗੀਤ ਹੋਣ ਦੇ ਕਾਰਨ ਇਹ ਸਮਾਜ ਸ੍ਰੀ ਰਾਧਾਵੱਲਭ ਜੀ ਦੇ ਮੰਦਰ ਵਿਚ ਬਿਰਾਜਮਾਨ ਸੇਵਾ-ਮੂਰਤੀ ਦੇ ਸਾਹਮਣੇ ਜੋ ਨਿੱਤ ਹੁੰਦਾ ਹੀ ਹੈ ਪ੍ਰੰਤੂ ਜੇਕਰ ਕੋਈ ਵਿਅਕਤੀ ਕਿਸੇ ਵਿਸ਼ੇਸ਼ ਸਮਾਗਮ 'ਤੇ ਸਮਾਜ ਨੂੰ ਸੱਦਾ ਦੇਣਾ ਚਾਹੇ ਤਾਂ ਉਸ ਦੇ ਘਰ ਵਿਚ ਵੀ ਸਮਾਜ ਹੋ ਸਕਦਾ ਹੈ। ਇਹ ਕੋਈ ਬੰਧਨ ਨਹੀਂ ਹੈ ਕਿ ਮੰਦਰ ਵਿਚ ਹੀ ਹੋਵੇ ਸਗੋਂ ਕਿਤੇ ਵੀ, ਕਿਸੇ ਵੀ ਜਗ੍ਹਾ 'ਤੇ, ਕਿਸੇ ਵੀ ਸਮੇਂ, ਕਿਸੇ ਵੀ ਵਿਅਕਤੀ ਦੁਆਰਾ ਸਮਾਜ ਬਿਠਾਇਆ ਜਾ ਸਕਦਾ ਹੈ। ਸਮਾਜ-ਗਾਨ ਦੀ ਸਮਾਪਤੀ 'ਤੇ ਸਮੂਹ ਸਮਾਜਵਾਦੀਆਂ ਅਤੇ ਉਥੇ ਮੌਜੂਦ ਹੋਰਨਾਂ ਲੋਕਾਂ ਨੂੰ ਪ੍ਰਸ਼ਾਦ ਦਿੱਤਾ ਜਾਂਦਾ ਹੈ।

ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਨ ਤੋਂ ਗਿਆਤ ਹੁੰਦਾ ਹੈ ਕਿ ਵੱਖ-ਵੱਖ ਗੇਯ ਪਦ ਵੱਖ-ਵੱਖ ਰਾਗਾਂ ਅਤੇ ਤਾਲਾਂ ਵਿਚ ਗਾਏ ਜਾਂਦੇ ਸਨ। ਪਦਾਂ ਦੇ ਗਾਇਨ ਵਿਚ ਲੈਅਕਾਰੀ, ਮੀਡ, ਤਾਨ, ਅਲਾਪ, ਕਣ, ਗਮਕ, ਆਵਿਰਭਾਵ, ਤਿਰੋਭਾਵ, ਬੋਲਤਾਨ ਆਦਿ ਦਾ ਕੋਈ ਸਥਾਨ ਨਹੀਂ ਹੈ ਕਿਉਂਕਿ ਸਮਾਜਗਾਨ ਸਵਰ ਪ੍ਰਧਾਨ ਨਾ ਹੋ ਕੇ ਅੱਖਰ ਪ੍ਰਧਾਨ ਹੈ ਅਤੇ ਇਸ ਵਿਚ ਸ਼ੱਕ ਨਹੀਂ ਕਿ ਪਦ ਗਾਇਨ ਵਿਚ ਅਲਾਪ, ਤਾਨ, ਗਮਕ ਆਦਿ ਦਾ ਪ੍ਰਯੋਗ ਕਰਦੇ ਸਮੇਂ ਅੱਖਰ ਦੇ ਦੂਸ਼ਿਤ ਹੋ ਜਾਣ ਦੀ ਸੰਭਾਵਨਾ ਰਹਿੰਦੀ ਹੈ। ਹਰੇਕ ਪਦ ਦੀ ਇਕ ਖਾਸ ਧੁਨ ਹੁੰਦੀ ਹੈ ਜੋ ਕਿਸੇ ਖ਼ਾਸ ਰਾਗ ਅਤੇ ਤਾਲ ਵਿਚ ਹੀ ਗਾਈ ਜਾ ਸਕਦੀ ਹੈ। ਵਿਦਵਾਨਾਂ ਦੇ ਮੱਤ ਅਨੁਸਾਰ ਹਰੇਕ ਪਦ ਨੂੰ ਪੂਰਵ ਪਰੰਪਰਾਗਤ 'ਧੁਨ' ਵਿਚ ਬਿਨਾ ਕਿਸੇ ਹੋਰ ਮਿਸ਼ਰਣ ਦੇ ਜਿਵੇਂ ਦਾ ਤਿਵੇਂ ਗਾਇਨ ਕਰ ਲੈਣਾ ਹੀ ਇਸ ਸਮਾਜਗਾਨ ਦੀ ਪਰੀਖਿਆ ਵਿਚ ਪਾਸ ਹੋ ਜਾਣ ਦੀ ਔਖੀ ਕਸੌਟੀ ਹੈ।

'ਸਮਾਜ' ਵਿਚ ਸਾਰੰਗੀ, ਤਾਨਪੁਰਾ ਅਤੇ ਤਾਲ ਸਾਜ਼ਾਂ ਵਿਚ ਝਾਂਝ ਅਤੇ ਪਖਾਵਜ ਨਾਲ ਸੰਗਤ ਕੀਤੀ ਜਾਂਦੀ ਸੀ। ਪਖਾਵਜ ਦੇ ਠੇਕਿਆਂ ਦੇ ਨਾਲ ਨਾਲ ਉਨ੍ਹਾਂ ਦੇ ਪਰਨੇ ਅਤੇ ਵੱਖ-ਵੱਖ ਪ੍ਰਕਾਰ ਦੀਆਂ ਲੱਗੀਆਂ ਵੀ ਵਜਾਈਆਂ ਜਾਂਦੀਆਂ ਸਨ। ਇਨ੍ਹਾਂ ਪਰਨਾਂ ਅਤੇ ਲੱਗੀਆਂ ਨੂੰ ਪਦਗਾਨ ਦੇ ਨਾਲ ਕਿਸੇ ਨੀਯਤ ਸਮੇਂ 'ਤੇ ਹੀ ਲਗਾਉਣ ਦਾ ਵਿਧਾਨ ਸੀ। ਪਖਾਵਜੀ ਦੀ ਇਹੀ ਵਿਸ਼ੇਸ਼ਤਾ ਸੀ ਕਿ ਉਸ ਦੇ ਪਖਾਵਜ ਵਾਦਨ ਦੀ ਧੁਨੀ ਇੰਨੀ ਹੀ ਹੋਵੇ ਜਿਸ ਨਾਲ ਸਮਾਜਗਾਨ ਵਿਚ ਗਾਏ ਜਾਣ ਵਾਲੇ ਅੱਖਰ ਸਮਾਜੀਆਂ ਅਤੇ ਸ੍ਰੋਤਿਆਂ ਦੇ ਸੁਣਨ ਵਿਚ ਕੋਈ ਪ੍ਰੇਸ਼ਾਨੀ ਨਾ

ਹੋਵੇ। ਇਸ ਦੇ ਨਾਲ ਹੀ ਇਹ ਵੀ ਧਿਆਨ ਰੱਖਣਾ ਪੈਂਦਾ ਸੀ ਕਿ ਪਖਾਵਜ ਦੇ ਬੋਲ ਵਾਦਨ ਦੇ ਕਾਰਨ ਸਮਾਜੀਆਂ ਅਤੇ ਸ੍ਰੋਤਿਆਂ ਦਾ ਧਿਆਨ ਅੱਖਰਾਂ ਤੋਂ ਹੱਟ ਕੇ ਉਨ੍ਹਾਂ ਬੋਲਾਂ ਦੇ ਵੱਲ ਕੇਂਦਰਿਤ ਨਾ ਹੋਵੇ।

ਸੰਪ੍ਰਦਾਇ ਵਿਚ ਸਮਾਜਗਾਨ ਜ਼ਿਆਦਾਤਰ ਵਿਲੰਬਿਤ ਲੈਅ ਵਿਚ ਕੀਤਾ ਜਾਂਦਾ ਹੈ ਕਿਉਂਕਿ ਵਿਲੰਬਿਤ ਲੈਅ ਵਿਚ ਅੱਖਰ ਦਾ ਉਚਾਰਣ ਅਸਾਨੀ ਨਾਲ ਸਪੱਸ਼ਟ ਰੂਪ ਵਿਚ ਕੀਤਾ ਜਾ ਸਕਦਾ ਹੈ ਜਿਸਦੇ ਕਾਰਨ ਭਾਵਾਂ ਦਾ ਪ੍ਰਗਟਾਵਾ ਅਤੇ ਬੋਧ ਸਹਿਜ ਹੀ ਕੀਤਾ ਜਾ ਸਕਦਾ ਹੈ। ਪਦ ਦੀ ਅਖ਼ੀਰਲੀ ਤੁਕ ਨੂੰ ਦਰੁਤ ਲੈਅ ਵਿਚ ਗਾਉਣ ਦਾ ਵਿਧਾਨ ਸੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਸੰਪ੍ਰਦਾਇ ਵਿਚ ਅੱਖਰ ਪ੍ਰਧਾਨ ਸੰਗੀਤ ਹੋਣ ਨਾਲ ਵਿਲੰਬਿਤ ਲੈਅ ਦੀ ਪ੍ਰਧਾਨਤਾ ਸੀ। ਇਸ ਲਈ ਧਮਾਰ ਤਾਲ ਨੂੰ ਪਦ ਗਾਇਨ ਵਿਚ ਪਹਿਲ ਦਿੱਤੀ ਗਈ। ਇਸ ਤਾਲ ਦੀ ਗਤੀ ਗੰਭੀਰ ਹੋਣ ਦੇ ਕਾਰਨ ਇਹ ਵਿਲੰਬਿਤ ਲੈਅ ਦੇ ਅਨੁਕੂਲ ਹੈ। ਹੋਰੀ ਧਮਾਰਿ, ਝੂਲਨੋਤਸਵ, ਸ੍ਰੀ ਲਾਡਿਲੀਲਾਲ ਜੀ ਦੀਆਂ ਜਨਮ ਵਧਾਈਆਂ ਆਦਿ ਦੇ ਸਮਾਗਮਾਂ 'ਤੇ ਧਮਾਰ ਤਾਲ ਨਾਲ ਹੀ ਸਮਾਜ ਗਾਇਨ ਵਿਚ ਪਦਾਂ ਦੀ ਸੰਗਤ ਕੀਤੀ ਜਾਂਦੀ ਸੀ। ਉਸ ਤਰ੍ਹਾਂ ਮੱਧਕਾਲੀਨ ਆਚਾਰੀਆਂ ਨੇ ਪਦਾਂ ਦੀ ਸੰਗਤ ਵਾਸਤੇ ਝਪਤਾਲ, ਸੂਲਤਾਲ, ਰੂਪਕ, ਦੀਪਚੰਦੀ (ਚਾਂਚਰ), ਚਾਰਤਾਲ ਆਦਿ ਤਾਲਾਂ ਦਾ ਵੀ ਪ੍ਰਯੋਗ ਕੀਤਾ ਹੈ, ਪ੍ਰੰਤੂ ਸੰਪ੍ਰਦਾਇ ਵਿਚ ਪ੍ਰਧਾਨਤਾ ਧਮਾਰ ਤਾਲ ਨੂੰ ਹੀ ਦਿੱਤੀ ਗਈ ਹੈ ਅਤੇ ਇਹ ਤਾਂ ਸਰਬ-ਸਿੱਧ ਹੀ ਹੈ ਕਿ ਇਹ ਤਾਲ ਧਮਾਰ ਗਾਇਨ ਦੇ ਨਾਲ ਹੀ ਵਜਾਈ ਜਾਂਦੀ ਹੈ। ਪਦ-ਗਾਇਨ ਵਿਚ ਕਦੇ-ਕਦੇ ਜੇਕਰ ਛੰਦ ਵਿਚ ਤਬਦੀਲੀ ਆ ਜਾਂਦੀ ਹੈ ਤਾਂ ਧਮਾਰ ਤਾਲ ਦੀ ਥਾਂ 'ਤੇ ਉਸ ਦੇ ਅਨੁਕੂਲ ਕਿਸੇ ਦੂਜੀ ਤਾਲ ਨੂੰ ਵਜਾਉਣ ਦੀ ਪਰੰਪਰਾ ਰਹੀ ਹੈ।

ਮੱਧਕਾਲ ਤੋਂ ਅੱਜ ਤਕ ਇੰਨੇ ਲੰਮੇ ਸਮੇਂ ਵਿਚ ਭਾਵੇਂ ਸਮਾਜੀ ਘੱਟ ਹੁੰਦੇ ਜਾ ਰਹੇ ਹਨ ਪ੍ਰੰਤੂ ਇਸ ਸੰਪ੍ਰਦਾਇ ਦੇ ਕੁਝ ਵਿਸ਼ੇਸ਼ ਸਮਾਜੀਆਂ ਨੂੰ ਹੁਣ ਵੀ ਉਹ ਪਰੰਪਰਾਗਤ ਧੁਨਾਂ ਯਾਦ ਹਨ ਜਿਸ ਕਾਰਨ ਅੱਜ ਵੀ ਰਾਧਾ-ਵੱਲਭ ਸੰਪ੍ਰਦਾਇ ਦੇ ਮੰਦਰ ਵਿਚ ਸੰਗੀਤ ਦੀ ਪਰੰਪਰਾਗਤ ਪ੍ਰਣਾਲੀ ਸੁਣਨ ਨੂੰ ਮਿਲਦੀ ਹੈ।

ਹਰਿਦਾਸੀ ਸੰਪ੍ਰਦਾਇ ਵਿਚ ਵੀ ਸਮਾਜ-ਗਾਨ ਦੀ ਪ੍ਰਥਾ ਸੀ। ਇਸ ਸੰਪ੍ਰਦਾਇ ਦੇ ਸਮਾਜ ਗਾਇਕਾਂ ਨੂੰ ਸੁਵਿਧਾ ਹਿੱਤ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ। ਪਹਿਲੀ ਸ਼੍ਰੇਣੀ ਵਿਚ ਉਹ ਸਮਾਜ ਗਾਇਕ ਆਉਂਦੇ ਹਨ ਜੋ ਇਸ ਪ੍ਰਿਥਵੀ 'ਤੇ ਅਵਤਾਰ ਲੈਣ ਦੇ ਉਪਰੰਤ ਵੀ ਸ੍ਰੀ ਸ਼ਿਆਮਾ ਕੁੰਜ ਬਿਹਾਰੀ ਦੀਆਂ ਹੀ ਲੀਲ੍ਹਾਵਾਂ ਦਾ ਗਾਇਨ ਕਰਦੇ ਹਨ ਅਤੇ ਉਨ੍ਹਾਂ ਨਾਲ ਹੀ ਤਾਲਮੇਲ ਬਣਾਏ ਰੱਖਦੇ ਹਨ। ਦੂਜੀ ਸ਼੍ਰੇਣੀ ਵਿਚ ਉਹ ਸਮਾਜ ਗਾਇਕ ਆਉਂਦੇ ਹਨ ਜੋ ਪ੍ਰੇਮਿਕਾ-ਪ੍ਰੀਤਮ ਦੀਆਂ ਰਾਸ ਲੀਲ੍ਹਾਵਾਂ ਦਾ ਨਿਰੰਤਰ ਰਸ ਲੈਂਦੇ ਹੋਏ ਵੀ ਆਪਣੀ ਸ਼ਰਣ ਵਿਚ ਆਏ ਹੋਏ ਸਾਧਕਾਂ ਨੂੰ ਸਨਮਾਨ ਤੱਤ ਤਕ ਪਹੁੰਚਾਉਣ ਲਈ ਯਤਨਸ਼ੀਲ ਰਹਿੰਦੇ ਹਨ।

ਸਮਾਜ ਦਾ ਆਰੰਭ ਸਭ ਤੋਂ ਪਹਿਲਾਂ ਮੁਖੀਆ ਦਲ ਕਰਦਾ ਹੈ ਅਤੇ ਸਭ ਤੋਂ

ਪਹਿਲਾਂ ਬਿਹਾਰਨ ਦੇਵ ਜੀ ਦੀਆਂ ਦੋ ਸਖੀਆਂ ਆਰੰਭ ਦੀ ਉਸਤਤ ਦੇ ਰੂਪ ਵਿਚ ਗਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਸਮਾਜ ਵਿਚ ਸਮੂਹ ਸਾਧਕ ਇਕੱਠੇ ਮਿਲ ਕੇ ਗਾਉਂਦੇ ਹਨ। ਇਸ ਤੋਂ ਉਪਰੰਤ ਸ੍ਰੀ ਕ੍ਰਿਸ਼ਨਦਾਸ ਜੀ ਦੁਆਰਾ ਵਿਚਾਰਿਆ "ਬੜੇ ਗੁਰੂ ਮੰਗਲ" ਗਾਇਆ ਜਾਂਦਾ ਹੈ, ਜਿਸ ਵਿਚ ਛੇ-ਛੇ ਲਾਈਨਾਂ ਵਾਲੇ ਕੁਲ ਗਿਆਰਾਂ ਪਦ ਹੁੰਦੇ ਹਨ। ਉਪਰੰਤ "ਛੋਟੇ ਗੁਰੂ ਮੰਗਲ" ਗਾਇਆ ਜਾਂਦਾ ਹੈ। ਇਸ ਵਿਚ ਚਾਰ-ਚਾਰ ਲਾਈਨਾਂ ਵਾਲੇ ਕੁਝ ਤਿੰਨ ਪਦ ਹਨ।

ਇਸ ਸੰਪ੍ਰਦਾਇ ਦੀ ਸਮਾਜ ਗਾਇਨ ਪਰੰਪਰਾ ਇਸ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਹੈ ਕਿ ਇਹ ਸੁਆਮੀ ਜੀ ਦਾ ਹੀ ਸਮਾਜ-ਗਾਇਨ ਸੀ ਜਿਸ ਨੇ ਪੁਰਾਤਨ ਧਰੁਪਦ ਸ਼ੈਲੀ—ਜੋ ਉਸ ਸਮੇਂ ਕਿਸੇ ਕਾਰਨਾਂ ਤੋਂ ਲੁਪਤ ਹੋ ਚੁੱਕੀ ਸੀ—ਨੂੰ ਮੁੜ ਸਥਾਪਿਤ ਕੀਤਾ। ਧਰੁਪਦ ਭਾਰਤੀ ਸੰਗੀਤ ਦੀ ਪ੍ਰਾਚੀਨ ਪਰੰਪਰਾ ਅਤੇ ਸੰਸਕ੍ਰਿਤੀ ਦਾ ਦ੍ਰਿੜ੍ਹ ਥੰਮ੍ਹ ਹੈ। ਇਥੇ ਸਮਾਜ-ਗਾਇਨ ਵਿਚ ਧਰੁਪਦ-ਧਮਾਰ ਖ਼ਾਸ ਰੂਪ ਨਾਲ ਗਾਉਣ ਦੀ ਪਰੰਪਰਾ ਹੈ ਜੋ ਸ਼ਾਸਤਰ ਸੰਬੰਧੀ ਨਿਯਮਾਂ ਦੇ ਅਨੁਸਾਰ ਸੀਮਾ-ਬੱਧ ਹੈ।

ਸਿੱਟੇ ਵਜੋਂ ਅਜਿਹਾ ਜਾਪਦਾ ਹੈ ਕਿ ਸੰਪ੍ਰਦਾਇ ਵਿਚ ਸੰਗੀਤ ਦੀ ਪ੍ਰਧਾਨਤਾ ਸੀ। ਸੰਪ੍ਰਦਾਇਕ ਉਪਾਸਨਾ ਦਾ ਇਕ ਅੰਗ ਸੰਗੀਤ ਨੂੰ ਵੀ ਮੰਨਿਆ ਗਿਆ। ਸੁਆਮੀ ਨੂੰ ਰਾਧਾ ਜੀ ਦੀ ਸਹਚਰੀ (ਸੰਗੀਤਕਾਰ) ਲਲਿਤਾ ਜੀ ਦਾ ਅਵਤਾਰ ਮੰਨਿਆ ਗਿਆ ਹੈ। ਸਾਰੇ ਆਚਾਰੀਆਂ ਦੀ ਵਾਣੀ ਵਿਚ ਰਾਗ-ਰਾਗਨੀ, ਵਿਭਿੰਨ ਸਾਜ਼, ਨ੍ਰਿਤ ਦੇ ਪ੍ਰਕਾਰ (ਤਾਂਡਵ ਔਰ ਲਾਸਅ) ਅਤੇ ਗਾਨ ਦੇ ਪ੍ਰਕਾਰਾਂ ਦਾ ਭਰਪੂਰ ਵਰਨਣ ਮਿਲਦਾ ਹੈ। ਪਦਾਂ ਨੂੰ ਸ਼ਬਦਾਂ ਵਿਚ ਇੰਨੇ ਸੋਹਣੇ ਢੰਗ ਨਾਲ ਸਜਾਇਆ ਗਿਆ ਹੈ ਕਿ ਉਸ ਵਿੱਚੋਂ ਆਪੇ ਹੀ ਗਾਇਨ ਰੂਪ ਪ੍ਰਗਟ ਹੁੰਦਾ ਹੈ। ਸੰਗੀਤ ਦੇ ਅਨਿਵਾਰੀਯ ਤੱਤ ਭਾਵ, ਰਸ, ਲੈਅ, ਸਮੇਂ ਅਤੇ ਹਿਤੂ ਦੇ ਅਨੁਸਾਰ ਪਦਾਂ ਦਾ ਰਾਗਾਂ ਵਿਚ ਬੱਧ ਹੋਣਾ ਨ੍ਰਿਤ ਦੇ ਵਿਭਿੰਨ ਬੋਲਾਂ ਦਾ ਮਿਸ਼ਰਨ, ਆਚਾਰੀਆਂ ਦੀ ਵਾਣੀ ਵਿਚ ਮਿਲਦਾ ਹੈ। ਸੰਪ੍ਰਦਾਇ ਦੀ ਵਿਸ਼ੇਸ਼ਤਾ ਇਹੀ ਹੈ ਕਿ ਇਸ ਵਿਚ ਹੋਰ ਸੰਪ੍ਰਦਾਇ ਦੀ ਤਰ੍ਹਾਂ ਰੱਬ ਦੇ ਪ੍ਰਤੀ ਉਪਾਸਨਾ ਲਈ ਹਰੀਦਾਸ ਦੇ ਸ਼ਿਸ਼ਾਂ, ਪ੍ਰਸ਼ਿਸ਼ਾਂ ਵਿੱਚੋਂ ਸ੍ਰੀ ਲਲਿਤ ਕਿਸ਼ੋਰੀ ਦੇਵ ਜੀ ਨੇ ਇਕ ਸਪਤਾਹ ਦੀ ਸਮਾਜਗਾਨ ਪੱਧਤੀ ਚਲਾਈ। ਜਿਸ ਵਿਚ ਹੋਰ ਭਗਤ ਵੀ ਸਮਾਜ ਦਾ ਸ੍ਰਵਨ ਕਰ ਕੇ ਮਾਨਵ ਸੇਵਾ ਵਿਚ ਲੀਨ ਹੋ ਸਕੇ।

2. ਨਿੰਬਾਰਕ ਸੰਪ੍ਰਦਾਇ

ਸਖੀ ਸੰਪ੍ਰਦਾਇ ਅਤੇ ਰਾਧਾ ਵੱਲਭਰਾਇ ਦੀ ਤਰ੍ਹਾਂ ਇਸ ਸੰਪ੍ਰਦਾਇ ਵਿਚ ਵੀ ਸੰਗੀਤ ਸਮਾਜਗਾਨ ਰੂਪ ਵਿਚ ਪ੍ਰਚੱਲਤ ਸੀ। ਜਿਥੇ-ਜਿਥੇ ਵੀ ਸਮਾਜ ਸ਼ਬਦ ਦਾ ਪ੍ਰਯੋਗ ਹੋਇਆ ਹੈ, ਉਥੇ ਉਥੇ ਹੀ ਇਸ ਸ਼ਬਦ ਦਾ ਪ੍ਰਯੋਗ ਸੰਗੀਤਤਾਮਕ ਅਰਥ ਵਿਚ ਹੀ ਕੀਤਾ ਗਿਆ ਹੈ।[10]

ਸਮਾਜ ਸ਼ਬਦ ਦਾ ਅਰਥ ਸਭਾ, ਸਮੂਹ, ਦਲ, ਸਮੁਦਾਇ ਆਦਿ ਹੋਣ ਨਾਲ ਇੰਨਾ ਸਪੱਸ਼ਟ ਕਹਿ ਸਕਦੇ ਹਾਂ ਕਿ ਉਸ ਵੇਲੇ ਸ੍ਰੀ ਯੁਗਲ ਪ੍ਰਿਆ ਦੀਆਂ ਵਿਭਿੰਨ ਲੀਲ੍ਹਾਵਾਂ ਦਾ ਗਾਨ ਪੰਜ ਛੇ ਭਗਤ ਸੰਗੀਤਕਾਰ ਇਕੱਠੇ ਹੋ ਕੇ ਕਰਦੇ ਹੋਣਗੇ,

ਕਿਉਂਕਿ ਉਨ੍ਹਾਂ ਦੀ ਵਾਣੀ ਵਿਚ ਵੀ ਜਿਥੇ ਜਿਥੇ ਯੁਗਲ ਪ੍ਰਿਆ ਦਾ ਸਖੀਆਂ ਨਾਲ ਗਾਇਨ ਕੀਤਾ ਗਿਆ ਹੈ, ਉਥੇ ਸਖੀਆਂ ਦੇ ਅਨੇਕਾਂ ਸਮੂਹ ਵੀ ਲਾਡਲੀ ਲਾਲ ਦੀ ਪ੍ਰਸੰਸਾ ਵਿਚ ਗਾਉਂਦੇ ਹੋਏ ਦਿਖਾਏ ਗਏ ਹਨ।

ਨਿੰਬਾਰਕ ਸੰਪ੍ਰਦਾਇ ਵਿਚ ਸਮਾਜ਼ਗਾਨ ਦੀ ਪਰੰਪਰਾ ਬੜੀ ਪੁਰਾਤਨ ਹੈ। ਇਸ ਸੰਪ੍ਰਦਾਇ ਵਿਚ ਸ੍ਰੀ ਭੱਟਣਾਚਾਰੀਆ ਬ੍ਰਿਜ ਭਾਸ਼ਾ ਦੇ ਆਦਿ ਬਾਣੀਕਾਰ ਮੰਨੇ ਜਾਂਦੇ ਹਨ। ਨਿੰਬਾਰਕ ਸੰਪ੍ਰਦਾਇ ਦਾ ਸਮਾਜਗਾਨ ਧਰੁਪਦ ਦੀ ਪਰੰਪਰਾ ਤੋਂ ਚਲਿਆ ਆ ਰਿਹਾ ਹੈ। ਸਮਾਗਮ ਵਧਾਈਆਂ ਦੇ ਪਦ ਸੰਗ੍ਰਹਿ ਕਿਤੇ ਕਿਤੇ ਮਿਲਦੇ ਰਹੇ ਹਨ ਜੋ ਸਿਰਫ਼ ਬ੍ਰਿਜ ਭਾਸ਼ਾ ਵਿਚ ਹੀ ਨਹੀਂ ਸਗੋਂ ਭਾਰਤ ਦੇ ਹੋਰਨਾਂ ਪ੍ਰਾਂਤਾਂ ਦੇ ਖ਼ਾਸ ਮੱਠ-ਮੰਦਰਾਂ ਵਿਚ ਵੀ ਉਪਲੱਬਧ ਹਨ। ਇਸ ਸੰਪ੍ਰਦਾਇ ਦਾ ਆਚਾਰੀਆ-ਪੀਠ ਸ੍ਰੀ ਪੁਸ਼ਕਰ ਖੇਤਰ, ਨਿੰਬਾਰਕ ਤੀਰਥ, ਅਜਮੇਰ ਰਾਜਸਥਾਨ ਵਿਚ ਹੈ।[11]

ਆਲਾਪਚਾਰੀ ਵਿਚ ਅਤਿਅੰਤ ਸੂਖ਼ਮ ਮੀਡ ਦੇ ਇਲਾਵਾ ਸਮਾਜਗਾਨ ਵਿਚ ਤਾਨ ਦਾ ਪ੍ਰਯੋਗ ਮਨ੍ਹਾ ਹੈ। ਧਰੁਪਦ ਧਮਾਰ ਦੇ ਰੂਪ ਵਿਚ ਸਮਾਜਗਾਨ ਆਰੰਭ ਵਿਚ ਵਿਲੰਬਿਤ ਲੈਅ ਵਿਚ ਸ਼ੁਰੂ ਕਰਦੇ ਸਮਾਪਨ ਦਰੁਤ ਗਤੀ ਵਿਚ ਹੀ ਹੁੰਦਾ ਹੈ। ਸ਼ਿੰਗਾਰ ਅਤੇ ਵਾਤਸਲਿਆ ਦੀਆਂ ਅਲੌਕਿਕ ਭਾਵ-ਧਾਰਾਵਾਂ ਨਾਲ ਭਰਪੂਰ ਭਗਤੀ ਪੂਰਨ ਰਚਨਾਵਾਂ ਹੀ ਸਮਾਜਗਾਨ ਪ੍ਰਣਾਲੀ ਦਾ ਆਧਾਰ ਹਨ। ਇਹ ਸਮਾਜਗਾਨ ਇਸ਼ਟ ਦੀ ਉਪਾਸਨਾ ਅਤੇ ਸੰਪ੍ਰਦਾਇ ਨਾਲ ਸੰਬੰਧਿਤ ਆਚਾਰੀਆਂ ਦੀਆਂ ਆਗਮਨ ਮਿਤੀਆਂ ਵਿਚ ਅਤੇ ਹੋਲੀ, ਹਿੰਲੋਲਾ, ਬਸੰਤ, ਸਾਂਝੀ, ਦੀਪਾਵਲੀ ਅਤੇ ਸ਼ਰਦ ਆਦਿ ਸਾਲਾਨਾ ਸਮਾਗਮਾਂ 'ਤੇ ਵਧਾਈ ਪਦਾਂ ਅਤੇ ਸਮਾਗਮ ਸੰਬੰਧੀ ਪਦਾਂ ਦੁਆਰਾ ਹੁੰਦਾ ਹੈ। ਸਾਢੇ ਤਿੰਨ ਸੌ ਸਾਲ ਪੁਰਾਣੇ ਪਦ ਸੰਗ੍ਰਹਿ ਅੱਜ ਵੀ ਬ੍ਰਿੰਦਾਵਨ ਵਿਚ ਉਪਲੱਬਧ ਹਨ ਜਿਸ ਤੋਂ ਉਸ ਸਮੇਂ ਦੇ ਸਮਾਜਗਾਨ ਦੀ ਸਥਿਤੀ ਦਾ ਪਤਾ ਲੱਗਦਾ ਹੈ। ਬ੍ਰਿੰਦਾਵਨ ਵਿਚ ਨਿੰਬਾਰਕ ਸੰਪ੍ਰਦਾਇ ਦੇ ਸਮਾਜੀਆਂ ਵਿਚ ਅੱਜ ਸ੍ਰੀ ਰੂਪ ਕਿਸ਼ੋਰ ਦਾਸ ਜੀ ਅਤੇ ਨਵਲ ਕਿਸ਼ੋਰ ਦਾਸ ਜੀ, ਸ੍ਰੀ ਵੇਦਰਾਮ ਜੀ ਆਦਿ ਮੁਖੀਆ ਮੌਜੂਦ ਹਨ। ਇਸ ਤੋਂ ਪਹਿਲਾਂ ਦੇ ਮੁਖੀਆਂ ਵਿਚ ਗੋਪਾਲ ਦਾਸ ਜੀ, ਕੁੰਜ ਬਿਹਾਰੀ ਦਾਸ ਜੀ, ਰਮਣਦਾਸ ਜੀ ਅਤੇ ਗੋਕੁਲ ਦਾਸ ਜੀ ਆਦਿ ਦੇ ਨਾਂ ਵਰਣਨਯੋਗ ਹਨ।[12]

ਗੌੜੀਆ ਸੰਪ੍ਰਦਾਇ

ਗੌੜੀਅ ਸੰਪ੍ਰਦਾਇ ਦੇ ਪ੍ਰਚਾਰਕ ਮਹਾਂਪ੍ਰਭੂ ਚੈਤੰਨਯ ਦਾ ਨਾਂ ਸੰਕੀਰਤਨ ਸੰਗੀਤ ਦੀ ਦ੍ਰਿਸ਼ਟੀ ਤੋਂ ਅਤਿਅੰਤ ਮਹੱਤਵਪੂਰਨ ਹੈ। ਉਨ੍ਹਾਂ ਨੇ ਸੰਪੂਰਨ ਬੰਗਾਲ ਵਿਚ ਅਤੇ ਉਸ ਤੋਂ ਉਪਰੰਤ ਬ੍ਰਿੰਦਾਵਨ ਵਿਚ ਆ ਕੇ ਹਰਿ ਨਾਮ ਸੰਕੀਰਤਨ ਦਾ ਪ੍ਰਚਾਰ ਕੀਤਾ। ਭਗਵਦ ਭਜਨ ਦੇ ਰੂਪ ਵਿਚ ਇਸ਼ਟ ਦੀ ਪ੍ਰਾਪਤੀ ਹਿੱਤ ਭਗਵਦ ਸੰਬੰਧੀ ਮਹਾਂਮੰਤਰ "ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ" ਇਨ੍ਹਾਂ ਸ਼ਬਦਾਂ ਨੂੰ ਇਕ ਧੁਨ ਵਿਚ ਬੰਨ੍ਹ ਕੇ ਉਸ ਦਾ ਲੋਕ ਸਮਾਜ ਵਿਚ ਪ੍ਰਚਾਰ ਕੀਤਾ ਜਿਸ ਨੂੰ ਉਨ੍ਹਾਂ ਦੇ ਨਾਮ ਸੰਕੀਰਤਨ ਦੀ ਸੰਗਿਆ ਦਿੱਤੀ।

ਭਾਵੇਂ ਉਹ ਸਵਰ, ਨਾਦ ਅਤੇ ਰਾਗ ਬਿਰਤੀ ਨਾਲ ਪ੍ਰਭਾਵਿਤ ਸੀ ਪ੍ਰੰਤੂ ਫੇਰ ਵੀ ਉਹ ਸੰਗੀਤ ਦੀ ਸ਼ਾਸਤਰੀ ਪਰਿਭਾਸ਼ਾ ਦੀ ਸੀਮਾ ਵਿਚ ਬੱਧ ਨਹੀਂ ਸੀ। ਹਾਂ, ਸਮੇਂ ਉਪਰੰਤ ਉਨ੍ਹਾਂ ਦੇ ਕੁਝ ਚੇਲਿਆਂ ਨੇ ਅਵੱਸ਼ ਸ਼ਾਸਤਰੀ ਤੌਰ ਤੋਂ ਰਾਗਬੱਧ ਗੇਯ ਪਦਾਂ ਵਿਚ ਉਨ੍ਹਾਂ ਦੇ ਆਦਰਸ਼ਾਂ ਦਾ ਪ੍ਰਚਾਰ ਕਰ ਕੇ ਕੀਰਤਨ ਨੂੰ ਵਿਵਸਥਿਤ ਰੂਪ ਦਿੱਤਾ ਜੋ 'ਪਦਾਵਲੀ ਕੀਰਤਨ' ਦੇ ਨਾਮ ਤੋਂ ਜਾਣਿਆ ਜਾਂਦਾ ਹੈ।

ਚੈਤੰਨਯ ਮਹਾਂਪ੍ਰਭੂ ਨੇ ਸੰਕੀਰਤਨ ਵਿਚ ਜਾਤ-ਪਾਤ ਜਾਂ ਊਚ-ਨੀਚ ਦਾ ਕੋਈ ਵਖਰੇਵਾਂ ਨਹੀਂ ਰੱਖਿਆ। 'ਸੰਕੀਰਤਨ' ਦਾ ਇਕ ਪ੍ਰਮੁੱਖ ਅੰਗ ਭਗਤੀਪੂਰਨ ਨ੍ਰਿਤ ਸੀ। ਖ਼ੁਦ ਸ੍ਰੀ ਚੈਤੰਨਯ ਅਤੇ ਉਨ੍ਹਾਂ ਦੇ ਪ੍ਰਧਾਨ ਸਾਥੀ ਸੰਕੀਰਤਨ ਕਰਦੇ ਹੋਏ ਨ੍ਰਿਤ ਕਰਦੇ ਸਨ। ਇਹ ਆਮ ਤੌਰ 'ਤੇ ਖਲੋ ਕੇ ਪਦ ਗਾਉਂਦੇ ਸਨ।

ਬੇਸ਼ੱਕ ਇਸ ਸੰਪ੍ਰਦਾਇ ਵਿਚ ਵੀ ਹੋਰਨਾਂ ਸੰਪ੍ਰਦਾਵਾਂ ਵਿਚ ਪ੍ਰਚਲਿਤ ਵੱਖ-ਵੱਖ ਸੰਗੀਤ ਪ੍ਰਣਾਲੀਆਂ ਦੀ ਤਰ੍ਹਾਂ ਕੀਰਤਨ ਅਤੇ ਮੁਖ ਤੌਰ 'ਤੇ ਪਦਾਵਲੀ ਕੀਰਤਨ ਦਾ ਵਿਸ਼ੇਸ਼ ਸਥਾਨ ਰਿਹਾ ਜੋ ਪੂਰਵ ਮੱਧਕਾਲ ਵਿਚ ਜੈਦੇਵ ਦੁਆਰਾ ਰਚਿਤ 'ਗੀਤ ਗੋਵਿੰਦ' ਦੀਆਂ ਰਾਗ ਅਤੇ ਤਾਲਬੱਧ ਅਸ਼ਟਪਦੀਆਂ ਦੇ ਗਾਇਨ ਦਾ ਪ੍ਰਚਲਨ ਹੋਣ ਦੇ ਕਾਰਨ ਪ੍ਰਬੰਧ-ਗਾਨ ਨਾਲ ਪ੍ਰਭਾਵਿਤ ਸੀ ਪ੍ਰੰਤੂ ਨਾਲੋ-ਨਾਲ 16ਵੀਂ ਸਦੀ ਦੇ ਚੈਤੰਨਯ ਮੱਤ ਦੇ ਕੁਝ ਚੇਲਿਆਂ ਦੇ ਬ੍ਰਿੰਦਾਵਨ ਆ ਕੇ ਨਿਕਾਸ ਕਰਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਪਦਾਵਲੀ ਕੀਰਤਨ ਧਰੁਪਦ ਅੰਗ ਤੋਂ ਵੀ ਸਹਿਜ ਰੂਪ ਵਿਚ ਪ੍ਰਭਾਵਿਤ ਸੀ ਕਿਉਂਕਿ ਇਹ ਕਾਲ ਧਰੁਪਦ ਗਾਇਨ ਦਾ ਸਿਖਰ ਕਾਲ ਸੀ। ਕੀਰਤਨ ਵਿਚ ਖੋਲ ਅਤੇ ਖੜਤਾਲ ਸਾਜ਼ ਦਾ ਮੁੱਖ ਸਥਾਨ ਸੀ। ਪਦਾਵਲੀ ਕੀਰਤਨ ਵਿਚ ਪ੍ਰਯੋਗ ਕੀਤੀਆਂ ਅਣਗਿਣਤ ਤਾਲਾਂ ਦਾ ਅਧਿਐਨ ਕਰਨ ਤੋਂ ਅਜਿਹਾ ਜਾਪਦਾ ਹੈ ਕਿ ਮੱਧਕਾਲ ਵਿਚ ਪਦਾਵਲੀ ਕੀਰਤਨ ਨੇ ਅਤਿਅੰਤ ਨਿਯੋਜਿਤ ਅਤੇ ਵਿਵਸਥਿਤ ਰੂਪ ਵਿਚ ਆਪਣੀ ਹੋਂਦ ਬਣਾਈ ਹੋਈ ਸੀ। ਸ੍ਰੀ ਚੈਤੰਨਯ, ਸ਼ਡਗੋਸਵਾਮੀ ਅਤੇ ਸੰਪ੍ਰਦਾਇ ਨਾਲ ਸੰਬੰਧਿਤ ਹੋਰਨਾਂ ਸੰਗੀਤਕਾਰਾਂ ਦੀਆਂ ਅਣਗਿਣਤ ਬਾਣੀਆਂ ਦਾ ਅਧਿਐਨ ਕਰਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਕੀਰਤਨ ਵਿਚ ਸੰਗੀਤ, ਸਾਹਿਤ ਅਤੇ ਭਗਤੀ ਦਾ ਸੁਮੇਲ ਪੂਰਨ ਤੌਰ 'ਤੇ ਸੀ ਜੋ ਗੌੜੀਆ ਸੰਪ੍ਰਦਾਇ ਦੇ ਭਗਤੀ ਸੰਗੀਤ ਦੇ ਅਧਿਆਤਮਕ ਪੱਖ, ਸ਼ਾਸਤਰ ਪੱਖ ਅਤੇ ਕਲਾ ਪੱਖ ਦੀ ਪੂਰਨ ਵਿਕਸਿਤ ਅਵਸਥਾ ਨੂੰ ਦਰਸਾਉਂਦਾ ਹੈ।

ਇਸ ਤੋਂ ਇਲਾਵਾ ਬੰਗਾਲ ਵਿਚ ਇਕ ਹੋਰ ਸੰਪ੍ਰਦਾਇ ਦਾ ਜਨਮ ਹੋਇਆ ਜੋ 'ਰਾਮ ਕ੍ਰਿਸ਼ਨ ਮਿਸ਼ਨ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਮਿਸ਼ਨ ਦੇ ਲੋਕ ਕਾਲੀ ਦੇ ਉਪਾਸ਼ਕ ਹੁੰਦੇ ਸਨ। ਭਾਰਤ ਵਿਚ ਥਾਂ-ਥਾਂ 'ਤੇ ਰਾਮ ਕ੍ਰਿਸ਼ਨ ਮਿਸ਼ਨ ਦੇ ਨਾਮ ਤੋਂ ਕੇਂਦਰ ਖੁੱਲ੍ਹੇ ਹੋਏ ਹਨ ਜਿਥੇ ਕੀਰਤਨ ਗਾਇਨ ਦੀ ਪਰੰਪਰਾ ਅੱਜ ਵੀ ਪ੍ਰਚਲਿਤ ਹੈ।

ਇਸੇ ਪਰੰਪਰਾ ਦੇ ਪ੍ਰਸਿੱਧ ਸੰਤ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਹੋਏ ਅਤੇ ਸ੍ਰੀ ਵਿਵੇਕਾਨੰਦ ਉਨ੍ਹਾਂ ਦੇ ਮੁੱਖ ਚੇਲਿਆਂ ਵਿੱਚੋਂ ਸਨ, ਜਿਨ੍ਹਾਂ ਨੇ ਵਿਸ਼ਵ ਧਰਮ ਸਮਾਗਮ ਵਿਚ ਆਪਣੇ ਭਾਸ਼ਣ ਦੁਆਰਾ ਸਮੂਹ ਵਿਦਵਾਨਾਂ ਨੂੰ ਹੈਰਾਨ ਕਰ ਦਿੱਤਾ ਸੀ। ਉਨ੍ਹਾਂ

ਨੇ ਭਾਰਤੀ ਧਰਮ ਅਤੇ ਸੰਸਕ੍ਰਿਤੀ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਸੀ।

ਮਹਾਂਰਾਸ਼ਟਰ

ਮੱਧਕਾਲ ਵਿਚ ਮਹਾਂਰਾਸ਼ਟਰ ਪ੍ਰਾਂਤ ਵਿਚ ਰਾਮਦਾਸ, ਤੁਕਾਰਾਮ ਅਤੇ ਸੁਖਬਾਈ ਨੇ ਧਾਰਮਿਕ ਉਪਦੇਸ਼ਾਂ ਨੂੰ ਗਾਇਨ ਦੇ ਦੁਆਰਾ ਆਮ ਜਨਤਾ ਤਕ ਪਹੁੰਚਾਇਆ। ਮੱਧਕਾਲ ਵਿਚ ਇਸ ਪ੍ਰਾਂਤ ਦੇ ਸੰਗੀਤ ਵਿਚ ਖਿਆਲ, ਕੱਵਾਲੀ, ਸਿਤਾਰ ਅਤੇ ਤਬਲੇ ਦਾ ਪ੍ਰਚਾਰ ਘੱਟ ਸੀ। ਪ੍ਰੰਤੂ ਧਰੁਪਦ ਅਤੇ ਭਜਨ ਗਾਇਨ ਵਿਚ ਦੁੰਦੁਭੀ, ਮ੍ਰਿਦੰਗ ਅਤੇ ਵੀਣਾ ਦਾ ਪ੍ਰਯੋਗ ਜ਼ਿਆਦਾ ਕੀਤਾ ਜਾਂਦਾ ਸੀ। ਮਹਾਂਰਾਸ਼ਟਰੀ ਸੰਗੀਤ ਦਾ ਨੈਤਿਕ ਪੱਧਰ ਉੱਤਰ ਭਾਰਤ ਦੇ ਸੰਗੀਤ ਤੋਂ ਉੱਚਾ ਸੀ। ਸੰਗੀਤਕਾਰਾਂ ਦਾ ਸਮਾਜ ਵਿਚ ਉਚ ਸਥਾਨ ਸੀ। ਮਹਾਂਰਾਸ਼ਟਰ ਦੇ ਸੰਗੀਤਕਾਰਾਂ ਨੇ ਸੰਗੀਤ ਨੂੰ ਰੁਜ਼ਗਾਰ ਦੇ ਰੂਪ ਵਿਚ ਨਾ ਅਪਣਾ ਕੇ ਕਲਾ ਦੇ ਰੂਪ ਵਿਚ ਅਪਨਾਇਆ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕਲਾ ਰਾਸ਼ਟਰ ਦੇ ਲਈ ਉਦੋਂ ਹੀ ਸਾਰਥਕ ਬਣ ਸਕਦੀ ਹੈ ਜਦੋਂ ਕਿ ਉਹ ਮਨੁੱਖੀ ਪ੍ਰੇਮ ਦਾ ਪ੍ਰਗਟਾਵਾ ਕਰੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜੋ ਸੰਗੀਤ ਮਨੁੱਖੀ ਦਿਲਾਂ ਵਿਚ ਉੱਚ ਭਾਵਨਾਵਾਂ ਦੀ ਉਤਪਤੀ ਨਹੀਂ ਕਰ ਸਕਦਾ, ਉਹ ਸ੍ਰੇਸ਼ਠ ਸੰਗੀਤ ਕਦੇ ਵੀ ਨਹੀਂ ਹੋ ਸਕਦਾ। ਇਹ ਪਵਿੱਤਰ ਭਾਵਨਾ ਮਹਾਂਰਾਸ਼ਟਰੀ ਸੰਗੀਤ ਦੀ ਪਿੱਠ-ਭੂਮੀ ਸੀ। ਰਾਗ-ਰਾਗਨੀਆਂ ਦੇ ਸ਼ੁਧ ਰੂਪ ਹੀ ਆਮ ਜਨਤਾ ਵਿਚ ਪ੍ਰਚਲਿਤ ਸਨ।

ਅਸਲ ਵਿਚ ਮਹਾਂਰਾਸ਼ਟਰੀ ਸੰਗੀਤ ਨੇ ਭਾਰਤੀ ਸੰਗੀਤ ਪਰੰਪਰਾ ਦੇ ਪਵਿੱਤਰ ਵੱਕਾਰ ਨੂੰ ਸ਼ਾਨਦਾਰ ਢੰਗ ਨਾਲ ਸੁਰੱਖਿਅਤ ਰੱਖਿਆ। ਉਨ੍ਹਾਂ ਨੇ ਅੰਤਮ ਸਮੇਂ ਤਕ ਕਾਲ ਦੀ ਇਕਸੁਰਤਾ, ਇਕਰੂਪਤਾ, ਇਕ ਰੌਸ਼ਨੀ ਨੂੰ ਸਾਂਭ ਕੇ ਰੱਖਿਆ। ਇਸ ਤਰ੍ਹਾਂ ਮਰਾਠਾ ਕਾਲ ਦਾ ਸੰਗੀਤ ਹੀ ਭਾਰਤੀ ਸੰਗੀਤ ਦੀ ਸ਼ੁੱਧਤਾ, ਦੈਵੀ ਸੁੰਦਰਤਾ ਨੂੰ ਸਥਿਰ ਰੱਖ ਸਕਿਆ ਅਤੇ ਉਸ ਦੀ ਸ਼ਿਲਪਤਾ ਦੀ ਉੱਚਤਾ ਦੀ ਸਮਾਨਤਾ ਉਸ ਕਾਲ ਦਾ ਯੂਰੈਂਪੀ ਸੰਗੀਤ ਵੀ ਨਹੀਂ ਕਰ ਸਕਦਾ।[13]

ਇਸ ਕਾਲ ਵਿਚ ਭਗਤ ਸੰਗੀਤਕਾਰਾਂ ਵਿਚ ਨਾਮਦੇਵ ਜੀ ਦਾ ਨਾਂ ਖਾਸ ਤੌਰ 'ਤੇ ਵਰਣਨਯੋਗ ਹੈ।

ਨਾਮਦੇਵ

ਨਾਮਦੇਵ ਮਹਾਂਰਾਸ਼ਟਰ ਦੇ ਸੰਤ ਕਵੀ ਸਨ। ਇਹ ਜਾਤ ਦੇ ਛੀਂਬੇ ਸਨ ਅਤੇ ਸੰਤ ਗਿਆਨੇਸ਼ਵਰ ਦੇ ਸਮਕਾਲੀਨ ਸਨ। ਨਾਮਦੇਵ ਆਪਣੇ ਸਮੇਂ ਵਿਚ ਮਹਾਂਰਾਸ਼ਟਰ ਅਤੇ ਉੱਤਰੀ ਭਾਰਤ ਵਿਚ ਇੰਨੇ ਪ੍ਰਸਿੱਧ ਹੋ ਚੁੱਕੇ ਸਨ ਕਿ ਕਬੀਰ, ਰਵਿਦਾਸ, ਕਮਾਲ ਅਤੇ ਮੀਰਾ ਆਦਿ ਨੇ ਉਨ੍ਹਾਂ ਦਾ ਸਿਮਰਨ ਬਹੁਤ ਸਨਮਾਨ ਨਾਲ ਕੀਤਾ ਹੈ। ਇਥੋਂ ਤਕ ਕਿ ਸਿੱਖਾਂ ਦੇ "ਗੁਰੂ ਗ੍ਰੰਥ ਸਾਹਿਬ" ਵਿਚ ਇਨ੍ਹਾਂ ਦੀਆਂ ਰਚਨਾਵਾਂ ਸ਼ਾਮਲ ਹਨ ਜਿਨ੍ਹਾਂ ਨੂੰ ਰਾਗ ਤਾਲ ਵਿਚ ਬੱਧ ਕਰ ਕੇ ਗਾਇਆ ਜਾਂਦਾ ਹੈ।

ਇਨ੍ਹਾਂ ਦੇ ਪਿਤਾ ਅਤੇ ਪੂਰਵਜ ਭਗਵਾਨ ਦੇ ਭਗਤ ਸਨ। ਭਗਤੀ ਦੀ ਪ੍ਰੇਰਨਾ ਇਨ੍ਹਾਂ ਨੂੰ ਉਨ੍ਹਾਂ ਤੋਂ ਮਿਲੀ ਅਤੇ ਅਖ਼ੀਰ ਵਿਚ ਬੇਮੁਖ ਹੋ ਗਏ ਅਤੇ ਵਿੱਠਲ ਸੰਪ੍ਰਦਾਇ ਵਿਚ ਪ੍ਰਵੇਸ਼ ਕੀਤਾ। ਨਾਮਦੇਵ ਪਹਿਲਾਂ ਸਰਗੁਣ ਉਪਾਸਨਾ ਅਤੇ ਕੀਰਤਨ ਕਰਦੇ ਸਨ। ਇਕ ਤਾਂ ਉਹ ਅਲਾਉਦੀਨ ਦੁਆਰਾ ਮੂਰਤੀਆਂ ਨੂੰ ਤੋੜਦੇ ਹੋਏ ਵੇਖ ਚੁੱਕੇ ਸਨ, ਦੂਜੇ ਗਿਆਨਦੇਵ ਅਨੇਕਾਂ ਯਤਨਾਂ ਦੁਆਰਾ ਉਨ੍ਹਾਂ ਨੂੰ ਨਾਥ ਪੰਥ ਵਿਚ ਲੈ ਆਏ। ਨਾਮਦੇਵ ਨੇ ਵਿਸੋਵਾ ਸੇਚਰ ਨਾਮ ਦੇ ਨਾਥ ਪੰਥੀ ਸੰਤ ਨੂੰ ਆਪਣਾ ਗੁਰੂ ਬਣਾਇਆ। ਇਸ ਤਰ੍ਹਾਂ ਸਰਗੁਣ ਉਪਾਸਨਾ ਤੋਂ ਹੱਟ ਕੇ ਨਾਮਦੇਵ ਨਾਥ ਪੰਥੀ ਨਿਰੰਜਨ ਦੀ ਸਾਧਨਾ ਵੱਲ ਪ੍ਰੇਰਿਤ ਹੋਏ। ਗਿਆਨ ਦੇਵ ਦੀ ਮ੍ਰਿਤੂ 'ਤੇ ਨਾਮਦੇਵ ਮਹਾਂਰਾਸ਼ਟਰ ਛੱਡ ਕੇ ਹਰਿਦੁਆਰ ਹੁੰਦੇ ਹੋਏ ਗੁਰਦਾਸਪੁਰ ਜ਼ਿਲ੍ਹੇ (ਪੰਜਾਬ) ਦੇ ਘੁਮਾਣ ਜਾਂ ਘੋਮਨ ਪਿੰਡ ਵਿਚ ਜਾ ਵੱਸੇ। ਉਥੇ ਰਚੇ ਗਏ ਪਦਾਂ ਦਾ ਸੰਕਲਨ ਆਦਿ ਗ੍ਰੰਥ ਵਿਚ ਹੈ। ਉਥੇ ਇਨ੍ਹਾਂ ਦੇ ਹਿੰਦੂ ਅਤੇ ਸਿੱਖ ਦੋਵੇਂ ਹੀ ਚੇਲੇ ਸਨ। ਉਹ ਅੱਜ ਵੀ ਨਾਮਦੇਵ ਪੰਥੀ ਜਾਂ ਨਾਮਦੇਵ ਵੰਸ਼ੀ ਅਖਵਾਉਂਦੇ ਹਨ।[14]

ਰਾਜਸਥਾਨ ਦੀ ਮੀਰਾ ਬਾਈ

ਇਸ ਦਿਸ਼ਾ ਵੱਲ ਰਾਜਸਥਾਨ ਦੀ ਪ੍ਰਸਿੱਧ ਕਵਿੱਤਰੀ ਮੀਰਾ ਬਾਈ ਵੀ ਖ਼ਾਸ ਤੌਰ 'ਤੇ ਵਰਣਨਯੋਗ ਹੈ। ਇਨ੍ਹਾਂ ਦੀ ਭਗਤੀ ਪਤੀ-ਪਤਨੀ ਭਾਵਨਾ ਦੀ ਸੀ ਅਤੇ ਇਨ੍ਹਾਂ ਨੇ ਰਾਧਾ ਦੀ ਜਗ੍ਹਾ ਆਪ ਹੀ ਲੈ ਲਈ ਸੀ।

ਮੀਰਾ ਦਾ ਜਨਮ ਰਾਠੌਰਾਂ ਦੀ ਮੇਡਤੀਆ ਸ਼ਾਖਾ ਦੇ ਅਧੀਨ ਰਾਵ ਦੂਦਾ ਜੀ ਦੇ ਚੌਥੇ ਪੁੱਤਰ ਰਤਨ ਸਿੰਘ ਦੇ ਘਰ ਵਿਚ ਕੁਡਕੀ ਪਿੰਡ ਵਿਚ ਸੰਮਤ 1555 ਦੇ ਲਗਪਗ ਹੋਇਆ ਸੀ। ਛੋਟੀ ਅਵਸਥਾ ਵਿਚ ਮਾਤਾ ਦੀ ਮ੍ਰਿਤੂ ਹੋ ਜਾਣ ਦੇ ਕਾਰਨ ਇਨ੍ਹਾਂ ਦਾ ਪਾਲਣ-ਪੋਸ਼ਣ ਪਿਤਾਮਾ ਦਾਦੂ ਦੇ ਦੁਆਰਾ ਹੋਇਆ ਜੋ ਕਿ ਪਰਮ ਵੈਸ਼ਨੋ ਭਗਤ ਸੀ। ਇਨ੍ਹਾਂ ਦੇ ਸੰਪਰਕ ਤੋਂ ਮੀਰਾ ਦੇ ਦਿਲ ਵਿਚ ਕ੍ਰਿਸ਼ਨ ਭਗਤੀ ਦੇ ਸੰਸਕਾਰ ਪੈਦਾ ਹੋਏ ਜੋ ਕਿ ਬਾਅਦ ਵਿਚ ਮਿੱਠੇ ਭਾਵ ਦੀ ਭਗਤੀ ਵਿਚ ਵਿਕਸਿਤ ਹੋਏ।[15]

ਇਹ ਬਾਲ ਅਵਸਥਾ ਤੋਂ ਹੀ ਗਿਰਧਰ ਨੂੰ ਆਪਣਾ ਪਤੀ ਮੰਨਦੀ ਸੀ। ਉਹ ਸਾਧੂ ਸੰਗਤ, ਭਜਨ ਅਤੇ ਕੀਰਤਨ ਵਿਚ ਲੀਨ ਰਹਿਣ ਲੱਗੀ। ਇਨ੍ਹਾਂ ਲਈ ਉਸ ਨੇ ਰਾਜ ਮਰਿਆਦਾ, ਲੋਕ ਲਾਜ ਨੂੰ ਛੱਡਿਆ ਅਤੇ ਰਾਜ-ਕੁਲ ਦਾ ਅਤਿਅੰਤ ਕਰੜਾ ਵਿਰੋਧ ਵੀ ਸਹਿਣ ਕੀਤਾ। ਇਨ੍ਹਾਂ ਦੇ ਕੀਰਤਨ ਕਰਨ ਦੇ ਢੰਗ ਨੇ ਲੋਕ-ਸਮੂਹ ਨੂੰ ਬਹੁਤ ਜ਼ਿਆਦਾ ਪ੍ਰਭਾਵਤ ਕੀਤਾ।

ਮੀਰਾ ਭਾਰਤ ਦੇ ਮੁਖ ਭਗਤਾਂ ਵਿੱਚੋਂ ਤਾਂ ਹੈ ਹੀ, ਨਾਲੋ-ਨਾਲ ਕੀਰਤਨ ਦੇ ਖੇਤਰ ਵਿਚ ਇਕ ਉੱਚ ਸਥਾਨ ਦੀ ਅਧਿਕਾਰੀ ਵੀ ਹੈ। ਉਨ੍ਹਾਂ ਦਾ ਕਾਵਿ ਜਿਸ ਨੂੰ ਉਹ ਕੀਰਤਨ ਕਰਦੇ ਹੋਏ ਗਾਉਂਦੀ ਸੀ, ਉਹ ਅੱਥਰੂਆਂ ਨਾਲ ਸਿੰਜੀ, ਫਲੀ ਫੁੱਲੀ ਪ੍ਰੇਮ ਵੇਲ ਦੀ ਮਨਮੋਹਕ ਸੁਗੰਧ ਨਾਲ ਸੁਗੰਧਿਤ ਹੈ। ਮੀਰਾ ਨੇ ਪ੍ਰੇਮ ਦੇ ਅਤਿਅੰਤ ਸਜੀਵ ਅਤੇ ਉਜਾਗਰ ਚਿੱਤਰ ਖਿੱਚੇ ਹਨ। ਉਨ੍ਹਾਂ ਦੇ ਪਦਾਂ ਵਿਚ ਵਿਛੋੜੇ-ਸੰਬੰਧੀ

ਦੁਖ ਦਾ ਮਾਪਣਾ ਕੋਈ ਆਸਾਨ ਕਾਰਜ ਨਹੀਂ ਹੈ। ਉਨ੍ਹਾਂ ਵਿਚ ਮਿਲਣ ਦੀ ਉਤਸੁਕਤਾ, ਆਸ਼ਾ ਅਤੇ ਇੰਤਜ਼ਾਰ ਨਾਲ ਸੰਬੰਧਤ ਸਮੂਹ ਪਦ ਅਨੂਠੇ ਹਨ। ਮੀਰਾ ਦੇ ਪਦਾਂ ਵਿਚ ਰਹੱਸਵਾਦ ਹੈ। ਮੀਰਾ ਦੇ ਕਾਵਿ ਵਿਚ ਸੂਰਦਾਸ ਦੀ ਕ੍ਰੀੜਾ, ਤੁਲਸੀ ਦੀ ਦ੍ਰਿੜ੍ਹਤਾ ਅਤੇ ਕਬੀਰ ਦੇ ਰਹੱਸਵਾਦ ਦੇ ਨਾਲ ਨਾਲ ਪ੍ਰੇਮ ਦਾ ਅਜਿਹਾ ਪਵਿੱਤਰ ਜਨੂੰਨ ਸੀ ਜੋ ਅੱਜ ਵੀ ਪਾਠਕਾਂ ਦੇ ਦਿਲਾਂ ਨੂੰ ਪਿਘਲਾ ਕੇ ਨੇਤਰਾਂ ਦੁਆਰਾ ਆਪਣੇ ਮਹਾਨ ਪ੍ਰਭਾਵ ਨੂੰ ਪ੍ਰਤੱਖ ਕਰਾਉਂਦਾ ਹੈ।

ਮੀਰਾ ਦੇ ਕੀਰਤਨ ਵਿਚ ਨ੍ਰਿਤ ਦਾ ਵੀ ਉਨਾ ਹੀ ਮਹੱਤਵ ਸੀ ਜਿੰਨਾ ਗਾਇਨ ਦਾ। ਉਹ ਨ੍ਰਿਤ ਕਰਦੀ ਹੋਈ ਗਾਉਂਦੀ ਸੀ। ਉਨ੍ਹਾਂ ਦੇ ਪਦ ਆਮ ਤੌਰ 'ਤੇ ਰਾਗਾਂ ਵਿਚ ਬੱਧ ਹੁੰਦੇ ਸਨ।

ਸ੍ਰੀ ਕ੍ਰਿਸ਼ਨ ਦੀ ਭਗਤ ਹੋਣ ਦੇ ਕਾਰਨ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਨੂੰ ਅਨੇਕਾਂ ਰੂਪਾਂ ਵਿਚ ਵੇਖਿਆ ਹੈ। ਉਨ੍ਹਾਂ ਨੇ ਆਪਣੀ ਕਲਪਨਾ ਅਤੇ ਦੈਵੀ-ਸ਼ਕਤੀ ਨਾਲ ਸ੍ਰੀ ਕ੍ਰਿਸ਼ਨ ਨੂੰ ਬਾਲ-ਰੂਪ ਤੋਂ ਲੈ ਕੇ, ਵੱਖ-ਵੱਖ ਰੂਪਾਂ ਵਿਚ ਵੇਖਿਆ ਹੈ ਅਤੇ ਹਰੇਕ ਅਵਸਥਾ ਦਾ ਵਰਣਨ ਆਪਣੇ ਪਦਾਂ ਵਿਚ ਕੀਤਾ ਹੈ। ਇਹ ਵਰਣਨ ਇੰਨੇ ਵਾਸਤਵਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ ਕਿ ਇਨ੍ਹਾਂ ਦੇ ਸਿਰਫ਼ ਗਾਇਨ ਨਾਲ ਹੀ ਉਨ੍ਹਾਂ ਦੀ ਕਲਪਨਾ ਦਾ ਚਰਿੱਤਰ ਪਤਾ ਚਲ ਜਾਂਦਾ ਹੈ।

ਮੀਰਾ ਦੇ ਪਦਾਂ ਵਿਚ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਜ਼ਿਆਦਾਤਰ ਪਦ ਰਾਜਸਥਾਨੀ ਭਾਸ਼ਾ ਦੀ ਸ਼ੈਲੀ ਵਿਚ ਲਿਖੇ ਹਨ ਅਤੇ ਰਾਜਸਥਾਨ ਦੀ ਜ਼ਰੂਰੀ ਸ਼ਬਦਾਵਲੀ ਦਾ ਪ੍ਰਯੋਗ ਬੜੇ ਸਜੀਵ ਰੂਪ ਨਾਲ ਕੀਤਾ ਹੈ। ਉਦਾਹਰਣ ਸਰੂਪ ਉਨ੍ਹਾਂ ਦੀ ਪ੍ਰਸਿੱਧ ਰਚਨਾ ਜਿਵੇਂ—"ਸਾਂਵਰਾ ਮਹਾਰੀ ਪ੍ਰੀਤ ਨਿਭਾਜੋ, ਆਲੀ ਮਾਨਹੇ ਲਾਗੇ ਵਿੰਦਾਵਨ ਨੀਕੋ" ਆਦਿ ਹੈ।

ਦੱਖਣ ਦੇ ਭਗਤ ਕਵੀ ਅਤੇ ਸੰਗੀਤਕਾਰ

ਕੀਰਤਨ ਦੇ ਖੇਤਰ ਵਿਚ ਦੱਖਣ ਦੇ ਭਗਤ ਕਵੀਆਂ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਦੱਖਣ ਦੇ ਮੰਦਰ ਸੰਗੀਤ ਦੇ ਕੇਂਦਰ ਬਣੇ ਹੋਏ ਸਨ। ਰਾਧਾ-ਕ੍ਰਿਸ਼ਨ ਦੀਆਂ ਰਾਸ ਲੀਲ੍ਹਾਵਾਂ ਨੂੰ "ਕਲੱਬਕੋਵਾ" ਨ੍ਰਿਤ ਦੇ ਦੁਆਰਾ ਪ੍ਰਦਰਸ਼ਿਤ ਕੀਤਾ ਜਾਂਦਾ ਸੀ। 16ਵੀਂ ਅਤੇ 17ਵੀਂ ਸਦੀ ਵਿਚ ਵੈਸ਼ਨੋ ਅਤੇ ਸ਼ਿਵ ਉਪਾਸਕਾਂ ਦੁਆਰਾ ਸੰਗੀਤ ਅਤੇ ਨ੍ਰਿਤ ਦਾ ਬਹੁਤ ਪ੍ਰਚਾਰ ਹੋਇਆ। ਰਾਮਾਇਣ, ਮਹਾਂਭਾਰਤ ਅਤੇ ਭਾਗਵਤ ਦੀਆਂ ਕਥਾਵਾਂ 'ਤੇ ਸੰਗੀਤਮਈ ਮਹਾਂਕਾਵਿ ਲਿਖੇ ਗਏ ਜਿਨ੍ਹਾਂ ਨੇ ਦੇਸ਼ ਦੇ ਵਾਯੂਮੰਡਲ ਨੂੰ ਪਵਿੱਤਰ ਬਣਾਇਆ।

ਤਾਮਿਲ ਪ੍ਰਦੇਸ਼ ਵਿਚ ਸੰਤ, ਭਗਤ ਅਤੇ ਦਾਰਸ਼ਨਿਕ ਹੀ ਸੰਗੀਤਕਾਰ ਹੁੰਦੇ ਸਨ। ਉਹ ਪਰਮਾਤਮਾ ਦੀ ਉਪਾਸਨਾ ਵਿਚ ਵਿਸ਼ਵਾਸ ਰੱਖਦੇ ਸਨ। ਉਹ ਆਪਣਾ ਸੰਗੀਤ ਪਰਮਾਤਮਾ ਨੂੰ ਅਰਪਿਤ ਕਰ ਦਿੰਦੇ ਸਨ। ਮੁਗ਼ਲ ਕਾਲ ਦੇ ਸਮੇਂ ਵਿਚ ਤਾਮਿਲ ਸੰਗੀਤ ਦੇ ਕੀਰਤਨਾਂ ਦੀ ਭਰਮਾਰ ਸੀ। ਕੀਰਤਨ ਦੇ ਲਈ ਪ੍ਰਯੋਗ ਕੀਤੀਆਂ ਰਚਨਾਵਾਂ ਰਾਗਾਂ ਵਿਚ ਬੰਨ੍ਹ ਕੇ ਗਾਈਆਂ ਜਾਂਦੀਆਂ ਸਨ। ਪੁਰੰਦਰ ਦਾਸ ਨੇ

ਕਰਨਾਟਕ ਸੰਗੀਤ ਨੂੰ ਸ਼ੁੱਧ ਸ਼ਾਸਤਰੀ ਰੂਪ ਪ੍ਰਦਾਨ ਕੀਤਾ। ਇਹ ਕਰਨਾਟਕ ਸੰਗੀਤ ਦੇ ਪਿਤਾਮਾ ਅਖਵਾਉਂਦੇ ਹਨ। ਸਵਰ, ਅਲੰਕਾਰਾਂ ਦਾ ਕ੍ਰਮ ਅਤੇ ਮਾਇਆ ਮਾਲਵਗੌਲ ਅਤੇ ਮਲਹਾਰੀ ਰਾਗਾਂ ਵਿਚ ਇਨ੍ਹਾਂ ਦੀਆਂ ਰਚਨਾਵਾਂ ਅੱਜ ਵੀ ਕਰਨਾਟਕ ਸੰਗੀਤ ਦੀਆਂ ਆਧਾਰ-ਸ਼ਿਲਾਵਾਂ ਹਨ। ਸਪਤਸ਼ੂਲ ਆਦਿ ਤਾਲਾਂ ਦੀ ਰਚਨਾ ਦਾ ਸਿਹਰਾ ਵੀ ਇਨ੍ਹਾਂ ਦੇ ਸਿਰ ਹੀ ਹੈ।

ਅਸਲ ਵਿਚ ਉੱਤਰ ਭਾਰਤ ਵਿਚ ਜਦੋਂ ਯਵਨ ਰਾਜਿਆਂ ਦਾ ਬੋਲਬਾਲਾ ਸੀ ਤਾਂ ਕਰਨਾਟਕ ਸੰਗੀਤ ਭਾਰਤੀਅਤਾ ਦਾ ਪਵਿੱਤਰ ਸੰਦੇਸ਼ ਦੇ ਰਿਹਾ ਸੀ। ਮੁਗ਼ਲ ਕਾਲ ਵਿਚ ਕਰਨਾਟਕ ਸੰਗੀਤ ਦੀ ਆਤਮਾ ਬਹੁਤ ਸਜੀਵ ਅਤੇ ਅਲੌਕਿਕ ਸੀ। ਇਸ ਕਾਲ ਵਿਚ ਭਗਤੀ ਸੰਗੀਤ ਅਤੇ ਕੀਰਤਨ ਦਾ ਜੇਕਰ ਕੋਈ ਸੱਚਾ ਪ੍ਰਤੀਨਿਧ ਕਰ ਰਿਹਾ ਸੀ ਤਾਂ ਇਹੀ ਕਰਨਾਟਕ ਸੰਗੀਤ।

ਸੁਆਮੀ ਪੁਰੰਦਰਦਾਸ ਤੋਂ ਇਲਾਵਾ ਸੁਆਮੀ ਤਿਆਗਰਾਜ ਦੀਆਂ ਰਚਨਾਵਾਂ ਨੂੰ ਵੀ ਗਾਇਆ ਜਾਂਦਾ ਹੈ। ਸ਼ਿਆਮਾਤਾਰ ਸ਼ਾਸਤਰੀ ਦੀਆਂ ਰਚਨਾਵਾਂ ਨੂੰ ਰਾਗਾਂ ਵਿਚ ਬੱਧ ਕਰ ਕੇ ਗਾਉਂਦੇ ਹਨ। ਇਸ ਤੋਂ ਇਲਾਵਾ ਮੁੱਤ ਸੁਆਮੀ ਦੀਕਸ਼ਿਤਾਰ, ਰਾਧਾਸੁਆਮੀ ਦੀਕਸ਼ਿਤਾਰ, ਗੋਪਾਲਕ੍ਰਿਸ਼ਨ ਭਾਰਤੀ, ਸ਼ਿਆਮਾ ਸ਼ਾਸਤਰੀ, ਨਾਰਾਇਣ ਵਾਮਨ ਤਿਲਕ, ਸੁਬਰੈਯਾ ਸ਼ਾਸਤਰੀ, ਅੰਨਾ ਸੁਆਮੀ, ਚਿੰਨਾ ਸੁਆਮੀ ਦੀਕਸ਼ਿਤਾਰ, ਸੁੱਬਾਰਾਮ ਦੀਕਸ਼ਿਤਾਰ, ਰਾਮਚੰਦਰ ਭਾਗਵਤਾਰ, ਪਾਲਘਾਟ, ਰਾਮ ਭਾਗਵਤਾਰ, ਬਾਲ ਸੁਆਮੀ ਦੀਕਸ਼ਿਤਾਰ, ਸ਼ੇਸ਼ਾਚਲ ਭਾਗਵਤਾਰ, ਤੋੜੀ ਸੀਤਾਰਾਮਪਯ ਆਦਿ ਅਨੇਕਾਂ ਵਿਦਵਾਨ ਹੋਏ ਹਨ।

ਉਪਰ ਲਿਖੇ ਸੰਗੀਤ ਵਿਦਵਾਨਾਂ ਦੀ ਰਚਨਾ ਤਾਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਭਾਸ਼ਾਵਾਂ ਵਿਚ ਰਚੀ ਹੈ। ਇਨ੍ਹਾਂ ਸਮੂਹ ਸੰਤ ਕਵੀਆਂ ਨੇ ਆਪਣੀਆਂ ਆਪਣੀਆਂ ਰਚਨਾਵਾਂ ਕਰਨਾਟਕ ਸੰਗੀਤ ਦੇ ਸ਼ਾਸਤਰੀ ਅਤੇ ਉਪਸ਼ਾਸਤਰੀ ਆਧਾਰ 'ਤੇ ਰਾਗ-ਰਚਨਾਵਾਂ ਵੱਖ-ਵੱਖ ਰਾਗਾਂ ਵਿਚ ਬੱਧ ਕੀਤੀਆਂ ਹਨ ਜੋ ਅੱਜ ਵੀ ਬਹੁਤ ਜ਼ਿਆਦਾ ਲੋਕਪ੍ਰਿਅ ਹਨ ਅਤੇ ਆਮ ਤੌਰ 'ਤੇ ਇਨ੍ਹਾਂ ਰਚਨਾਵਾਂ ਨੂੰ ਗਾਇਕ ਗਾਉਂਦੇ ਹਨ ਅਤੇ ਇਸ ਤੋਂ ਇਲਾਵਾ ਆਧੁਨਿਕ ਅਨੇਕਾਂ ਸੰਗੀਤਕਾਰਾਂ ਦੀਆਂ ਰਚਨਾਵਾਂ ਨੂੰ ਵੀ ਗਾਇਆ ਜਾਂਦਾ ਹੈ।

ਅਸਾਮ

ਅਸਾਮ ਵਿਚ ਵੀ ਹੋਰਨਾਂ ਪ੍ਰਾਂਤਾਂ ਦੀ ਤਰ੍ਹਾਂ ਭਗਤੀ ਸੰਗੀਤ ਦਾ ਬਹੁਤ ਵਿਕਾਸ ਹੋਇਆ। ਉਥੇ ਦੇਵੀ-ਦੇਵਤਿਆਂ ਦੀ ਆਰਾਧਨਾ ਦੇ ਵਾਸਤੇ ਅਨੇਕਾਂ ਗੀਤ ਅਤੇ ਨ੍ਰਿਤ ਪ੍ਰਚਾਰ ਵਿਚ ਆ ਗਏ ਸਨ। ਵਰਖਾ ਨਾ ਹੋਣ 'ਤੇ ਇੰਦਰ ਦੀ ਉਪਾਸਨਾ ਗੀਤਾਂ ਦੁਆਰਾ ਹੁੰਦੀ ਸੀ। ਮਹਾਂਭਾਰਤ ਅਤੇ ਰਾਮਾਇਣ ਦੀਆਂ ਕਥਾਵਾਂ 'ਤੇ ਆਧਾਰਿਤ ਅਨੇਕਾਂ ਗੀਤ ਅਤੇ ਨ੍ਰਿਤ ਤਿਆਰ ਕੀਤੇ ਗਏ।

ਇਸ ਤੋਂ ਇਲਾਵਾ ਭਗਤ ਸੰਗੀਤਕਾਰ ਸ਼ੰਕਰਦੇਵ ਜੀ ਦੇ ਵਰ-ਗੀਤ ਅੱਜ ਵੀ ਅਸਾਮ ਦੇ ਮੰਦਰਾਂ ਵਿਚ ਪ੍ਰਚਲਿਤ ਹਨ। ਸ਼ੰਕਰਦੇਵ ਜੀ ਖ਼ੁਦ ਪਦ ਬਣਾ ਕੇ

ਗਾਉਂਦੇ ਸਨ। ਕਦੇ ਉਨ੍ਹਾਂ ਦੇ ਪਦ ਰਾਗਾਂ ਵਿਚ ਬੱਧ ਹੁੰਦੇ ਸਨ ਅਤੇ ਕਦੇ ਬਿਨਾਂ ਰਾਗਾਂ ਦੇ ਹੁੰਦੇ ਸਨ।

ਅਸਾਮ ਦੇ ਪ੍ਰਸਿੱਧ ਸੰਤ ਕਵੀ ਅਤੇ ਸੰਗੀਤਕਾਰ ਨੇ ਅਸਾਮ ਦੇ ਵਾਰਪੇਟ ਨਾਮ ਦੇ ਸਥਾਨ 'ਤੇ ਇਕ ਉਪਾਸਨਾ ਕੇਂਦਰ ਸਥਾਪਿਤ ਕੀਤਾ, ਜਿਸ ਨੂੰ "ਨਾਮਘਰ" ਕਿਹਾ ਜਾਂਦਾ ਹੈ। ਇਸ ਨਾਮਘਰ ਵਿਚ ਰੋਜ਼ਾਨਾ ਸ਼ੰਕਰਦੇਵ ਦੁਆਰਾ ਰਚੀਆਂ ਰਚਨਾਵਾਂ ਦਾ ਗਾਇਨ ਕੀਤਾ ਜਾਂਦਾ ਹੈ। ਜ਼ਿਆਦਾਤਰ ਪਦ ਪਰਮਾਤਮਾ ਦੀ ਉਪਾਸਨਾ ਅਤੇ ਉਸਤਤ ਨਾਲ ਸੰਬੰਧਿਤ ਹਨ। ਉਨ੍ਹਾਂ ਨੇ ਵਰ-ਗੀਤਾਂ ਦੀ ਰਚਨਾ ਅਨੇਕਾਂ ਪ੍ਰਕਾਰ ਦੀਆਂ ਤਾਲਾਂ ਅਤੇ ਰਾਗਾਂ ਵਿਚ ਕੀਤੀ ਹੈ। ਜ਼ਿਆਦਾਤਰ ਰਚਨਾਵਾਂ ਦੀ ਗੇਯ ਪ੍ਰਕ੍ਰਿਆ ਬਹੁਤ ਹੀ ਧੀਮੀ ਲੈਅ ਵਿਚ ਹੈ। ਅੱਜ ਵੀ ਅਸਾਮ ਦੇ ਹਰੇਕ ਸ਼ਹਿਰ ਅਤੇ ਪਿੰਡ ਵਿਚ ਥਾਂ-ਥਾਂ ਨਾਮਘਰ ਬਣੇ ਹੋਏ ਹਨ ਜਿਥੇ ਉਥੋਂ ਦੇ ਨਗਰਵਾਸੀ ਸਵੇਰੇ-ਸ਼ਾਮ ਇਕੱਠੇ ਹੋ ਕੇ ਨਾਮਘਰ ਵਿਚ ਸ਼ੰਕਰਦੇਵ ਦੁਆਰਾ ਰਚੇ ਵਰ-ਗੀਤਾਂ ਦਾ ਗਾਇਨ ਕਰਦੇ ਹਨ। ਵਰ-ਗੀਤਾਂ ਦੇ ਨਾਲ-ਨਾਲ ਨ੍ਰਿਤ ਦੀ ਵੀ ਪਰੰਪਰਾ ਰਹੀ ਹੈ।

ਗੁਜਰਾਤ

ਸੌਰਾਸ਼ਟਰ ਵਿਚ ਨਰਸੀ ਭਗਤ ਪ੍ਰਸਿੱਧ ਭਗਤ ਸੰਗੀਤਕਾਰ ਹੋਏ ਹਨ। ਤੁਲਸੀ, ਦਾਦੂ ਦਿਆਲ, ਰਵਿਦਾਸ, ਚਰਨਦਾਸ ਆਦਿ ਸੰਤਾਂ ਦੀ ਤਰ੍ਹਾਂ ਨਰਸੀ ਭਗਤ ਜਾਂ ਨਰਸੀ ਮੇਹਤਾ ਨੇ ਵੀ ਗੁਜਰਾਤ ਦੇ ਸਮਾਜ ਨੂੰ ਅਨੇਕਾਂ ਪਦ ਦਿੱਤੇ ਹਨ। ਸੌਰਾਸ਼ਟਰ ਵਿਚ ਨਰਸੀ ਭਗਤ ਦੇ ਪਦਾਂ ਨੂੰ ਬਹੁਤ ਸਨਮਾਨ ਦੇ ਨਾਲ ਅੱਜ ਵੀ ਗਾਇਆ ਜਾਂਦਾ ਹੈ। ਉਨ੍ਹਾਂ ਦੁਆਰਾ ਰਚੇ ਅਨੇਕ ਪਦ ਸੌਰਾਸ਼ਟਰ ਤੋਂ ਇਲਾਵਾ ਭਾਰਤ ਦੇ ਹਰੇਕ ਪ੍ਰਦੇਸ਼ ਵਿਚ ਬਹੁਤ ਲੋਕਪ੍ਰਿਅ ਹਨ। ਗਾਂਧੀ ਜੀ ਦੇ ਪਿਆਰੇ ਭਜਨਾਂ ਵਿੱਚੋਂ 'ਵੈਸ਼ਣਵ ਜਨ ਤੋ ਤੇਨੇ ਕਹੀਏ ਜੋ ਪੀਰ ਪਰਾਈ ਜਾਣੇ ਰੇ' ਭਾਰਤ ਦੇ ਕੋਨੇ-ਕੋਨੇ ਵਿਚ ਗਾਇਆ ਜਾਂਦਾ ਹੈ। ਨਰਸੀ ਭਗਤ ਵੈਸ਼ਨੋ ਸੰਪ੍ਰਦਾਇ ਦੇ ਭਗਤ ਸਨ ਅਤੇ ਉਨ੍ਹਾਂ ਨੇ ਗੁਜਰਾਤੀ ਭਾਸ਼ਾ ਵਿਚ ਅਨੇਕਾਂ ਪਦ ਲਿਖੇ ਹਨ।

ਬੁੱਧ ਧਰਮ

ਭਾਵੇਂ ਬੁੱਧ ਧਰਮ ਵਿਚ ਧਰਮ ਸੰਗੀਤ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ ਗਿਆ ਫੇਰ ਵੀ ਤਿੱਬਤ ਦੇ ਮੰਦਰ ਦੇ ਸੰਗੀਤ ਅਤੇ ਉਸ ਦੇ ਸਾਜ਼-ਯੰਤਰ ਆਦਿ ਵਰਣਨਯੋਗ ਹਨ। ਬੁੱਧ ਧਰਮ ਦਾ ਭਗਤੀ ਸੰਗੀਤ ਵੈਦਿਕ ਪਰੰਪਰਾ ਨਾਲ ਮੇਲ ਖਾਂਦਾ ਹੈ। ਇਨ੍ਹਾਂ ਵਿਚ ਸਵਰਾਂ ਦਾ ਉਤਾਰ-ਚੜ੍ਹਾਅ ਨਹੀਂ ਹੁੰਦਾ। ਮੁੱਖ ਤੌਰ 'ਤੇ "ਬੁੱਧਮ ਸ਼ਰਣਮ ਗੱਛਾਮੀ" ਦਾ ਹੀ ਉਚਾਰਣ ਸਮੂਹਿਕ ਰੂਪ ਵਿਚ ਕੀਤਾ ਜਾਂਦਾ ਹੈ। ਇਹ ਲੋਕ ਆਪਣੇ ਧਾਰਮਿਕ ਸੰਸਕਾਰਾਂ ਵਿਚ ਡ੍ਰਿਲਬ (Drilbu) ਨਾਂ ਦੀ ਇਕ ਛੋਟੀ ਜਿਹੀ ਘੰਟੀ ਵਜਾਉਂਦੇ ਹਨ, ਜੋ ਰੋਮਨ ਕੈਥੋਲਿਕ ਚਰਚ ਵਿਚ ਪ੍ਰਯੋਗ ਵਾਲੀ ਘੰਟੀ ਦੇ ਸਮਾਨ ਹੈ।[16]

ਬੁੱਧ ਧਰਮ ਵਿਚ ਮ੍ਰਿਤ ਪੂਰਵਜਾਂ ਦੀ ਯਾਦ ਵਿਚ ਇਕ ਸਾਲਾਨਾ ਸੰਸਕਾਰ ਹੁੰਦਾ ਹੈ, ਜਿਸ ਨੂੰ ਬੁੱਧ ਧਰਮ ਦੇ ਅਨੁਯਾਈ ਉਦਯਾਪਨ ਆਖਦੇ ਹਨ। ਇਕ ਅਜਿਹੇ ਸੰਸਕਾਰ ਦਾ ਵਰਣਨ ਕਰਦੇ ਹੋਏ ਕੈਪਟਨ ਟਾਰਨਰ ਨੇ ਆਪਣੇ ਇਕ ਪ੍ਰਬੰਧ ਵਿਚ ਕਿਹਾ ਹੈ ਕਿ ਉਸ ਸੰਸਕਾਰ ਵਿਚ ਉਥੇ ਦੇ ਸਾਰੇ ਲੋਕ ਆਪਣੇ ਘਰਾਂ ਨੂੰ ਦੀਪ-ਲੜੀਆਂ ਨਾਲ ਸਜਾਉਂਦੇ ਹਨ। ਨਗਰ ਦੇ ਸਾਰੇ ਘਰ ਦੀਪਮਾਲਾ ਨਾਲ ਰੌਸ਼ਨ ਕੀਤੇ ਜਾਂਦੇ ਹਨ। ਚਾਰੇ ਪਾਸੇ ਮੰਦਰਾਂ ਵਿਚ ਵੱਖ-ਵੱਖ ਨਾਦ ਯੰਤਰਾਂ ਦੇ ਨਾਲ ਪ੍ਰਾਰਥਨਾ ਸੰਗੀਤ ਹੁੰਦਾ ਹੈ। ਅੱਧੀ ਰਾਤ ਵਿਚ ਜਦੋਂ ਸੰਗੀਤ ਸਤੰਬ ਹੋ ਜਾਂਦਾ ਹੈ ਅਤੇ ਚਾਰੇ ਪਾਸੇ ਸ਼ਾਂਤੀ ਛਾ ਜਾਂਦੀ ਹੈ, ਉਸ ਵੇਲੇ ਸਾਰੇ ਲੋਕ ਹੌਲੀ ਹੌਲੀ ਆਪਣੇ ਵੱਡੇ-ਵਡੇਰਿਆਂ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਸ਼ੁਰੂ ਕਰਦੇ ਹਨ। ਇਹ ਕਿਰਿਆ ਏਨੀ ਸੰਤੁਲਿਤ ਸੁਪਰਿਕਲਿਪਤ ਅਤੇ ਸੁਰੁਚਿਪੂਰਣ ਹੁੰਦੀ ਹੈ ਕਿ ਲੱਗਦਾ ਹੈ ਕਿ ਕੋਈ ਵੀ ਮਨੁੱਖ ਤਿਉਹਾਰ ਜਾਂ ਪਰਵ ਏਨਾ ਪਵਿੱਤਰ ਜਾਂ ਗੰਭੀਰ ਨਹੀਂ ਹੁੰਦਾ ਹੋਣਾ।[17]

ਬੁੱਧ ਧਰਮ ਵਿਚ ਜ਼ਿਆਦਾਤਰ ਗੀਤ ਬੁੱਧ ਨਾਲ ਸੰਬੰਧਿਤ ਜਾਂ ਧਾਰਮਿਕ ਵਿਸ਼ੇ ਨਾਲ ਸੰਬੰਧਿਤ ਹੁੰਦਾ ਹੈ। ਕਦੀ-ਕਦੀ ਉਹ ਗੀਤ ਰਾਜਿਆਂ ਦੀਆਂ ਵੀਰ ਗਾਥਾਵਾਂ ਨਾਲ ਵੀ ਸੰਬੰਧਿਤ ਹੁੰਦੇ ਹਨ ਪ੍ਰੰਤੂ ਇਹ ਸਾਰੇ ਗੀਤ ਹਮੇਸ਼ਾਂ ਸ਼ੋਕਪੂਰਣ ਆਵਾਜ਼ ਵਿਚ ਹੁੰਦੇ ਹਨ। ਸੰਗੀਤ ਦੀ ਤਾਲ ਸਾਧਾਰਣ ਤੇ ਹੌਲੀ ਹੁੰਦੀ ਹੈ ਪਰ ਉਸ ਦੀ ਲੈਅ ਬਦਲਦੀ ਰਹਿੰਦੀ ਹੈ।

ਵਰਮਾ ਦੇ ਸੰਗੀਤ ਅਤੇ ਨਾਟਕ ਬੁੱਧ ਅਤੇ ਹਿੰਦੂਆਂ ਦੀਆਂ ਪੁਰਾਣੀਆਂ ਕਾਥਾਵਾਂ 'ਤੇ ਆਧਾਰਿਤ ਹਨ। ਉੱਥੋਂ ਦੇ ਬੁੱਧ ਮੰਦਰਾਂ ਵਿਚ ਜਦੋਂ ਪੂਜਾ-ਪਾਠ ਹੁੰਦਾ ਹੈ ਤਾਂ ਉਸ ਵਿਚ ਬੇਨਤੀ ਸੰਗੀਤ ਹੁੰਦਾ ਹੈ ਅਤੇ ਉਸ ਸੰਗੀਤ ਵਿਚ ਵਾਦ ਜਾਂ ਨਾਚ ਦਾ ਸਹਿਯੋਗ ਵੀ ਹੁੰਦਾ ਹੈ। ਰੰਗੂਨ ਦੇ ਗੋਲਡਨ ਪੈਗੋਡਾ (Golden Pogoda) ਘੰਟੀ ਵਿਸ਼ਾਲਤਾ ਦੇ ਲਈ ਮਸ਼ਹੂਰ ਹੈ। ਉਸੇ ਤਰ੍ਹਾਂ ਦੀ ਇਕ ਘੰਟੀ ਮੋਲਮਈ ਸ਼ਹਿਰ ਵਿਚ ਵੀ ਹੈ, ਇਸ ਘੰਟੀ ਨੂੰ ਪੂਜਾ ਉਤਸਵ ਦੇ ਵੇਲੇ ਸਾਰੇ ਸ਼ਰਧਾਲੂ ਇਕ ਜਾਂ ਦੋ ਵਾਰ ਹਿਰਨ ਦੇ ਸਿੰਗ ਨਾਲ ਵਜਾਉਂਦੇ ਹਨ।[18]

ਉਪਰੋਕਤ ਤੱਥਾਂ ਦੇ ਆਧਾਰ 'ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਬੁੱਧ ਧਰਮ ਦੇ ਭਗਤੀ ਸੰਗੀਤ ਜਾਂ ਪ੍ਰਾਰਥਨਾ ਸੰਗੀਤ ਵਿਚ ਆਵਾਜ਼ਾਂ ਦਾ ਉਤਾਰ-ਚੜ੍ਹਾਅ ਜ਼ਿਆਦਾ ਨਹੀਂ ਹੁੰਦਾ। ਹਮੇਸ਼ਾ ਹੌਲੀ ਲੈਅ ਵਿਚ ਗਾਉਂਦੇ ਹਨ ਅਤੇ ਉਨ੍ਹਾਂ ਦੀ ਪ੍ਰਾਰਥਨਾ ਸੰਗੀਤ ਵਿਚ ਘੰਟੀ ਦਾ ਮੁੱਖ ਥਾਂ ਹੈ, ਜਿਸ ਨੂੰ ਲੋਕੀ ਲੈਅ ਕਾਇਮ ਰੱਖਣ ਲਈ ਪ੍ਰਯੋਗ ਵਿਚ ਲਿਆਉਂਦੇ ਹਨ। ਅਰਥਾਤ ਕੁਝ ਚਰਮ ਤਾਲ ਵਾਦਾਂ ਦਾ ਵੀ ਪ੍ਰਯੋਗ ਕਰਦੇ ਹਨ।

ਜੈਨ ਧਰਮ

ਜੈਨ ਅਨੁਆਈਆਂ ਦਾ ਮੱਤ ਹੈ ਕਿ ਸੰਗੀਤ ਦਾ ਬਦਲਾਵ ਭਗਵਾਨ ਮਹਾਂਵੀਰ ਦੁਆਰਾ ਹੋਇਆ। ਪ੍ਰਸਿੱਧ ਇਤਿਹਾਸਕਾਰ ਵਾਲਟੇਅਰ ਨੇ ਆਪਣੀ ਕਿਤਾਬ 'ਦੀ

ਹਿਸਟਰੀ ਆਫ਼ ਇਨਟਰਨਲ ਫੈਕਟ ਆਫ਼ ਇੰਡੀਅਨ ਮਿਊਜ਼ਿਕ' ਵਿਚ ਲਿਖਿਆ ਹੈ ਕਿ "ਜੈਨ ਯੁੱਗ ਵਿਚ ਸਾਨੂੰ ਬਹੁਤ ਹੀ ਸਜੀਵ, ਪ੍ਰਾਣਵਾਨ ਅਤੇ ਸਫੁਰਤੀ ਪੂਰਨ ਸੰਗੀਤ ਮਿਲਦਾ ਹੈ। ਇਸ ਯੁੱਗ ਵਿਚ ਸੰਗੀਤ ਨੇ ਆਪਣੇ ਪੁਰਾਣੇ ਜਾਤੀ ਰਿਸ਼ਤਿਆਂ ਨੂੰ ਤੋੜ ਦਿੱਤਾ ਸੀ। ਉਹ ਸਭ ਲਈ ਸਾਧਨਾ ਦਾ ਮੁੱਖ ਵਿਸ਼ਾ ਬਣ ਗਿਆ ਸੀ। ਸੰਗੀਤ ਦੀ ਇਸ ਕਰਵਟ ਨਾਲ ਪੱਛੜ ਚੁੱਕੀਆਂ ਕੌਮਾਂ ਅਤੇ ਸ਼ੂਦ੍ਰਾਂ ਨੇ, ਜੋ ਹੁਣ ਤਕ ਸੰਗੀਤ ਨਾਲ ਵਾਂਝੇ ਗਏ ਸੀ, ਪੂਰਾ ਪੂਰਾ ਫ਼ਾਇਦਾ ਉਠਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਪ੍ਰਕਾਰ ਜੈਨ ਯੁੱਗ ਵਿਚ ਆਦਮੀ ਦੀ ਸਭ ਤੋਂ ਵੱਡੀ ਭੁੱਲ ਦਾ ਸੁਧਾਰ ਕੀਤਾ ਗਿਆ। ਇਸ ਵਿਚ ਸੰਗੀਤ ਦਾ ਰੂਪ ਜ਼ਿਆਦਾ ਬਣਿਆ। ਸੰਗੀਤ ਦੀ ਵੇਗਪੂਰਨ ਧਾਰਾ ਗਰੀਬ ਤੋਂ ਲੈ ਕੇ ਰਾਜੇ ਤਕ ਲੜੀਦਾਰ ਰੂਪ ਨਾਲ ਪ੍ਰਭਾਵਿਤ ਹੋਣ ਲੱਗੀ। ਸੰਗੀਤ ਦੇ ਸ਼ਿਲਪਗਿਆਨ ਦਾ ਵੀ ਇਸ ਯੁੱਗ ਵਿਚ ਵਿਕਾਸ ਹੋਇਆ। ਅਨੇਕ ਨਵੀਆਂ ਆਵਾਜ਼ਾਂ ਅਤੇ ਗੀਤ ਸ਼ੈਲੀਆਂ ਨੇ ਜਨਮ ਲਿਆ। ਨਾਦਾਂ ਵਿਚ ਮ੍ਰਿਦੰਗ, ਵੀਣਾ ਅਤੇ ਦੁਦੁੰਭੀ ਡਫ ਦਾ ਪ੍ਰਯੋਗ ਹੁੰਦਾ ਸੀ।

ਜੈਨ ਕਾਲ ਵਿਚ ਸੰਗੀਤ ਦੇ ਮਾਧਿਅਮ ਨਾਲ ਧਾਰਮਿਕ ਅਭਿਵਿਅੰਜਨਾ ਵੀ ਹੁੰਦੀ ਸੀ। ਜੈਨ ਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਜੈਨ ਧਰਮ ਦੇ ਪ੍ਰਚਾਰ ਦੇ ਲਈ ਨਾਟਕਾਂ ਦੇ ਆਯੋਜਨ ਕੀਤੇ ਜਾਂਦੇ ਸੀ। ਬ੍ਰਹਤਕਲਪ ਭਾਸ਼ਾ ਤੋਂ ਗਿਆਤ ਹੁੰਦਾ ਹੈ ਕਿ ਜੈਨ ਧਰਮ ਪ੍ਰਚਾਰ ਲਈ 'ਚੈਲਿਤ' ਨਾਮਕ ਗੀਤਾਂ ਦਾ ਗਾਇਣ ਹੁੰਦਾ ਸੀ। ਮਹਾਂਵੀਰ ਦੇ ਜੀਵਨ ਦਰਸ਼ਨ ਸੰਬੰਧੀ ਨਾਟਕਾਂ ਦਾ ਆਯੋਜਨ ਕੀਤਾ ਜਾਂਦਾ ਸੀ ਜਿਸ ਵਿਚ ਮਹਾਂਵੀਰ ਦੀ ਭੂਮਿਕਾ ਜੈਨ ਮੁਨੀ ਕਰਦੇ ਸੀ। 'ਪਿੰਡਨਿਜਜੁਤਿ' ਤੋਂ ਮਾਲੂਮ ਹੁੰਦਾ ਹੈ ਕਿ ਪਾਟਲੀਪੁੱਤਰ ਵਿਚ ਮਹਾਂਵੀਰ ਦੇ ਜੀਵਨ ਨਾਲ ਸੰਬੰਧਿਤ ਨਾਟਕਾਂ ਦਾ ਆਯੋਜਨ ਹੁੰਦਾ ਸੀ। ਰਠਵਾਲ ਨਾਮ ਦੇ ਨਾਟਕ ਵਿਚ ਮਹਾਂਵੀਰ ਦਾ ਰੋਲ ਆਸ਼ਾਡਮੂਹ ਨਾਮਕ ਜੈਨ ਮੁਨੀ ਕਰਦੇ ਸੀ ਪਰ ਬਾਅਦ ਵਿਚ ਕਿਸੇ ਵਿਸ਼ੇਸ਼ ਕਾਰਨਾਂ ਤੋਂ ਉਪਰੋਕਤ ਤਰ੍ਹਾਂ ਦੇ ਨਾਟਕਾਂ ਵਿਚ ਮਹਾਂਵੀਰ ਅਭਿਨਯ ਸਮਾਪਤ ਕਰ ਦਿੱਤਾ ਗਿਆ।

ਅਨੇਕਾਂ ਪ੍ਰਕਾਰ ਦੇ ਵਾਦਾਂ ਦਾ ਉਲੇਖ 'ਰਾਮਾਪਸੇਣੀ ਸਤ' ਨਾਮਕ ਜੈਨ ਗ੍ਰੰਥ ਤੋਂ ਪ੍ਰਾਪਤ ਹੁੰਦਾ ਹੈ। ਜਿਵੇਂ ਸੰਖ (ਸ਼ੰਖ਼), ਸਿੰਗ, ਬਲਕੀ ਮਦਲ ਅਰਥਾਤ ਮ੍ਰਦਲ, ਚਿੱਤਰਵੀਨਾ, ਨਕੁਲ, ਵਿਪੰਚੀ, ਮੁਰਯ (ਖੁਰਜ), ਪਡਹ (ਪਟਹ), ਡਿੰਡਿਮ, ਕਰਡਾ (ਕਰਟੀ), ਕਚਛਮੀ (ਤਚਛਪੀ), ਸੁਘੋਸ਼ਾ ਆਦਿ ਸੁਯਡੰਗ ਵਿਚ ਕੁਕਯਵੀਨਾ ਅਤੇ ਵੇਣੁਪਲਾਸੀਯ ਵਾਦ ਦਾ ਉਲੇਖ ਕੀਤਾ ਹੈ। ਤੁਮਬਵੀਨਾ ਅਤੇ ਤੁਣ ਵਾਦਨ ਕਰਨ ਵਾਲਿਆਂ ਨੂੰ ਸੰਗੀਤ ਵਿਚ ਉੱਚ ਥਾਂ ਪ੍ਰਾਪਤ ਸੀ। ਸਾਧੂ ਸੰਪ੍ਰਦਾਇ ਸੰਖ ਦੀ ਆਵਾਜ਼ ਸਵੇਰੇ ਅਤੇ ਸ਼ਾਮ ਨੂੰ ਪੂਜਾ ਦੇ ਵੇਲੇ ਕਰਦੇ ਸੀ।

ਜੈਨ ਸਾਹਿਤ ਤੋਂ ਜਾਣਕਾਰੀ ਮਿਲਦੀ ਹੈ ਕਿ ਜੈਨ ਕਾਲ ਵਿਚ ਸੰਗੀਤ ਦੇ ਸਮੂਹਿਕ ਸਮਾਰੋਹ ਹੁੰਦੇ ਸੀ। ਇਨ੍ਹਾਂ ਸਮਾਰੋਹਾਂ ਦੇ ਸ਼ੁਭ ਅਵਸਰਾਂ 'ਤੇ ਸਾਰੇ ਆਦਮੀ-ਔਰਤਾਂ ਇਕੱਠੀਆਂ ਹੁੰਦੀਆਂ ਸਨ ਅਤੇ ਸਮੂਹਿਕ ਰੂਪ ਨਾਲ ਗੀਤ ਅਤੇ ਨਾਚ ਆਦਿ ਦੇ ਪ੍ਰੋਗਰਾਮ ਹੁੰਦੇ ਸੀ। ਸਮੁਦਾਇ ਦਾ ਮਨੋਰੰਜਨ ਕਰਨ ਵਾਲਿਆਂ ਵਿਚ ਵਿਵਸਾਇ ਕਲਾਕਾਰ ਗਾਂਧਰਵ, ਨਟ, ਨਰਤਕ, ਲਾਸਗ, ਲੰਖ ਆਦਿ ਹੁੰਦੇ ਸੀ। ਡੋਮ ਜਾਤੀ

ਦੇ ਲੋਕ ਸੰਗੀਤ ਦੇ ਲਈ ਮਸ਼ਹੂਰ ਸੀ। ਹੋਲੀ ਆਦਿ ਤਿਉਹਾਰਾਂ ਦੇ ਮੌਕੇ 'ਤੇ ਗੀਤਕਾਰ ਅਤੇ ਨੱਚਣ ਵਾਲੇ ਟੋਲੀਆਂ ਬਣਾ ਕੇ ਨਗਰ ਵਿਚ ਘੁੰਮਿਆ ਕਰਦੇ ਸੀ। ਉਪਰੋਕਤ ਕਥਨ ਦੀ ਪੁਸ਼ਟੀ 'ਉਨਤਰਾਧਯਨ ਟੀਕਾ' ਤੋਂ ਹੁੰਦੀ ਹੈ। ਏਸੇ ਤਰ੍ਹਾਂ ਕਿਨਿਕ ਵਰਗ ਦੇ ਲੋਕੀ ਵਾਦਾਂ ਦੇ ਚਰਮ ਮਰਦੰਗੇ ਦਾ ਕੰਮ ਕਰਦੇ ਸੀ।

ਮੁਸਲਿਮ ਧਰਮ

ਇਸਲਾਮ ਧਰਮ ਵਿਚ ਸੂਫ਼ੀਆਂ ਦੀ ਨਜ਼ਰ ਤੋਂ ਪਰਮਾਤਮਾ ਦੇ ਪ੍ਰਤੀ ਪਿਆਰ ਈਸ਼ਵਰ ਪ੍ਰਾਪਤੀ ਦਾ ਸਾਧਨ ਸੀ ਅਤੇ ਗੁਰੂ ਦੇ ਦੱਸੇ ਹੋਏ ਰਸਤੇ ਦਾ ਪਾਲਣ ਕਰਨ ਨਾਲ ਉਨ੍ਹਾਂ ਦੀ ਨਜ਼ਰ 'ਚ ਈਸ਼ਵਰ ਨੂੰ ਪਾਉਣਾ ਆਸਾਨ ਹੈ। ਹਜ਼ਰਤ ਮੁਹੰਮਦ ਸਾਹਿਬ ਦੀਆਂ ਉਕਤੀਆਂ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਦੇਸ਼-ਵਿਦੇਸ਼ 'ਚ ਘੁੰਮ-ਘੁੰਮ ਕੇ ਸੁਣਾਉਣ ਵਾਲੇ ਮੁਸਲਮਾਨ ਮੁਹੰਮਦ ਸਾਹਿਬ ਦੇ ਚਰਿੱਤਰ ਦਾ ਧਿਆਨ ਅਤੇ ਕੀਰਤਨ ਹੀ ਪਰਮ ਕਰਤੱਵ ਮੰਨਦੇ ਸੀ।[19]

ਅਜਮੇਰ ਵਿਚ ਖਵਾਜਾ ਮੁਇਨੁੱਦੀਨ ਚਿਸ਼ਤੀ ਅਤੇ ਦਿੱਲੀ 'ਚ ਸ਼ੇਖ਼ ਨਿਜਾਮੁਦੀਨ ਚਿਸ਼ਤੀ ਦੀ ਦਰਗਾਹ 'ਚ ਕੱਵਾਲੀਆਂ ਬੋਲਣ ਵਾਲੇ ਗਾਉਂਦੇ ਵਜਾਉਂਦੇ ਹਨ, ਜਿਸ ਨੂੰ 'ਰੰਗ' ਕਿਹਾ ਜਾਂਦਾ ਹੈ। 'ਕੱਵਾਲ' ਰਾਗਾਂ 'ਚ ਹੁੰਦਾ ਹੈ ਅਤੇ ਇਸ ਨੂੰ ਵਿਲੰਬਿਤ ਸੁਰ 'ਚ ਗਾਉਂਦੇ ਹਨ। ਇਹ ਇਕ ਕੀਰਤਨ ਦੀ ਸ਼ੈਲੀ ਹੈ, ਜਿਸ ਨੂੰ ਵਾਦਨ ਦੇ ਨਾਲ ਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮੁਹੱਰਮ ਦੇ ਦਿਨਾਂ 'ਚ ਸ਼ੀਆ ਮੁਸਲਮਾਨ 'ਮਸ੍ਰਿਯੇ' ਅਤੇ 'ਸੋਜ' ਪੜ੍ਹਦੇ ਹਨ। ਸੋਜ ਰਾਗ-ਰਾਗਨੀਆਂ 'ਚ ਬੱਧ ਹੁੰਦੇ ਹਨ। ਸੋਜ-ਗੀਤਾਂ ਵਾਲਿਆਂ ਨੂੰ 'ਸੋਜਖਵਾਂ' ਕਹਿੰਦੇ ਹਨ। ਇਹ ਲੋਕੀ ਤਾਨਪੂਰੇ ਦੇ ਨਾਲ ਅਨੇਕਾਂ ਰਿਆਜ਼ ਕਰਦੇ ਹਨ।

ਚੰਗੇ ਖਿਆਲ ਗਾਇਕਾਂ ਨੂੰ ਵੀ 'ਸੋਜ' ਯਾਦ ਹੁੰਦੇ ਹਨ, ਮੁਹੱਰਮ ਦੇ ਦਿਨਾਂ ਵਿਚ ਭਾਵੇਂ ਮੁਸਲਮਾਨ ਕਲਾਕਾਰ ਗਾਉਂਦੇ-ਵਜਾਉਂਦੇ ਨਹੀਂ, ਫਿਰ ਵੀ 'ਸੋਜ' ਪੜ੍ਹਦੇ ਹਨ।

ਸ਼ੇਖ ਮੁਇਨੁੱਦੀਨ ਚਿਸ਼ਤੀ ਦੀ ਸੰਗੀਤ ਮਰਮ ਗਿਆਨ ਦੇ ਵਿਸ਼ੇ 'ਤੇ ਕੁਝ ਵੀ ਕਹਿਣਾ ਸੰਭਵ ਨਹੀਂ, ਪਰ ਉਸ ਦੀ ਸੇਵਾ ਵਿਚ ਇਸ ਤਰ੍ਹਾਂ ਦੇ ਕੱਵਾਲੀਏ ਸਨ ਜਿਹੜੇ ਹਿੰਦੀ ਵਿਚ ਸੂਫ਼ੀ ਵਿਚਾਰਧਾਰਾਵਾਂ ਨਾਲ ਸੰਬੰਧਿਤ ਗੀਤ ਗਾਉਂਦੇ ਸਨ।

ਕੱਵਾਲ ਲੋਕੀ ਦਰਗਾਹ 'ਚ ਆਪਣੇ ਗੀਤ 'ਰੰਗ' ਤੋਂ ਸ਼ੁਰੂ ਕਰਦੇ ਹਨ। ਰੰਗ 'ਚ ਅਕਸਰ ਪਰਮਾਤਮਾ ਦੀ ਉਸਤਤ ਦੇ ਨਾਲ ਨਾਲ ਔਲੀਆ ਦੀ ਸਿਫ਼ਤ ਕੀਤੀ ਜਾਂਦੀ ਹੈ। ਰੰਗ ਦੀ ਭਾਸ਼ਾ ਬੋਲਚਾਲ ਦੀ ਹੁੰਦੀ ਹੈ, ਜਿਸ ਵਿਚ ਉਰਦੂ ਰੂਪ ਅਵਰਾਧ ਭਾਸ਼ਾ ਦੇ ਸ਼ਬਦਾਂ ਦਾ ਸੁਮੇਲ ਹੁੰਦਾ ਹੈ। ਉਦਾਹਰਣ ਪੱਖੋਂ ਇਕ ਪ੍ਰਸਿੱਧ ਰਚਨਾ :

"ਅੱਜ ਰੰਗ ਹੈ ਏ ਮਾਂ ਰੰਗ ਜੀ ਅੱਜ ਰੰਗ ਹੈ"

ਗਾਉਂਦੇ ਹਨ ਅਤੇ ਵਿਚ ਵਿਚ ਮੁਇਨੁੱਦੀਨ ਚਿਸ਼ਤੀ ਨਿਜ਼ਾਮੁੱਦੀਨ ਔਲੀਆ

ਵਰਗਿਆਂ ਦੇ ਨਾਮ ਤੋਂ ਲੈ ਕੇ ਉਨ੍ਹਾਂ ਦੇ ਗੁਣਾਂ ਦੀ ਵਿਆਖਿਆ ਕਰਦੇ ਹਨ।

ਈਸਾਈ ਧਰਮ

ਬਾਈਬਲ ਤੋਂ ਜਾਣਕਾਰੀ ਮਿਲਦੀ ਹੈ ਕਿ ਜੈਨੇਸਿਸ ਦੇ ਮਤ ਅਨੁਸਾਰ ਸੇਥ (3664 ਈ. ਪੂ.) ਦੇ ਸਮੇਂ ਵਿਚ ਮਨੁੱਖ ਨੇ ਸਭ ਤੋਂ ਪਹਿਲਾਂ ਪਰਮਾਤਮਾ ਦੀ ਉਪਾਸਨਾ ਸ਼ੁਰੂ ਕੀਤੀ ਸੀ। ਮਾਟ੍ਰਿਨੀ ਦਾ ਕਹਿਣਾ ਹੈ ਕਿ ਉਸ ਵੇਲੇ ਤੋਂ ਹੀ ਈਸ਼ਵਰ ਦੀ ਪ੍ਰਾਰਥਨਾ 'ਚ ਸੰਗੀਤ ਪ੍ਰਯੋਗ ਹੋਣ ਲੱਗਾ।[20]

ਇੰਗਲੈਂਡ ਵਿਚ ਸੈਕਸਨ ਸੰਪ੍ਰਦਾਇ ਨੇ ਹਮਲਾ ਕੀਤਾ। ਉਸ ਵੇਲੇ ਹਾਰਪ ਦਾ ਵਿਕਾਸ ਹੋ ਚੁੱਕਿਆ ਸੀ। ਸੈਕਸਨ ਸੰਪ੍ਰਦਾਇ ਨੇ ਜਦੋਂ ਪੋਪ ਗ੍ਰੇਗਰੀ ਦੇ ਪ੍ਰਭਾਵ ਤੋਂ ਈਸਾਈ ਧਰਮ ਅਪਣਾਇਆ, ਉਦੋਂ ਤੋਂ ਚਰਚ, ਮੱਠ ਆਦਿ ਵਿਚ ਸੰਗੀਤ ਦੇ ਜ਼ਰੀਏ ਪੂਜਾ ਸ਼ੁਰੂ ਹੋਈ। ਪਾਦਰੀ ਡਾਨਸਟਨ ਨੇ ਚਰਚਾਂ ਵਿਚ ਆਰਗਨ ਦੇ ਨਾਲ ਬੇਨਤੀ ਸੰਗੀਤ ਦੀ ਸ਼ੁਰੂਆਤ ਕੀਤੀ। ਟਵੇਰਨਰ ਇਕ ਉੱਤਮ ਆਰਗਨ ਵਾਦਕ ਅਤੇ ਸੰਗੀਤ ਰਚੈਤਾ ਸੀ। ਉਹ ਆਕਸਫੋਰਡ ਦੇ ਕੋਆਰਡੀਅਲ ਕਾਲਜ ਵਿਚ ਨਿਯੁਕਤ ਸੀ। ਧਾਰਮਿਕ ਮਤਭੇਦਾਂ ਦੇ ਕਰਕੇ ਸੰਨ 1923 ਵਿਚ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਉਸ ਨੇ ਅਨੇਕਾਂ ਮਹੀਨੇ, ਮੋਟੇਟ ਆਦਿ ਦੀਆਂ ਰਚਨਾਵਾਂ ਕੀਤੀਆਂ। ਹੇਨਰੀ (ਛੇਵੇਂ) ਦੇ ਰਾਜ ਦੇ ਸਮੇਂ ਕਈ ਲੋਕ ਆਪਣੇ ਸ਼ਰਧਾਵਾਨ ਧਰਮ ਨੂੰ ਛੱਡ ਕੇ ਈਸਾਈ ਧਰਮ ਨੂੰ ਅਪਣਾਉਣ ਲੱਗੇ। ਉਸ ਤੋਂ 'ਨਵੇਂ' ਧਰਮ ਪ੍ਰਤਿਸ਼ਠਾਨਾਂ ਦੇ ਰੂਪ 'ਚ ਚਰਚਾਂ ਦੀ ਸਥਾਪਨਾ ਹੋਣ ਲੱਗੀ। ਉਸ ਵੇਲੇ ਰੋਮਨ ਪਲੇਨ ਸਾਂਗ ਦੀ ਥਾਂ 'ਤੇ ਕੋਰਲ ਗੀਤ ਦਾ ਜਨਮ ਹੋਇਆ।[21]

ਈਸਾਈ ਧਰਮ ਦੇ ਪ੍ਰਾਰਥਨਾ ਘਰਾਂ (ਚਰਚ) ਵਿਚ ਹਰ ਰੋਜ਼ ਈਸਾ ਮਸੀਹ ਨਾਲ ਸੰਬੰਧਿਤ ਪਦਾਂ ਦਾ ਗਾਇਣ ਸਮੂਹਿਕ ਰੂਪ ਵਿਚ ਹੁੰਦਾ ਹੈ। ਹਫ਼ਤੇ ਦੇ ਆਖ਼ਰੀ ਐਤਵਾਰ ਨੂੰ ਹਰ ਚਰਚ ਵਿਚ ਸਵੇਰੇ ਪ੍ਰਾਰਥਨਾ ਸਭਾਵਾਂ ਹੁੰਦੀਆਂ ਹਨ ਜਿਸ ਵਿਚ ਸਮੂਹਿਕ ਰੂਪ 'ਚ (ਇਸਤਰੀ ਪੁਰਸ਼) ਚੈਪਲ ਗਾਨ ਕਰਦੇ ਹਨ। ਰੋਗੀਆਂ ਨੂੰ ਨਿਰੋਗ, ਨਿਰਾਸ਼ ਹੋਏ ਲੋਕਾਂ ਨੂੰ ਆਸ਼ਾਵਾਦੀ, ਭੁੱਲੇ-ਭਟਕੇ ਲੋਕਾਂ ਨੂੰ ਚੰਗੇ ਮਾਰਗ ਪਾਉਣਾ ਆਦਿ ਸੰਬੰਧੀ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ।

ਸਿੱਖ ਧਰਮ

ਸਿੱਖ-ਮੱਤ ਦਾ ਭਗਤੀ ਸੰਗੀਤ, ਵਿਸ਼ੇਸ਼ ਕਰਕੇ ਉੱਤਰੀ ਭਾਰਤੀ ਸੰਗੀਤ ਸ਼ਾਸਤਰੀ ਸੰਗੀਤ 'ਤੇ ਹੀ ਆਧਾਰਿਤ ਹੈ ਪਰ ਫਿਰ ਵੀ ਕੀਰਤਨ ਦਰਬਾਰਾਂ ਵਿਚ ਅਕਸਰ ਵੱਖ-ਵੱਖ ਕੀਰਤਨ ਸ਼ੈਲੀਆਂ ਸੁਣਨ ਵਿਚ ਆਉਂਦੀਆਂ ਹਨ। ਪ੍ਰਮੁੱਖ ਰੂਪ 'ਚ ਪ੍ਰਚਲਿਤ ਗਾਇਨ ਸ਼ੈਲੀਆਂ ਦਾ ਵਰਗੀਕਰਨ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ :

1. ਸ਼ਾਸਤਰੀ ਸੰਗੀਤ 'ਤੇ ਆਧਾਰਿਤ

2. ਉਪ-ਸ਼ਾਸਤਰੀ ਸੰਗੀਤ 'ਤੇ ਆਧਾਰਿਤ

3. ਲੋਕ ਧੁਨਾਂ 'ਤੇ ਆਧਾਰਿਤ

ਇਥੇ ਇਨ੍ਹਾਂ ਤਿੰਨਾਂ ਸ਼ੈਲੀਆਂ ਦਾ ਸੰਖਪਿਤ ਬਿਉਰਾ ਬਿਆਨ ਹੈ।

1. ਸ਼ਾਸਤਰੀ ਸੰਗੀਤ 'ਤੇ ਆਧਾਰਿਤ

ਇਥੇ ਇਹ ਵਰਣਨਯੋਗ ਹੈ ਕਿ ਸ਼ੁਰੂ ਤੋਂ ਹੀ ਸਿੱਖ ਗੁਰੂਆਂ ਵਿਚ ਸੰਗੀਤ ਦੀ ਪਰੰਪਰਾ ਰਹੀ ਹੈ। ਵੱਖ-ਵੱਖ ਸਿੱਖ ਗੁਰੂਆਂ ਦੇ ਵੇਲੇ ਸਿੱਖ ਧਾਰਮਿਕ ਸੰਗੀਤ ਭਾਰਤੀ ਸੰਗੀਤ ਦੀ ਇਕ ਗਾਇਨ ਵਿੱਦਿਆ ਪਦ 'ਤੇ ਆਧਾਰਿਤ ਰਿਹਾ ਹੈ। ਉਨ੍ਹਾਂ ਦਿਨਾਂ 'ਚ ਧਰੁਪਦ ਗਾਇਨ ਸ਼ੈਲੀ ਬਹੁਤ ਪ੍ਰਸਿੱਧ ਸੀ। ਇਸ ਲਈ ਸਿੱਖ ਰਾਗੀ ਰਬਾਬੀਆਂ ਨੇ ਵੀ ਇਸ ਸ਼ੈਲੀ ਨੂੰ ਅਪਣਾਇਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਸੰਗੀਤ-ਰਚਨਾ ਵੀ ਇਨ੍ਹਾਂ ਧਰੁਪਦ ਸ਼ੈਲੀ ਵਿਚ ਕੀਤੀ। ਪਰ ਹੌਲੀ ਹੌਲੀ ਖਿਆਲ ਗਾਇਕੀ ਦਾ ਵਿਕਾਸ ਹੋਇਆ ਤੇ ਸਿੱਖ ਧਰਮ ਦੇ ਕੀਰਤਨਕਾਰਾਂ ਨੇ ਵੀ ਖਿਆਲ ਗਾਇਕੀ ਨੂੰ ਅਪਨਾ ਲਿਆ। ਰਾਗੀ ਆਪਣੀ ਇੱਛਾਨੁਸਾਰ ਸ਼ਬਦਾਂ ਨੂੰ ਧਰੁਪਦ ਅਤੇ ਖ਼ਿਆਲ ਸ਼ੈਲੀ 'ਤੇ ਗਾਉਣ ਵਾਸਤੇ ਸੁਤੰਤਰ ਹਨ।

ਆਮ ਤੌਰ 'ਤੇ ਅਸੀਂ ਗੁਰਦੁਆਰਿਆਂ ਵਿਚ ਵੇਖਦੇ ਹਾਂ ਕਿ ਸੰਗੀਤ ਵਿਚ ਕੁਸ਼ਲ ਰਾਗੀ ਪਹਿਲਾਂ 'ਨੋਮਤੋਮ' ਜਾਂ 'ਅਕਾਰ' ਵਿਚ ਰਾਗ ਦਾ ਅਲਾਪ ਕਰਦੇ ਹਨ। ਉਪਰੰਤ ਵਿਲੰਬਿਤ ਖਿਆਲ ਸ਼ੈਲੀ 'ਤੇ ਗਾਉਂਦੇ ਹੋਏ ਬੋਲ—ਅਲਾਪ, ਬੋਲ ਤਾਨ, ਗਮਕ, ਸਰਗਮ ਆਦਿ ਦਾ ਪ੍ਰਦਰਸ਼ਨ ਕਰਦੇ ਹਨ। ਇਸ ਤੋਂ ਬਾਅਦ ਉਸੇ ਸ਼ਬਦ ਜਾਂ ਕਿਸੇ ਦੂਜੇ ਸ਼ਬਦ ਨੂੰ ਦ੍ਰੁਤ ਲੈਅ ਵਿਚ ਗਾਉਂਦੇ ਹੋਏ ਛੋਟੇ ਖਿਆਲ ਦਾ ਰੂਪ ਸ੍ਰੋਤਿਆਂ ਦੇ ਸਾਹਮਣੇ ਰੱਖਦੇ ਹਨ ਜਿਸ ਵਿਚ ਉਹ ਕਈ ਪ੍ਰਕਾਰ ਦੀਆਂ ਤਾਨਾਂ ਅਤੇ ਪਲਟਾਂ ਦਾ ਪ੍ਰਯੋਗ ਕਰ ਕੇ ਆਪਣੇ ਦ੍ਰੁਤ ਲੈਅ ਦੇ ਸ਼ਬਦ ਨੂੰ ਸ਼ਿੰਗਾਰਦੇ ਹਨ। ਇਸੇ ਤਰ੍ਹਾਂ ਲੈਅਕਾਰੀ ਦੇ ਚਮਤਕਾਰ ਧਰੁਪਦ-ਧਮਾਰ ਸ਼ੈਲੀ ਵਿਚ ਸ਼ਬਦਾਂ ਨੂੰ ਗਾ ਕੇ ਪ੍ਰਦਰਸ਼ਿਤ ਕਰਦੇ ਹਨ। ਇਸ ਵਿਚ ਸ਼ਾਸਤਰੀ ਸੰਗੀਤ ਦੀ ਤਰ੍ਹਾਂ ਹੀ ਦੁਗੁਣ, ਚੌਗੁਣ, ਆਡ, ਬੁਆਡ ਸਮੂਹ ਪ੍ਰਕਾਰ ਦੀ ਲੈਅਕਾਰੀ ਦੁਆਰਾ ਆਪਣੀ ਨਿਪੁੰਨਤਾ ਦਾ ਪ੍ਰਦਰਸ਼ਨ ਕਰਨ ਵਿਚ ਰਾਗੀ ਸੁਤੰਤਰ ਹਨ।[22]

ਧਰੁਪਦ-ਧਮਾਰ ਅਤੇ ਖਿਆਲ ਸ਼ੈਲੀ 'ਤੇ ਆਧਾਰਿਤ ਕੀਰਤਨ ਨੂੰ ਸ਼ਬਦ ਰੀਤ ਕਿਹਾ ਜਾਂਦਾ ਹੈ ਜਿਸ ਨੂੰ ਸਿੱਖ ਭਗਤੀ ਸੰਗੀਤ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਰੀਤ ਦਾ ਅਰਥ ਬੰਦਸ਼ ਹੁੰਦਾ ਹੈ। ਰੀਤ ਵਿਚ ਰਾਗੀ ਜੱਥਾ ਅਨੇਕਾਂ ਰਾਗਾਂ ਅਤੇ ਤਾਲਾਂ ਦਾ ਪ੍ਰਯੋਗ ਕਰਦਾ ਹੈ। ਕਹਿਣ ਦਾ ਉਦੇਸ਼ ਇਹ ਹੈ ਕਿ ਇਕ ਹੀ ਰੀਤ ਦੀਆਂ ਵਿਭਿੰਨ ਕੜੀਆਂ ਨੂੰ ਵੱਖ-ਵੱਖ ਰਾਗਾਂ ਵਿਚ ਗਾਇਆ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਇਸੇ ਸ਼ਬਦ ਰੀਤ ਨੂੰ 'ਟਕਸਾਲੀ ਰੀਤ' ਦੇ ਰੂਪ ਵਿਚ ਜਾਣਿਆ ਜਾਂਦਾ ਸੀ। ਇਹ ਪਰੰਪਰਾਗਤ ਰੂਪ ਵਿਚ ਚੱਲੀ ਆ ਰਹੀ ਹੈ। ਇਹ ਸੂਲਫਾਕ, ਚੌਤਾਲ, ਧਮਾਰ, ਝਪਤਾਲ, ਝੂਮਰਾ, ਆਡਾਚੌਤਾਲ, ਚੰਚਲ (ਦੀਪਚੰਦੀ) ਆਦਿ ਤਾਲਾਂ ਵਿਚ ਬੱਧ ਹੁੰਦੀ ਹੈ।

ਇਸ ਕਿਰਿਆ ਨੂੰ 'ਗੁਲਦਸਤਾ' ਆਖਦੇ ਹਨ। ਆਮ ਤੌਰ 'ਤੇ ਇਸ ਨੂੰ ਰਾਗੀ ਕੀਰਤਨ ਦੀ ਸਮਾਪਤੀ ਸਮੇਂ ਪੇਸ਼ ਕਰਦੇ ਹਨ। ਇਸ ਨੂੰ ਕੋਈ ਆਮ ਰਾਗੀ ਜਾਂ ਕੀਰਤਨੀਆ ਪ੍ਰਦਰਸ਼ਿਤ ਨਹੀਂ ਕਰ ਸਕਦਾ ਹੈ। ਇਸ ਦਾ ਪ੍ਰਦਰਸ਼ਨ ਕਰਨ ਲਈ ਕੁਸ਼ਲ ਰਾਗੀ ਹੋਣਾ ਜ਼ਰੂਰੀ ਹੈ ਕਿਉਂਕਿ ਇਸ ਵਿਚ ਬਿਨਾਂ ਰੁਕੇ ਹੋਏ ਰਾਗਾਂ ਵਿਚ ਤਬਦੀਲੀ ਅਤੇ ਨਾਲੋ-ਨਾਲ ਤਾਲਾਂ ਵਿਚ ਤਬਦੀਲੀ ਕਰ ਦੇਣਾ ਇਕ ਕੁਸ਼ਲ ਅਤੇ ਉਚ-ਕੋਟੀ ਦੇ ਰਾਗੀ ਦੀ ਹੀ ਸਮਰੱਥਾ ਹੈ।

ਕੀਰਤਨ ਦੀ ਸਮਾਪਤੀ 'ਤੇ ਕਿਸੇ ਕਿਸੇ ਅਵਸਰ ਉੱਤੇ ਸਿੱਖ ਰਾਗੀ ਸ਼ਾਸਤਰੀ ਸੰਗੀਤ ਦੇ ਤਰਾਨੇ ਦੇ ਸਮਾਨ ਇਕ ਬੰਦਿਸ਼ ਦਾ ਗਾਇਨ ਵੀ ਕਰਦੇ ਹਨ। ਇਹ ਬੰਦਿਸ਼ਾਂ 'ਸੰਗੀਤਮਈ ਛੰਦ' ਦੇ ਨਾਂ ਤੋਂ 'ਦਸਮ ਗ੍ਰੰਥ' ਵਿਚ ਸ਼ਾਮਲ ਹਨ। ਇਸ ਵਿਚ ਗੰਭੀਰ ਨਾਦ ਉਤਪੰਨ ਕਰਨ ਵਾਲੇ ਸ਼ਬਦ ਹੁੰਦੇ ਹਨ ਜੋ ਨਗਾਰਿਆਂ ਦੇ ਬੋਲਾਂ ਨਾਲ ਮਿਲਦੇ ਜੁਲਦੇ ਹਨ।

ਕੀਰਤਨ ਦੀ ਇਕ ਹੋਰ ਸ਼ੈਲੀ 'ਪੜਤਾਲ' ਦੇ ਨਾਂ ਤੋਂ ਗੁਰਦੁਆਰਿਆਂ ਵਿਚ ਪ੍ਰਚਲਿਤ ਹੈ, ਜਿਸ ਵਿਚ ਰਾਗ ਤਾਂ ਉਹੀ ਰਹਿੰਦਾ ਹੈ, ਸਿਰਫ਼ ਉਸ ਦੀਆਂ ਤਾਲਾਂ ਤਬਦੀਲ ਹੋ ਜਾਂਦੀਆਂ ਹਨ। ਇਸ ਦਾ ਪ੍ਰਯੋਗ ਵੀ ਕੁਸ਼ਲ ਰਾਗੀਆਂ ਦੁਆਰਾ ਹੀ ਸੰਭਵ ਹੈ। ਗੁਰੂ ਗ੍ਰੰਥ ਸਾਹਿਬ ਵਿਚ 11 ਰਾਗਾਂ (ਕਾਨੜਾ, ਬਸੰਤ, ਰਾਮਕਲੀ, ਆਸਾ, ਦੇਵਗੰਧਾਰੀ, ਨਟ ਨਾਰਾਇਣ, ਭੈਰਉ, ਸਾਰੰਗ, ਪ੍ਰਭਾਤੀ, ਮਲਾਰ) ਵਿਚ ਪੜਤਾਲਾਂ ਉਪਲਬਧ ਹੁੰਦੀਆਂ ਹਨ।

ਇਥੇ ਇਹ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ ਸਿੱਖ ਗਾਇਕੀ ਦੀਆਂ ਉਹੀ ਵਿਸ਼ੇਸ਼ਤਾਈਆਂ ਹਨ ਜੋ ਪਟਿਆਲਾ ਘਰਾਣੇ ਵਿਚ ਪਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਅਵਾਜ਼ ਬਣਾਉਣ ਦੀ ਆਪਣੀ ਇਕ ਸੁਤੰਤਰ ਸ਼ੈਲੀ ਹੈ। ਖੁੱਲ੍ਹੀ ਅਵਾਜ਼ ਦਾ ਜ਼ੋਰਦਾਰ ਗਾਇਨ, ਚੰਗੀ ਤਰ੍ਹਾਂ ਸਜੀ ਹੋਈ ਗੀਤ ਦੀ ਛੋਟੀ ਬੰਦਿਸ਼, ਅਲਾਪ ਵਿਚ ਛੋਟੀਆਂ-ਛੋਟੀਆਂ, ਸ਼ਕਤੀਸ਼ਾਲੀ ਤਾਨਾਂ ਦਾ ਚਮਤਕਾਰ ਅਤੇ ਕਲਾ ਨੂੰ ਚਮਤਕਾਰੀ ਕਰਨ ਲਈ ਰਾਗ ਦੀ ਸ਼ੁੱਧਤਾ ਨੂੰ ਛੱਡ ਕੇ ਥੋੜ੍ਹੇ ਸਮੇਂ ਵਾਸਤੇ ਸਮ-ਪ੍ਰਕ੍ਰਿਤੀ ਰਾਗਾਂ ਨਾਲ ਸਮ ਅਤੇ ਵਿਖਮ ਰੂਪਾਂ ਵਿਚ ਲਗਾਉਂਦੇ ਹੋਏ ਦੁਬਾਰਾ ਫੇਰ ਰਾਗ ਵਿਚ ਵਾਪਸ ਆਉਂਦੇ ਹਨ ਜਿਸ ਤੋਂ ਪ੍ਰਭਾਵਿਤ ਹੋ ਕੇ ਸ੍ਰੋਤੇ ਮੁਗਧ ਹੋ ਉਠਦੇ ਹਨ। ਇਨ੍ਹਾਂ ਵਿਚ ਮੁਰਕੀਆਂ, ਸਪਾਟ ਤਾਨਾਂ ਅਤੇ ਗਮਕ ਦੀਆਂ ਤਾਨਾਂ ਦਾ ਇਕ ਖਾਸ ਢੰਗ ਹੁੰਦਾ ਹੈ।[23]

2. ਉਪ-ਸ਼ਾਸਤਰੀ ਸੰਗੀਤ 'ਤੇ ਆਧਾਰਿਤ

ਅਜਿਹਾ ਸੰਗੀਤ ਜੋ ਲੋਕਾਂ ਦੀ ਰੁਚੀ ਦੇ ਅਨੁਸਾਰ ਪੇਸ਼ ਕੀਤਾ ਜਾਵੇ ਉਸ ਨੂੰ ਉਪ-ਸ਼ਾਸਤਰੀ ਸੰਗੀਤ ਆਖਦੇ ਹਨ। ਆਮ ਤੌਰ 'ਤੇ ਕੀਰਤਨ ਸਤਿਸੰਗਾਂ ਵਿਚ ਵੀ ਰਾਗੀਆਂ ਨੂੰ ਲੋਕਾਂ ਦੀ ਪਸੰਦ ਦਾ ਧਿਆਨ ਰੱਖਣਾ ਪੈਂਦਾ ਹੈ। ਕਿਉਂਕਿ ਅਜਿਹਾ ਜ਼ਰੂਰੀ ਤੇ ਨਹੀਂ ਹੈ ਕਿ ਹਰੇਕ ਵਿਅਕਤੀ ਦੀ ਸਮਝ ਵਿਚ ਸ਼ਾਸਤਰੀ ਸੰਗੀਤ ਆ ਜਾਵੇ ਤਾਂ ਅਜਿਹੀ ਅਵਸਥਾ ਵਿਚ ਰਾਗੀਆਂ ਨੂੰ ਆਮ ਜਨਤਾ ਦੇ ਸੰਗੀਤ 'ਤੇ

ਤਿਆਰ ਕੀਤੀਆਂ ਧੁਨਾਂ ਦਾ ਪ੍ਰਯੋਗ ਕਰਦੇ ਹੋਏ ਸ਼ਬਦ ਗਾਉਣੇ ਪੈਂਦੇ ਹਨ। ਜਿਨ੍ਹਾਂ ਦੇ ਅਧੀਨ ਕੱਵਾਲੀ, ਗ਼ਜ਼ਲ, ਠੁਮਰੀ ਦੀਆਂ ਸ਼ੈਲੀਆਂ ਵਿਚ ਨਿਬੱਧ ਸ਼ਬਦਾਂ ਦਾ ਗਾਇਨ ਹੈ। ਇਨ੍ਹਾਂ ਗਾਇਨ-ਸ਼ੈਲੀਆਂ ਦੀਆਂ ਕਿਸਮਾਂ ਨੂੰ ਨਿਰਧਾਰਤ ਕਰ ਕੇ ਲੋਕ ਸਾਜ਼ਾਂ ਜਿਵੇਂ ਖੜਤਾਲ, ਢੋਲ, ਚਿਮਟੇ, ਮੰਜੀਰਾ, ਛੈਣਾ ਆਦਿ ਦੇ ਨਾਲ ਗਾਇਆ ਜਾਂਦਾ ਹੈ।

3. ਲੋਕ ਧੁਨਾਂ 'ਤੇ ਆਧਾਰਿਤ

ਲੋਕ ਧੁਨਾਂ 'ਤੇ ਆਧਾਰਿਤ ਇਕ ਹੋਰ ਕੀਰਤਨ ਸ਼ੈਲੀ ਨੂੰ 'ਵਾਰ' ਆਖਦੇ ਹਨ। ਇਹ ਇਕ ਪ੍ਰਸਿੱਧ ਅਤੇ ਲੋਕਪ੍ਰਿਅ ਗਾਇਨ ਸ਼ੈਲੀ ਹੈ। ਪੰਜਾਬੀ ਸਾਹਿਤ ਵਿਚ 'ਵਾਰ' ਉਸ ਕਵਿਤਾ ਨੂੰ ਆਖਦੇ ਹਨ ਜਿਸ ਵਿਚ ਕਿਸੇ ਯੋਧੇ ਦੁਆਰਾ ਜੰਗ ਦੇ ਮੈਦਾਨ ਵਿਚ ਦਿਖਾਈ ਗਈ ਸੂਰਬੀਰਤਾ ਦਾ ਵਰਣਨ ਹੋਵੇ। ਆਮ ਤੌਰ 'ਤੇ ਜੰਗ ਦੇ ਸਮੇਂ ਸੈਨਿਕਾਂ ਨੂੰ ਉਤਸ਼ਾਹਿਤ ਕਰਨ ਲਈ ਵੀਰਤਾ ਨਾਲ ਭਰੇ ਜੋ ਗੀਤ ਗਾਏ ਜਾਂਦੇ ਹਨ ਉਨ੍ਹਾਂ ਨੂੰ 'ਵਾਰ' ਆਖਦੇ ਹਨ। ਇਸ ਦੀ ਕਵਿਤਾ ਵਿਚ ਵੀਰ ਰਸ ਪ੍ਰਧਾਨ ਹੁੰਦਾ ਹੈ।

ਵਾਰਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਗੁਰੂ ਸਾਹਿਬਾਨ ਦੇ ਕਾਲ ਵਿਚ ਵੀ ਵਾਰ ਲੋਕ-ਕਾਵਿ ਦੇ ਰੂਪ ਵਿਚ ਪ੍ਰਚਲਿਤ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਅਨੇਕ ਥਾਵਾਂ 'ਤੇ ਵਾਰਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਵਾਰਾਂ ਪਰਮਾਤਮਾ ਦੀ ਉਸਤਤ ਲਈ ਗਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚ ਦੁਨਿਆਵੀ ਲੜਾਈ ਦਾ ਜ਼ਿਕਰ ਨਹੀਂ ਮਿਲਦਾ ਸਗੋਂ ਮਨੁੱਖ ਦੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੁਸ਼ਮਣਾਂ ਦੇ ਨਾਸ਼ ਕਰਨ ਦਾ ਜ਼ਿਕਰ ਆਉਂਦਾ ਹੈ। ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਗਤੀ ਭਾਵਨਾ ਦੇ ਲਈ ਪ੍ਰਚਲਿਤ ਰਾਗਾਂ ਦਾ ਪ੍ਰਯੋਗ ਕੀਤਾ। ਉਨ੍ਹਾਂ ਦੀ ਪਾਲਣਾ ਕਰਦੇ ਹੋਏ ਬਾਕੀ ਗੁਰੂ ਸਾਹਿਬਾਨ ਨੇ ਵੀ ਰਾਗਾਂ ਵਿਚ ਹੀ ਵਾਰਾਂ ਰਚੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚੀਆਂ ਵਾਰਾਂ ਵਿੱਚੋਂ ਕੁਝ ਵਾਰਾਂ ਨੂੰ ਉਨ੍ਹਾਂ ਦੇ ਉਪਰ ਲਿਖੇ ਧੁਨੀ ਸਿਰਲੇਖ ਦੇ ਅਨੁਸਾਰ ਗਾਉਣ ਦਾ ਹੁਕਮ ਹੈ। ਧੁਨੀ ਦਾ ਅਰਥ ਹੈ—ਗਾਉਣ ਦੀ ਧਾਰਨਾ ਜਾਂ ਗਾਉਣ ਦਾ ਢੰਗ। ਗੁਰਬਾਣੀ ਵਿਚ ਅੰਕਿਤ 22 ਵਾਰਾਂ ਵਿੱਚੋਂ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਧੁਨੀ ਸਿਰਲੇਖ ਪਾਏ ਜਾਂਦੇ ਹਨ। ਅਸਲ ਵਿਚ ਵਾਰਾਂ ਦੀਆਂ ਲੋਕ-ਧੁਨਾਂ ਗੁਰੂ ਕਾਲ ਵਿਚ ਬਹੁਤ ਪ੍ਰਚਲਿਤ ਅਤੇ ਪ੍ਰਸਿੱਧ ਸਨ। ਇਸ ਲਈ ਗੁਰੂਆਂ ਨੇ ਇਨ੍ਹਾਂ ਲੋਕ-ਧੁਨਾਂ ਦੇ ਆਰੰਭ ਸ਼ੁੱਧ ਵਾਰਾਂ 'ਤੇ ਲਿਖੇ, ਜਿਸ ਦਾ ਉਦੇਸ਼ ਇਹ ਹੈ ਕਿ ਵਾਰ ਉਸ ਦੇ ਉਪਰ ਲਿਖੀ ਹੋਈ ਧੁਨੀ ਦੇ ਅਨੁਸਾਰ ਹੀ ਹੈ। ਇਸ ਗੱਲ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਕਰਦੇ ਹਨ ਕਿ "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੌਂ ਵਾਰਾਂ ਅਜਿਹੀਆਂ ਚੁਣੀਆਂ ਜਿਨ੍ਹਾਂ ਨੂੰ ਗਾਉਣ ਦੀ ਧਾਰਨਾ ਪੁਰਾਣੇ ਯੋਧਿਆਂ ਦੀਆਂ ਵਾਰਾਂ ਦੇ ਅਨੁਸਾਰ ਰਬਾਬੀਆਂ ਨੂੰ ਦੱਸੀ।"

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਤੋਂ ਇਹ ਨੌਂ ਧੁਨਾਂ ਵੀਰ ਰਸ ਦੀ ਪਾਲਣਾ ਲਈ ਗਵਾਈਆਂ ਜੋ ਹੁਣ ਤਕ ਟਕਸਾਲੀ ਰਾਗੀ-ਰਬਾਬੀ ਗਾਉਂਦੇ ਹਨ।[24]

ਇਹ ਵਾਰਾਂ ਸਿੱਖ ਸਮਾਗਮਾਂ ਅਤੇ ਕੀਰਤਨ ਦਰਬਾਰਾਂ ਵਿਚ ਗਾਈਆਂ ਜਾਂਦੀਆਂ ਹਨ। ਵਾਰਾਂ ਨੂੰ ਗਾਉਣ ਵਾਲੇ ਨੂੰ 'ਢਾਡੀ' ਆਖਦੇ ਹਨ। ਇਹ ਵਾਰਾਂ ਲਈ ਢੱਡ ਅਤੇ ਸਾਰੰਗੀ ਦਾ ਪ੍ਰਯੋਗ ਕਰਦੇ ਹਨ। ਇਹ ਲੋਕੀ ਲੋਕ-ਧੁਨਾਂ ਵਿਚ ਸ਼ਬਦਾਂ ਨੂੰ, ਵਿਸ਼ੇਸ਼ ਕਰਕੇ ਵਾਰਾਂ ਗਾਉਂਦੇ ਹਨ। ਇਹ ਲੋਕ ਅਕਸਰ ਕਵਿਤਾਵਾਂ ਵੀ ਰਚਦੇ ਹਨ ਅਤੇ ਉਸ ਨੂੰ ਲੋਕ-ਧੁਨਾਂ ਵਿਚ ਪਰੋ ਕੇ ਸੁਣਦੇ ਹਨ। ਇਹ ਕਵਿਤਾਵਾਂ ਵਾਰਾਂ ਦੀ ਹੀ ਤਰ੍ਹਾਂ ਵੀਰ ਰਸ ਵਿਚ ਓਤ-ਪੋਤ ਹੁੰਦੀਆਂ ਹਨ ਅਤੇ ਮੁਖ ਉਤਸਵਾਂ ਜਿਵੇਂ ਗੁਰੂਆਂ ਦੇ ਸ਼ਹੀਦੀ ਦਿਵਸ, ਚਾਰਾਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਅਤੇ ਵੈਸਾਖੀ ਦੇ ਮੌਕੇ 'ਤੇ ਇਸਦਾ ਗਾਨ ਸੁਣਨ ਵਾਲਿਆਂ ਵਿਚ ਵੀਰ ਰਸ ਦਾ ਸੰਚਾਰ ਹੁੰਦਾ ਹੈ।[25]

ਇਨ੍ਹਾਂ ਵਾਰਾਂ ਨੂੰ ਗਾਉਣ ਵਾਲਿਆਂ ਵਿਚ ਮੁਸਲਮਾਨ, ਹਿੰਦੂ ਜਾਂ ਸਿੱਖ ਸਾਰੇ ਧਰਮਾਂ ਦੇ ਲੋਕ ਪਾਏ ਜਾਂਦੇ ਹਨ।

ਇਨ੍ਹਾਂ ਵਾਰਾਂ ਵਿਚ ਸਭ ਤੋਂ ਵੱਡੀ 'ਆਸਾ ਦੀ ਵਾਰ' ਹੈ, ਜਿਸਦਾ ਪ੍ਰਚਾਰ ਸਿੱਖ ਕੀਰਤਨ ਵਿਚ ਸਭ ਤੋਂ ਜ਼ਿਆਦਾ ਹੈ। ਸਿੱਖ ਧਰਮ ਵਿਚ ਕੀਰਤਨ ਦੀ ਸੁਰੂਆਤ 'ਆਸਾ ਦੀ ਵਾਰ' ਤੋਂ ਹੀ ਸ਼ੁਰੂ ਹੁੰਦੀ ਹੈ। ਰਾਗ ਆਸਾ ਤੜਕਸਾਰ ਦਾ ਰਾਗ ਹੋਣ ਕਰਕੇ ਇਸ ਦੀ ਵਾਣੀ ਦੇ ਮਿੱਠੇ ਬੋਲ ਸਿੱਧੇ ਮਨ 'ਤੇ ਅਸਰ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿੱਚੋਂ ਇਕ ਨੂੰ ਛੱਡ ਕੇ ਬਾਕੀ 21 ਵਾਰਾਂ ਗੁਰੂ ਸਾਹਿਬਾਨ ਨੇ ਰਚੀਆਂ ਹਨ।[26] ਇਨ੍ਹਾਂ ਵਿੱਚੋਂ ਇਕ ਵਾਰ ਜੋ ਰਾਗ ਰਾਮਕਲੀ ਵਿਚ ਹੈ, ਸਤਾ ਬਲਵੰਡ ਦੀ ਰਚਨਾ ਹੈ। ਇਹ ਉਸ ਵੇਲੇ ਦੇ ਪ੍ਰਸਿੱਧ ਟਕਸਾਲੀਏ ਰਬਾਬੀ ਸੀ। ਇਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦੇ ਰਹੇ। ਇਨ੍ਹਾਂ ਦੀ ਵਾਰ ਨੂੰ ਸਿੱਖਾਂ ਦੁਆਰਾ 'ਟਿੱਕੇ ਦੀ ਵਾਰ' ਤੋਂ ਵੀ ਜਾਣਿਆ ਜਾਂਦਾ ਹੈ। ਇਸਦੀ ਵਾਰ ਦੀ ਪਹਿਲੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਕੀਤਾ ਹੋਇਆ ਹੈ। ਪਹਿਲੀਆਂ ਚਾਰ ਪਉੜੀਆਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨਾਲ ਵੀ ਸੰਬੰਧਤ ਹਨ। ਇਹ ਚਾਰ ਗੁਰੂਆਂ ਦੀ ਗੱਦੀ ਸੰਭਾਲਣ ਵੇਲੇ ਰਬਾਬੀਆਂ ਦੁਆਰਾ ਗਾਈ ਜਾਂਦੀ ਸੀ। ਬਾਅਦ ਵਿਚ ਇਹ ਸਿੱਖ ਰਾਜ ਵਿਚ ਰਾਜਾਵਾਂ ਦੇ ਰਾਜ ਤਿਲਕ ਦੇ ਵੇਲੇ ਗਾਈ ਜਾਂਦੀ ਸੀ।

ਲੋਕ ਧੁਨਾਂ 'ਤੇ ਆਧਾਰਿਤ ਕੀਰਤਨ ਗਾਇਨ ਦਾ ਇਕ ਹੋਰ ਢੰਗ ਵੀ ਪ੍ਰਚਲਿਤ ਹੈ ਜਿਸ ਵਿਚ ਸੰਗਤ ਵੀ ਭਾਗ ਲੈਂਦੀ ਹੈ। ਇਸ ਤਰ੍ਹਾਂ ਦੇ ਕੀਰਤਨ ਨੂੰ 'ਜੋਟਿਆਂ ਦੇ ਸ਼ਬਦ' ਕਿਹਾ ਜਾਂਦਾ ਹੈ। ਇਹ ਪਰੰਪਰਾਗਤ ਰੂਪ ਵਿਚ ਲੋਕ ਸੰਗੀਤ ਅਤੇ ਪੁਰਾਤਨ ਧਾਰਨਾ (ਤਰਜ਼) 'ਤੇ ਆਧਾਰਿਤ ਹੁੰਦੀ ਹੈ ਅਤੇ ਸਦੀਆਂ ਤੋਂ ਇਸੀ ਰੂਪ ਵਿਚ ਚਲੀ ਆ ਰਹੀ ਹੈ। ਇਸ ਤਰ੍ਹਾਂ ਦਾ ਕੀਰਤਨ ਬਹੁਤ ਆਸਾਨ ਹੁੰਦਾ ਹੈ। ਹਰੇਕ ਸ਼ਬਦ ਤੋਂ ਪਹਿਲਾਂ ਸਥਾਈ ਹੁੰਦੀ ਹੈ ਜਿਸ ਵਿਚ ਰਾਗੀ ਖ਼ੁਦ ਗਾਉਂਦਾ ਹੈ। ਬਾਕੀ ਸਾਰੀ ਸੰਗਤ

ਰਲ ਕੇ ਉਸੇ ਤੁਕ ਨੂੰ ਦੁਹਰਾਉਂਦੀ ਹੈ। ਦੁਬਾਰਾ ਫਿਰ ਅਗਲੀ ਲਾਈਨ ਗਾਉਂਦਾ ਹੈ ਅਤੇ ਸੰਗਤ ਉਸਦੇ ਪਿੱਛੇ ਪਿੱਛੇ ਗਾਉਂਦੀ ਹੈ। ਇਸ ਕੀਰਤਨ ਸ਼ੈਲੀ ਵਿਚ ਖੜਤਾਲ, ਢੋਲਕ, ਚਿਮਟਾ, ਮੰਜੀਰਾ ਅਤੇ ਛੈਣੇ ਆਦਿ ਸਾਜ਼ਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਬਦਾਂ ਦਾ ਗਾਇਨ ਗੁਰਦੁਆਰਿਆਂ ਵਿਚ ਗੁਰੂਆਂ ਦੇ ਪੁਰਬਾਂ ਦੇ ਮੌਕੇ 'ਤੇ ਕੀਤਾ ਜਾਂਦਾ ਹੈ। ਸ਼ਹਿਰਾਂ ਵਿਚ ਵੱਡੇ ਵੱਡੇ ਨਗਰ ਕੀਰਤਨ ਅਤੇ ਪ੍ਰਭਾਤ ਫੇਰੀਆਂ ਦੇ ਮੌਕੇ 'ਤੇ ਇੰਝ ਕੀਰਤਨ ਹੁੰਦਾ ਹੈ। ਇਨ੍ਹਾਂ ਮੌਕਿਆਂ 'ਤੇ ਇਸ ਤਰ੍ਹਾਂ ਦਾ ਕੀਰਤਨ ਜਨ ਸਾਧਾਰਣ ਨੂੰ ਆਤਮਿਕ ਪ੍ਰਸੰਨਤਾ ਪ੍ਰਦਾਨ ਕਰਦਾ ਹੈ। ਇਥੇ ਰਾਗਾਂ 'ਤੇ ਆਧਾਰਿਤ ਕੀਰਤਨ ਨਹੀਂ ਹੁੰਦਾ।

ਇਸ ਪ੍ਰਕਾਰ ਦੇ ਸ਼ਬਦਾਂ ਦਾ ਗਾਇਨ ਔਰਤਾਂ ਵੀ ਕਰਦੀਆਂ ਹਨ। ਸਿੱਖ ਧਰਮ ਵਿਚ ਜਿਸ ਪ੍ਰਕਾਰ ਆਦਮੀ ਗਾਇਕ ਹੁੰਦੇ ਹਨ ਉਸੇ ਤਰ੍ਹਾਂ ਔਰਤਾਂ ਨੂੰ ਵੀ ਸ਼ਬਦ ਗਾਇਨ ਦੀ ਪੂਰੀ ਆਜ਼ਾਦੀ ਹੈ। ਇਹ ਇਕੱਠ ਰੂਪ ਵਿਚ ਕੀਰਤਨ ਗਾਇਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਤੇ ਕੀਰਤਨ ਵਿਚ ਭਾਗ ਲੈਂਦੀਆਂ ਹਨ। ਗੁਰਦੁਆਰਿਆਂ ਵਿਚ ਔਰਤਾਂ ਦੇ ਵਿਸ਼ੇਸ਼ ਦੀਵਾਨ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਸ ਨੂੰ ਔਰਤ ਸਤਿਸੰਗ ਕਿਹਾ ਜਾਂਦਾ ਸੀ। ਗੁਰਦੁਆਰਿਆਂ ਵਿਚ ਬਾਲ ਦੀਵਾਨ ਵੀ ਹੁੰਦੇ ਹਨ, ਜਿਨ੍ਹਾਂ ਵਿਚ ਛੋਟੇ ਛੋਟੇ ਬੱਚਿਆਂ ਨੂੰ ਕੀਰਤਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਿੱਖ ਸ਼ਬਦ ਕੀਰਤਨ ਸੰਗੀਤ ਦੀ ਰੁਚੀ ਰੱਖਣ ਵਾਲੇ ਪ੍ਰਸ਼ੰਸਕਾਂ ਦੀ ਰੁਚੀ ਨੂੰ ਸੰਤੁਸ਼ਟ ਕਰਦਾ ਹੈ। ਇਹ ਸ਼ਾਸਤਰੀ ਸੰਗੀਤ ਦੇ ਅਨੁਭਵੀ ਵਿਅਕਤੀ ਦੀਆਂ ਵੱਖ-ਵੱਖ ਰਾਗਾਂ ਅਤੇ ਪ੍ਰਚਲਨ ਵਿਚ ਆਏ ਹੋਏ ਤਾਲਾਂ ਵਿਚ ਨਿਬੰਧ ਸ਼ਬਦ ਰੀਤਾਂ ਦੇ ਜ਼ਰੀਏ ਅਨੰਦ ਪ੍ਰਦਾਨ ਕਰਦਾ ਹੈ। ਉਪ-ਸ਼ਾਸਤ੍ਰੀ ਸੰਗੀਤ ਵਿਚ ਰੁਝਾਨ ਰੱਖਣ ਵਾਲੇ ਪ੍ਰਸ਼ੰਸਕ ਲਈ ਕੱਵਾਲੀ, ਗ਼ਜ਼ਲ ਆਦਿ ਸ਼ੈਲੀਆਂ 'ਤੇ ਆਧਾਰਿਤ ਕੀਰਤਨ ਸੰਗੀਤ ਉਪਲਬਧ ਕਰਾਉਂਦੀ ਹੋਈ ਉਸਨੂੰ ਆਤਮ-ਵਿਭੋਰ ਕਰਦੀ ਹੈ। ਜੋ ਲੋਕੀਂ ਲੋਕ-ਧੁਨਾਂ ਵਿਚ ਕੀਰਤਨ ਸੁਣਨਾ ਚਾਹੁੰਦੇ ਹਨ, ਉਸਨੂੰ ਉਹ 'ਜੋਟਿਆਂ ਦੇ ਸ਼ਬਦ' ਆਦਿ ਸੁਣਾ ਕੇ ਸੰਤੁਸ਼ਟ ਕਰਦੇ ਹਨ। ਇਸ ਪ੍ਰਕਾਰ ਸਿੱਖ ਧਰਮ ਸੰਗੀਤ ਵਿਚ ਇਨ੍ਹਾਂ ਤਿੰਨਾਂ ਸ਼ੈਲੀਆਂ ਦੀ ਵਿਸ਼ੇਸ਼ ਥਾਂ ਹੈ।

ਹਵਾਲੇ ਤੇ ਟਿੱਪਣੀਆਂ

1. **ਮੱਧਯੁਗੀਨ ਵੈਸ਼ਨਵ ਸੰਪ੍ਰਦਾਉਂ ਮੇਂ ਸੰਗੀਤ**, ਕੁਮਾਰੀ ਰਾਕੇਸ਼ ਬਾਲਾ ਸਕਸੈਨਾ, ਪੰਨਾ 17.
2. **ਸੰਗੀਤ**, (ਭਗਤੀ ਸੰਗੀਤ ਅੰਕ) ਪਤ੍ਰਿਕਾ, ਜਨਵਰੀ 1970, ਪੰਨਾ 12.
3. **ਉਹੀ**, ਪੰਨਾ 12.
4. **ਉਹੀ**, ਪੰਨਾ 40.
5. **ਅਦੁੱਤੀ ਗੁਰਮਤਿ ਸੰਮੇਲਨ ਪਤ੍ਰਿਕਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 49.
6. **ਮੱਧਯੁਗੀਨ ਵੈਸ਼ਨਵ ਸੰਪ੍ਰਦਾਉਂ ਮੇਂ ਸੰਗੀਤ**, ਕੁਮਾਰੀ ਰਾਕੇਸ਼ ਬਾਲਾ ਸਕਸੈਨਾ, ਪੰਨਾ 59.

7. **ਵਿਸ਼ਵਸੰਗੀਤ ਦਾ ਇਤਿਹਾਸ**, ਅਮਲ ਕੁਮਾਰ ਸ਼ਰਮਾ, ਪੰਨਾ 268.
8. **ਖਿਆਲ ਸ਼ੈਲੀ ਕਾ ਵਿਕਾਸ**, ਡਾ. ਮਧੂਬਾਲਾ ਸਕਸੈਨਾ, ਪੰਨਾ 126.
9. **ਮੱਧਯੁਗੀਨ ਵੈਸ਼ਨਵ ਸੰਪ੍ਰਦਾਉਂ ਮੇਂ ਸੰਗੀਤ**, ਕੁਮਾਰੀ ਰਾਕੇਸ਼ ਬਾਲਾ ਸਕਸੈਨਾ, ਪੰਨਾ 132.
10. **ਆਦਰਸ਼ ਹਿੰਦੀ ਸੰਸਕ੍ਰਿਤੀ ਕੋਸ਼**, ਸ੍ਰੀ ਰਾਮ ਸਰੂਪ ਸ਼ਾਸਤਰੀ, ਪੰਨਾ 566.
11. **ਮੱਧਯੁਗੀਨ ਵੈਸ਼ਨਵ ਸੰਪ੍ਰਦਾਉਂ ਮੇਂ ਸੰਗੀਤ**, ਕੁਮਾਰੀ ਰਾਕੇਸ਼ ਬਾਲਾ ਸਕਸੈਨਾ, ਪੰਨਾ 213.
12. **ਉਹੀ**, ਪੰਨਾ 213-14.
13. **ਭਾਰਤੀ ਸੰਗੀਤ ਕਾ ਇਤਿਹਾਸ**, ਭਗਵਤ ਸ਼ਰਨ ਸ਼ਰਮਾ, ਪੰਨਾ 95.
14. **ਹਿੰਦੀ ਸਾਹਿਤਕ ਯੁਗ ਔਰ ਪ੍ਰਵਿਰਤੀਆਂ**, ਡਾ. ਸ਼ਿਵ ਕੁਮਾਰ ਸ਼ਰਮਾ.
15. **ਉਹੀ**, ਪੰਨਾ 306.
16. **ਵਿਸ਼ਵ ਸੰਗੀਤ ਕਾ ਇਤਿਹਾਸ**, ਅਮਰ ਕੁਮਾਰ ਦਾਸ ਸ਼ਰਮਾ, ਪੰਨਾ 133.
17. **ਉਹੀ**
18. **ਉਹੀ**, ਪੰਨਾ 137.
19. **ਮੁਸਲਮਾਨ ਔਰ ਭਾਰਤੀਆ ਸੰਗੀਤ**, ਆਚਾਰੀਆ ਬ੍ਰਹਮਪਤੀ, ਭੂਮਿਕਾ, ਪੰਨਾ 8.
20. **ਵਿਸ਼ਵ ਸੰਗੀਤ ਕਾ ਇਤਿਹਾਸ**, ਅਮਲ ਕੁਮਾਰ ਦਾਸ ਸ਼ਰਮਾ, ਪੰਨਾ 58.
21. **ਉਹੀ**, ਪੰਨਾ 221-22.
22. **ਸਿੱਖ ਗੁਰਦੁਆਰੋਂ ਕੇ ਹਰਿਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 52.
23. **ਉਹੀ**, ਪੰਨਾ 53.
24. ਭਾਈ ਕਾਨ੍ਹ ਸਿੰਘ ਨਾਭਾ, **ਮਹਾਨ ਕੋਸ਼**, ਪੰਨਾ 501.
25. **ਸਿੱਖ ਗੁਰਦੁਆਰੋਂ ਕੇ ਹਰਿਕੀਰਤਨ ਮੇਂ ਸਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 55.
26. ਸੱਤਾ ਬਲਵੰਡ ਨੇ ਇਕ ਵਾਰ, ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ, ਸ੍ਰੀ ਗੁਰੂ ਅਮਰਦਾਸ ਜੀ ਨੇ ਚਾਰ ਵਾਰਾਂ, ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਛੇ ਵਾਰਾਂ ਦੀ ਰਚਨਾ ਕੀਤੀ।

ਗੁਰਦੁਆਰਿਆਂ ਅਤੇ ਗੁਰੂ-ਦਰਬਾਰਾਂ ਦੀ ਕੀਰਤਨ ਦੀ ਪਰੰਪਰਾ ਨਾਲ ਸੰਬੰਧਿਤ ਸੰਗੀਤਕਾਰ ਅਤੇ ਉਨ੍ਹਾਂ ਦਾ ਯੋਗਦਾਨ

ਸਿੱਖ ਮੱਤ ਵਿਚ ਕੀਰਤਨ ਦੀ ਆਦਿ ਤੋਂ ਪਰੰਪਰਾ ਰਹੀ ਹੈ। ਅਕਸਰ ਸਾਰੇ ਗੁਰਦੁਆਰਿਆਂ ਵਿਚ ਹਰ ਰੋਜ਼ ਸਵੇਰੇ ਅਤੇ ਸ਼ਾਮੀਂ ਕੀਰਤਨ ਹੁੰਦਾ ਹੈ। ਕੀਰਤਨ ਦਾ ਕੰਮ ਵਿਵਸਾਈ ਸੰਗੀਤਕਾਰਾਂ ਦੁਆਰਾ ਕੀਤਾ ਜਾਂਦਾ ਸੀ। ਇਨ੍ਹਾਂ ਵਿਚ ਮਿਰਾਸੀ, ਭੱਟ ਅਤੇ ਕੀਰਤਨਕਾਰ ਪ੍ਰਮੁੱਖ ਹਨ। ਸਾਰੇ ਸੰਗੀਤਕਾਰਾਂ ਨੂੰ ਕੀਰਤਨ ਦੀ ਸਿੱਖਿਆ ਉਨ੍ਹਾਂ ਦੇ ਵੱਡਿਆਂ ਦੁਆਰਾ ਪ੍ਰਾਪਤ ਹੋਈ। ਇਥੇ ਇਹ ਵਰਨਣਯੋਗ ਹੈ ਕਿ ਇਸ ਤਰ੍ਹਾਂ ਦੇ ਘਰਾਣੇਦਾਰ ਸੰਗੀਤਕਾਰਾਂ ਨੇ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖਿਆ ਹੈ। ਗੇਯ ਪਦਾਂ ਨੂੰ ਰਾਗਾਨੁਕੂਲ ਰਾਗਾਂ ਵਿਚ ਬੰਨ੍ਹ ਕੇ ਗਾਉਣ 'ਚ ਇਹ ਸਾਰੇ ਮਾਹਿਰ ਸਨ। ਗੁਰੂ-ਦਰਬਾਰਾਂ ਵਿਚ ਦਰਜ ਪ੍ਰਚਲਿਤ ਰਚਨਾਵਾਂ-ਗੀਤਾਂ ਨੂੰ ਇਨ੍ਹਾਂ ਨੇ ਜੀਵਿਤ ਰੱਖਿਆ ਹੈ। ਜੇਕਰ ਇਹ ਕਿਹਾ ਜਾਵੇ ਕਿ ਕੀਰਤਨਕਾਰਾਂ ਨੇ ਜਾਂ ਸੰਗੀਤਕਾਰਾਂ ਨੇ ਸੰਗੀਤ ਨੂੰ ਸੰਭਾਲ ਕੇ ਅਤੇ ਸੰਜੋਅ ਕੇ ਰੱਖਿਆ ਹੈ ਤਾਂ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਇਸ ਅਧਿਆਇ ਵਿਚ ਇਨ੍ਹਾਂ ਸੰਗੀਤਕਾਰਾਂ ਦੇ ਸੰਬੰਧ ਵਿਚ ਮੁੱਖ ਰੂਪ ਵਿਚ ਚਰਚਾ ਕੀਤੀ ਗਈ ਹੈ :

1. ਮਿਰਾਸੀ ਪਰੰਪਰਾ ਅਤੇ ਉਸਦਾ ਯੋਗਦਾਨ;
2. ਭੱਟ ਪਰੰਪਰਾ ਅਤੇ ਉਸਦਾ ਯੋਗਦਾਨ;
3. ਗੁਰੂ ਸੁਰੱਖਿਆ ਵਿਚ ਰਹਿਣ ਵਾਲੇ ਕੀਰਤਨਕਾਰ ਅਤੇ ਉਸਦਾ ਯੋਗਦਾਨ।

1. ਮਿਰਾਸੀਆਂ ਦਾ ਯੋਗਦਾਨ

ਸਿੱਖ ਧਰਮ ਦੇ ਕੀਰਤਨਕਾਰਾਂ ਵਿਚ ਸਭ ਤੋਂ ਪਹਿਲਾਂ ਜਿਹੜੇ ਰਬਾਬੀਆਂ ਦਾ ਨਾਮ ਆਉਂਦਾ ਹੈ, ਇਹ ਮਿਰਾਸੀ ਜਾਤ ਨਾਲ ਸੰਬੰਧਿਤ ਹੁੰਦੇ ਸਨ। ਇਹ ਜਾਤੀ ਦੇ ਮੁਸਲਮਾਨ ਹੁੰਦੇ ਹਨ। ਜ਼ਿਆਦਾਤਰ ਇਹ ਰਾਜਸਥਾਨ ਵਿਚ ਪਾਏ ਜਾਂਦੇ ਸਨ। ਇਹ ਵੰਸ਼ਾਵਲੀ ਵੀ ਸੁਣਾਉਂਦੇ ਹਨ। ਇਹ ਗਾਣ-ਵਜਾਉਣ ਵਾਲੇ ਹੁੰਦੇ ਹਨ। ਇਹ ਖ਼ੁਦ ਵੀ ਗਾਉਂਦੇ ਹਨ ਅਤੇ ਆਪਣੀਆਂ ਔਰਤਾਂ ਨੂੰ ਵੀ ਨੱਚਣਾ-ਗਾਉਣਾ ਸਿਖਾਉਂਦੇ ਹਨ। ਕਿਹਾ ਜਾਂਦਾ ਹੈ ਕਿ ਬਹੁਤ ਸਾਰੇ ਹਿੰਦੂ ਆਪਣਾ ਧਰਮ ਬਦਲ ਕੇ ਅਤੇ

ਮੁਸਲਮਾਨ ਧਰਮ ਸਵੀਕਾਰ ਕਰ ਕੇ ਮਿਰਾਸੀ ਜਾਤ ਵਿਚ ਸ਼ਾਮਲ ਹੋ ਗਏ। ਮਿਰਾਸ ਸ਼ਬਦ ਅਰਬੀ ਦਾ ਦੱਸਿਆ ਜਾਂਦਾ ਹੈ। ਕੁਝ ਲੋਕ ਇਸਦੀ ਉਤਪਤੀ ਅਰਬ ਤੋਂ ਮੰਨਦੇ ਹਨ। ਇਹ ਕਵਿਤਾ ਵੀ ਕਰਦੇ ਹਨ। ਤਿਉਹਾਰਾਂ ਆਦਿ 'ਤੇ ਇਨ੍ਹਾਂ ਨੂੰ ਪੈਸਾ-ਧੇਲਾ ਵੀ ਪ੍ਰਾਪਤ ਹੁੰਦਾ ਹੈ।[1]

ਅਕਸਰ ਇਸਨੂੰ ਨੀਵੀਂ ਜਾਤ ਦਾ ਹੀ ਸਮਝਿਆ ਜਾਂਦਾ ਹੈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਮਿਰਾਸੀ ਜਾਤ ਨੂੰ ਸਮਾਜਿਕ ਪ੍ਰਤਿਸ਼ਠਾ ਪ੍ਰਦਾਨ ਕੀਤੀ। ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਨਾਮ ਦੇ ਮਿਰਾਸੀ ਨੂੰ ਆਪਣੇ ਨਾਲ ਲਿਆ ਅਤੇ ਉਸ ਦੇ ਨਾਮ ਦੇ ਅੱਗੇ ਸਨਮਾਨਸੂਚਕ 'ਭਾਈ' ਸ਼ਬਦ ਜੋੜ ਕੇ ਊਚ-ਨੀਚ ਅਤੇ ਜਾਤ-ਪਾਤ ਦਾ ਭੇਦਭਾਵ ਮਿਟਾ ਦਿੱਤਾ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਨੇ ਸੰਗੀਤ ਨੂੰ ਹੀ ਨਵਾਂ ਜੀਵਨ ਨਹੀਂ ਪ੍ਰਦਾਨ ਕੀਤਾ, ਬਲਕਿ ਸੰਗੀਤਕਾਰਾਂ ਨੂੰ ਵੀ ਸਮਾਜ ਵਿਚ ਆਦਰ ਦਾ ਸਥਾਨ ਪ੍ਰਦਾਨ ਕੀਤਾ।[2]

ਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਸੰਗੀਤ ਦੀ ਅਸਲ ਪਛਾਣ ਮਿਰਾਸੀ ਕਬੀਲੇ ਦੇ ਹੱਥਾਂ ਵਿਚ ਹੈ ਅਤੇ ਕੀਰਤਨ ਦੇ ਪ੍ਰਚਾਰ ਲਈ ਉਨ੍ਹਾਂ ਦਾ ਸਹਿਯੋਗ ਲੈਣਾ ਉਚਿਤ ਸਮਝਿਆ। ਇਸ ਲਈ ਭਾਈ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਦੇਸ਼ ਵਿਦੇਸ਼ ਦੇ ਦੌਰੇ 'ਤੇ ਨਿਕਲ ਪਏ। ਭਾਈ ਮਰਦਾਨਾ ਰਬਾਬ ਵਜਾਉਣ ਵਿਚ ਮਾਹਿਰ ਸੀ। ਰਬਾਬ ਦੀਆਂ ਸੁਰਾਂ 'ਤੇ ਗੁਰੂ ਜੀ ਅਤੇ ਭਾਈ ਮਰਦਾਨਾ ਹਰਿ-ਕੀਰਤਨ ਕਰਦੇ ਅਤੇ ਸੁਣਨ ਵਾਲਿਆਂ ਨੂੰ ਆਨੰਦਿਤ ਕਰ ਦਿੰਦੇ। ਰਾਗ ਅਤੇ ਲੈਅ ਬੱਧ ਇਹ ਕੀਰਤਨ ਜਲਦੀ ਹੀ ਲੋਕਾਂ ਵਿਚ ਮਸ਼ਹੂਰ ਹੋ ਗਿਆ ਅਤੇ ਇਸ ਤਰ੍ਹਾਂ ਰਾਗ ਸੰਗੀਤ ਸਮਾਜ ਵਿਚ ਪ੍ਰਤਿਸ਼ਠਾ ਪ੍ਰਾਪਤ ਕਰਨ ਲੱਗਾ। ਦੇਖਾ-ਦੇਖੀ ਹੋਰ ਮਿਰਾਸੀ ਵੀ ਕੀਰਤਨ ਗਾਇਨ ਕਰਨ ਲੱਗ ਪਏ। ਇਸ ਤਰ੍ਹਾਂ ਮੁਸਲਮਾਨ ਮਿਰਾਸੀ ਜਾਤ ਹਰਿ-ਕੀਰਤਨ ਦੁਆਰਾ ਸਾਰੇ ਸਮਾਜ ਵਿਚ ਮਸ਼ਹੂਰ ਹੋਈ।

ਭਾਈ ਮਰਦਾਨਾ ਗਾਇਕ ਹੋਣ ਦੇ ਨਾਲ ਨਾਲ ਰਬਾਬ ਵਾਦਕ ਵੀ ਸੀ ਅਤੇ ਗੁਰੂ ਜੀ ਦੇ ਕੀਰਤਨ ਦੇ ਨਾਲ ਉਨ੍ਹਾਂ ਦੇ ਰਬਾਬ ਦੀ ਤੰਤਰੀ ਝੰਕ੍ਰਤ ਹੁੰਦੀ ਰਹਿੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੇ ਗੁਣਾਂ ਨੂੰ ਵੇਖ ਕੇ ਇਨ੍ਹਾਂ ਨੂੰ ਭਾਈ ਫਿਰੰਦੇ ਦੇ ਕੋਲ ਭੇਜਿਆ। ਉਹ ਆਪਣੇ ਵੇਲੇ ਦਾ ਵੱਡਾ ਸੰਗੀਤਕਾਰ ਸੀ। ਉਸ ਨੇ ਗੁਰੂ ਜੀ ਨੂੰ ਇਕ ਰਬਾਬ ਭੇਂਟ ਕੀਤੀ ਜਿਸ ਨੂੰ ਭਾਈ ਮਰਦਾਨਾ ਹੀ ਵਜਾਇਆ ਕਰਦੇ ਸੀ। ਇਸ ਤਰ੍ਹਾਂ ਭਾਈ ਮਰਦਾਨਾ ਜੀ ਨੂੰ ਹੀ ਗੁਰੂ ਜੀ ਦਾ ਪਹਿਲਾ ਕੀਰਤਨੀਆ ਹੋਣ ਦਾ ਸਨਮਾਨ ਹਾਸਿਲ ਹੈ।

ਇਕ ਮਿਰਾਸੀ ਮੁਸਲਮਾਨ ਨੂੰ ਕੀਰਤਨ ਕਰਨ ਦੇ ਲਈ ਗੁਰੂ ਜੀ ਦੁਆਰਾ ਚੁਣੇ ਜਾਣ 'ਤੇ ਉਨ੍ਹਾਂ ਦੇ ਅਨੁਯਾਈਆਂ ਵਿੱਚੋਂ ਮਿਰਾਸੀਆਂ ਨੂੰ ਲੋਕਪ੍ਰਿਯਤਾ ਪ੍ਰਾਪਤ ਹੋਈ। ਗੁਰੂ ਜੀ ਤੋਂ ਬਾਅਦ ਗੱਦੀ 'ਤੇ ਬੈਠਣ ਵਾਲੇ ਹੋਰ ਗੁਰੂਆਂ ਨੇ ਕੀਰਤਨ ਦੇ ਲਈ ਮੁਸਲਮਾਨ ਮੱਤ ਦੇ ਮਿਰਾਸੀਆਂ ਨੂੰ ਕੀਰਤਨ ਕਰਨ ਦੇ ਲਈ ਨਿਯੁਕਤ ਕੀਤਾ। ਇਹ ਪਰੰਪਰਾਗਤ ਰੂਪ ਵਿਚ ਇਕ ਲੰਬੇ ਸਮੇਂ ਤਕ ਭਾਰਤ ਦੇ ਬਟਵਾਰੇ ਦੇ ਪੂਰਵ ਤਕ ਚਲਦੀ ਰਹੀ।

ਗੁਰੂ ਨਾਨਕ ਦੇਵ ਜੀ ਦੇ ਵਕਤ ਸਿਰਫ਼ ਭਾਈ ਮਰਦਾਨਾ ਹੀ ਰਬਾਬੀ ਨਹੀਂ ਸੀ, ਬਲਕਿ ਹੋਰ ਸਿੱਖ ਵੀ ਰਬਾਬ ਨਾਦ ਦੇ ਨਾਲ ਕੀਰਤਨ ਵਿਚ ਸੰਗਤ ਕਰਦੇ ਸੀ। ਭਾਈ ਮਰਦਾਨਾ ਦਾ ਪੁੱਤਰ ਸ਼ਹਜ਼ਾਦਾ ਵੀ ਰਬਾਬ ਵਜਾਉਣ ਵਿਚ ਬਹੁਤ ਨਿਪੁੰਨ ਸੀ। ਆਪਣੇ ਪਿਤਾ ਦੀ ਮੌਤ ਦੇ ਬਾਅਦ ਉਹੀ ਗੁਰੂ ਨਾਨਕ ਦੇਵ ਜੀ ਦੇ ਨਾਲ ਯਾਤਰਾ ਵਿਚ ਉਨ੍ਹਾਂ ਦੇ ਨਾਲ ਰਹਿੰਦਾ ਸੀ। ਇਸੇ ਸਮੇਂ ਸੱਤਾ ਅਤੇ ਬਲਵੰਡ ਨੇ ਵੀ ਨਿਪੁੰਨ ਸੰਗੀਤਕਾਰਾਂ ਦੇ ਰੂਪ ਵਿਚ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਇਹ ਦੋਵੇਂ ਪਿਤਾ ਪੁੱਤਰ ਸੀ ਅਤੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇਂਦੇ ਸਮੇਂ ਸੱਤਾ ਅਤੇ ਬਲਵੰਡ ਨੂੰ ਹਮੇਸ਼ਾ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਸੱਤਾ ਅਤੇ ਬਲਵੰਡ ਕੀਰਤਨਕਾਰ ਦੇ ਰੂਪ ਵਿਚ ਨਿਯੁਕਤ ਹੋਏ।

ਇਸ ਤੋਂ ਬਾਅਦ ਰਬਾਬੀਆਂ ਨੂੰ ਕੀਰਤਨਕਾਰ ਦੇ ਰੂਪ ਵਿਚ ਨਿਯੁਕਤ ਕਰਨ ਦੀ ਪ੍ਰਥਾ ਬਣ ਗਈ, ਜਿਹੜੀ ਕਿ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਚਲਦੀ ਰਹੀ। ਇਹ ਰਬਾਬੀ ਮੁਸਲਮਾਨ ਧਰਮ ਵਿਚ ਤਬਦੀਲ ਹੋ ਜਾਣ ਦੇ ਬਾਅਦ ਵੀ ਆਪਣੇ ਆਸ਼ਰਦਾਤਾਵਾਂ ਦੀ ਸੰਤੁਸ਼ਟੀ ਲਈ ਸਿੱਖਾਂ ਦੀ ਤਰ੍ਹਾਂ ਸਿਰ 'ਤੇ ਪੱਗੜੀ ਪਾਉਂਦੇ ਸੀ ਅਤੇ ਦਾੜ੍ਹੀ ਮੁੱਛ ਵੀ ਰੱਖਦੇ ਸੀ।

ਤੀਸਰੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭਾਈ ਪਾਂਧਾ ਅਤੇ ਬੂਲਾ (ਡਲਾ ਨਿਵਾਸੀ) ਬਹੁਤ ਸ਼ਰਧਾ ਨਾਲ ਕੀਰਤਨ ਕਰਦੇ ਸੀ, ਜਿਸਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਦੇ ਇਸ ਕਥਨ ਦੀ ਵਿਆਖਿਆ ਹੈ:

ਪਾਂਧਾ ਬੂਲਾ ਜਾਣੀਐ
ਗੁਰਬਾਣੀ ਗਾਇਣੁ ਲੇਖਾਰੀ॥
ਡਲੇ ਵਾਸੀ ਸੰਗਤਿ ਭਾਰੀ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਿਥੇ ਰਾਗ ਵਿਦਿਆ ਵਿਚ ਨਿਪੁੰਨ ਸਨ, ਉਥੇ ਗੁਰਬਾਣੀ ਦੇ ਰਸਿਕ ਕੀਰਤਨਕਾਰ ਵੀ ਸਨ। ਸਾਰੰਦਾ ਅਤੇ ਤਬਲਾ-ਜੋੜੀ ਦਾ ਆਰੰਭ ਵੀ ਏਸੇ ਕਾਲ ਵਿਚ ਹੋਇਆ, ਜੋ ਕਿ ਕੀਰਤਨ ਦੇ ਨਾਲ ਵਜਾਏ ਜਾਂਦੇ ਸੀ। ਅਨੇਕ ਰਾਗੀ ਜਥੇ ਵੀ ਇਸੇ ਸਮੇਂ ਕੀਰਤਨ ਕਰਨ ਲੱਗੇ ਸੀ। ਭਾਈ ਬਾਬਕ ਵੀ ਰਬਾਬ ਵਜਾਉਣ 'ਚ ਬਹੁਤ ਨਿਪੁੰਨ ਸੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ਼ੁਰੂ ਵਿਚ ਰਾਗ ਕਲਾ 'ਚ ਦਸ ਮਿਰਾਸੀਆਂ ਦੁਆਰਾ ਹੀ ਕੀਰਤਨ ਕਰਨ ਦੀ ਪ੍ਰਥਾ ਹੋਂਦ ਵਿਚ ਆਈ ਅਤੇ ਜਨ-ਸਾਧਾਰਨ ਲੋਕ ਆਤਮਿਕ ਪ੍ਰਸੰਨ ਹੋ ਕੇ ਇਸਦਾ ਸਰਵਣ ਕਰਦੇ ਸਨ। ਇਹ ਪ੍ਰਥਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਚਲਦੀ ਰਹੀ ਅਤੇ ਉਨ੍ਹਾਂ ਦੇ ਸਮੇਂ ਵਿਚ ਇਕ ਵਿਸ਼ੇਸ਼ ਘਟਨਾ ਘਟਣ ਦੇ ਫਲਸਰੂਪ ਮਿਰਾਸੀਆਂ ਦੇ ਹੱਥੋਂ ਉਹਨਾਂ ਦਾ ਕੀਰਤਨ ਕਰਨ ਦਾ ਏਕਾਧਿਕਾਰ ਖ਼ਤਮ ਹੋ ਗਿਆ ਅਤੇ ਗੁਰੂ ਦੇ ਹੁਕਮ ਅਨੁਸਾਰ ਗੁਰੂ ਦੇ ਚੇਲਿਆਂ ਨੂੰ ਕੀਰਤਨ ਕਰਨ ਦੇ ਆਦੇਸ਼ ਪ੍ਰਾਪਤ ਹੋਏ।

ਰਬਾਬੀ ਕੀਰਤਨਕਾਰਾਂ ਦੇ ਵੰਸ਼ ਵਿਚ ਅਨੇਕਾਂ ਸੁਪ੍ਰਸਿੱਧ ਸੰਗੀਤਕਾਰ ਹੋਏ,

ਜੋ ਕਿ ਧਰੁਵਪਦ, ਧਮਾਰ, ਖਿਆਲ, ਕੱਵਾਲੀ, ਗ਼ਜ਼ਲ ਆਦਿ ਗਾਉਣ 'ਚ ਬਹੁਤ ਨਿਪੁੰਨ ਸੀ। ਪ੍ਰਸਿੱਧ ਰਬਾਬੀ ਕੀਰਤਨਕਾਰਾਂ ਦੇ ਨਾਮ ਇਸ ਪ੍ਰਕਾਰ ਹਨ—ਭਾਈ ਮਰਦਾਨਾ, ਭਾਈ ਸ਼ਹਜ਼ਾਦਾ, ਭਾਈ ਸੱਤਾ ਅਤੇ ਭਾਈ ਬਲਵੰਡ, ਭਾਈ ਬੂਵਾ, ਭਾਈ ਚਾਂਦ, ਭਾਈ ਧੰਨਾ, ਭਾਈ ਖੇਰਾ, ਭਾਈ ਲਾਲ, ਭਾਈ ਮੋਤੀ, ਭਾਈ ਸਾਈਂ ਦਿੱਤਾ, ਭਾਈ ਸੁੰਦਰ, ਭਾਈ ਤਾਬਾ, ਭਾਈ ਦੇਸਾ, ਭਾਈ ਮੁਖਤਿਆਰ, ਭਾਈ ਅਰੂਢਾ ਅਤੇ ਭਾਈ ਬੂਢਾ ਆਦਿ।

ਭਾਈ ਮਰਦਾਨਾ

ਭਾਈ ਮਰਦਾਨਾ ਜੀ ਦਾ ਨਾਮ ਅੱਜ ਮਿਰਾਸੀ ਕੀਰਤਨਕਾਰਾਂ ਵਿਚ ਬਹੁਤ ਆਦਰ ਨਾਲ ਲਿਆ ਜਾਂਦਾ ਹੈ। ਭਾਈ ਮਰਦਾਨਾ ਰਬਾਬੀਆਂ ਵਿਚ ਪ੍ਰਮੁੱਖ ਹੈ। ਉਨ੍ਹਾਂ ਨੇ ਬਚਪਨ ਤੋਂ ਹੀ ਰਬਾਬ ਦੇ ਨਾਲ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦਾ ਭਗਤ ਅਤੇ ਸਹਿਯੋਗੀ ਬਣ ਕੇ ਉਨ੍ਹਾਂ ਦੇ ਨਾਲ ਭਜਨ ਕੀਰਤਨ ਵਿਚ ਸੰਗੀਤ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਜੀ ਜਿਥੇ ਕਿਤੇ ਵੀ ਯਾਤਰਾ ਲਈ ਜਾਂਦੇ, ਭਾਈ ਮਰਦਾਨਾ ਉਨ੍ਹਾਂ ਦੇ ਨਾਲ ਹੀ ਰਹਿੰਦਾ, ਇਥੋਂ ਤਕ ਕਿ ਜਦੋਂ ਗੁਰੂ ਜੀ ਅੰਤਰ-ਧਿਆਨ ਹੁੰਦੇ ਤਾਂ ਉਸ ਵੇਲੇ ਵੀ ਭਾਈ ਮਰਦਾਨਾ ਉਨ੍ਹਾਂ ਦੇ ਨਾਲ ਹੁੰਦੇ ਅਤੇ ਜਦੋਂ ਸਮਾਧੀ ਖੁੱਲ੍ਹਦੀ ਤਾਂ ਭਾਈ ਮਰਦਾਨੇ ਨੂੰ ਕਹਿੰਦੇ ਕਿ ਮਰਦਾਨਿਆ, ਰਬਾਬ ਛੇੜ ਧੁਰ ਦੀ ਬਾਣੀ ਆਈ ਹੈ। ਗੁਰੂ ਜੀ ਨੂੰ ਭਾਈ ਮਰਦਾਨਾ ਬਹੁਤ ਪਿਆਰਾ ਸੀ। ਉਹ ਉਨ੍ਹਾਂ ਦੀ ਹਰ ਇੱਛਾ ਅਤੇ ਜ਼ਰੂਰਤ ਦਾ ਖ਼ਿਆਲ ਰੱਖਦੇ।

ਪਹਿਲੀ ਉਦਾਸੀ ਤੋਂ ਬਾਅਦ ਗੁਰੂ ਜੀ ਨੇ ਕਰਤਾਰਪੁਰ ਨਗਰ ਵਸਾਇਆ ਅਤੇ ਉਸ ਨੂੰ ਆਪਣਾ ਸਥਾਈ ਰੈਣ-ਬਸੇਰਾ ਬਣਾਇਆ। ਜਦੋਂ ਗੁਰੂ ਜੀ ਨੇ ਦੂਸਰੀ ਅਤੇ ਤੀਸਰੀ ਵਾਰੀ ਸੰਨਿਆਸ ਧਾਰਨ ਕੀਤਾ ਤਾਂ ਉਹ ਭਾਈ ਮਰਦਾਨੇ ਨੂੰ ਕਰਤਾਰਪੁਰ 'ਚ ਹੀ ਛੱਡ ਗਏ। ਉਹ ਅਕਸਰ ਦੀਵਾਨ ਵਿਚ ਰਬਾਬ ਦੁਆਰਾ ਕੀਰਤਨ ਕਰਦੇ ਅਤੇ ਸੰਗਤ ਨੂੰ ਗੁਰੂ ਜੀ ਦੀ ਬਾਣੀ ਸੁਣਾਇਆ ਕਰਦੇ।[3]

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥

ਇਸ ਤਰ੍ਹਾਂ ਗੁਰੂ ਜੀ ਦੀ ਅਣਹੋਂਦ ਵਿਚ ਵੀ ਉਨ੍ਹਾਂ ਦੇ ਉਪਦੇਸ਼ ਜਨਤਾ ਤਕ ਪਹੁੰਚਾਉਣ ਦਾ ਕੰਮ ਭਾਈ ਮਰਦਾਨਾ ਜੀ ਦੁਆਰਾ ਹੁੰਦਾ ਰਹਿੰਦਾ। ਮਰਦਾਨੇ ਦੇ ਕੀਰਤਨ ਨੂੰ ਸੁਣ ਕੇ ਭਗਤ ਲੋਕੀ ਗੁਰੂ ਜੀ ਦੇ ਦਰਸ਼ਨਾਂ ਲਈ ਵਿਆਕੁਲ ਹੋ ਉਠਦੇ ਤਾਂ ਮਰਦਾਨੇ ਦੇ ਰਾਗ 'ਚ ਰਸੀ ਹੋਈ ਮਿੱਠੀ ਗੁਰੂ ਬਾਣੀ ਵਿਚ ਹੀ ਉਹ ਗੁਰੂ ਜੀ ਦੇ ਪ੍ਰਤੀਬਿੰਬ ਦਾ ਪ੍ਰਕਾਸ਼ ਦੇਖਦੇ ਅਤੇ ਆਪਣੀ ਅੰਦਰਲੀ ਆਤਮਾ ਵਿਚ ਉਸਦਾ ਮਾਰਗ-ਦਰਸ਼ਨ ਕਰਦੇ।

ਗੁਰੂ ਜੀ ਦੁਆਰਾ ਸਨਮਾਨਿਤ ਭਾਈ ਮਰਦਾਨਾ ਸਿੱਖ ਸਮਾਜ ਵਿਚ ਇਕ ਵਿਭੂਤੀ ਦੀ ਤਰ੍ਹਾਂ ਮੰਨੇ ਗਏ ਅਤੇ ਉਨ੍ਹਾਂ ਦੇ ਨਾਲ ਕਿਸੇ ਤਰ੍ਹਾਂ ਦਾ ਭੇਦਭਾਵ ਨਹੀਂ

ਕੀਤਾ ਗਿਆ। ਗੁਰੂ ਜੀ ਨੇ ਭਾਈ ਮਰਦਾਨੇ ਦੇ ਨਾਮ ਤਿੰਨ ਸਲੋਕ ਰਾਗ ਬਿਹਾਗੜਾ ਵਿਚ ਉਚਾਰੇ ਹਨ।[4]

ਚਾਰਾਂ ਉਦਾਸੀਆਂ ਦੀ ਸਮਾਪਤੀ 'ਤੇ ਭਾਈ ਮਰਦਾਨਾ ਗੁਰੂ ਜੀ ਦੇ ਨਾਲ ਕਰਤਾਰਪੁਰ ਵਿਚ ਹੀ ਰਹਿਣ ਲੱਗਾ। ਭਾਈ ਮਰਦਾਨੇ ਦੀ ਮੌਤ ਦੇ ਬਾਰੇ ਕੁਝ ਲੋਕਾਂ ਦਾ ਮੱਤ ਹੈ ਕਿ ਇਨ੍ਹਾਂ ਦਾ ਦੇਹਾਂਤ ਕਰਤਾਰਪੁਰ ਵਿਚ ਹੋਇਆ ਅਤੇ ਕੁਝ ਦਾ ਮੱਤ ਹੈ ਕਿ ਅਫ਼ਗਾਨਿਸਤਾਨ ਵਿਚ ਹੋਇਆ। ਦੋਵੇਂ ਹੀ ਮੱਤਾਂ ਦੇ ਅਨੁਸਾਰ ਗੁਰੂ ਜੀ ਨੇ ਖ਼ੁਦ ਭਾਈ ਮਰਦਾਨਾ ਜੀ ਦਾ ਦੇਹ ਸੰਸਕਾਰ ਸਿੱਖ ਰੀਤੀ ਦੇ ਅਨੁਸਾਰ ਆਪਣੇ ਹੱਥਾਂ ਨਾਲ ਕੀਤਾ।

ਸ਼ਹਜ਼ਾਦਾ

ਇਹ ਭਾਈ ਮਰਦਾਨਾ ਜੀ ਦਾ ਪੁੱਤਰ ਦੱਸਿਆ ਜਾਂਦਾ ਹੈ। ਇਹ ਵੀ ਇਕ ਕੁਸ਼ਲ ਰਬਾਬ ਵਾਦਕ ਸੀ ਅਤੇ ਪਿਤਾ ਦੀ ਮੌਤ ਤੋਂ ਬਾਅਦ ਗੁਰੂ ਜੀ ਨੇ ਉਸ ਨੂੰ ਆਪਣਾ ਰਬਾਬੀ ਬਣਾਇਆ। ਇਹ ਯਾਤਰਾਵਾਂ ਸਮੇਂ ਵੀ ਗੁਰੂ ਜੀ ਦੇ ਨਾਲ ਰਹਿੰਦਾ ਸੀ।[5] ਪੁਰਾਣੀਆਂ ਜਨਮ ਸਾਖੀਆਂ ਦੇ ਅਨੁਸਾਰ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਅੰਤਿਮ ਉਦਾਸੀ ਕੀਤੀ ਤਾਂ ਉਸ ਸਮੇਂ ਉਨ੍ਹਾਂ ਦੇ ਨਾਲ ਸ਼ਹਜ਼ਾਦਾ ਵੀ ਸੀ।

ਭਾਈ ਬਲਵੰਡ ਅਤੇ ਸੱਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਮ: ੩ ਵਿਚ ਇਕ ਵਾਰ ਹੈ, ਜਿਸਦਾ ਸਿਰਲੇਖ ਹੈ, "ਰਾਮਕਲੀ ਕੀ ਵਾਰ ਰਾਇ ਬਲਵੰਡ ਅਤੇ ਸਤੇ ਡੂਮ ਆਖੀ"।

ਇਹ ਰਾਏ ਬਲਵੰਡ ਅਤੇ ਸੱਤਾ ਕੌਣ ਸੀ ਅਤੇ ਕਦੋਂ ਹੋਏ ? ਇਸ ਵਿਸ਼ੇ 'ਤੇ ਮੱਤਭੇਦ ਹਨ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਪਿਤਾ-ਪੁੱਤ ਸੀ ਅਤੇ ਕੁਝ ਦਾ ਕਹਿਣਾ ਹੈ ਕਿ ਇਹ ਭਾਈ-ਭਾਈ ਸਨ। ਇਸ ਵਿਸ਼ੇ 'ਤੇ ਸਾਰੇ ਵਿਦਵਾਨ ਇਕ ਮੱਤ ਹਨ ਕਿ ਭਾਈ ਮਰਦਾਨੇ ਦੇ ਵੰਸ਼ ਵਿਚੋਂ ਸੀ ਅਤੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਹੁੰਦੇ ਸੀ।

ਭਾਈ ਮਰਦਾਨੇ ਦੀ ਮ੍ਰਿਤੂ ਦੇ ਬਾਅਦ ਗੁਰੂ ਨਾਨਕ ਦੇਵ ਜੀ ਨੇ ਬਲਵੰਡ ਨੂੰ ਪ੍ਰਮੁੱਖ ਕੀਰਤਨੀਕਾਰਾਂ ਵਿਚ ਸਥਾਨ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਭਾਈ ਬਲਵੰਡ ਨੂੰ ਵੀ ਉਨ੍ਹਾਂ ਦੇ ਨਾਲ ਖਡੂਰ ਸਾਹਿਬ ਜਾਣ ਦਾ ਅਤੇ ਸਮੇਂ ਸਮੇਂ 'ਤੇ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਬਲਵੰਡ ਗੁਰੂ ਜੀ ਦੇ ਨਾਲ ਖਡੂਰ ਸਾਹਿਬ ਆ ਗਏ। ਉਨ੍ਹਾਂ ਦਾ ਪੁੱਤਰ ਸੱਤਾ ਆਪਣੀ ਭੂਆ ਦੇ ਨਾਲ ਰਹਿੰਦਾ ਸੀ। ਉਹ ਵੀ ਇਕ ਕੁਸ਼ਲ ਰਬਾਬੀ ਸੀ ਅਤੇ ਬਚਪਨ ਤੋਂ ਹੀ ਕੀਰਤਨ ਕਰਨ ਲੱਗ ਗਿਆ ਸੀ।

ਇਥੇ ਭਾਈ ਬਲਵੰਡ ਅਤੇ ਭਾਈ ਸੱਤਾ ਨਿੱਤ ਗੁਰੂ ਜੀ ਦੇ ਦਰਬਾਰ ਵਿਚ ਸਵੇਰ ਸਮੇਂ 'ਆਸਾ ਦੀ ਵਾਰ' ਦਾ ਗਾਇਨ ਕਰਦੇ ਅਤੇ ਸ਼ਾਮ ਸਮੇਂ ਸੋਦਰ ਦਾ ਕੀਰਤਨ ਕਰਦੇ ਸਨ। ਇਹ ਕਾਰਜਕ੍ਰਮ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਚਲਦਾ

ਰਿਹਾ। ਇਕ ਵਾਰ ਭਾਈ ਬਲਵੰਡ ਅਤੇ ਭਾਈ ਸੱਤਾ ਕਿਸੇ ਕਾਰਨ ਗੁਰੂ ਅਰਜਨ ਦੇਵ ਜੀ ਤੋਂ ਨਾਰਾਜ਼ ਹੋ ਗਏ ਅਤੇ ਗੁਰੂ ਜੀ ਦੇ ਮਨਾਉਣ 'ਤੇ ਵੀ ਨਾ ਮੰਨੇ ਤਾਂ ਗੁਰੂ ਜੀ ਨੇ ਸਿੱਖ ਸੰਗਤ ਨੂੰ ਖ਼ੁਦ ਹੀ ਕੀਰਤਨ ਕਰਨ ਦਾ ਆਦੇਸ਼ ਦਿੱਤਾ ਅਤੇ ਉਸੇ ਦਿਨ ਤੋਂ ਸਿੱਖਾਂ ਨੇ ਖ਼ੁਦ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ।

ਆਮ ਤੌਰ 'ਤੇ ਕੀਰਤਨੀਏ ਕਵੀ ਨਹੀਂ ਹੋਏ। ਪ੍ਰੰਤੂ ਇਹ ਦੋਵੇਂ ਡੂੰਮ ਬੜੇ ਹੀ ਉੱਚ-ਕੋਟੀ ਦੇ ਕਵੀ ਪ੍ਰਤੀਤ ਹੋਏ ਹਨ। ਇਨ੍ਹਾਂ ਦੀ ਰਚਨਾ ਦਾ ਵਿਸ਼ਾ, ਸਰੂਪ ਅਤੇ ਸ਼ੈਲੀ ਭੱਟ ਰਚਨਾ ਦੇ ਨਾਲ ਮਿਲਦੇ ਹਨ। ਭੱਟਾਂ ਦੀ ਤਰ੍ਹਾਂ ਗੁਰੂ ਉਸਤਤ ਕਰਨ ਵਿਚ ਇਹ ਡੂੰਮ ਨਿਪੁੰਨ ਸਨ। ਗੁਰੂ ਇਤਿਹਾਸ ਦਾ ਇਨ੍ਹਾਂ ਨੂੰ ਪੂਰਨ ਗਿਆਨ ਸੀ।[7]

ਰਾਮਕਲੀ ਦੀ ਤੀਜੀ ਵਾਰ ਜੋ ਇਨ੍ਹਾਂ ਦੀ ਰਚਨਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਇਸ ਵਿਚ ਅੱਠ ਪਉੜੀਆਂ ਹਨ। ਵਿਦਵਾਨਾਂ ਦਾ ਵਿਚਾਰ ਹੈ ਕਿ ਇਨ੍ਹਾਂ ਅੱਠਾਂ ਪਉੜੀਆਂ ਵਿੱਚੋਂ ਸਿਰਫ਼ ਪੰਜ ਦੀ ਰਚਨਾ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਹੋਈ ਸੀ ਅਤੇ ਬਾਕੀ ਤਿੰਨ ਦੀ ਰਚਨਾ ਬਾਅਦ ਵਿਚ ਹੋਈ। ਇਹ ਵੀ ਕਿਹਾ ਜਾਂਦਾ ਹੈ ਕਿ ਪਹਿਲੀਆਂ ਪੰਜ ਭਾਈ ਬਲਵੰਡ ਦੀਆਂ ਅਤੇ ਅਖ਼ੀਰਲੀਆਂ ਤਿੰਨ ਭਾਈ ਸੱਤੇ ਦੀਆਂ ਪਉੜੀਆਂ ਹਨ। ਇਨ੍ਹਾਂ ਪਉੜੀਆਂ ਨੂੰ "ਟਿਕੇ ਦੀ ਵਾਰ" ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ। ਟਿਕੇ (ਟਿੱਕਾ) ਦਾ ਅਰਥ ਤਿਲਕ ਹੁੰਦਾ ਹੈ। ਇਨ੍ਹਾਂ ਪਉੜੀਆਂ ਦਾ ਗਾਇਣ ਗੁਰੂਆਂ ਦੀ ਗੱਦੀ 'ਤੇ ਬਿਠਾਉਣ ਦੇ ਮੌਕੇ 'ਤੇ ਹੁੰਦਾ ਸੀ, ਜਦੋਂ ਉਨ੍ਹਾਂ ਨੂੰ ਤਿਲਕ ਲਗਾਇਆ ਜਾਂਦਾ ਸੀ।

ਭਾਈ ਬਾਬਕ[8]

ਇਨ੍ਹਾਂ ਨੂੰ ਭਾਈ ਸੱਤੇ ਦਾ ਪੁੱਤਰ ਦੱਸਿਆ ਜਾਂਦਾ ਹੈ ਅਤੇ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੇ ਮਹਾਨ ਰਬਾਬੀਆਂ ਵਿਚ ਇਨ੍ਹਾਂ ਦੀ ਗਿਣਤੀ ਹੁੰਦੀ ਹੈ। ਆਪ ਇਕ ਕੁਸ਼ਲ ਰਬਾਬੀ ਸਨ ਅਤੇ ਰਾਗ ਵਿਦਿਆ ਵਿਚ ਅਤਿਅੰਤ ਨਿਪੁੰਨ ਸਨ। ਆਪ ਰਬਾਬ ਵਜਾ ਕੇ ਉਸ ਦੇ ਨਾਲ ਕੀਰਤਨ ਕਰਦੇ ਸਨ। ਇਨ੍ਹਾਂ ਉੱਤੇ ਗੁਰੂ ਜੀ ਦੀ ਅਪਾਰ ਕਿਰਪਾ ਸੀ ਅਤੇ ਆਪ ਗੁਰੂ ਜੀ ਦੇ ਭਗਤ ਸੇਵਕ ਸਨ। ਇਸ ਤੋਂ ਇਲਾਵਾ ਆਪ ਨੂੰ ਘੋੜਸਵਾਰੀ ਦਾ ਵੀ ਸ਼ੌਕ ਸੀ।

ਭਾਈ ਮੋਤੀ

ਪੰਜਾਬ ਦੇ ਸਰਬ-ਉੱਚ ਰਾਗੀਆਂ ਵਿਚ ਭਾਈ ਮੋਤੀ ਦਾ ਨਾਮ ਸਰਬ-ਸ੍ਰੇਸ਼ਟ ਸਥਾਨ ਰੱਖਦਾ ਹੈ। ਆਪ ਦਾ ਸੰਬੰਧ ਰਬਾਬੀ ਪਰੰਪਰਾ ਨਾਲ ਜੁੜਿਆ ਹੋਇਆ ਹੈ। ਆਪ ਉੱਚ-ਕੋਟੀ ਦੇ ਕਲਾਕਾਰ ਸਨ ਅਤੇ ਰਬਾਬ ਵਜਾ ਕੇ ਕੀਰਤਨ ਕਰਦੇ ਸਨ। ਪੁਰਾਣੀਆਂ ਬੰਦਿਸ਼ਾਂ ਨੂੰ ਆਪ ਕੁਸ਼ਲਤਾ ਪੂਰਵਕ ਗਾਉਂਦੇ ਸਨ। ਆਪ ਖਿਆਲ ਗਾਇਨ ਵਿਚ ਵੀ ਬਹੁਤ ਨਿਪੁੰਨ ਸਨ। ਸ਼ਾਇਦ ਕੱਵਾਲੀ ਅੰਗ ਨਾਲ ਕੀਰਤਨ ਕਰਨਾ ਆਪ ਨੇ ਹੀ ਸ਼ੁਰੂ ਕੀਤਾ। ਇਹ ਗਾਇਕੀ ਇਨ੍ਹਾਂ ਨੇ ਅੰਮ੍ਰਿਤਸਰ ਦੇ ਮੀਆਂ ਅੱਲ੍ਹਾ ਦੀਆਂ ਮਿਹਰਬਾਨਾ (ਪਟਿਆਲਾ) ਘਰਾਣੇ ਦੇ ਫਤਹਿ ਅਲੀ ਖ਼ਾਂ ਦੇ ਚੇਲੇ ਤੋਂ ਹਾਸਲ

ਕੀਤੀ ਸੀ। ਭਾਈ ਮੋਤੀ ਗ਼ਜ਼ਲ, ਕੱਵਾਲੀ ਅਤੇ ਪੰਜਾਬੀ ਗੀਤ ਵੀ ਬੜੇ ਖ਼ੂਬਸੂਰਤ ਢੰਗ ਨਾਲ ਗਾਉਂਦੇ ਸਨ। ਖ਼ਿਆਲ, ਗੀਤ, ਗ਼ਜ਼ਲ ਅਤੇ ਕੱਵਾਲੀ ਆਦਿ ਸਮੂਹ ਵਿਚ ਨਿਪੁੰਨ ਹੋਣ ਦੇ ਕਾਰਨ ਇਨ੍ਹਾਂ ਨੂੰ 'ਹਰਫਨਮੌਲਾ' ਕਿਹਾ ਜਾਂਦਾ ਸੀ।

ਭਾਈ ਸਾਈਂ ਦਿੱਤਾ

ਆਪ ਜੀ ਰਾਗ ਵਿੱਦਿਆ ਦੇ ਜਾਣਕਾਰ ਸਨ ਅਤੇ ਗੁਰਬਾਣੀ ਦੇ ਪ੍ਰਤੀ ਆਪ ਜੀ ਦੀ ਅੰਦਰੂਨੀ ਸ਼ਰਧਾ ਸੀ। ਆਪਣੇ ਜੀਵਨ ਕਾਲ ਵਿਚ ਆਪ ਨੇ ਗੁਰਬਾਣੀ ਤੋਂ ਇਲਾਵਾ ਹੋਰ ਕੁਝ ਨਹੀਂ ਗਾਇਆ। ਆਪ ਆਮ ਤੌਰ 'ਤੇ ਗ਼ਜ਼ਲ ਨੂੰ ਸ਼ਬਦ ਦਾ ਰੂਪ ਦੇ ਕੇ ਅਤੇ ਸ਼ਬਦਾਂ ਨੂੰ ਵੀ ਗ਼ਜ਼ਲ ਦੇ ਢੰਗ ਨਾਲ ਗਾਉਂਦੇ ਸਨ।[੭]

ਆਪ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਵਿਚ ਸੰਗੀਤ ਸਿਖਿਅਕ ਦੇ ਰੂਪ ਵਿਚ ਸੰਗੀਤ ਦੀ ਸਿੱਖਿਆ ਪ੍ਰਦਾਨ ਕਰਦੇ ਰਹੇ। ਆਪ ਜੀ ਤੋਂ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਵਿਚ ਭਾਈ ਸੰਤਾ, ਭਾਈ ਸੁਰਜਨ ਸਿੰਘ ਅਤੇ ਭਾਈ ਦਰਸ਼ਨ ਸਿੰਘ ਕੋਮਲ ਪ੍ਰਸਿੱਧ ਹਨ। ਇਹ ਸਾਰੇ ਕੀਰਤਨ ਤਕ ਹੀ ਸੀਮਤ ਰਹੇ। ਆਪ ਤਬਲਾ ਵਾਦਨ 'ਚ ਵੀ ਕੁਸ਼ਲ ਸਨ। ਆਪ ਦੇ ਤਬਲੇ ਦੇ ਵੀ ਅਨੇਕਾਂ ਚੇਲੇ ਹੋਏ, ਜਿਨ੍ਹਾਂ ਵਿੱਚੋਂ ਭਾਈ ਕੇਸਰ ਦਿਆਲ ਸਿੰਘ ਦਾ ਨਾਮ ਲਿਆ ਜਾ ਸਕਦਾ ਹੈ। ਆਪ ਜੀਵਨ ਭਰ ਸ੍ਰੀ ਦਰਬਾਰ ਸਾਹਿਬ ਵਿਚ ਹਜ਼ੂਰੀ ਰਾਗੀ ਰਹੇ।

ਭਾਈ ਸੁੰਦਰ ਸਿੰਘ

ਭਾਈ ਸੁੰਦਰ ਸਿੰਘ ਅੰਮ੍ਰਿਤਸਰ ਵਾਲੇ, ਭਾਈ ਉਤਮ ਸਿੰਘ ਜੀ ਦੇ ਸੁਯੋਗ ਚੇਲੇ ਆਪਣੇ ਸਮੇਂ ਦੇ ਪ੍ਰਮੁੱਖ ਵਿਦਵਾਨ ਅਤੇ ਰਾਗੀ ਸਨ। ਆਪ ਵੀ ਮਿਰਾਸੀ ਸੰਪ੍ਰਦਾਇ ਨਾਲ ਸੰਬੰਧਤ ਸਨ। ਆਪ ਕੀਰਤਨ ਦੇ ਨਾਲ ਨਾਲ ਕਥਾ ਵਾਚਨ ਵਿਚ ਵੀ ਅਤਿਅੰਤ ਨਿਪੁੰਨ ਸਨ। ਗੁਰਬਾਣੀ ਦੇ ਅਨੇਕ ਪਦ ਆਪ ਜੀ ਨੂੰ ਜ਼ਬਾਨੀ ਯਾਦ ਸਨ। ਆਪ ਜੀ ਦਾ ਕੀਰਤਨ ਇੰਨਾ ਮਿੱਠਾ ਹੁੰਦਾ ਸੀ ਕਿ ਸੰਗਤ ਆਪਣੀ ਸੁੱਧ ਬੁੱਧ ਗੁਆ ਬੈਠਦੀ ਸੀ। ਆਪ ਖ਼ਿਆਲ ਵੀ ਚੰਗੇ ਗਾਉਂਦੇ ਸਨ। ਜ਼ਿਲ੍ਹਾ ਗੁਜਰਾਤ ਵਿਚ ਗੁਰਦੁਆਰਾ ਸਤਿਆਗ੍ਰਹਿ ਵਿਚ ਭਾਗ ਲੈਂਦੇ ਸਮੇਂ ਉੱਤਰੀ ਮੁਸਲਮਾਨਾਂ ਨੇ ਉਨ੍ਹਾਂ ਨੂੰ ਮਾਰ ਦਿੱਤਾ।

ਭਾਈ ਚਾਂਦ

ਭਾਈ ਚਾਂਦ ਵੀ ਭਾਈ ਮਰਦਾਨਾ ਦੇ ਵੰਸ਼ ਵਿਚੋਂ ਸਨ ਅਤੇ ਰਾਗ ਵਿੱਦਿਆ ਵਿਚ ਨਿਪੁੰਨ ਸਨ। ਸੰਗੀਤ ਦੇ ਪ੍ਰਤੀ ਆਪਣੇ ਅਤਿਅੰਤ ਪ੍ਰੇਮ ਦੇ ਕਾਰਨ ਆਪ ਨੇ ਭਾਈ ਸਾਈਂ ਦਿੱਤਾ ਤੇ ਭਾਈ ਸੰਤੂ ਪਾਸੋਂ ਤਬਲਾ ਵਾਦਨ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਨੇ ਸ਼ਬਦ ਕੀਰਤਨ ਅਤੇ ਗੁਰਬਾਣੀ ਦਾ ਧਾਰਮਿਕ ਰੀਤੀ-ਰਿਵਾਜਾਂ ਦੇ ਨਾਲ ਧਰੁਪਦ ਗਾਇਕੀ ਦੇ ਆਧਾਰ 'ਤੇ ਗਾਇਣ ਕੀਤਾ। ਆਪ ਜੀ ਨੂੰ ਸੰਪੂਰਨ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਯਾਦ ਸੀ ਅਤੇ ਇਕ ਇਕ ਸ਼ਬਦ ਦੇ ਭਾਵ ਨੂੰ ਸਮਝਾਉਣ ਲਈ ਮਿਲਦੇ ਜੁਲਦੇ ਅਨੇਕਾਂ ਸ਼ਬਦ ਗਾ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੰਦੇ ਸਨ।

ਅੱਜ ਵੀ ਸਿੱਖ ਸੰਪ੍ਰਦਾਇ ਵਿਚ ਆਪ ਨੂੰ ਇਸ ਵਿਸ਼ੇਸ਼ਤਾ ਦੇ ਕਾਰਨ ਯਾਦ ਕੀਤਾ ਜਾਂਦਾ ਹੈ। ਆਪ ਕੱਵਾਲੀ ਸ਼ੈਲੀ ਦੇ ਆਧਾਰ 'ਤੇ ਵੀ ਕੀਰਤਨ ਕਰਦੇ ਸਨ। ਭਾਈ ਚਾਂਦ ਦੇ ਚੇਲਿਆਂ ਵਿੱਚੋਂ ਭਾਈ ਗੁਰਮੁਖ ਸਿੰਘ ਅੰਮ੍ਰਿਤਸਰੀ ਅਤੇ ਭਾਈ ਹਰਸ਼ਾ ਸਿੰਘ ਬਹੁਤ ਨਿਪੁੰਨ ਧਰੁਪਦਕਾਰ ਸਨ ਅਤੇ ਉਨ੍ਹਾਂ ਨੇ ਵੀ ਧਰੁਪਦ ਅਤੇ ਕੀਰਤਨ ਦੀ ਸਿੱਖਿਆ ਪ੍ਰਦਾਨ ਕੀਤੀ। ਇਹੀ ਕਾਰਨ ਹੈ ਕਿ ਅੱਜ ਵੀ ਸਿੱਖ ਸੰਗੀਤਕਾਰ ਕੀਰਤਨੀਆਂ ਦੇ ਪਾਸ ਅਨੇਕਾਂ ਤਾਲਾਂ ਵਿਚ ਨਿਬੱਧ ਧਰੁਪਦ ਗਾਇਕੀ ਦੀਆਂ ਉਚ-ਕੋਟੀ ਦੀਆਂ ਰਚਨਾਵਾਂ ਮੌਜੂਦ ਹਨ।

ਆਪ ਨੇ ਆਪਣੇ ਜੀਵਨ ਦਾ ਜ਼ਿਆਦਾਤਰ ਹਿੱਸਾ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕਰ ਕੇ ਹੀ ਬਤੀਤ ਕੀਤਾ। ਪਾਕਿਸਤਾਨ ਬਣਨ 'ਤੇ ਆਪ ਉਥੇ ਚਲੇ ਗਏ ਅਤੇ ਉਥੇ ਹੀ ਆਪ ਜੀ ਦੀ ਮ੍ਰਿਤੂ ਹੋ ਗਈ ਸੀ।

ਭਾਈ ਲਾਲ ਅੰਮ੍ਰਿਤਸਰੀ

ਆਪ ਦਾ ਜਨਮ 1892 ਈ: ਵਿਚ ਜੰਡਿਆਲੇ ਵਿਚ ਹੋਇਆ ਸੀ। ਆਪ ਦੇ ਪਿਤਾ ਮੀਆਂ ਬੰਨੇ ਖ਼ਾਂ ਗਵਾਲੀਅਰ ਦੇ ਮੀਆਂ ਹਰਦ ਖ਼ਾਂ ਦੇ ਚੇਲੇ ਸਨ। ਭਾਰਤ ਦੇ ਬੇਮਿਸਾਲ ਗਾਇਕ ਸਵਰਗਵਾਸੀ ਪੰਡਿਤ ਭਾਸਕਰ ਰਾਓ ਬਾਵਲੇ ਦੀ ਗਾਇਕੀ ਦਾ ਅੰਸ਼ ਵੀ ਭਾਈ ਲਾਲ ਸਿੰਘ ਦੀ ਗਾਇਕੀ ਵਿਚ ਸੀ। ਸ਼ੁਰੂ ਵਿਚ ਆਪ ਧਰੁਪਦ ਸ਼ੈਲੀ ਵਿਚ ਕੀਰਤਨ ਕਰਦੇ ਸਨ। ਕੀਰਤਨ ਤੋਂ ਇਲਾਵਾ ਸ਼ਾਸਤਰੀ ਸੰਗੀਤ ਦਾ ਵੀ ਆਪ ਗਾਇਨ ਕਰਦੇ ਸਨ। ਸ਼ਾਸਤਰੀ ਸੰਗੀਤ ਅਤੇ ਕੀਰਤਨ ਤੋਂ ਇਲਾਵਾ ਗ਼ਜ਼ਲ ਅਤੇ ਕੱਵਾਲੀ ਆਦਿ ਸ਼ੈਲੀਆਂ ਦੇ ਗਾਇਨ ਵਿਚ ਆਪ ਨਿਪੁੰਨ ਸਨ। ਆਪ ਨੇ ਅਨੇਕਾਂ ਰਾਜਿਆਂ ਮਹਾਰਾਜਿਆਂ ਆਦਿ ਦੀ ਨਵੀਂ ਫ਼ਿਲਮ ਵਿਚ ਅਨੇਕਾਂ ਉਪਾਧੀਆਂ ਪ੍ਰਾਪਤ ਕੀਤੀਆਂ। ਆਪ ਦੇ ਚੇਲਿਆਂ ਵਿਚ ਬਰਕਤ ਅਲੀ ਨੇ ਚੰਗਾ ਸਨਮਾਨ ਪ੍ਰਾਪਤ ਕੀਤਾ। ਆਪ ਨੂੰ 'ਫ਼ਖ਼ਰ-ਏ-ਪੰਜਾਬ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਆਪ ਦਿਲਰੁਬਾ ਅਤੇ ਤਬਲਾ ਬਹੁਤ ਚੰਗਾ ਵਜਾਉਂਦੇ ਸੀ। ਪੰਜਾਬ 'ਚ ਅੱਜ ਵੀ ਆਪ ਦੇ ਗੁਰਬਾਣੀ ਕੀਰਤਨ ਦੀ ਪ੍ਰਸੰਸਾ ਕੀਤੀ ਜਾਂਦੀ ਹੈ।

ਭਾਈ ਲਾਲ ਦੂਜਾ

ਭਾਈ ਲਾਲ ਦੂਜਾ ਦਾ ਅਸਲੀ ਨਾਮ ਬਖਸ਼ੀਸ਼ ਅਹਿਮਦ ਸੀ। ਭਾਰਤ ਦੀ ਵੰਡ ਤੋਂ ਪਹਿਲਾਂ ਆਪ ਆਪਣੇ ਦੋ ਭਰਾਵਾਂ—ਖ਼ੁਸ਼ੀ ਅਹਿਮਦ ਅਤੇ ਅਰਸ਼ਦ ਮੁਹੰਮਦ ਦੇ ਨਾਲ ਕੀਰਤਨ ਕਰਦੇ ਸਨ। ਪੰਜਾਬ ਦੇ ਸ਼ਹਿਰਾਂ ਦੇ ਅਨੇਕਾਂ ਗੁਰਦੁਆਰਿਆਂ ਵਿਚ ਸ਼ਾਸਤਰੀ ਸੰਗੀਤ 'ਤੇ ਆਧਾਰਿਤ ਗੁਰਬਾਣੀ ਕੀਰਤਨ ਦੁਆਰਾ ਸਰੋਤਿਆਂ ਨੂੰ ਕੀਲ ਲਿਆ ਸੀ।

ਭਾਈ ਤਾਬਾ

ਆਪ ਵੀ ਵਰਤਮਾਨ ਸਮੇਂ ਦੇ ਪ੍ਰਸਿੱਧ ਕੀਰਤਨੀਏ ਹੋਏ ਹਨ। ਭਾਈ ਤਾਬਾ ਉੱਚ-ਕੋਟੀ ਦੇ ਰਬਾਬੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਆਪ ਨੇ ਸੰਗੀਤ ਦੀ

ਸਿੱਖਿਆ ਭਾਈ ਮੋਤੀ ਪਾਸੋਂ ਪ੍ਰਾਪਤ ਕੀਤੀ ਸੀ। ਭਾਰਤ ਦੀ ਵੰਡ ਉਪਰੰਤ ਆਪ ਨੇ ਪਾਕਿਸਤਾਨ ਦੀ ਨਾਗਰਿਕਤਾ ਗ੍ਰਹਿਣ ਕਰ ਲਈ ਅਤੇ ਉਸ ਤੋਂ ਬਾਅਦ ਆਪਣੇ ਸਿੱਖ ਚੇਲਿਆਂ ਦੇ ਸੱਦਾ ਦੇਣ 'ਤੇ ਭਾਰਤ ਆਉਂਦੇ ਰਹੇ। ਆਪ ਧਰੁਪਦ ਸ਼ੈਲੀ 'ਤੇ ਆਧਾਰਿਤ ਕੀਰਤਨ ਕਰਦੇ ਸਨ। ਰਾਗਾਂ ਦੇ ਆਧਾਰ 'ਤੇ ਕੀਰਤਨ ਕਰਨਾ ਆਪ ਦੀ ਵਿਸ਼ੇਸ਼ਤਾ ਸੀ।

ਭਾਈ ਦੇਸਾ

ਭਾਈ ਦੇਸਾ ਭਾਈ ਸਾਈਂ ਦਾ ਪੁੱਤਰ ਸੀ। ਆਪ ਉਨ੍ਹਾਂ ਸੱਚੇ ਰਬਾਬੀ ਕੀਰਤਨੀਆਂ ਵਿੱਚੋਂ ਹਨ, ਜਿਨ੍ਹਾਂ ਨੇ ਪਾਕਿਸਤਾਨ ਬਣਨ ਦੇ ਬਾਅਦ ਵੀ ਆਪਣੀ ਜਨਮ-ਭੂਮੀ ਦਾ ਮੋਹ ਨਹੀਂ ਛੱਡਿਆ ਅਤੇ ਭਾਰਤ ਵਿਚ ਹੀ ਰਹਿਣਾ ਚੰਗਾ ਅਤੇ ਬਿਹਤਰ ਸਮਝਿਆ। ਪਿਤਾ ਦੀ ਮ੍ਰਿਤੂ ਤੋਂ ਬਾਅਦ ਆਪ ਕਈ ਸਾਲਾਂ ਤੱਕ ਸ੍ਰੀ ਦਰਬਾਰ ਸਾਹਿਬ ਵਿਚ ਹਜ਼ੂਰੀ ਰਾਗੀ ਰਹੇ। ਆਪ ਅਨੇਕਾਂ ਸਾਜ਼ਾਂ ਨੂੰ ਵਜਾਉਣ ਵਿਚ ਕੁਸ਼ਲ ਸਨ।[10]

ਭਾਈ ਬਧਾਵਾ ਵੱਡੇ

ਆਪ ਧਰੁਪਦ ਅਤੇ ਖ਼ਿਆਲ ਗਾਇਨ ਸ਼ੈਲੀਆਂ ਦੇ ਆਧਾਰ 'ਤੇ ਗੁਰਬਾਣੀ ਦਾ ਗਾਇਨ ਬਹੁਤ ਸੁੰਦਰ ਢੰਗ ਨਾਲ ਕਰਦੇ ਸਨ। ਆਪ ਜੀ ਦੀ ਪੁਰਾਤਨ ਸ਼ਬਦ ਰੀਤਾਂ ਦੀ ਪੇਸ਼ਕਾਰੀ ਵੀ ਬੇਮਿਸਾਲ ਅਤੇ ਅਤਿਅੰਤ ਮਨਭਾਉਣੀ ਹੁੰਦੀ ਸੀ। ਆਪ ਜੀ ਦੀ ਆਵਾਜ਼ ਹਲਕੀ ਅਤੇ ਗੂੰਜਣ ਵਾਲੀ ਸੀ ਜੋ ਕਿ ਦਰੁਤ ਲੈਅ ਵਿਚ ਬਹੁਤ ਚੰਗੀ ਤਰ੍ਹਾਂ ਤਿਆਰ ਸੀ। ਉਨ੍ਹੀਵੀਂ ਸਦੀ ਦੇ ਅੱਧ ਵਿਚ ਆਪ ਨੇ ਕੁਝ ਸ਼ਬਦਾਂ ਨੂੰ ਪੁਰਾਤਨ ਰਚਨਾਵਾਂ 'ਤੇ ਤਿਆਰ ਕੀਤਾ।

ਭਾਈ ਅੰਨਾ

ਆਪ ਨੇ ਪਟਿਆਲਾ ਦੇ ਕਾਲੂ ਖ਼ਾਂ ਤੋਂ ਸੰਗੀਤ-ਸਿੱਖਿਆ ਪ੍ਰਾਪਤ ਕੀਤੀ ਸੀ। ਆਪ ਦੇ ਦੋ ਭਰਾ ਵਧਾਵਾ ਅਤੇ ਕਸਾਵਾ ਵੀ ਨਿਪੁੰਨ ਕੀਰਤਨੀਏ ਸਨ। ਇਹ ਤਿੰਨੇ ਭਰਾ ਧਰੁਪਦ ਸ਼ੈਲੀ ਵਿਚ ਕੀਰਤਨ ਕਰਦੇ ਸਨ। ਇਹ ਸਿੱਖਾਂ ਦੀ ਤਰ੍ਹਾਂ ਹੀ ਪੱਗ ਬੰਨ੍ਹਦੇ ਅਤੇ ਦਾੜ੍ਹੀ ਮੁੱਛਾਂ ਰੱਖਦੇ ਸਨ।

ਭਾਈ ਅਤਰਾ

ਭਾਈ ਅਤਰਾ ਉਨ੍ਹੀਵੀਂ ਸਦੀ ਦੇ ਅੱਧ ਵਿਚ ਹੋਏ ਹਨ। ਇਹ ਭਾਈ ਮੋਤੀ ਦੇ ਦਾਦਾ ਸਨ। ਕੀਰਤਨ ਵਿਚ ਸ਼ਬਦਾਂ ਦੀ ਵਿਆਖਿਆ ਦੀ ਸ਼ੁਰੂਆਤ ਆਪ ਨੇ ਹੀ ਕੀਤੀ। ਆਪ ਜੀ ਦੀ ਆਵਾਜ਼ ਬਹੁਤ ਭਾਰੀ ਸੀ। ਇਸ ਲਈ ਆਪ ਵਿਆਖਿਆ ਦਾ ਸਹਾਰਾ ਲੈ ਕੇ ਕੀਰਤਨ ਕਰਦੇ ਸਨ।

ਭਾਈ ਸੰਤੂ

ਆਪ ਅੰਮ੍ਰਿਤਸਰ ਦੇ ਭਾਈ ਮਹਿਤਾਬ ਸਿੰਘ ਦੇ ਸਹਿਯੋਗੀ ਚੇਲਿਆਂ ਵਿੱਚੋਂ

ਇਕ ਸਨ। ਸ਼ੁਰੂਆਤ ਵਿਚ ਆਪ ਭਾਈ ਚਾਂਦ, ਭਾਈ ਸਾਈਂ ਦਿੱਤਾ, ਭਾਈ ਦੋਸਾ ਦੇ ਨਾਲ ਤਬਲੇ ਦੀ ਸੰਗਤ ਕਰਦੇ ਰਹੇ। ਬਾਅਦ ਵਿਚ ਭਾਈ ਤਾਬਾ ਦੇ ਨਾਲ 1946 ਤਕ ਸੰਗੀਤਕਾਰ ਦੇ ਰੂਪ ਵਿਚ ਰਹੇ। 1930-46 ਤਕ ਆਪ ਹਰਿਵੱਲਭ ਸੰਗੀਤ ਸੰਮੇਲਨ ਜਲੰਧਰ ਵਿਚ ਵੀ ਭਾਗ ਲੈਂਦੇ ਰਹੇ।

ਭੱਟਾਂ ਦਾ ਯੋਗਦਾਨ

ਪੰਜਾਬ ਦੇ ਭੱਟ ਜਾਤ ਦੇ ਸਾਰਸਵਤ ਬ੍ਰਾਹਮਣ ਸੀ। ਇਹ ਆਪਣੀ ਉਤਪਤੀ ਕਸ਼ਿਸ਼ ਰਿਸ਼ੀ ਤੋਂ ਮੰਨਦੇ ਹਨ। ਉੱਚ ਜਾਤ ਤੋਂ ਬ੍ਰਾਹਮਣ, ਭੱਟਾਂ ਨੂੰ ਆਪਣੇ ਤੋਂ ਨੀਵੀਂ ਜਾਤ ਦਾ ਮੰਨਦੇ ਹਨ। ਇਹ ਲੋਕ ਸਰਸਵਤੀ ਨਦੀ ਦੇ ਕੰਢੇ 'ਤੇ ਵੱਸੇ ਹੋਏ ਸਨ।[11]

ਪੰਜਾਬੀ ਭਾਸ਼ਾ ਦਾ 'ਭੱਟ' ਸ਼ਬਦ ਹਿੰਦੀ ਦੇ ਭਾਟ ਦਾ ਹੀ ਸਮਾਨ-ਅਰਥਕ ਹੈ। ਆਮ ਤੌਰ 'ਤੇ ਸਮੂਹ ਭਾਸ਼ਾਵਾਂ ਦੇ ਜੰਗ ਕਾਲ ਸਾਹਿਤ ਵਿਚ ਭੱਟਾਂ ਦਾ ਮਹੱਤਵਪੂਰਣ ਸਥਾਨ ਪਾਇਆ ਜਾਂਦਾ ਹੈ। ਭਗਤੀ ਲਹਿਰ ਦੇ ਸਮੇਂ ਵਿਚ ਹੀ ਰਾਜਸਥਾਨ ਅਤੇ ਹੋਰਨਾਂ ਭਾਰਤੀ ਰਾਜ ਦਰਬਾਰਾਂ ਵਿਚ ਉਨ੍ਹਾਂ ਦੇ ਦਰਬਾਰੀ ਚਾਰਣੋ, ਭਾਟੋ ਆਦਿ ਦੇ ਦੁਆਰਾ ਸੰਗੀਤਮਈ ਗੀਤ ਗਾਉਣ ਦੀ ਇਹ ਪਰੰਪਰਾ ਕਿਵੇਂ ਚਲਦੀ ਰਹੀ, ਇਸ ਦਾ ਸਬੂਤ ਸਾਨੂੰ ਰਾਜਸਥਾਨ ਦੇ ਚਾਰਣ ਸਾਹਿਤ ਵਿਚ ਭਰਪੂਰ ਮਾਤਰਾ ਵਿਚ ਮਿਲਦਾ ਹੈ। ਉਦਾਹਰਣ ਸਰੂਪ ਮਹਿਮੂਦ ਗਜ਼ਨਵੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਜੇਲ੍ਹ ਵਿਚ ਸੁੱਟ ਦਿੱਤਾ ਅਤੇ ਉਸ ਦੀਆਂ ਦੋਵੇਂ ਅੱਖਾਂ ਕੱਢਵਾ ਦਿੱਤੀਆਂ। ਪ੍ਰਿਥਵੀ ਰਾਜ ਦੇ ਸੰਬੰਧ ਵਿਚ ਇਹ ਕਿਹਾ ਜਾਂਦਾ ਹੈ ਕਿ ਉਹ ਇਕ ਕੁਸ਼ਲ ਯੋਧੇ ਦੇ ਨਾਲ ਨਾਲ ਤੀਰ ਕਮਾਨ ਚਲਾਉਣ ਵਿਚ ਵੀ ਨਿਪੁੰਨ ਸੀ। ਉਨ੍ਹਾਂ ਦੀ ਤੀਰ-ਅੰਦਾਜ਼ੀ ਦੀ ਕੁਸ਼ਲਤਾ ਦੀ ਵਿੱਦਿਆ ਨੂੰ ਪਰਖਣ ਲਈ ਰਾਜ ਸਭਾ ਵਿਚ ਬੁਲਾ ਕੇ ਉਨ੍ਹਾਂ ਨੂੰ ਆਪਣੀ ਤੀਰ-ਅੰਦਾਜ਼ੀ ਦੀ ਵਿੱਦਿਆ ਪ੍ਰਸਤੁੱਤ ਕਰਨ ਲਈ ਕਿਹਾ ਗਿਆ। ਪ੍ਰਿਥਵੀ ਰਾਜ ਦੀ ਬੇਨਤੀ 'ਤੇ ਉਨ੍ਹਾਂ ਦੇ ਦਰਬਾਰ ਦੇ ਭੱਟ ਚੰਦ ਵਰਦਾਈ ਨੂੰ ਵੀ ਸੱਦਾ ਦਿੱਤਾ ਗਿਆ। ਇਸ ਮੌਕੇ 'ਤੇ ਚੰਦ ਵਰਦਾਈ ਨੇ ਰਾਜਾ ਦੇ ਆਸਣ ਦੀ ਪੂਰੀ ਜਾਣਕਾਰੀ ਨੂੰ ਆਪਣੀ ਕਵਿਤਾ ਦੇ ਜ਼ਰੀਏ ਪ੍ਰਿਥਵੀ ਰਾਜ ਨੂੰ ਆਪਣੀ ਪਦਾਤਮਿਕ ਸ਼ੈਲੀ ਵਿਚ ਸਮਝਾਇਆ ਕਿ ਤੇਰਾ ਦੁਸ਼ਮਨ ਫਲਾਣੀ ਦੂਰੀ 'ਤੇ ਬਿਰਾਜਮਾਨ ਹੈ ਅਤੇ ਇਸ ਮੌਕੇ ਨੂੰ ਹੱਥੋਂ ਨਾ ਜਾਣ ਦੇਣ। ਉਸ ਦੀ ਪਦ-ਰਚਨਾ ਨੂੰ ਸੁਣਦੇ ਹੀ ਪ੍ਰਿਥਵੀ ਰਾਜ ਨੇ ਨੇਤਰ ਨਾ ਹੁੰਦੇ ਹੋਏ ਵੀ ਦੂਰੀ ਅਤੇ ਦਿਸ਼ਾ ਨੂੰ ਮਾਪ ਲਿਆ ਅਤੇ ਤੀਰ ਇਸ ਪ੍ਰਕਾਰ ਮਾਰਿਆ ਕਿ ਸਿੱਧਾ ਰਾਜੇ ਦੇ ਗਲੇ 'ਚ ਲੱਗਾ।

ਇਸ ਪ੍ਰਕਾਰ ਵੱਖ-ਵੱਖ ਮੌਕਿਆਂ 'ਤੇ ਭੱਟਾਂ ਨੇ ਆਪਣੀ ਵਾਕ ਚਤੁਰਤਾ ਅਤੇ ਪਦ-ਰਚਨਾ ਦੇ ਦੁਆਰਾ ਅਨੇਕਾਂ ਸਲਾਹੁਣਯੋਗ ਕਾਰਜ ਕੀਤੇ ਹਨ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਨੂੰ ਸੁਣ ਕੇ ਯੋਧਿਆਂ ਦੇ ਸਰੀਰ ਵਿਚ ਅਗਨੀ ਸੰਚਾਲਿਤ ਹੋਣ ਲਗਦੀ ਸੀ ਜੋ ਉਨ੍ਹਾਂ ਨੂੰ ਜੰਗ 'ਚ ਜਾਣ ਲਈ ਪ੍ਰੇਰਿਤ ਕਰਦੀ ਸੀ।

ਮਹਾਂਕਵੀ ਚਾਂਦ ਵਰਦਾਈ ਦੀ 'ਪ੍ਰਿਥਵੀ ਰਾਜ ਰਾਸੋ' ਤੋਂ ਇਲਾਵਾ 'ਪ੍ਰਮਾਲ ਰਾਸੋ', 'ਹਮੀਰ ਰਾਸੋ', ਆਦਿ ਗ੍ਰੰਥ ਭੱਟਾਂ ਦੁਆਰਾ ਉਲੇਖਨੀਯ ਹਨ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਵੀ ਭੱਟਾਂ ਦੀ ਬਾਣੀ ਜੋ ਪੰਜਾਬੀ ਬੋਲ ਦੇ ਸ਼ੁੱਧ ਰੂਪ ਵਿਚ ਰੰਗੀ ਹੋਈ ਹੈ, ਮਰਾਠੀ, ਗੁਜਰਾਤੀ ਅਤੇ ਰਾਜਸਥਾਨੀ ਸੰਗੀਤਮਈ ਛੰਦ ਦਾ ਹੀ ਦੂਜਾ ਰੂਪ ਹੈ।

ਭੱਟ ਨੂੰ ਹਿੰਦੀ ਭਾਸ਼ਾ ਵਿਚ ਚਾਰਣ ਵੀ ਕਿਹਾ ਜਾਂਦਾ ਹੈ। ਇਹ ਲੋਕ ਉੱਤਰ-ਪੱਛਮ ਪ੍ਰਾਂਤ ਅਤੇ ਗੁਜਰਾਤ ਵਿਚ ਵੱਧ ਹਨ। ਇਨ੍ਹਾਂ ਦੀਆਂ ਰੀਤਾਂ ਬ੍ਰਾਹਮਣਾਂ ਨਾਲ ਮਿਲਦੀਆਂ-ਜੁਲਦੀਆਂ ਹਨ। ਇਹ ਚਾਰਣ ਆਪਣੇ ਸਾਜ਼ ਜੰਤਰਾਂ ਦੇ ਨਾਲ ਘੁੰਮਦੇ ਰਹਿੰਦੇ ਸਨ ਅਤੇ ਆਮ ਤੌਰ 'ਤੇ ਰਾਜ ਦਰਬਾਰਾਂ ਵਿਚ ਸਥਾਈ ਰੂਪ ਨਾਲ ਵੀ ਦਰਬਾਰੀ ਕਵੀ ਦੇ ਰੂਪ ਵਿਚ ਸਨਮਾਨਿਤ ਹੋ ਕੇ ਆਸਰਾ ਪ੍ਰਾਪਤ ਕਰਦੇ ਸਨ। ਇਨ੍ਹਾਂ ਦੀ ਆਰਥਿਕ ਸਥਿਤੀ ਵੀ ਚੰਗੀ ਰਹਿੰਦੀ ਸੀ। ਕਿਤੇ-ਕਿਤੇ ਇਹ ਲੋਕ ਗਾਉਣ ਦਾ ਕੰਮ ਕਰਦੇ ਸਨ। ਭੱਟਾਂ ਵਿਚ ਕਾਵਿ-ਰਚਨਾ ਦੀ ਪ੍ਰਤਿਭਾ ਹਮੇਸ਼ਾਂ ਹੀ ਅਪੇਖਿਤ ਸੀ ਅਤੇ ਅਜਿਹਾ ਵੀ ਪ੍ਰਮਾਣ ਮਿਲਦਾ ਹੈ ਕਿ ਆਮ ਤੌਰ 'ਤੇ ਵਿਸ਼ੇਸ਼ ਮੌਕਿਆਂ 'ਤੇ ਪ੍ਰਸੰਗ ਦੇ ਅਨੁਕੂਲ ਕਵਿਤਾ ਦੀ ਰਚਨਾ ਕਰ ਕੇ ਭੱਟਾਂ ਨੇ ਸ੍ਰੋਤਿਆਂ ਨੂੰ ਹੈਰਾਨ ਕਰ ਦਿੱਤਾ ਹੈ। ਕਾਵਿ- ਰਚਨਾ ਦੇ ਨਾਲ-ਨਾਲ ਇਨ੍ਹਾਂ ਵਿਚ ਸੰਗੀਤ ਸੰਬੰਧੀ ਪ੍ਰਤਿਭਾ ਵੀ ਹੁੰਦੀ ਸੀ ਜਿਸ ਦੀ ਸਹਾਇਤਾ ਨਾਲ ਉਹ ਆਪਣੀ ਬਾਣੀ ਵਿਚ ਵਿਸ਼ੇ ਦੇ ਅਨੁਕੂਲ ਪ੍ਰਭਾਵ ਉਤਪੰਨ ਕਰ ਸਕਦੇ ਸਨ।[12]

ਸਿੱਖ ਗੁਰੂ ਸੰਤ ਹੋਣ ਦੇ ਨਾਲ-ਨਾਲ ਸੈਨਿਕ ਵੀ ਸਨ ਅਤੇ ਇਹ ਵੀਰ ਭੇਸ ਉਨ੍ਹਾਂ ਨੇ ਧਰਮ ਦੀ ਰੱਖਿਆ ਦੇ ਲਈ ਵੀ ਧਾਰਨ ਕੀਤਾ ਸੀ। ਸਾਤਵਿਕਤਾ ਦੇ ਨਾਲ-ਨਾਲ ਰਾਜ ਪ੍ਰੇਮ ਦਾ ਸੁਮੇਲ ਹੋਣ ਦੇ ਕਾਰਨ ਗੁਰੂਆਂ ਦਾ ਦਰਬਾਰ ਵੀ ਰਾਜਿਆਂ ਦੇ ਦਰਬਾਰ ਦੀ ਸ਼ਾਨ-ਸ਼ੌਕਤ ਗ੍ਰਹਿਣ ਕਰਨ ਲੱਗਾ। ਅਜਿਹੇ ਸਮੇਂ ਵਿਚ ਭੱਟਾਂ ਨੂੰ ਖ਼ਾਸ ਮਹੱਤਵ ਪ੍ਰਾਪਤ ਹੋਇਆ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਵੀਰਾਂ ਨੂੰ ਜੰਗ ਲਈ ਉਤਸ਼ਾਹਿਤ ਕਰਨ ਦੀ ਸ਼ਕਤੀ ਹੁੰਦੀ ਸੀ। ਜੰਗ ਖੇਤਰ ਵਿਚ ਅਮਰ ਹੋਣ ਵਾਲੇ ਜੋਧਿਆਂ ਦੇ ਚਰਿੱਤਰ ਨੂੰ ਛੰਦ-ਬੱਧ ਕਰ ਕੇ ਇਹ ਪ੍ਰਤਾਪੀ ਭਾਸ਼ਾ ਵਿਚ ਉਨ੍ਹਾਂ ਦੀ ਉਸਤਤ ਕਰਦੇ ਸਨ ਅਤੇ ਵੀਰਾਂ ਵਿਚ ਆਤਮ-ਬਲੀਦਾਨ ਦੀ ਭਾਵਨਾ ਭਰਦੇ ਸਨ। ਇਸ ਤਰ੍ਹਾਂ ਜਿਥੇ ਮਿਰਾਸੀਆਂ ਦਾ ਖੇਤਰ ਸਿਰਫ਼ ਕੀਰਤਨ ਤਕ ਹੀ ਸੀਮਤ ਸੀ, ਭੱਟਾਂ ਦਾ ਖੇਤਰ ਧਰਮ ਦੇ ਨਾਲ-ਨਾਲ ਜੰਗ ਖੇਤਰ ਤਕ ਫੈਲਿਆ ਹੋਇਆ ਸੀ। ਭੱਟਾਂ ਦੀਆਂ ਕਵਿਤਾਵਾਂ ਭਗਤੀ ਰਸ ਨਾਲ ਵੀ ਸੰਬੰਧਿਤ ਹਨ ਅਤੇ ਵੀਰ ਰਸ ਨਾਲ ਵੀ ਸੰਬੰਧਤ ਹਨ।[13]

ਵੀਰ ਕਾਵਿ ਤਿਆਰ ਕਰਨ ਅਤੇ ਗਾਇਕਾਂ ਦਾ ਉਹ ਵਰਗ ਜੋ ਆਪਣੀਆਂ ਉਤਸ਼ਾਹਪੂਰਨ ਰਚਨਾਵਾਂ ਅਤੇ ਉਨ੍ਹਾਂ ਦੇ ਗਾਇਨ ਦੁਆਰਾ ਵੀਰਾਂ ਦੇ ਮਨ ਵਿਚ ਉਤਸ਼ਾਹ ਉਤਪੰਨ ਕਰਦਾ ਅਤੇ ਆਤਮ ਬਲੀਦਾਨ ਲਈ ਪ੍ਰੇਰਿਤ ਕਰਦਾ ਸੀ, ਭੱਟ ਜਾਂ ਚਾਰਣ ਵਰਗ ਕਿਹਾ ਜਾਂਦਾ ਹੈ।

ਆਦਿ ਗ੍ਰੰਥ ਵਿਚ ਭੱਟਾਂ ਦੀ ਬਾਣੀ "ਸਵੈਯੇ" ਸਿਰਲੇਖ ਅਧੀਨ ਸ਼ਾਮਲ ਕੀਤੀ ਗਈ ਹੈ। ਉਦਾਹਰਣ ਸਰੂਪ :

ਅਬ ਰਾਖਹੁ ਦਾਸ ਭਾਟ ਕੀ ਲਾਜ ॥...
ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ ॥[14]

ਇਹ ਵਰਗ ਗਾਇਨ ਨਾਲ ਸਿਰਫ਼ ਸੈਨਿਕਾਂ ਨੂੰ ਉਤਸ਼ਾਹਿਤ ਹੀ ਨਹੀਂ ਕਰਦਾ ਸੀ ਸਗੋਂ ਜੰਗ-ਖੇਤਰ ਵਿਚ ਜੋਧਿਆਂ ਨੂੰ ਜੰਗ ਦੇ ਲਈ ਵੀ ਪ੍ਰੇਰਿਤ ਕਰਦਾ ਸੀ। ਸੰਗੀਤਕਾਰ ਹੋਣ ਦੇ ਨਾਲ ਨਾਲ ਜੋਧੇ ਹੋਣ ਦੇ ਕਾਰਨ ਇਹ ਸਿੱਖ ਗੁਰੂਆਂ ਦੇ ਸਿੱਖ ਸੰਪ੍ਰਦਾਇ ਦੁਆਰਾ ਖ਼ਾਸ ਤੌਰ 'ਤੇ ਸਨਮਾਨਿਤ ਸਨ।

ਭੱਟ ਸੰਗੀਤਕਾਰ ਹੁੰਦੇ ਸਨ ਕਿਉਂਕਿ ਬਿਨਾਂ ਸੰਗੀਤ ਦੇ ਗਿਆਨ ਤੋਂ ਕਾਵਿ, ਪਾਠ ਵਿਚ ਇੱਛਾ ਅਨੁਸਾਰ ਭਾਵ ਉਤਪੰਨ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਭੱਟਾਂ ਨੇ ਰਾਗ ਵਿਦਿਆ ਵਿਚ ਨਿਪੁੰਨ ਹੁੰਦੇ ਹੋਏ ਵੀ ਆਪਣੀਆਂ ਰਚਨਾਵਾਂ ਨੂੰ, ਜਿਨ੍ਹਾਂ ਨੂੰ "ਵਾਰ" ਦੇ ਨਾਮ ਤੋਂ ਜਾਣਿਆ ਜਾਂਦਾ ਹੈ, ਸ਼ੁੱਧ ਰਾਗਾਂ ਵਿਚ ਬੱਧ ਨਹੀਂ ਕੀਤਾ। ਉਨ੍ਹਾਂ ਨੇ ਲੋਕ ਧੁਨਾਂ ਦਾ ਰਾਗਾਂ ਵਿਚ ਸੁਮੇਲ ਕਰ ਕੇ ਆਪਣੀ "ਵਾਰ" ਦੀਆਂ ਧੁਨਾਂ ਨੂੰ ਜਨਮ ਦਿੱਤਾ। ਇਹ ਧੁਨਾਂ ਲੋਕ ਸਮਾਜ ਲਈ ਇੰਨੀਆਂ ਪ੍ਰਚਲਿਤ ਹੋ ਗਈਆਂ ਕਿ ਵਿਸ਼ੇਸ਼ ਵਾਰ ਨੂੰ ਉਸ ਦੀ ਨਿਰਧਾਰਿਤ ਧੁਨ ਤੋਂ ਇਲਾਵਾ ਹੋਰਨਾਂ ਧੁਨਾਂ ਵਿਚ ਗਾਉਣਾ ਮਨ੍ਹਾ ਸੀ। ਇਸ ਪ੍ਰਕਾਰ ਧੁਨਾਂ ਦਾ ਉਸ ਵਿਚ ਵਰਣਨ ਕੀਤੇ ਗਾਇਕ ਦੇ ਨਾਮ 'ਤੇ ਹੀ ਨਾਮਕਰਣ ਕਰ ਦਿੱਤਾ ਗਿਆ।[15] ਲੋਕ-ਧੁਨਾਂ 'ਤੇ ਹੋਣ ਦੇ ਕਾਰਨ ਇਹ ਧੁਨ ਜਨਤਾ ਨੂੰ ਚੰਗੀ ਪ੍ਰਤੀਤ ਹੋਈ ਅਤੇ ਘਰ-ਘਰ ਵਿਚ ਗਾਈ ਜਾਣ ਲੱਗੀ। ਗੁਰੂ ਅਰਜਨ ਦੇਵ ਜੀ ਨੇ ਗੁਰੂ ਰਚਿਤ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ। ਉਸ ਸਮੇਂ ਦੇ ਰਾਗ ਦੇ ਨਾਮ ਦੇ ਨਾਲ-ਨਾਲ ਇਨ੍ਹਾਂ ਧੁਨਾਂ ਦਾ ਨਾਮ ਵੀ ਅੰਕਿਤ ਹੈ। ਇਹ ਧੁਨਾਂ ਬਹੁਤ ਜੋਸ਼ ਦਿਵਾਉਣ ਵਾਲੀਆਂ ਸਨ। ਇਸ ਲਈ ਸਮੇਂ ਦੇ ਪਰਿਵਰਤਨ ਵਿਚ ਸਿੱਖਾਂ ਦੁਆਰਾ ਧਰਮ ਰੱਖਿਆ ਹਿੱਤ ਸ਼ਸਤਰ ਗ੍ਰਹਿਣ ਕਰਨ ਤੇ ਇਨ੍ਹਾਂ ਧੁਨਾਂ ਦਾ ਮਹੱਤਵ ਹੋਰ ਵੀ ਵੱਧ ਗਿਆ। ਵਰਤਮਾਨ ਸਮੇਂ ਵਿਚ ਵੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਵਾਰਾਂ ਰਾਗਾਂ ਅਤੇ ਧੁਨਾਂ ਦੋਹਾਂ ਹੀ ਰੂਪਾਂ ਵਿਚ ਗਾਈਆਂ ਜਾਂਦੀਆਂ ਹਨ। ਇਨ੍ਹਾਂ ਵਾਰਾਂ ਦੀ ਸੰਖਿਆ 22 ਹੈ ਜੋ 17 ਰਾਗਾਂ ਵਿਚ ਹਨ। ਇਨ੍ਹਾਂ ਵਿੱਚੋਂ ਸਿਰਫ਼ ਨੌਂ 'ਤੇ ਹੀ ਧੁਨਾਂ ਦੇ ਨਾਮ ਅੰਕਤ ਹਨ।

ਇਹ ਭੱਟ ਕਿੰਨੇ ਸਨ ਅਤੇ ਕਿਸ ਗੁਰੂ ਦੇ ਸਮੇਂ ਵਿਚ ਆਏ ਸਨ, ਇਸ ਵਿਸ਼ੇ 'ਤੇ ਵਿਦਵਾਨਾਂ ਵਿਚ ਮੱਤਭੇਦ ਹੈ। ਕੁਝ ਪ੍ਰਸਿੱਧ ਇਤਿਹਾਸਕਾਰਾਂ ਦੇ ਅਨੁਸਾਰ ਇਨ੍ਹਾਂ ਦੀ ਗਿਣਤੀ ਨੌਂ ਸੀ ਪ੍ਰੰਤੂ ਕੁਝ ਵਿਦਵਾਨਾਂ ਨੇ ਇਨ੍ਹਾਂ ਦੀ ਗਿਣਤੀ 21 ਤਕ ਦੱਸੀ ਹੈ।

ਪ੍ਰੋ. ਸਾਹਿਬ ਸਿੰਘ ਦੀ ਰਾਏ ਅਨੁਸਾਰ ਜਿਸ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ ਅਤੇ ਗੁਰੂ ਅਰਜਨ ਦੇਵ ਜੀ ਦੀ ਦਸਤਾਰ-ਬੰਦੀ ਦੀ ਰਸਮ ਹੋਈ, ਉਸ ਸਮੇਂ ਦੂਰ-ਦੂਰ ਤੋਂ ਸਿੱਖ ਸੰਗਤਾਂ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਆਈਆਂ। ਇਨ੍ਹਾਂ ਦਿਨਾਂ ਵਿਚ ਭੱਟ ਵੀ ਸੰਗਤਾਂ ਦੇ ਨਾਲ ਗੋਇੰਦਵਾਲ ਆਏ। ਦਰਸ਼ਨਾਂ ਉਪਰੰਤ ਗੁਰੂ ਜੀ ਦੀ ਉਸਤਤ ਕਰਨ ਦਾ ਮਨ ਕੀਤਾ। ਗੁਰੂ ਜੀ ਦੀ ਸ਼ਖ਼ਸੀਅਤ ਤੋਂ ਇਹ ਭੱਟ ਇੰਨੇ ਪ੍ਰਭਾਵਿਤ ਹੋਏ ਕਿ ਗੁਰੂ ਉਸਤਤ ਵਿਚ ਸਵੈਯੇ ਉਚਾਰੇ, ਜਿਨ੍ਹਾਂ ਨੂੰ ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ (ਸ੍ਰੀ ਮੁਖਵਾਕ) ਸਵੈਯੇ ਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ।[17]

ਇਹ ਸਾਖੀ ਇਨ੍ਹਾਂ ਭੱਟਾਂ ਦੀ ਬਾਣੀ ਤੋਂ ਹੀ ਮਿਲ ਜਾਂਦੀ ਹੈ। ਭੱਟ 'ਨਲ'

ਗੋਇੰਦਵਾਲ ਦੀ ਉਸਤਤ ਕਰਦਾ ਹੈ ਅਤੇ ਭੱਟ ਹਰਿਬੰਸ ਗੁਰੂ ਰਾਮਦਾਸ ਜੀ ਦੇ 'ਦੇਵਪੁਰੀ' ਵਿਚ ਜਾਨ ਅਤੇ ਗੁਰੂ ਅਰਜਨ ਦੇਵ ਜੀ ਦੇ ਸਿਰ ਗੁਰਿਆਈ ਦਾ ਛੱਤਰ ਝੂਲਣ ਦਾ ਜ਼ਿਕਰ ਕਰਦਾ ਹੈ। ਜਿਨ੍ਹਾਂ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

1. ਕਲਸਹਾਰ (ਜਿਸਦਾ ਦੂਸਰਾ ਨਾਮ ਕਲ ਅਤੇ ਨਲ ਹੈ)
2. ਜਾਲਪ (ਜਿਸਦਾ ਦੂਸਰਾ ਨਾਮ ਜਲ ਹੈ)
3. ਕੀਰਤ
4. ਭੀਖਾ
5. ਸਲ
6. ਭੱਲ
7. ਨੱਲ
8. ਗਯੰਦ
9. ਮਥੁਰਾ
10. ਬਲ
11. ਹਰਿਬੰਸ।

ਕਲਸਹਾਰ ਭੱਟਾਂ ਦਾ ਪ੍ਰਧਾਨ ਸੀ, ਇਹ ਸਾਰੇ ਮਿਲ ਕੇ ਹੀ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਸਨ।

ਸਵੈਯਾਂ 'ਚ ਸਿਰਫ਼ 'ਗੁਰੂ' ਦੀ ਪ੍ਰਸੰਸਾ ਕੀਤੀ ਗਈ ਹੈ। ਗੁਰੂ ਦੀ ਉਪਮਾ ਕਰਦੇ ਸਮੇਂ ਗੁਰੂ ਵਿਅਕਤੀ ਦੀ ਉਪਮਾ ਹੋਣੀ ਸੁਭਾਵਿਕ ਗੱਲ ਹੈ ਜੋ ਇਨ੍ਹਾਂ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਤਕ ਹਰੇਕ 'ਗੁਰੂ ਮਹੱਲੇ' ਦੀ ਪ੍ਰਸੰਸਾ ਉਚਾਰੀ ਹੈ।

ਸ੍ਰੀ ਕੇ.ਐਸ. ਦੁੱਗਲ ਨੇ ਭੱਟਾਂ ਦੀ ਗਿਣਤੀ ਅਤੇ ਨਾਮ ਬਾਰੇ ਇਸ ਪ੍ਰਕਾਰ ਕਿਹਾ ਹੈ:

"Besides some of the panegyrics compased by Bhatas ministrels in the employ of the Gurus, are also included in the Holy Granth, they are Kalshar, Jalap, Kirat, Bhikha, Sallh, Bhallh, Nallh, Bullh, Gyand, Mathura and Harbans Baba Sunder though not a Bhat also fingures along with them."[18]

ਇਕ ਹੋਰ ਪੰਜਾਬੀ ਵਿਦਵਾਨ ਦੇ ਅਨੁਸਾਰ , "ਰਾਇ ਭੱਟ ਉਹ ਜਾਤ ਹੈ ਜੋ ਆਪਣੀ ਸੂਖ਼ਮ ਪਾਰਖੂ ਸੂਝ ਨਾਲ ਕਿਸੇ ਕਿਸੇ ਵਿਅਕਤੀ ਦੇ ਗੁਣਾਂ ਨੂੰ ਪਰਖਦੀ ਹੈ ਅਤੇ ਫਿਰ ਗਾਇਣ ਕਰਦੀ ਹੈ। ਇਸ ਜਾਤ ਦੇ ਕੁਝ ਵਿਦਵਾਨ ਭੱਟ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆ ਕੇ ਸਿੱਖ ਬਣੇ ਸੀ। ਫਿਰ ਆਪਣੇ ਨਿੱਜੀ ਅਨੁਭਵ ਦੇ ਆਧਾਰ 'ਤੇ ਸਤਿਗੁਰੂਆਂ ਦੇ ਵਿਸ਼ੇਸ਼ ਗੁਣਾਂ ਨੂੰ ਗਾਇਆ।[19]

ਭਾਈ ਗੁਰਦਾਸ ਜੀ ਆਪਣੀਆਂ 'ਵਾਰਾਂ' ਵਿਚ ਲਿਖਦੇ ਹਨ ਕਿ ਭੱਟ ਜਿਨ੍ਹਾਂ

ਨੂੰ ਢਾਡੀ ਵੀ ਕਿਹਾ ਜਾਂਦਾ ਸੀ, ਗੁਰੂ ਦਰਬਾਰ ਵਿਚ ਵਾਰਾਂ ਦਾ ਗਾਇਣ ਕਰਦੇ ਹੁੰਦੇ ਸੀ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸਿੱਖ ਕੀਰਤਨ-ਪ੍ਰਣਾਲੀ ਵਿਚ ਨਾ ਸਿਰਫ਼ ਮਿਰਾਸੀਆਂ ਦਾ ਯੋਗਦਾਨ ਹੈ, ਬਲਕਿ ਭੱਟਾਂ ਨੇ ਵੀ ਸਿੱਖ ਕੀਰਤਨ 'ਤੇ ਆਪਣੀ ਇਕ ਵਿਸ਼ੇਸ਼ ਛਾਪ ਛੱਡੀ ਹੈ। ਮਿਰਾਸੀਆਂ ਅਤੇ ਭੱਟਾਂ ਵੱਲੋਂ ਕੀਰਤਨ ਸੰਗੀਤ ਵਿਚ ਦਿੱਤੇ ਗਏ ਯੋਗਦਾਨ ਦੀ ਚਰਚਾ ਦੇ ਫਲਸਰੂਪ ਹੁਣ ਅਸੀਂ ਰਾਗੀਆਂ ਦੁਆਰਾ ਕੀਰਤਨ ਪ੍ਰਚਾਰ ਵਿਚ ਕੀਤੇ ਗਏ ਯੋਗਦਾਨ ਦਾ ਅਧਿਐਨ ਕਰਾਂਗੇ। ਇਸ ਪਰੰਪਰਾ ਵਿਚ ਵੀ ਅਨੇਕਾਂ ਮਹਾਨ ਕਲਾਕਾਰ ਹੋਏ ਹਨ, ਜਿਨ੍ਹਾਂ ਨੇ ਕੀਰਤਨ ਦੇ ਪ੍ਰਚਾਰ-ਪ੍ਰਸਾਰ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

ਕੀਰਤਨਕਾਰ (ਗੁਰੂਆਂ ਦੇ ਸਮੇਂ ਦੇ)

ਸਿੱਖ ਧਰਮ ਵਿਚ ਕੀਰਤਨ ਦੁਆਰਾ ਸਿਰਫ਼ ਪਰਮਾਤਮਾ ਦੀ ਉਸਤਤ ਨਹੀਂ ਕੀਤੀ ਜਾਂਦੀ, ਸਗੋਂ ਇਸ ਦੇ ਦੁਆਰਾ ਗੁਰੂ ਦਾ ਉਪਦੇਸ਼ ਸੁਣਾਇਆ ਅਤੇ ਸੁਣਿਆ ਜਾਂਦਾ ਹੈ, ਜਿਸ ਦੁਆਰਾ ਜਗਿਆਸੂਆਂ ਦੇ ਮਨ ਵਿਚ ਆਤਮਿਕ ਉੱਨਤੀ ਦੀ ਪ੍ਰੇਰਨਾ ਪੈਦਾ ਹੁੰਦੀ ਹੈ। ਪ੍ਰੇਰਨਾ, ਭਗਤੀ ਦੀ ਤੜਪ ਪੈਦਾ ਹੁੰਦੀ ਹੈ, ਗੁਰਬਾਣੀ ਦੇ ਉੱਚ-ਭਾਵ ਦਿਲ ਵਿਚ ਵੱਸਦੇ ਹਨ ਅਤੇ ਪਰਮਾਤਮਾ ਦੇ ਗੁਣ ਗਾਇਣ ਕਰਨ ਲਈ ਆਪਣੀ ਤੁੱਛਤਾ ਤੋਂ ਪਰਮਾਤਮਾ ਦੇ ਸਰਵ-ਵਿਆਪੀ ਹੋਣ ਦਾ ਗਿਆਨ ਹੁੰਦਾ ਹੈ ਅਤੇ ਫਿਰ ਇਹ ਗੁਣ ਆਪਣੇ ਵਿਚ ਧਾਰਨ ਕਰਨ ਦੀ ਪ੍ਰੇਰਣਾ ਮਿਲਦੀ ਹੈ।

ਇਸ ਪ੍ਰਕਾਰ ਦੇ ਸਰਬ-ਗੁਣ-ਸੰਪੰਨ ਕੀਰਤਨ ਕਰਨ ਵਾਲੇ ਨੂੰ ਕੀਰਤਨਕਾਰ ਜਾਂ ਕੀਰਤਨੀਆ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਹੀ ਕੀਰਤਨ ਕਰਨ ਦੀ ਪ੍ਰਥਾ ਆਰੰਭ ਹੋਈ। ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਆਪਣੇ ਨਾਲ ਸੰਗਤ ਕਰਨ ਦਾ ਹੁਕਮ ਦਿੱਤਾ। ਗੁਰੂ ਨਾਨਕ ਦੇਵ ਜੀ ਜਦੋਂ ਵੀ ਬਾਣੀ ਦਾ ਉਚਾਰਣ ਕਰਦੇ ਸੀ ਤਾਂ ਭਾਈ ਮਰਦਾਨਾ ਰਬਾਬ ਦੁਆਰਾ ਉਨ੍ਹਾਂ ਦੀ ਸੰਗਤ ਕਰਦਾ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਖ਼ੁਦ ਚੰਗੇ ਕੀਰਤਨਕਾਰ ਸਨ ਅਤੇ ਰਾਗਾਂ ਵਿਚ ਹੀ ਬਾਣੀ ਦਾ ਉਚਾਰਨ ਕਰਦੇ ਸੀ। ਪ੍ਰੰਤੂ ਨਾਲੋ-ਨਾਲ ਉਨ੍ਹਾਂ ਨੇ ਇਹ ਗਾਇਣ ਵਿੱਦਿਆ ਮਿਰਾਸੀਆਂ ਨੂੰ ਸੌਂਪੀ। ਜਿਸ ਵਿਚ ਸਭ ਤੋਂ ਪਹਿਲਾਂ ਭਾਈ ਮਰਦਾਨਾ ਅਤੇ ਦੂਜੇ ਨੰਬਰ 'ਤੇ ਭਾਈ ਸੱਤਾ ਅਤੇ ਭਾਈ ਬਲਵੰਡ ਦਾ ਨਾਮ ਆਉਂਦਾ ਹੈ। ਇਨ੍ਹਾਂ ਮਿਰਾਸੀਆਂ ਦੁਆਰਾ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਕੀਰਤਨ ਕਰਨ ਦਾ ਵਰਣਨ ਮਿਲਦਾ ਹੈ। ਇਹ ਦੋਵੇਂ (ਭਾਈ ਸੱਤਾ ਅਤੇ ਭਾਈ ਬਲਵੰਡ) ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਰਾਗੀ ਸਨ, ਜਿਨ੍ਹਾਂ ਦਾ ਗੁਰੂ ਜੀ ਬਹੁਤ ਆਦਰ ਸਤਿਕਾਰ ਕਰਦੇ ਸਨ, ਪ੍ਰੰਤੂ ਜਦੋਂ ਉਹ ਲਾਲਚੀ ਅਤੇ ਘਮੰਡੀ ਹੋ ਗਏ ਤਾਂ ਉਨ੍ਹਾਂ ਦੇ ਵਲੋਂ ਮੁਖ ਮੋੜ ਲਿਆ ਅਤੇ ਕੀਰਤਨ-ਰੂਪੀ ਦਾਤ ਸਮੂਹ ਸਿੱਖਾਂ ਦੀ ਝੋਲੀ ਵਿਚ ਪਾ ਦਿੱਤੀ। ਇਸ ਤੋਂ ਇਹ ਪਤਾ ਚਲਦਾ ਹੈ ਕਿ ਪੰਜਵੇਂ ਗੁਰੂ ਜੀ ਤੋਂ ਹੀ ਸਿੱਖਾਂ

ਨੇ ਕੀਰਤਨ ਕਰਨਾ ਆਰੰਭ ਕੀਤਾ ਪ੍ਰੰਤੂ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖ ਰਾਗੀ ਦੂਜੀ ਪਾਤਿਸ਼ਾਹੀ ਅਰਥਾਤ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਹੀ ਕੀਰਤਨ ਕਰਦੇ ਆ ਰਹੇ ਸਨ ਜਿਨ੍ਹਾਂ ਵਿੱਚੋਂ ਕੁਝ ਦੇ ਨਾਮ ਇਸ ਪ੍ਰਕਾਰ ਹਨ :

1. ਭਾਈ ਦੀਪਾ

ਆਪ ਡੱਲਾ ਨਾਮਕ ਸਥਾਨ ਦੇ ਨਿਵਾਸੀ ਸਨ। ਆਪ ਨੇ ਆਪਣੇ ਜਨਮ ਸਥਾਨ ਨੂੰ ਤਿਆਗ ਕੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਦਾ ਆਸਰਾ ਲਿਆ ਅਤੇ ਗੁਰੂ ਮਹਾਰਾਜ ਦੇ ਪਿਆਰੇ ਚੇਲਿਆਂ ਵਿਚ ਜਗ੍ਹਾ ਪਾ ਕੇ ਧੰਨ ਹੋ ਗਏ। ਆਪ ਉੱਚ ਕੋਟੀ ਦੇ ਕੀਰਤਨਕਾਰ ਸਨ। ਆਪ ਨੇ ਵੱਡੀ ਉਮਰ ਪ੍ਰਾਪਤ ਕੀਤੀ ਅਤੇ ਆਪ ਜੀ ਨੂੰ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਅਰਥਾਤ ਚਾਰ ਗੁਰੂਆਂ ਦੇ ਦਰਬਾਰ ਵਿਚ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

ਦੀਪਾ ਦੇਉ ਨਰਾਇਣ ਦਾਸੁ ਬੂਲੇ ਦੇ ਜਾਈਐ ਬਲਿਹਾਰੀ ॥[20]

2. ਭਾਈ ਨਰਾਇਣ ਦਾਸ

ਭਾਈ ਗੁਰਦਾਸ ਜੀ ਦੀਆਂ ਵਾਰਾਂ ਅਨੁਸਾਰ ਆਪ ਵੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੇ ਕੀਰਤਨੀਏ ਸਨ। ਆਪ ਅਤਿਅੰਤ ਵੱਡੀ ਸ਼ਖ਼ਸੀਅਤ ਦੇ ਵਿਅਕਤੀ ਸਨ। ਆਪ ਦਾ ਨਿਵਾਸ ਵੀ ਇੱਲਾ ਅਤੇ ਜਾਤ ਜੁਲਕਾ ਸੀ।

3. ਭਾਈ ਬੂਲਾ

ਆਪ ਵੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦੇ ਕੀਰਤਨੀਏ ਸਨ। ਆਪ ਗੁਰੂ ਜੀ ਦੇ ਅਤਿਅੰਤ ਪਿਆਰੇ ਚੇਲਿਆਂ ਵਿੱਚੋਂ ਸਨ। ਆਪ ਦੀ ਬਾਣੀ ਵਿਚ ਅਨੋਖੀ ਮਿਠਾਸ ਸੀ। ਆਪ ਸੰਗੀਤ ਸ਼ਾਸਤਰ ਵਿਚ ਨਿਪੁੰਨ ਹੋਣ ਦੇ ਨਾਲ ਨਾਲ ਗੀਤਾਂ ਦੀ ਰਚਨਾ ਕਰਨ ਵਿਚ ਵੀ ਕੁਸ਼ਲ ਸਨ।

4. ਭਾਈ ਰਾਮੂ

ਭਾਈ ਗੁਰਦਾਸ ਜੀ ਦੀਆਂ ਵਾਰਾਂ ਅਨੁਸਾਰ ਆਪ ਵੀ ਡੱਲਾ ਨਿਵਾਸੀ ਸਨ ਅਤੇ ਗੁਰੂ ਅਮਰਦਾਸ ਜੀ ਦੇ ਦਰਬਾਰੀ ਰਾਗੀ ਸਨ। ਆਪ ਜੀ ਨੂੰ ਗੁਰੂ ਜੀ ਤੋਂ ਵੀ ਸੰਗੀਤ ਵਿੱਦਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਆਪ ਨੇ ਬਚਪਨ ਵਿਚ ਹੀ ਸੰਗੀਤ ਦਾ ਗਿਆਨ ਪ੍ਰਾਪਤ ਕਰ ਲਿਆ ਸੀ।

ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ ॥

5. ਭਾਈ ਪਾਂਧਾ

ਆਪ ਵੀ ਗੁਰੂ ਅਮਰਦਾਸ ਜੀ ਦੇ ਦਰਬਾਰੀ ਰਾਗੀ ਸਨ। ਆਪ ਵੀ ਸੰਗੀਤ ਸ਼ਾਸਤਰ ਵਿਚ ਨਿਪੁੰਨ ਸਨ। ਆਪ ਨੇ ਗੁਰੂ ਭਗਤੀ ਨਾਲ ਗੜੁੰਦ ਅਨੇਕਾਂ ਰਚਨਾਵਾਂ

ਕਰ ਕੇ ਉਨ੍ਹਾਂ ਨੂੰ ਸੁਰਾਂ ਵਿਚ ਬੰਨ੍ਹਿਆ। ਸਾਹਿਤ 'ਤੇ ਆਪ ਦਾ ਪੂਰਨ ਅਧਿਕਾਰ ਸੀ। ਆਪ ਗੁਰੂ ਜੀ ਦੇ ਚੇਲਿਆਂ ਵਿਚ ਮਹੱਤਵਪੂਰਨ ਸਥਾਨ ਰੱਖਦੇ ਸਨ :

ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ॥
ਡਲੇ ਵਾਸੀ ਸੰਗਤਿ ਭਾਰੀ॥

6. ਭਾਈ ਨਾਗਉਰੀ

ਆਪ ਵੀ ਗੁਰੂ ਅਮਰਦਾਸ ਜੀ ਦੇ ਦਰਬਾਰੀ ਰਾਗੀ ਸਨ ਅਤੇ ਡੱਲਾ ਨਿਵਾਸੀ ਸਨ। ਆਪ ਸੰਗੀਤ ਵਿੱਦਿਆ ਵਿਚ ਨਿਪੁੰਨ ਸਨ। ਗਾਇਣ ਦੇ ਨਾਲ-ਨਾਲ ਆਪ ਨੂੰ ਵਾਦਨ ਦਾ ਵੀ ਗਿਆਨ ਸੀ ਅਤੇ ਕਈ ਸਾਜ਼ਾਂ ਨੂੰ ਵਜਾਉਣ ਵਿਚ ਨਿਪੁੰਨ ਸਨ।

7. ਭਾਈ ਉਗਰਸੈਨ

ਆਪ ਵੀ ਗੁਰੂ ਅਮਰਦਾਸ ਜੀ ਦੇ ਦਰਬਾਰੀ ਰਾਗੀ ਸਨ। ਆਪ ਜੀ ਦੀ ਧਾਰਮਿਕ ਪ੍ਰਵਿਰਤੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਕੀਰਤਨ ਤੋਂ ਇਲਾਵਾ ਵਿੱਦਿਆ ਪ੍ਰਚਾਰ ਅਤੇ ਧਰਮ ਪ੍ਰਚਾਰ ਦੇ ਕਾਰਜਾਂ ਦੀ ਵੀ ਜ਼ਿੰਮੇਵਾਰੀ ਸੌਂਪੀ। ਆਪ ਨੇ ਸੰਗੀਤ ਦੀ ਸੇਵਾ ਕਰਦੇ ਹੋਏ ਸਿੱਖ ਸਮਾਜ ਦੀ ਵੀ ਜੋ ਸੇਵਾ ਕੀਤੀ, ਉਹ ਭੁਲਾਈ ਨਹੀਂ ਜਾ ਸਕਦੀ।

8. ਭਾਈ ਝਾਝੂ

ਆਪ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਗਾਇਕ ਸਨ। ਆਪ ਇਕ ਵਾਰ ਗੁਰੂ ਅਰਜਨ ਦੇਵ ਜੀ ਦੇ ਕੋਲ ਆਏ ਅਤੇ ਕੀਰਤਨ ਦੀ ਵਡਿਆਈ ਦਾ ਉਪਦੇਸ਼ ਸੁਣ ਕੇ ਉਥੇ ਉਨ੍ਹਾਂ ਕੋਲ ਬਹਿ ਗਏ ਅਤੇ ਕੀਰਤਨ ਕਰਨ ਲੱਗੇ।

9. ਭਾਈ ਮੁਕੰਦ

ਆਪ ਵੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ।

10. ਭਾਈ ਕਿਦਾਰਾ

ਆਪ ਜੀ ਵੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦਾ ਸ਼ਿੰਗਾਰ ਸਨ ਅਤੇ ਕੀਰਤਨ ਕਰਦੇ ਸਨ।

ਝਾਂਝੂ ਅਤੇ ਮੁਕੰਦੂ ਹੈ ਕੀਰਤਨੁ ਕਰੈ ਹਜੂਰਿ ਕਿਦਾਰਾ॥
ਸਾਧਸੰਗਤਿ ਪਰਗਟੁ ਪਾਹਾਰਾ॥[24]

ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਸਿੱਖਾਂ ਨੇ ਸਾਮੂਹਿਕ ਤੌਰ 'ਤੇ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਸਾਰੇ ਗੁਰੂ ਕੀਰਤਨ ਸੁਣਨ ਦੇ ਪ੍ਰੇਮੀ ਸਨ। ਗੁਰੂ ਅਰਜਨ ਦੇਵ ਜੀ ਨੇ ਆਪ ਖ਼ੁਦ ਸਿੱਖਾਂ ਨੂੰ ਰਬਾਬ ਦੀ ਜਗ੍ਹਾ ਸਾਰੰਦਾ ਨਾਮਕ ਸਾਜ਼ ਵਜਾਉਣਾ ਸਿਖਾਇਆ ਅਤੇ ਕੀਰਤਨ ਕਰਨ ਦੀ ਸਿੱਖਿਆ ਦਿੱਤੀ। ਉਸ ਤੋਂ ਉਪਰੰਤ ਸਿੱਖਾਂ ਦੇ ਕੀਰਤਨ ਕਰਨ ਦੀ ਲੜੀ ਚਲਦੀ ਰਹੀ।

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ 52 ਕਵੀਆਂ ਦਾ ਉਲੇਖ ਮਿਲਦਾ ਹੈ, ਜਿਨ੍ਹਾਂ ਵਿੱਚੋਂ ਕੁਝ ਕਵੀ ਅਜਿਹੇ ਸਨ ਜੋ ਸੰਗੀਤਕਾਰ ਵੀ ਸਨ। ਗੁਰੂ ਗੋਬਿੰਦ ਸਿੰਘ ਜੀ ਕੀਰਤਨਕਾਰਾਂ ਦੇ ਪ੍ਰਤੀ ਖ਼ਾਸ ਸਦਭਾਵਨਾ ਰੱਖਦੇ ਸਨ। 'ਸੂਰਜ ਪ੍ਰਕਾਸ਼' ਦੇ ਅਨੁਸਾਰ ਇਕ ਵਾਰ ਆਪ ਜੀ ਦੇ ਦਰਬਾਰ ਵਿਚ ਆ ਕੇ ਸਿੱਖਾਂ ਨੇ ਕੀਰਤਨ ਕੀਤਾ ਤਾਂ ਆਪ ਜੀ ਨੇ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਪ੍ਰਸ਼ਾਦ ਛਕਾਇਆ, ਫਿਰ ਕਿਹਾ :

ਇਨ ਪਰ ਗੁਰ ਕੀ ਖੁਸ਼ੀ ਉਦਾਰਾ॥
ਕਲਜੁਗ ਕੀਰਤਨ ਨਾਮ ਆਧਾਰਾ॥

ਬਾਅਦ ਵਿਚ ਗੁਰਸਿੱਖਾਂ ਨੇ ਇਸੇ ਮਰਿਆਦਾ ਦੀ ਪਾਲਣਾ ਕੀਤੀ। ਕੀਰਤਨ ਨੂੰ ਜੀਵਨ ਦਾ ਆਧਾਰ ਮੰਨ ਕੇ ਉਹ ਇਸ ਨੂੰ ਦ੍ਰਿੜ੍ਹਤਾ ਅਤੇ ਸ਼ਰਧਾ ਨਾਲ ਨਿਭਾਉਂਦੇ ਰਹੇ ਹਨ।

ਇਥੇ ਇਹ ਉਲੇਖ ਕਰਨਾ ਗ਼ਲਤ ਨਹੀਂ ਹੋਵੇਗਾ ਕਿ ਸਿੱਖਾਂ ਨੂੰ ਮਿਰਾਸੀਆਂ ਦਾ ਯੋਗਦਾਨ ਨਾ ਪ੍ਰਾਪਤ ਹੁੰਦਾ ਤਾਂ ਕੀਰਤਨ ਦਾ ਪੱਧਰ ਉੱਚ ਕੋਟੀ ਤਕ ਨਾ ਪਹੁੰਚ ਸਕਦਾ। ਅਸੀਂ ਇਹ ਮੰਨਦੇ ਹਾਂ ਕਿ ਸਿੱਖ ਗੁਰੂਆਂ ਦੇ ਰਾਗ ਵਿੱਦਿਆ ਪ੍ਰੇਮ ਨੇ ਸਿੱਖ ਸਮਾਜ ਨੂੰ ਸੰਗੀਤ ਦੇ ਪ੍ਰਤੀ ਜਾਗਰੂਕ ਕੀਤਾ, ਪ੍ਰੰਤੂ ਇੱਥੇ ਸਾਨੂੰ ਇਸ ਗੱਲ ਉੱਤੇ ਵੀ ਧਿਆਨ ਦੇਣਾ ਹੋਵੇਗਾ ਕਿ ਸਾਡੇ ਗੁਰੂਆਂ ਨੇ ਵੀ ਕੀਰਤਨ ਦਾ ਮਹੱਤਵ ਮਿਰਾਸੀ ਪਰੰਪਰਾ ਦੀ ਨੀਂਹ 'ਤੇ ਹੀ ਕਾਇਮ ਕੀਤਾ। ਕ੍ਰਿਆਤਮਕ ਸੰਗੀਤ ਦੀ ਸਿੱਖਿਆ ਕਾਫ਼ੀ ਹੱਦ ਤਕ ਸਾਨੂੰ ਮਿਰਾਸੀਆਂ ਤੋਂ ਹੀ ਪ੍ਰਾਪਤ ਹੋਈ। ਜਿਸ ਪ੍ਰਕਾਰ ਸ਼ੁੱਧ ਭਾਰਤੀ ਸ਼ਾਸਤਰੀ ਸੰਗੀਤ ਵਿਚ ਵੀ ਅਸੀਂ ਮੁਸਲਮਾਨ ਗਾਇਕਾਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ, ਉਸੇ ਤਰ੍ਹਾਂ ਸਿੱਖ ਆਪਣੇ ਕੀਰਤਨ ਦੇ ਖੇਤਰ ਵਿਚ ਮੁਸਲਮਾਨ ਰਾਗੀਆਂ ਦੀਆਂ ਅਮੁੱਲ ਸੇਵਾਵਾਂ ਵਲੋਂ ਅੱਖਾਂ ਨਹੀਂ ਮੀਟ ਸਕਦੇ।[25]

ਵੀਹਵੀਂ ਸਦੀ ਦੇ ਕੀਰਤਨੀਏ

1. ਭਾਈ ਪ੍ਰੇਮ ਸਿੰਘ

ਆਪ ਜੀ 20ਵੀਂ ਸਦੀ ਦੇ ਆਰੰਭ ਵਿਚ ਸਿੱਖ ਸੰਪ੍ਰਦਾਇ ਦੇ ਮਹਾਨ ਕਵੀ ਅਤੇ ਰਾਗੀ ਦੇ ਰੂਪ ਵਿਚ ਪ੍ਰਸਿੱਧ ਹੋਏ। ਭਾਈ ਪ੍ਰੇਮ ਸਿੰਘ ਬਹੁਤ ਸੰਤ ਸੁਭਾਅ ਦੇ ਵਿਅਕਤੀ ਸਨ। ਆਪ ਨੇ ਗੁਰੂਆਂ ਦੀ ਸੰਗੀਤ ਪਰੰਪਰਾ ਨੂੰ ਉਸੇ ਰੂਪ ਵਿਚ ਕਾਇਮ ਰੱਖਦੇ ਹੋਏ ਕੀਰਤਨ ਕੀਤਾ। ਭਾਈ ਪ੍ਰੇਮ ਸਿੰਘ ਆਪਣਾ ਸੰਬੰਧ ਰਾਗੀਆਂ ਨਾਲ ਦੱਸਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਦੇ ਪੂਰਵਜ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਸ਼ਬਦ ਕੀਰਤਨ ਕਰਦੇ ਸਨ। ਆਪ ਜੀ ਰਿਆਸਤ ਪਟਿਆਲਾ ਦੇ ਦਰਬਾਰੀ ਸੰਗੀਤਕਾਰ ਸਨ। ਪਟਿਆਲੇ ਤੋਂ ਅੰਮ੍ਰਿਤਸਰ ਆਉਣ 'ਤੇ ਬਿਰਧ ਅਵਸਥਾ ਵਿਚ ਆਪ ਜੀ ਨੇ 'ਗੁਰਮਤਿ ਸੰਗੀਤ" ਨਾਮਕ ਇਕ ਪੁਸਤਕ ਪ੍ਰਕਾਸ਼ਤ ਕੀਤੀ ਜਿਸ ਨੂੰ ਬਾਅਦ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਪ੍ਰਕਸ਼ਿਤ ਕਰਵਾ ਕੇ ਉਸ ਦਾ ਨਾਮ "ਗੁਰਮਤਿ ਰਤਨ ਸੰਗੀਤ ਭੰਡਾਰ" ਰੱਖ ਦਿੱਤਾ।

2. ਭਾਈ ਮਨਸਾ ਸਿੰਘ

ਭਾਈ ਮਨਸਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਵਿਚ ਸੁਪ੍ਰਸਿੱਧ ਰਾਗੀਆਂ ਵਿੱਚੋਂ ਗਿਣੇ ਜਾਂਦੇ ਸਨ। ਆਪ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ 'ਆਸਾ ਦੀ ਵਾਰ' ਦਾ ਕੀਰਤਨ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਸਿੱਖ ਧਾਰਮਿਕ ਸੰਗੀਤ ਦੇ ਅਤਿਅੰਤ ਪ੍ਰਸੰਸਕ ਸਨ। ਭਾਈ ਮਨਸਾ ਸਿੰਘ ਦਾ ਕੀਰਤਨ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਏ। ਪ੍ਰਸੰਨ ਹੋ ਕੇ ਜਦੋਂ ਮਹਾਰਾਜਾ ਭਾਈ ਮਨਸਾ ਸਿੰਘ ਨੂੰ ਤਮਗੇ ਅਤੇ ਸੋਨੇ ਦੇ ਸਿੱਕੇ ਦੇਣ ਲੱਗੇ ਤਾਂ ਉਨ੍ਹਾਂ ਨੇ ਆਦਰ ਪੂਰਵਕ ਬੇਨਤੀ ਕੀਤੀ ਕਿ ਜੇਕਰ ਮੈਂ ਇਨ੍ਹਾਂ ਨੂੰ ਸਵੀਕਾਰ ਕਰ ਲਵਾਂਗਾ ਤਾਂ ਮੇਰੀ ਸੰਗੀਤ ਕਲਾ ਸਮਾਪਤ ਹੋ ਜਾਵੇਗੀ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਭੇਟਾ ਨਿਮਰਤਾ ਪੂਰਵਕ ਨਾਮਨਜ਼ੂਰ ਕਰ ਦਿੱਤੀ। ਭਾਈ ਮਨਸਾ ਸਿੰਘ ਨੇ ਆਪਣੇ ਭਤੀਜੇ ਭਾਈ ਮਾਨ ਸਿੰਘ ਨੂੰ ਵੀ ਸੰਗੀਤ ਸਿੱਖਿਆ ਪ੍ਰਦਾਨ ਕੀਤੀ। ਆਪ ਦੇ ਸਮਕਾਲੀਨ ਸਮੂਹ ਸੰਗੀਤਕਾਰ, ਸੰਗੀਤ ਪ੍ਰੇਮੀ ਅਤੇ ਰਾਗੀ ਭਾਈ ਮਨਸਾ ਸਿੰਘ ਦੇ ਕੀਰਤਨ ਗਾਇਨ ਦੀ ਪ੍ਰਸੰਸਾ ਕਰਦੇ ਸਨ।

3. ਭਾਈ ਸੁੰਦਰ ਸਿੰਘ

ਭਾਈ ਸੁੰਦਰ ਸਿੰਘ ਅੱਜ ਵੀ 20ਵੀਂ ਸਦੀ ਦੇ ਆਰੰਭ ਵਿਚ ਹੋਏ ਸਿੱਖ ਕੀਰਤਨਕਾਰਾਂ ਵਿਚ ਅਤਿਅੰਤ ਉੱਚ ਸਥਾਨ ਰੱਖਦੇ ਹਨ। ਆਪ ਆਪਣੇ ਜੀਵਨ ਦੇ ਅਖ਼ੀਰਲੇ ਸਾਲਾਂ ਤਕ ਦਰਬਾਰ ਸਾਹਿਬ ਦੇ 'ਹਜ਼ੂਰੀ ਰਾਗੀ' ਰਹੇ। ਆਪ ਜ਼ਿਆਦਾਤਰ ਧਰੁਪਦ ਅਤੇ ਧਮਾਰ ਸ਼ੈਲੀਆਂ ਵਿਚ ਹੀ ਕੀਰਤਨ ਕਰਦੇ ਸਨ। ਆਪ ਜੀ ਇਕ ਪਿੰਡ ਵਿਚ ਕੀਰਤਨ ਕਰਨ ਗਏ ਜਿਥੇ ਸੰਪ੍ਰਦਾਇਕ ਦੰਗਿਆਂ ਵਿਚ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

4. ਭਾਈ ਬੇਲਾਰਾਮ

ਭਾਈ ਬੇਲਾਰਾਮ ਸਿੰਧ ਰਾਜ ਦੇ ਨਿਵਾਸੀ ਸਨ। ਆਪ ਦਾ ਸ਼ਬਦ ਗਾਇਨ ਅਤਿਅੰਤ ਮਿੱਠਾ ਅਤੇ ਦਿਲਕਸ਼ ਹੁੰਦਾ ਸੀ। ਉਨ੍ਹਾਂ ਨੇ ਦੇਸ਼-ਵਿਦੇਸ਼ ਵਿਚ ਯਾਤਰਾ ਕਰ ਕੇ ਸ਼ਬਦ ਕੀਰਤਨ ਦਾ ਬਹੁਤ ਪ੍ਰਚਾਰ ਤੇ ਪ੍ਰਸਾਰ ਕੀਤਾ। ਆਪ ਦੇ ਪੁੱਤਰ ਅਤੇ ਪੁੱਤਰੀਆਂ ਵੀ ਦਿੱਲੀ ਵਿਚ ਕੀਰਤਨ ਕਰਦੇ ਸਨ।

5. ਭਾਈ ਜਵਾਲਾ ਸਿੰਘ

ਭਾਈ ਜਵਾਲਾ ਸਿੰਘ ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪਿੰਡ ਢੱਢਾ ਟਿੱਬਾ ਦੇ ਰਹਿਣ ਵਾਲੇ ਪ੍ਰਸਿੱਧ ਰਾਗੀ ਸਨ। ਆਪ ਤਾਊਸ ਚੰਗੀ ਤਰ੍ਹਾਂ ਨਾਲ ਵਜਾਇਆ ਕਰਦੇ ਸਨ। ਆਪ ਦੇ ਕੀਰਤਨ ਵਿਚ ਦੋ ਵਿਅਕਤੀ ਤਾਊਸ 'ਤੇ ਸੰਗਤ ਕਰਦੇ ਸਨ। ਲਗਪਗ 60 ਸਾਲ ਤਕ ਕੀਰਤਨ ਦੀ ਸੇਵਾ ਕਰਨ ਉਪਰੰਤ 80 ਸਾਲਾਂ ਦੀ ਉਮਰ ਵਿਚ ਆਪ ਜੀ ਦੀ ਮ੍ਰਿਤੂ ਹੋ ਗਈ। ਆਪ ਦੇ ਨਾਲ ਬਾਬਾ ਨਿਦਰਾ ਸਿੰਘ, ਬਾਬਾ

ਹਰੀ ਸਿੰਘ ਅਤੇ ਭਾਈ ਹੀਰਾ ਸਿੰਘ ਤਾਊਸ 'ਤੇ ਅਤੇ ਭਾਈ ਹਰਨਾਮ ਸਿੰਘ ਅਤੇ ਭਾਈ ਟਹਿਲ ਸਿੰਘ ਤਬਲੇ 'ਤੇ ਸੰਗਤ ਕਰਦੇ ਸਨ।

6. ਭਾਈ ਰਣਜੋਧ ਸਿੰਘ ਅਤੇ ਭਾਈ ਮਹਾਂ ਸਿੰਘ

ਇਹ ਦੋਵੇਂ ਭਰਾ ਨਨਕਾਣਾ ਸਾਹਿਬ ਵਾਲੇ ਦੇ ਨਾਂ ਤੋਂ ਪ੍ਰਸਿੱਧ ਹੋਏ। ਭਾਰਤ ਤੋਂ ਇਲਾਵਾ ਪੂਰਬੀ ਦੇਸ਼ਾਂ ਜਿਵੇਂ ਬਰਮਾ, ਬੈਂਕਾਕ, ਮਲਾਇਆ, ਆਦਿ ਵਿਚ ਵੀ ਜਾ ਕੇ ਕੀਰਤਨ ਕੀਤਾ। ਭਾਈ ਰਣਜੋਧ ਸਿੰਘ ਦੇ ਤਿੰਨ ਪੁੱਤਰ ਹੋਏ। ਇਨ੍ਹਾਂ ਤਿੰਨਾਂ ਭਰਾਵਾਂ ਦਾ ਜੱਥਾ 'ਜੱਥਾ ਅਤੇ ਪਾਲਾ' ਦੇ ਨਾਮ ਤੋਂ ਪ੍ਰਸਿੱਧ ਹੋਇਆ। ਇਹ ਲੋਕ ਜ਼ਿਆਦਾਤਰ ਕੱਵਾਲੀ ਸ਼ੈਲੀ ਅਤੇ ਧੁਨਾਂ ਦੇ ਆਧਾਰ 'ਤੇ ਹੀ ਕੀਰਤਨ ਕਰਦੇ ਸਨ।

7. ਭਾਈ ਆਤਮਾ ਸਿੰਘ

ਆਪ ਜੀ ਸਿੱਖਾਂ ਵਿਚ ਉੱਚ-ਕੋਟੀ ਦੇ ਕੀਰਤਨਕਾਰਾਂ ਦੇ ਰੂਪ ਵਿਚ ਸਨਮਾਨਿਤ ਹਨ। ਆਪ ਜੰਮੂ ਦੇ ਮਹਾਰਾਜਾ ਦੇ ਦਰਬਾਰ ਵਿਚ ਪ੍ਰਮੁੱਖ ਸੰਗੀਤਕਾਰ ਸਨ। ਜੰਮੂ ਤੋਂ ਬਾਅਦ ਆਪ ਗੁਜਰਾਂਵਾਲੇ (ਸਿਆਲਕੋਟ) ਦੇ ਯਤੀਮਖ਼ਾਨੇ ਵਿਚ ਸੰਗੀਤ ਸਿੱਖਿਅਕ ਦਾ ਕਾਰਜ ਕਰਨ ਲੱਗ ਗਏ। ਆਪ ਜੀ ਦੇ ਮੁਖ ਚੇਲਿਆਂ ਵਿੱਚੋਂ ਦਿੱਲੀ ਦੇ ਭਾਈ ਇੰਦਰ ਸਿੰਘ, ਕਪੂਰਥਲੇ ਦੇ ਭਾਈ ਗੋਪਾਲ ਸਿੰਘ ਅਤੇ ਬਰੇਲੀ ਦੇ ਭਾਈ ਜਗਤ ਸਿੰਘ ਦੇ ਨਾਂ ਖਾਸ ਵਰਣਨਯੋਗ ਹਨ।

8. ਭਾਈ ਗੱਜਾ ਸਿੰਘ

ਭਾਈ ਗੱਜਾ ਸਿੰਘ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਦੇ ਉਸਤਾਦ ਸਨ। ਸੁਪ੍ਰਸਿੱਧ ਅੰਗਰੇਜ਼ ਵਿਦਵਾਨ ਮੈਕਾਲਿਫ਼ ਨੇ ਭਾਈ ਗੱਜਾ ਸਿੰਘ ਦੇ ਪ੍ਰਤੀ ਆਦਰ-ਸਨਮਾਨ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਸਿੱਖਾਂ ਦੇ ਮਹਾਨ ਗਾਇਕ ਕਹਿ ਕੇ ਸੰਬੋਧਿਤ ਕੀਤਾ ਹੈ। ਮਹੰਤ ਗੱਜਾ ਸਿੰਘ ਦਾ ਇਕ ਖਰੜਾ ਪਟਿਆਲਾ ਦੇ ਪੰਜਾਬ ਸਰਕਾਰ ਦੇ ਅਜਾਇਬਘਰ ਵਿਚ ਸੁਰੱਖਿਅਤ ਹੈ।[26] ਮਹੰਤ ਜੀ ਦਿਲਰੁਬਾ ਵਜਾਉਣ ਵਿਚ ਅਤਿਅੰਤ ਕੁਸ਼ਲ ਸਨ। ਗੁਲਾਮ ਅਲੀ ਖ਼ਾਨ ਦੇ ਪਿਤਾ ਮੀਆਂ ਵਲੀ ਬਖ਼ਸ਼ ਕਸੂਰ ਵਾਲੇ ਨੇ ਵੀ ਦਿਲਰੁਬਾ ਵਜਾਉਣ ਵਿਚ ਇਨ੍ਹਾਂ ਦੀ ਨਕਲ ਕੀਤੀ। ਇਨ੍ਹਾਂ ਦੇ ਚੇਲਿਆਂ ਵਿੱਚੋਂ ਭਾਈ ਮਸਤਾਨ ਸਿੰਘ, ਭਾਈ ਜੀਵਨ ਸਿੰਘ, ਭਾਈ ਹਰਨਾਮ ਸਿੰਘ, ਮਹਾਰਾਜਾ ਭੁਪਿੰਦਰ ਸਿੰਘ (ਮਹਾਰਾਜਾ ਪਟਿਆਲਾ) ਦੇ ਨਾਮ ਵਰਣਨਯੋਗ ਹਨ।

9. ਸਰਦਾਰ ਜੱਸਾ ਸਿੰਘ ਆਹਲੂਵਾਲੀਆ

ਸੁਲਤਾਨ-ਉਲ-ਕੌਮ ਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਬਹੁਤ ਸੁੰਦਰ ਢੰਗ ਨਾਲ ਸ਼ਬਦ-ਕੀਰਤਨ ਕਰਦੇ ਸਨ। ਸ਼ਬਦ ਗਾਇਨ ਸ਼ੈਲੀ ਅਤੇ ਭਗਤੀ ਭਾਵਨਾ ਦੀ ਪ੍ਰੇਰਨਾ ਆਪ ਨੂੰ ਆਪਣੀ ਮਾਤਾ ਤੋਂ ਪ੍ਰਾਪਤ ਹੋਈ। ਆਪਣੇ ਪਿਤਾ ਦੀ ਮ੍ਰਿਤੂ ਤੋਂ ਬਾਅਦ ਮਾਂ-ਬੇਟਾ ਦਿੱਲੀ ਵਿਚ ਮਾਤਾ ਸੁੰਦਰੀ ਜੀ ਦੇ ਦਰਬਾਰ ਵਿਚ ਕੀਰਤਨ ਦੀ ਸੇਵਾ ਕਰਦੇ ਸਨ। ਨਵਾਬ ਕਪੂਰ ਸਿੰਘ ਜੀ ਇਨ੍ਹਾਂ ਦੇ ਕੀਰਤਨ ਤੋਂ ਖ਼ੁਸ਼ ਹੋ ਕੇ

ਇਨ੍ਹਾਂ ਨੂੰ ਆਪਣੇ ਨਾਲ ਲੈ ਗਏ ਅਤੇ ਸਰਬੱਤ ਖ਼ਾਲਸਾ ਦੀ ਜਥੇਦਾਰੀ ਇਨ੍ਹਾਂ ਨੂੰ ਸੌਂਪ ਦਿੱਤੀ।[27]

10. ਭਾਈ ਉੱਤਮ ਸਿੰਘ

ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ-ਕਾਲ ਵਿਚ ਭਾਈ ਉੱਤਮ ਸਿੰਘ ਇਕ ਸ੍ਰੇਸ਼ਟ ਰਾਗੀ ਮੰਨੇ ਜਾਂਦੇ ਸਨ। ਆਪ ਜੀ ਨੇ ਖ਼ਿਆਲ ਗਾਇਨ ਦੀ ਸਿੱਖਿਆ ਮੀਆਂ ਪੀਰ ਬਖ਼ਸ਼ ਤੋਂ ਪ੍ਰਾਪਤ ਸੀ। ਆਪ ਨੂੰ ਸੰਗੀਤ ਸ਼ਾਸਤਰ ਦਾ ਵੀ ਚੰਗਾ ਗਿਆਨ ਸੀ। ਆਪ ਦਿਲਰੁਬਾ ਵਜਾਉਣ ਵਿਚ ਬਹੁਤ ਨਿਪੁੰਨ ਸਨ। ਅਨੇਕ ਰਬਾਬੀ ਅਤੇ ਰਾਗੀ ਆਪ ਦੀ ਵਿਦਵਤਾ ਦਾ ਲਾਭ ਉਠਾਉਣ ਲਈ ਇਨ੍ਹਾਂ ਦੇ ਕੋਲ ਆਇਆ ਕਰਦੇ ਸਨ।

ਭਾਈ ਉੱਤਮ ਸਿੰਘ ਨੇ ਧਰੁਪਦ, ਖ਼ਿਆਲ, ਤਰਾਨਾ ਆਦਿ ਗਾਇਨ ਸ਼ੈਲੀਆਂ ਦੇ ਆਧਾਰ 'ਤੇ ਗੁਰਬਾਣੀ ਕੀਰਤਨ ਦੇ ਲਈ ਅਨੇਕਾਂ ਰਚਨਾਵਾਂ ਆਪਣੇ ਚੇਲਿਆਂ ਨੂੰ ਸਿਖਾਈਆਂ। ਆਪ ਦੇ ਚੇਲਿਆਂ ਵਿੱਚੋਂ ਭਾਈ ਸੁੰਦਰ ਸਿੰਘ 'ਸ਼ਹੀਦ' ਅਤੇ ਬਾਬਾ ਦਲੀਪ ਚੰਦਰ ਬੇਦੀ ਦੇ ਨਾਮ ਖ਼ਾਸ ਤੌਰ 'ਤੇ ਵਰਣਨਯੋਗ ਹਨ। ਸੰਗੀਤ ਕਲਾ ਦਾ ਪ੍ਰਚਾਰ-ਪ੍ਰਸਾਰ ਅਤੇ ਸਿਖਲਾਈ ਪ੍ਰਦਾਨ ਕਰਨ ਦੇ ਉਦੇਸ਼ ਤੋਂ ਆਪ ਜੀ ਨੇ ਅਨੇਕਾਂ ਵਿਦਿਆਲਿਆਂ ਦੀ ਸਥਾਪਨਾ ਕੀਤੀ। ਭਾਈ ਉੱਤਮ ਸਿੰਘ ਪੈਸੇ ਦੇ ਲਾਲਚ ਨਾਲ ਕੀਰਤਨ ਨਹੀਂ ਕਰਦੇ ਸਨ।

11. ਭਾਈ ਸ਼ੇਰ ਸਿੰਘ ਅਤੇ ਭਾਈ ਸੁੰਦਰ ਸਿੰਘ

ਇਹ ਦੋਵੇਂ ਭਰਾ ਸੰਗੀਤ ਦੇ ਖੇਤਰ ਵਿਚ ਇਤਨੇ ਮਸ਼ਹੂਰ ਹੋਏ ਕਿ ਨਾ ਸਿਰਫ਼ ਸਿੱਖ ਸੰਪ੍ਰਦਾਇ ਸਗੋਂ ਮਿਰਾਸੀ ਅਤੇ ਵੇਸ਼ਵਾਵਾਂ ਵੀ ਇਨ੍ਹਾਂ ਨੂੰ ਅਤਿਅੰਤ ਸ਼ਰਧਾ ਦੀ ਦ੍ਰਿਸ਼ਟੀ ਨਾਲ ਵੇਖਦੀਆਂ ਸਨ। ਕਿਹਾ ਜਾਂਦਾ ਹੈ ਕਿ ਭਾਈ ਸ਼ੇਰ ਸਿੰਘ ਦੇ ਮਿੱਠੇ ਗਲੇ ਨੂੰ ਸੁਣਨ ਵਾਸਤੇ ਵੇਸ਼ਵਾਵਾਂ ਤਰਸਦੀਆਂ ਸਨ। ਜਦੋਂ ਦੋਵੇਂ ਭਰਾ ਬਾਜ਼ਾਰ ਵਿੱਚੋਂ ਨਿਕਲਦੇ ਸਨ ਤਾਂ ਉਹ ਉਨ੍ਹਾਂ ਦੇ ਦਰਸ਼ਨ ਲਈ ਆਪਣੇ ਘਰਾਂ ਤੋਂ ਨਿਕਲ ਪੈਂਦੇ ਸਨ। ਇਹ ਦੋਵੇਂ ਗੁਜਰਾਂਵਾਲੇ ਦੇ ਨਾਮ ਤੋਂ ਮਸ਼ਹੂਰ ਹੋਏ।

12. ਭਾਈ ਕੱਥਾ ਸਿੰਘ ਅਤੇ ਭਾਈ ਨੱਥਾ ਸਿੰਘ

ਇਹ ਦੋਵੇਂ ਵੀ ਸਿੱਖਾਂ ਦੇ ਮਸ਼ਹੂਰ ਰਾਗੀ ਹੋਏ ਹਨ। ਆਪ ਗੋਂਦਕੇ (ਗੁਜਰਾਂਵਾਲੇ) ਨਾਂ ਦੀ ਜਗ੍ਹਾ ਦੇ ਵਾਸੀ ਸਨ ਅਤੇ ਨੱਥੂ ਅਤੇ ਕੱਥੂ ਦੇ ਨਾਮ ਤੋਂ ਮਸ਼ਹੂਰ ਹੋਏ। ਅਸਲ ਵਿਚ ਆਪ ਮਿਰਾਸੀ ਵੰਸ਼ ਨਾਲ ਸੰਬੰਧਿਤ ਸਨ ਅਤੇ ਬਾਅਦ ਵਿਚ ਸਿੱਖ ਬਣ ਗਏ। ਇਸੇ ਕਾਰਨ ਇਨ੍ਹਾਂ ਦੀ ਗਾਇਕੀ ਉੱਤੇ ਮਿਰਾਸੀਆਂ ਦੀ ਪੂਰੀ ਛਾਪ ਪਈ। ਭਾਈ ਨੱਥਾ ਸਿੰਘ ਦੇ ਤਿੰਨ ਪੁੱਤਰ ਪਿਆਰਾ ਸਿੰਘ, ਲਾਲ ਸਿੰਘ ਅਤੇ ਜਗਤ ਸਿੰਘ ਹੋਏ। ਤਿੰਨੇ ਭਰਾ ਆਪਣੇ ਜਥੇ ਦੇ ਨਾਲ ਕੀਰਤਨ ਕਰਦੇ ਸਨ। ਭਾਈ ਜਗਤ ਸਿੰਘ ਤਿੰਨਾਂ ਸਪਤਕਾਂ ਵਿਚ ਅਸਾਨੀ ਨਾਲ ਗਾ ਸਕਦੇ ਸਨ। ਭਾਈ ਕੱਥਾ ਸਿੰਘ ਦਾ ਪੁੱਤਰ ਨਾਨਾ ਸਿੰਘ ਸੀ। ਆਪ ਤਾਊਸ ਵਜਾਉਣ ਵਿਚ ਅਤਿਅੰਤ ਨਿਪੁੰਨ ਸਨ ਅਤੇ ਆਪ ਨੇ

ਜੀਵਨ ਭਰ ਤਾਊਸ ਦੁਆਰਾ ਹੀ ਕੀਰਤਨ ਕੀਤਾ। ਸਿੱਖ ਸਮਾਜ ਵਿਚ ਆਪ ਬਾਬਾ ਤਾਨਾ ਸਿੰਘ ਦੇ ਨਾਮ ਨਾਲ ਮਸ਼ਹੂਰ ਹਨ।

13. ਭਾਈ ਮੇਹਰ ਸਿੰਘ

ਆਪ ਬਾਬਾ ਤਾਨਾ ਸਿੰਘ ਦੇ ਪੁੱਤਰ ਹਨ। ਦੋਵੇਂ ਪਿਉ-ਪੁੱਤ ਇਕੱਠੇ ਕੀਰਤਨ ਕਰਦੇ ਸਨ। ਪਿਤਾ ਦੀ ਮ੍ਰਿਤੂ ਤੋਂ ਬਾਅਦ ਇਹ ਭਾਈ ਮੇਹਰ ਸਿੰਘ ਤਾਨਾ ਦੇ ਨਾਂ ਤੋਂ ਮਸ਼ਹੂਰ ਹੋਏ। ਇਨ੍ਹਾਂ ਦੀ ਗਾਇਕੀ 'ਤੇ ਮਿਰਾਸੀ ਛਾਪ ਪੂਰਨ ਰੂਪ ਵਿਚ ਝਲਕਦੀ ਹੈ।

14. ਭਾਈ ਕੁੰਦਨ ਸਿੰਘ

ਆਪ ਜੀ ਦੀ ਮ੍ਰਿਤੂ ਲਗਪਗ ਸੰਨ 1910 ਈ: ਵਿਚ ਹੋਈ। ਆਪ ਨੇ ਸੰਗੀਤ ਸਿੱਖਿਆ ਲਲਿਆਣਾ (ਲਾਹੌਰ) ਦੇ ਭਾਈ ਹੀਰਾ ਸਿੰਘ ਤੋਂ ਪ੍ਰਾਪਤ ਕੀਤੀ। ਭਾਈ ਕੁੰਦਨ ਸਿੰਘ ਦੇ ਤਿੰਨ ਪੁੱਤਰ ਭਾਈ ਸੰਤਾ ਸਿੰਘ, ਭਾਈ ਸੋਹਣ ਸਿੰਘ ਅਤੇ ਭਾਈ ਤਾਰਾ ਸਿੰਘ ਹੋਏ। ਤਿੰਨਾਂ ਭਰਾਵਾਂ ਵਿਚ ਭਾਈ ਸੰਤਾ ਸਿੰਘ ਜ਼ਿਆਦਾ ਮਸ਼ਹੂਰ ਹੋਏ। ਆਪ ਦੇ ਚਾਰ ਪੁੱਤਰ ਹਨ ਜਿਨ੍ਹਾਂ ਦੇ ਨਾਮ ਭਾਈ ਬਲਬੀਰ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਅਤਰ ਸਿੰਘ, ਭਾਈ ਅਜੀਤ ਸਿੰਘ ਹਨ। ਇਨ੍ਹਾਂ ਚਾਰਾਂ ਭਰਾਵਾਂ ਦਾ ਸੁਤੰਤਰ ਜੱਥਾ ਤਰਨ ਤਾਰਨ ਦੇ ਪ੍ਰਸਿੱਧ ਜਥੇ ਵਿੱਚੋਂ ਇਕ ਹੈ। ਭਾਈ ਬਲਬੀਰ ਸਿੰਘ ਦੀ ਗਾਇਕੀ 'ਤੇ ਮਿਰਾਸੀ ਛਾਪ ਦ੍ਰਿਸ਼ਟੀਗੋਚਰ ਹੁੰਦੀ ਹੈ। ਰਾਗਾਂ ਵਿਚ ਆਪ ਦਾ ਅਸਾਧਾਰਣ ਨਿਯੰਤਰਣ ਹੈ। ਆਪ ਆਪਣੇ ਸ਼ਬਦਾਂ ਨੂੰ ਖ਼ਾਸ ਤੌਰ 'ਤੇ ਖ਼ਿਆਲ ਅਤੇ ਧਰੁਪਦ ਸ਼ੈਲੀ ਦੇ ਅਨੁਰੂਫ ਗਾਉਂਦੇ ਹਨ। ਗਾਇਨ ਦੇ ਨਾਲ ਨਾਲ ਆਪ ਤਬਲਾ ਵਾਦਨ ਵਿਚ ਵੀ ਨਿਪੁੰਨ ਹਨ ਜਿਸ ਦੀ ਸਿੱਖਿਆ ਆਪ ਨੇ ਆਪਣੇ ਪਿਤਾ ਕੋਲੋਂ ਹੀ ਪ੍ਰਾਪਤ ਕੀਤੀ।

15. ਭਾਈ ਮਸਤਾਨ ਸਿੰਘ

ਵੀਹਵੀਂ ਸਦੀ ਦੇ ਮੱਧ ਵਿਚ ਹੋਏ ਸਿੱਖ ਰਾਗੀਆਂ ਵਿਚ ਇਨ੍ਹਾਂ ਦਾ ਨਾਮ ਵੀ ਅਮਰ ਹੈ। ਇਨ੍ਹਾਂ ਦੇ ਦੋ ਪੁੱਤਰ ਭਾਈ ਦਰਬਾਰ ਸਿੰਘ ਅਤੇ ਭਾਈ ਗੁਲਜ਼ਾਰ ਸਿੰਘ ਅਤੇ ਪੁੱਤਰੀ ਬੀਬੀ ਹਰਬੰਸ ਕੌਰ ਨੇ ਆਪ ਜੀ ਪਾਸੋਂ ਹੀ ਸੰਗੀਤ ਸਿੱਖਿਆ ਪ੍ਰਾਪਤ ਕਰ ਕੇ ਆਪਣੇ ਜਥੇ ਦਾ ਨਿਰਮਾਣ ਕੀਤਾ। ਬੀਬੀ ਹਰਬੰਸ ਕੌਰ ਦੇ ਗਲੇ ਵਿਚ ਬਹੁਤ ਮਿਠਾਸ ਹੈ। ਆਪ ਦੇ ਕੁਝ ਰਿਕਾਰਡ ਵੀ ਬਣੇ ਹਨ।

16. ਭਾਈ ਸੰਤਾ ਸਿੰਘ

ਆਪਣੀ ਮਿੱਠੀ ਆਵਾਜ਼ ਵਿਚ ਸ਼ਬਦ ਕੀਰਤਨ ਦੁਆਰਾ ਸ੍ਰੋਤਿਆਂ ਨੂੰ ਕੀਲ ਲੈਣ ਵਾਲੇ ਭਾਈ ਸੰਤਾ ਸਿੰਘ ਆਪਣੇ ਸਮੇਂ ਦੇ ਮਸ਼ਹੂਰ ਰਾਗੀ ਸਨ। ਆਪ ਜੀ ਬਹੁਤ ਸਮੇਂ ਤਕ ਦਿੱਲੀ ਦੇ ਇਤਿਹਾਸਕ ਸੀਸ ਗੰਜ ਗੁਰਦੁਆਰੇ ਵਿਚ ਪ੍ਰਮੁੱਖ ਰਾਗੀ ਰਹੇ। ਆਪ ਨੇ ਸੁਗਮ ਸੰਗੀਤ ਸ਼ੈਲੀ ਵਿਚ ਕੀਰਤਨ ਗਾਇਨ ਦੀ ਪਰੰਪਰਾ ਦੀ ਸਥਾਪਨਾ

ਕੀਤੀ। ਆਪ ਦੇ ਦੋ ਭਰਾ ਸਵਰਨ ਸਿੰਘ ਅਤੇ ਜਬਰਜੰਗ ਸਿੰਘ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਕੀਰਤਨ ਕਰਦੇ ਸਨ। ਇਨ੍ਹਾਂ ਦੇ ਸ਼ਬਦ ਗਾਇਨ ਦਾ ਢੰਗ ਅਤਿਅੰਤ ਸੁਹਣਾ ਸੀ। ਘੱਟ ਸ਼ਬਦਾਂ ਵਿਚ ਵੀ ਥੋੜ੍ਹੀ ਜਿਹੀ ਆਵਾਜ਼ ਵਿਚ ਲੰਮੇ ਸਮੇਂ ਤਕ ਗਾਉਣਾ ਇਨ੍ਹਾਂ ਦੇ ਗਾਇਨ ਦੀ ਪ੍ਰਮੁੱਖ ਖ਼ਾਸੀਅਤ ਸੀ। ਆਪ ਦਾ ਇਕ ਸ਼ਬਦ "ਭਿੰਨੀ ਰੈਣਨੜੀਏ ਚਮਕਣ ਤਾਰੇ" ਬਹੁਤ ਮਸ਼ਹੂਰ ਹੋਇਆ।[28] ਆਪ ਸਾਈਂ ਦਿੱਤਾ ਮਿਰਾਸੀ ਦੇ ਚੇਲੇ ਸਨ।

17. ਭਾਈ ਦਰਸ਼ਨ ਸਿੰਘ ਕੋਮਲ

ਆਪ ਸਿੱਖਾਂ ਵਿਚ ਇਕ ਮਹਾਨ ਹਸਤੀ ਦੇ ਰੂਪ ਵਿਚ ਸਨਮਾਨਿਤ ਹਨ। ਆਪ ਦੀ ਗਾਇਕੀ ਪੰਜਾਬੀਅਤ ਨਾਲ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਆਪ ਜੀ ਸੰਗੀਤ ਦੇ ਵਿਦਵਾਨ ਵੀ ਸਨ। ਆਪ ਨੇ 'ਸੰਗੀਤ ਪ੍ਰਸ਼ਨਾਵਲੀ' ਨਾਂ ਦੀ ਇਕ ਪੁਸਤਕ ਵੀ ਲਿਖੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਮਹਿਲਪੁਰ ਨਾਮ ਦੇ ਸਥਾਨ 'ਤੇ ਆਪ ਨੇ ਇਕ ਸੰਗੀਤ ਵਿਦਿਆਲੇ ਦੀ ਵੀ ਸਥਾਪਨਾ ਕੀਤੀ ਜਿਸ ਨੂੰ ਬਾਅਦ ਵਿਚ ਇਨ੍ਹਾਂ ਦੇ ਚੇਲੇ ਦੀਦਾਰ ਸਿੰਘ ਨੇ ਚਲਾਇਆ। ਕੋਮਲ ਜੀ ਦੀ ਮ੍ਰਿਤੂ 24 ਅਪ੍ਰੈਲ, 1962 ਈ: ਵਿਚ ਹੋਈ।

18. ਭਾਈ ਸੁਰਜਨ ਸਿੰਘ

ਭਾਈ ਸੁਰਜਨ ਸਿੰਘ ਕੁਦਰਤੀ ਮਿੱਠੀ ਆਵਾਜ਼ ਨਾਲ ਸੰਪੰਨ ਸਨ। ਆਪ ਬੜੇ ਆਤਮਿਕ ਭਾਵ ਨਾਲ ਕੀਰਤਨ ਕਰਦੇ ਸਨ। ਆਪ ਦਾ ਕੀਰਤਨ ਗਾਇਨ ਸ਼ਾਸਤਰੀ ਢੰਗ 'ਤੇ ਆਧਾਰਿਤ ਹੁੰਦਾ ਸੀ। ਆਪ ਮੂਲ ਰੂਪ ਵਿਚ ਦਿੱਲੀ ਦੇ ਵਾਸੀ ਹਨ ਅਤੇ ਸਾਈਂ ਦਿੱਤਾ ਦੇ ਚੇਲੇ ਹੋਣ ਦੇ ਨਾਤੇ ਸੰਗੀਤ ਦੀ ਸਿੱਖਿਆ ਉਨ੍ਹਾਂ ਤੋਂ ਹੀ ਪ੍ਰਾਪਤ ਕੀਤੀ। ਆਪ ਦੇ ਮੁੱਖ ਚੇਲਿਆਂ ਵਿੱਚੋਂ ਲਖਨਊ ਦੇ ਭਾਈ ਕਲਿਆਣ ਸਿੰਘ ਦਾ ਨਾਮ ਲਿਆ ਜਾ ਸਕਦਾ ਹੈ। ਆਪ ਜੀ ਦੀ ਇਕ ਪ੍ਰਸਿੱਧ ਰਚਨਾ 'ਆਸਾ ਦੀ ਵਾਰ' ਦੀ ਰਿਕਾਰਡਿੰਗ ਅੱਜ ਵੀ ਸੁਣੀ ਜਾ ਸਕਦੀ ਹੈ। ਇਸ ਦਾ ਰਿਕਾਰਡ ਨੰਬਰ ਐਚ.ਐਮ.ਵੀ. 13583 ਹੈ।

19. ਪੰਡਤ ਨੱਥੂ ਰਾਮ ਦੁਆਬੇ ਵਾਲੇ

ਪੰਡਤ ਜੀ ਕਪੂਰਥਲਾ ਦੇ ਧਰੁਪਦ ਘਰਾਣੇ ਦੀ ਚੇਲਾ ਪਰੰਪਰਾ ਵਿੱਚੋਂ ਪ੍ਰਮੁੱਖ ਮੰਨੇ ਜਾਂਦੇ ਸਨ। ਆਪ ਆਮ ਤੌਰ 'ਤੇ ਧਰੁਪਦ ਗਾਇਨ ਸ਼ੈਲੀ ਦੇ ਆਧਾਰ 'ਤੇ ਗੁਰਬਾਣੀ ਦਾ ਗਾਇਨ ਕਰਦੇ ਸਨ ਅਤੇ ਉਸ ਦੀ ਸਿੱਖਿਆ ਵੀ ਦਿੰਦੇ ਸਨ। ਆਪ ਜੀ ਨੂੰ ਪੁਰਾਤਨ ਸ਼ਬਦ ਰੀਤਾਂ ਦਾ ਗਿਆਨ ਜ਼ਿਆਦਾ ਨਹੀਂ ਸੀ। ਆਪ ਨੇ ਰਾਤ ਦੇ ਸਮੇਂ ਗਾਏ ਜਾਣ ਵਾਲੀ ਕਾਨੜਾ ਦੀ ਵਾਰ ਦਾ ਪਹਿਲਾ ਪ੍ਰਚਲਨ ਕੀਤਾ। ਆਪ ਨੇ ਕਈ ਸਾਲਾਂ ਤਕ ਖ਼ਾਲਸਾ ਪ੍ਰਚਾਰਕ ਰਾਗ ਵਿਦਿਆਲਾ ਤਰਨ ਤਾਰਨ ਵਿਚ ਸਿੱਖਿਅਕ ਦੇ ਰੂਪ ਵਿਚ ਸੇਵਾ ਕੀਤੀ। 1966 ਈਸਵੀ ਦੇ ਲਗਪਗ ਆਪ ਦੀ ਮ੍ਰਿਤੂ ਹੋ ਗਈ।

20. ਭਾਈ ਸਮੁੰਦ ਸਿੰਘ

ਪੰਜਾਬ ਦੇ ਮਸ਼ਹੂਰ ਰਾਗੀਆਂ ਵਿੱਚੋਂ ਭਾਈ ਸਮੁੰਦ ਸਿੰਘ ਨੇ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਕੀਤੀ। ਆਪ ਨੇ ਲਾਹੌਰ ਦੇ ਭਾਈ ਹੀਰਾ ਸਿੰਘ ਤੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦਾ ਆਪ ਜੀ ਨੂੰ ਗਿਆਨ ਹੈ। ਆਪ ਦਾ ਜੱਥਾ ਲੁਧਿਆਣਾ ਵਿਚ ਆਜ਼ਾਦ ਰੂਪ ਵਿਚ ਕੀਰਤਨ ਕਰਦਾ ਰਿਹਾ। ਆਪ ਦੇ ਪ੍ਰੋਗਰਾਮ ਆਕਾਸ਼ਵਾਣੀ ਦੇ ਜਲੰਧਰ, ਦਿੱਲੀ, ਲਖਨਊ ਆਦਿ ਕੇਂਦਰਾਂ ਤੋਂ ਅਕਸਰ ਪ੍ਰਸਾਰਿਤ ਹੁੰਦੇ ਰਹਿੰਦੇ ਸਨ। ਭਾਈ ਕਰਤਾਰ ਸਿੰਘ ਆਪ ਦੇ ਪ੍ਰਮੁੱਖ ਚੇਲਿਆਂ ਵਿੱਚੋਂ ਇਕ ਹੈ।

21. ਭਾਈ ਗੋਪਾਲ ਸਿੰਘ

ਭਾਈ ਗੋਪਾਲ ਸਿੰਘ ਹਰਿਮੰਦਰ ਸਾਹਿਬ ਦੇ ਸੁਪ੍ਰਸਿੱਧ ਰਾਗੀ ਸਨ ਅਤੇ ਆਪ ਨੇ ਆਪਣੇ ਵੇਲੇ ਵਿਚ ਸ਼ਬਦ ਗਾਇਨ ਦੇ ਖੇਤਰ ਵਿਚ ਬਹੁਤ ਪ੍ਰਸਿੱਧੀ ਪਾਈ। ਆਪ ਨੇਤ੍ਰਹੀਣ ਸਨ। ਸ਼ਾਸਤਰੀ ਸੰਗੀਤ ਵਿਚ ਆਪ ਦਾ ਵਿਸ਼ੇਸ਼ ਰੁਝਾਨ ਸੀ। ਆਪ ਨੇ ਸੈਂਟਰਲ ਖ਼ਾਲਸਾ ਯਤੀਮਖ਼ਾਨਾ, ਅੰਮ੍ਰਿਤਸਰ ਵਿਚ ਕੀਰਤਨ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

22. ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ

ਇਹ ਦੋਵੇਂ ਦਿੱਲੀ ਦੇ ਰਹਿਣ ਵਾਲੇ ਹਨ ਅਤੇ ਇਤਿਹਾਸਕ ਗੁਰਦੁਆਰਾ ਸੀਸਗੰਜ ਦੇ ਹਜ਼ੂਰੀ ਰਾਗੀ ਹਨ। ਇਨ੍ਹਾਂ ਨੇ ਸੰਗੀਤ ਦੀ ਵਿੱਦਿਆ ਆਪਣੇ ਪਿਤਾ ਭਾਈ ਜਵਾਲਾ ਸਿੰਘ ਤੋਂ ਪ੍ਰਾਪਤ ਕੀਤੀ ਸੀ। ਆਪ ਨੇ ਗੁਰਬਾਣੀ 'ਤੇ ਆਧਾਰਿਤ ਇਕ ਪੁਸਤਕ ਦੀ ਰਚਨਾ ਵੀ ਕੀਤੀ ਹੈ। ਜਿਸਦਾ ਸਿਰਲੇਖ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਹੈ। ਇਸ ਵਿਚ ਆਪ ਨੇ ਪੁਰਾਣੀਆਂ ਰੀਤਾਂ ਦਾ ਬਿਆਨ ਕੀਤਾ ਹੈ। ਇਸ ਕਿਤਾਬ ਦਾ ਲੇਖਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਤੱਤਵਾਵਧਾਨ ਵਿਚ ਕੀਤਾ ਹੈ। ਇਹ ਪੁਸਤਕ ਦੋ ਭਾਗਾਂ ਵਿਚ ਪ੍ਰਕਾਸ਼ਿਤ ਹੋਈ।

22. ਭਾਈ ਗਿਆਨ ਸਿੰਘ ਅਲਮਸਤ

ਭਾਈ ਗਿਆਨ ਸਿੰਘ ਅਲਮਸਤ ਵਾਇਲਨ, ਗਿਟਾਰ, ਤਾਊਸ, ਦਿਲਰੁਬਾ, ਹਾਰਮੋਨੀਅਮ, ਤਬਲਾ ਆਦਿ ਵਿਚ ਬਹੁਤ ਨਿਪੁੰਨ ਸਨ। ਆਪ ਨੇ 10 ਸਾਲ ਤਕ ਸੰਗੀਤ ਦੀ ਸ਼ੁਰੂਆਤੀ ਸਿੱਖਿਆ ਆਪਣੇ ਵੱਡੇ ਭਰਾ ਭਾਈ ਸੁੰਦਰ ਸਿੰਘ ਤੋਂ ਪ੍ਰਾਪਤ ਕੀਤੀ ਅਤੇ ਉਸ ਤੋਂ ਬਾਅਦ ਪੰਡਤ ਵਿਸ਼ਨੂੰ ਦਿਗੰਬਰ ਪਲੁਸਕਰ ਦੇ ਗੁਰੂ ਭਾਈ ਸ੍ਰੀ ਗੁਰਦਿੱਤਾ ਸਿੰਘ ਤੋਂ ਸੰਗੀਤ ਕਲਾ ਵਿਚ ਪ੍ਰਬੀਨਤਾ ਹਾਸਲ ਕੀਤੀ।

23. ਭਾਈ ਧਰਮ ਸਿੰਘ ਜ਼ਖ਼ਮੀ

ਆਪਣੇ ਵਕਤ ਦੇ ਸਰਵੋਤਮ ਰਾਗੀਆਂ ਵਿਚ ਭਾਈ ਧਰਮ ਸਿੰਘ ਜ਼ਖ਼ਮੀ ਦੇ

ਨਾਮ ਨਾਲ ਹੋਰ ਦੋ ਭਾਈਆਂ—ਸ਼ਮਸ਼ੇਰ ਸਿੰਘ ਅਤੇ ਗੁਰਸ਼ਰਨ ਸਿੰਘ—ਦਾ ਨਾਮ ਵੀ ਪ੍ਰਸਿੱਧੀ ਹਾਸਲ ਕਰ ਗਿਆ ਸੀ। ਇਨ੍ਹਾਂ ਤਿੰਨਾਂ ਭਾਈਆਂ ਨੇ ਆਪਣੇ ਪਿਤਾ ਦੌਲਤ ਸਿੰਘ ਤੋਂ ਅਤੇ ਬਾਅਦ ਭਾਈ ਦਰਸ਼ਨ ਸਿੰਘ ਕੋਮਲ ਤੋਂ ਸੰਗੀਤ ਦੀ ਵਿਦਿਆ ਹਾਸਲ ਕੀਤੀ ਸੀ। ਇਹ ਤਿੰਨੋਂ ਭਰਾ ਗੁਰਬਾਣੀ ਸ਼ਬਦ ਕੀਰਤਨ ਵਿਚ ਅਲਾਪ, ਸਰਗਮ, ਤਾਨਾਂ ਅਤੇ ਪਲਟਾਂ ਦੀ ਸਹੀ ਵਰਤੋਂ ਕਰਕੇ ਆਪਣੇ ਸੰਗੀਤ ਸੰਬੰਧੀ ਵਿਸ਼ਿਆਂ ਦੀ ਜਾਣਕਾਰੀ ਦਿੰਦੇ ਹੁੰਦੇ ਸੀ। ਭਾਈ ਧਰਮ ਸਿੰਘ ਜੀ ਨੂੰ ਗੁਰਬਾਣੀ ਦੇ ਅਨੇਕਾਂ ਪਦਾਂ ਤੋਂ ਇਲਾਵਾ ਅੰਗਰੇਜ਼ੀ, ਉਰਦੂ, ਫ਼ਾਰਸੀ ਆਦਿ ਭਾਸ਼ਾਵਾਂ ਦੇ ਅਨੇਕਾਂ ਸ਼ੇਅਰ (ਪਦ) ਵੀ ਯਾਦ ਸਨ। ਜਿਥੇ ਆਪ ਇਨ੍ਹਾਂ ਭਾਸ਼ਾਵਾਂ ਦੇ ਪਦਾਂ ਨੂੰ ਗੁਰਬਾਣੀ ਦੇ ਨਾਲ ਪ੍ਰਮਾਣ ਰੂਪ ਪ੍ਰਯੋਗ ਕਰ ਕੇ ਆਪਣੀਆਂ ਹੋਰ ਭਾਸ਼ਾਵਾਂ ਸੰਬੰਧੀ ਵਿਦਵਤਾ ਦਾ ਪਰਿਚੈ ਦੇਂਦੇ ਸਨ, ਉਥੇ ਭਾਈ ਸ਼ਮਸ਼ੇਰ ਸਿੰਘ ਕੀਰਤਨ ਵਿਚ ਆਲਾਪ ਅਰਥਾਤ ਸਰਗਮ ਦੁਆਰਾ, ਭਾਈ ਗੁਰਸ਼ਰਨ ਸਿੰਘ ਤਾਨਾਂ ਅਰਥਾਤ ਪਲਟਾਂ ਦਾ ਪ੍ਰਯੋਗ ਕਰਦੇ ਸਨ।

24. ਭਾਈ ਪ੍ਰਤਾਪ ਸਿੰਘ

ਆਪ ਮਸ਼ਹੂਰ ਰਬਾਬੀ ਭਾਈ ਤਾਬਾ ਦੇ ਪ੍ਰਮੁੱਖ ਚੇਲਿਆਂ ਵਿੱਚੋਂ ਇਕ ਹਨ। ਇਸ ਲਈ ਮਿਰਾਸੀ ਦੇਣ ਦੀ ਗਾਇਕੀ ਆਪ ਦੇ ਕੀਰਤਨ ਸੁਣਨ ਵਿਚ ਮਿਲਦੀ ਸੀ। ਆਪ ਨੂੰ ਅਨੇਕਾਂ ਪੁਰਾਣੀਆਂ ਰੀਤਾਂ ਮੂੰਹ ਜ਼ਬਾਨੀ ਆਉਂਦੀਆਂ ਸਨ। ਆਪ ਸੀਸਗੰਜ ਗੁਰਦੁਆਰੇ ਵਿਚ ਪਿਛਲੇ ਕਈ ਸਾਲਾਂ ਤੋਂ ਕੀਰਤਨ ਕਰਦੇ ਰਹੇ ਸਨ। ਆਪ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗਾਂ ਦਾ ਗਿਆਨ ਸੀ।

25. ਭਾਈ ਸੁਧ ਸਿੰਘ ਅਤੇ ਭਾਈ ਪ੍ਰਧਾਨ ਸਿੰਘ

ਪੰਜਾਬ ਦੇ ਸਰਗੋਧੇ ਨਾਂ ਦੇ ਇਲਾਕੇ ਵਿਚ ਰਹਿਣ ਦੇ ਕਾਰਨ ਦੋਵਾਂ ਦਾ ਨਾਮ ਸਰਗੋਧੇ ਵਾਲੇ ਪੈ ਗਿਆ। ਆਪ ਦੇ ਕੀਰਤਨ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਸੀ ਕਿ ਆਪ ਤਾਨਾਂ ਜਾਂ ਪਲਟਾਂ ਦਾ ਬਹੁਤ ਘੱਟ ਪ੍ਰਯੋਗ ਕਰਦੇ ਸੀ ਅਤੇ ਗੁਰਬਾਣੀ ਨੂੰ ਜ਼ਿਆਦਾ ਮਹੱਤਵ ਦੇਂਦੇ ਸੀ। ਆਪ ਕੀਰਤਨ ਜ਼ਿਆਦਾ ਵਿਲੰਬਿਤ ਲੈਅ ਵਿਚ ਪੁਰਾਣੀ ਗਾਇਕੀ ਦੇ ਅਨੁਰੂਪ ਹੀ ਕਰਦੇ ਸੀ। ਆਪ ਨੂੰ ਵੀ ਪੁਰਾਤਨ ਰੀਤਾਂ ਕੰਠ ਸਨ।

26. ਭਾਈ ਪੂਰਨ ਸਿੰਘ

ਆਪ ਤਰਨ ਤਾਰਨ ਦੇ ਪ੍ਰਸਿੱਧ ਰਾਗੀਆਂ ਵਿੱਚੋਂ ਇਕ ਹਨ। ਆਪ ਆਪਣੇ ਭਾਈ ਬ੍ਰਹਮ ਸਿੰਘ ਦੇ ਨਾਲ ਤਰਨ ਤਾਰਨ ਦੇ ਗੁਰਦੁਆਰੇ ਵਿਚ 'ਹਜ਼ੂਰੀ ਰਾਗੀ' ਦੇ ਪਦ 'ਤੇ ਨਿਯੁਕਤ ਸੀ। ਆਪ ਨੂੰ ਅਨੇਕਾਂ ਪ੍ਰਾਚੀਨ ਰੀਤਾਂ ਅਤੇ ਰਾਗਾਂ ਦੀ ਵੀ ਜਾਣਕਾਰੀ ਸੀ।

ਹਵਾਲੇ ਤੇ ਟਿੱਪਣੀਆਂ

1. **ਰਾਜਸਥਾਨ ਕਾ ਲੋਕ ਸੰਗੀਤ**, ਦੇਵੀ ਲਾਲ ਸਾਗਰ, ਪੰਨਾ 86-87.
2. **ਪੰਦਰ੍ਹਵੀਂ ਸ਼ਤਾਬਦੀ ਸੇ ਆਧੁਨਿਕ ਕਾਲ ਤਕ ਪੰਜਾਬ ਮੇਂ ਸ਼ਾਸਤਰੀਯ ਸੰਗੀਤ ਕਾ ਪ੍ਰਾਦੁਰਭਾਵ ਤਥਾ ਵਿਕਾਸ**, ਡਾ. ਜੋਗਿੰਦਰ ਸਿੰਘ ਬਾਵਰਾ, ਪੰਨਾ 69.
3. **ਮਹਾਨ ਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 730.
4. **ਗੁਰੂ ਗ੍ਰੰਥ ਸਾਹਿਬ**, ਪੰਨਾ 553.
5. **History of the Punjab**, S.M. Latif, p. 273.
6. **ਮਹਾਨ ਕੋਸ਼**, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 112.
7. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ**, ਡਾ. ਤਾਰਨ ਸਿੰਘ, ਪੰਨਾ 461.
8. **ਦੀ ਸਿੱਖ ਰਿਲੀਜਨ**, ਐਮ.ਏ. ਮੈਕਾਲਿਫ਼, Vol. fifth.
9. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 134.
10. **ਉਹੀ**, ਪੰਨਾ 136.
11. **ਭੱਟਾਂ ਦੇ ਸਵੱਈਏ ਸਟੀਕ**, ਪ੍ਰੋ. ਸਾਹਿਬ ਸਿੰਘ, ਪੰਨਾ 9.
12. **ਸਿੰਘ ਸਭਾ ਪਤ੍ਰਿਕਾ**, ਫ਼ਰਵਰੀ 1928, ਪੰਨਾ 63.
13. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 137.
14. **ਸ੍ਰੀ ਗੁਰੂ ਗ੍ਰੰਥ ਸਾਹਿਬ**, ਸਵੱਈਏ ਮਹਲੇ ਚਉਥੇ ਕੇ, ਪੰਨਾ 1400-1405.
15. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 137.
16. **ਏ ਹਿਸਟਰੀ ਆਫ਼ ਦੀ ਸਿਖਸ**, ਜੇ.ਡੀ. ਕਨਿੰਘਮ, ਅਪੈਂਡਿਕਸ 17, ਪੰਨਾ 324.
17. **ਭੱਟਾਂ ਦੇ ਸਵੱਈਏ ਸਟੀਕ**, ਪ੍ਰੋ. ਸਾਹਿਬ ਸਿੰਘ, ਪੰਨਾ 83.
18. **The Sikh Gurus**, K.S. Duggal, pp. 224-225.
19. **ਗੁਰੂ ਅਰਜਨ ਜੀਵਨ ਤੇ ਰਚਨਾ**, ਭਾਸ਼ਾ ਵਿਭਾਗ, ਪੰਜਾਬ, ਪੰਨਾ 46.
20. **ਵਾਰਾਂ ਭਾਈ ਗੁਰਦਾਸ ਜੀ**, ਵਾਰ 11, ਪਉੜੀ 15.
21. **ਉਹੀ**, ਪਉੜੀ 15.
22. **ਉਹੀ**, ਪਉੜੀ 16.
23. **ਉਹੀ**
24. **ਉਹੀ**, ਪਉੜੀ 18.
25. **ਸਿੱਖ ਗੁਰਦੁਆਰੋਂ ਕੇ ਹਰੀ ਕੀਰਤਨ ਮੇਂ ਸ਼ਾਸਤਰੀਯ ਸੰਗੀਤ ਕੀ ਪਰੰਪਰਾ**, ਡਾ. ਅਜੀਤ ਸਿੰਘ ਪੇਂਟਲ, ਪੰਨਾ 144.
26. **ਸਿੱਖ ਸੈਕ੍ਰੈਡ ਮਿਊਜ਼ਿਕ**, ਸਿੱਖ ਸੈਕ੍ਰੈਡ ਮਿਊਜ਼ਿਕ ਸੁਸਾਇਟੀ, ਪੰਨਾ 92.
27. **ਸਿੱਖ ਧਰਮ ਅਤੇ ਸੰਗੀਤ**, ਐਮ.ਐਸ. ਗੋਸਲ, ਪੰਨਾ 85.
28. **ਸਿੱਖ ਸੈਕ੍ਰੈਡ ਮਿਊਜ਼ਿਕ**, ਸਿੱਖ ਸੈਕ੍ਰੈਡ ਮਿਊਜ਼ਿਕ ਸੁਸਾਇਟੀ, ਪੰਨਾ 72.

●